*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ- 12, ਅੰਕ-12, ਦਸੰਬਰ 2022

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਬਾਬਾ ਨਾਨਕ ਬਨਾਮ ਖੱਬੀ ਵਿਚਾਰਧਾਰਾ/2

ਕੈਨੇਡਾ ਦੀ ਰੀਅਲ ਇਸਟੇਟ ਇੰਡਸਟਰੀ 'ਚ ਫਰਾਡ ਦੀ ਇਹ ਵੀ ਅਜੀਬ ਕਿਸਮ ਹੈ?/3

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੌਰਾਨ ਪੰਜਾਬ ਸਟੂਡੈਂਟਸ ਯੂਨੀਅਨ ਪੰਜਾਬ ਦੇ ਮੰਚ 'ਤੇ/4

ਦੂਰ-ਦਰਾਜ ਜੰਗਲਾਂ 'ਚ ਲਗਾਏ ਪੱਕੇ ਮੋਰਚੇ ਦੀ ਗੂੰਜ/6

ਸੁਪਨਦੇਸ਼ ਵਿੱਚ ਵੱਧਦੀ ਮਹਿੰਗਾਈ/9

ਅੰਗਹੀਣਾਂ ਦੀਆਂ ਲੋੜਾਂ ਅਤੇ ਚੁਣੌਤੀਆਂ/10

ਕੇਂਦਰੀ ਹਕੂਮਤ ਦੀਆਂ ਫਾਸ਼ਿਸ਼ਟ ਨੀਤੀਆਂ ਦਾ ਅਗਲੇਰਾ ਕਦਮ/13

ਖਤਰੇ ਦੇ ਨਿਸ਼ਾਨ ਸਾਹਵੇਂ ਖੜ੍ਹਾ ਭਾਰਤੀ ਅਰਥਚਾਰਾ/14

ਵਿਗਿਆਨ ਦੀ ਰੌਸ਼ਨੀ ਵੱਲ਼ ਵੱਧਦੇ ਕਦਮ ਤੇ ਧਰਮ ਤੋਂ ਬੇਮੁੱਖਤਾ /15

ਅੰਮ੍ਰਿਤ, ਆਤਮਾ ਨਾਲੋਂ ਖੰਡੇ ਬਾਟੇ ਪਾਹੁਲ ਦਾ ਬੁਨਿਆਦੀ ਫਰਕ!/22

ਪੰਜਾਬੀਆਂ ਦੀ ਹੋਣੀ?/28

# ਕਿਸਾਨ ਅੰਦੋਲਨ ਦੀ ਮੁੜ ਉਠਾਣ

-ਬੂਟਾ ਸਿੰਘ ਮਹਿਮੂਦਪੁਰ-

26 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਝੰਡੇ ਹੇਠ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਮੁਹਾਲੀ ਵਿਚ ਕੀਤੇ ਵਿਸ਼ਾਲ ਇਕੱਠ ਨਾਲ ਕਿਸਾਨ ਅੰਦੋਲਨ ਨੇ ਮੁੜ ਅੰਗੜਾਈ ਲੈਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਦੇ ਕੋਨੇ ਕੋਨੇ ਤੋਂ ਦਹਿ ਹਜ਼ਾਰਾਂ ਕਿਸਾਨਾਂ ਵੱਲੋਂ ਮੁਹਾਲੀ ਵੱਲ ਵਹੀਰਾਂ ਘੱਤ ਕੇ ਗਵਰਨਰ ਪੰਜਾਬ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਮੰਗ-ਪੱਤਰ ਭੇਜਿਆ ਗਿਆ। ਇਸੇ ਦਿਨ ਹੋਰ ਰਾਜਾਂ ਦੇ ਕਿਸਾਨਾਂ ਵੱਲੋਂ ਵੀ ਇਸੇ ਸੱਦੇ 'ਤੇ ਇਕੱਠ ਕਰਕੇ ਆਪੋ ਆਪਣੇ ਰਾਜ ਦੇ ਗਵਰਨਰਾਂ ਰਾਹੀਂ ਮੰਗ-ਪੱਤਰ ਦਿੱਤੇ ਗਏ। ਮੰਗ-ਪੱਤਰ ਵਿਚ ਜਿੱਥੇ ਐੱਮ.ਐੱਸ.ਪੀ. ਉੱਪਰ ਫ਼ਸਲਾਂ ਦੀ ਖ਼ਰੀਦ ਦੀ ਗਾਰੰਟੀ ਕਰਦਾ ਕਾਨੂੰਨ ਬਣਾਉਣ ਦੀ ਵੱਡੀ ਮੰਗ ਸ਼ਾਮਿਲ ਹੈ ਉੱਥੇ ਮਹਾਂਅੰਦੋਲਨ ਨੂੰ ਮੁਅੱਤਲ ਕੀਤੇ ਜਾਣ ਸਮੇਂ ਭਾਜਪਾ ਹਕੂਮਤ ਵੱਲੋਂ ਕੀਤੇ ਤਮਾਮ ਵਾਅਦੇ ਪੂਰੇ ਕਰਨ ਦੀ ਮੰਗ ਤੋਂ ਬਿਨਾਂ ਖੇਤੀ ਸੰਬੰਧੀ ਕਈ ਹੋਰ ਮਹੱਤਵਪੂਰਨ ਮੰਗਾਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਮੋਦੀ ਹਕੂਮਤ ਦੀ ਵਾਅਦਾਖ਼ਿਲਾਫ਼ੀ ਵਿਰੁੱਧ ਅਤੇ ਲਖੀਮਪੁਰ ਖੀਰੀ ਕਾਂਡ ਦੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਅਤੇ ਕਿਸਾਨਾਂ ਵਿਰੁੱਧ ਦਰਜ ਝੂਠੇ ਕੇਸ ਰੱਦ ਕਰਾਉਣ ਦੇ ਨਿਆਂ ਦੇ ਮੁੱਦਿਆਂ ਨੂੰ ਲੈ ਕੇ ਲੋਕ ਰਾਇ ਦੀ ਨੁਮਾਇੰਦਗੀ ਕਰਦਾ ਇਕੱਠ ਸੀ। ਇਸ ਸੱਦੇ ਨੂੰ ਕਿਸਾਨਾਂ ਵੱਲੋਂ ਦਿੱਤੇ ਉਤਸ਼ਾਹੀ ਹੁੰਗਾਰੇ ਨੇ ਬਹੁਤ ਸਾਰੇ ਭਰਮ ਦੂਰ ਕੀਤੇ ਹਨ ਅਤੇ ਮਹਾ-ਅੰਦੋਲਨ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਨਿਭਾਈ ਆਗੂ ਭੂਮਿਕਾ ਨੂੰ ਨਕਾਰਨ ਲਈ ਸਿਰਜੇ ਜਾ ਰਹੇ ਨਕਾਰਾਤਮਕ ਬਿਰਤਾਂਤ ਦਾ ਠੋਕਵਾਂ ਦਿੱਤਾ ਹੈ।



ਤਿੰਨ ਖੇਤੀ ਕਾਨੂੰਨ ਵਾਪਸ ਲਏ ਜਾਣ 'ਤੇ ਦਿੱਲੀ ਦੇ ਬਾਰਡਰਾਂ ਤੋਂ ਮੋਰਚੇ ਸਮੇਟਣ ਤੋਂ ਬਾਦ ਕੁਝ ਹਿੱਸਿਆਂ ਵੱਲੋਂ ਇਹ ਪ੍ਰਚਾਰ ਕੀਤਾ ਗਿਆ ਕਿ ਦੁਬਾਰਾ ਕਿਸਾਨ ਜਥੇਬੰਦੀਆਂ ਨੂੰ ਕਿਸਾਨ ਮੂੰਹ ਨਹੀਂ ਲਾਉਣਗੇ। ਉਨ੍ਹਾਂ ਮੁਤਾਬਿਕ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਅੰਦੋਲਨ ਨਾਲ ਵਿਸਾਹਘਾਤ ਕੀਤਾ ਹੈ ਅਤੇ ਬੇਥਾਹ ਪੈਸਾ ਤੇ ਤਾਕਤ ਲਗਾ ਕੇ ਲੜੇ ਇਤਿਹਾਸਕ ਅੰਦੋਲਨ ਦਾ ਕੋਈ ਖ਼ਾਸ ਹਾਸਲ ਨਹੀਂ ਹੈ। ਇਹ ਵੀ ਕਿਹਾ ਗਿਆ ਕਿ ਅੰਦੋਲਨ ਕਿਸਾਨ ਜਥੇਬੰਦੀਆਂ ਨੇ ਨਹੀਂ ਪੰਜਾਬ ਦੇ ਖਾੜਕੂ ਲੋਕਾਂ ਦੇ ਕਾਰਨ ਜਿੱਤਿਆ ਗਿਆ ਜੋ ਜਮਾਂਦਰੂ ਰੂਪ 'ਚ ਆਕੀ ਅਤੇ ਲੜਾਕੂ ਹਨ। ਇਕੱਠ ਨੇ ਇਹ ਭਰਮ ਤੋੜ ਕੇ ਇਸ ਸਚਾਈ ਉੱਪਰ ਮੋਹਰ ਲਾਈ ਹੈ ਕਿ ਕਿਸਾਨ ਜਥੇਬੰਦੀਆਂ ਅੱਜ ਵੀ ਕਿਸਾਨਾਂ ਦਾ ਵਿਸ਼ਵਾਸ ਜਿੱਤ ਕੇ ਉਨ੍ਹਾਂ ਨੂੰ ਵਿਸ਼ਾਲ ਤਾਦਾਦ 'ਚ ਅੰਦੋਲਨ 'ਚ ਖਿੱਚਣ ਦੇ ਸਮਰੱਥ ਹਨ। ਸਟੇਟ ਦੀ ਖ਼ੂੰਖ਼ਾਰ ਤਾਕਤ ਦੇ ਹੰਕਾਰ 'ਚ ਅੰਨ੍ਹੀ ਹਕੂਮਤ ਵਿਰੁੱਧ ਜਦੋਂ ਵੀ ਸਾਂਝਾ ਅੰਦੋਲਨ ਲੜਿਆ ਜਾਂਦਾ ਹੈ ਤਾਂ ਵਿਸ਼ਾਲ ਲਾਮਬੰਦੀ ਅਵਾਮ ਦਾ ਉਤਸ਼ਾਹ ਵਧਾਉਂਦੀ ਹੈ ਅਤੇ ਬੇਵਸ ਮਹਿਸੂਸ ਕਰ ਰਹੀ ਲੋਕਾਈ ਨੂੰ ਆਪਣੀ ਸਮੂਹਿਕ ਤਾਕਤ ਯਕੀਨ ਬੱਝਦਾ ਹੈ। ਇਕ ਸਾਲ ਤੋਂ ਵਧੇਰੇ ਸਮਾਂ ਚੱਲੇ ਮਹਾਅੰਦੋਲਨ ਨੇ ਸਮੂਹਿਕ ਸੰਘਰਸ਼ਾਂ ਰਾਹੀਂ ਹੁਕਮਰਾਨਾਂ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ। ਇਸ ਦੇ ਨਾਲ ਹੀ ਅੰਦੋਲਨ ਨੇ ਕਾਰਪੋਰੇਟ ਸਰਮਾਏ ਅਤੇ ਆਰ.ਐੱਸ.ਐੱਸ.-ਭਾਜਪਾ ਦੇ ਲੋਕ-ਦੁਸ਼ਮਣ ਗੱਠਜੋੜ ਵਿਰੁੱਧ ਸੰਘਰਸ਼ ਦੀ ਜ਼ਰੂਰਤ ਦੀ ਚੇਤਨਾ ਦੀ ਜਾਗ ਲਾਈ। ਜਿਹੜੀਆਂ ਤਾਕਤਾਂ ਕਿਸਾਨ ਜਥੇਬੰਦੀਆਂ ਦੀ ਮੋਹਰੀ ਭੂਮਿਕਾ ਨੂੰ ਨਕਾਰਦੀਆਂ ਹਨ ਉਹ ਪੰਜਾਬ ਦੇ ਹਿਤਾਂ, ਲੋਕਾਂ ਦੇ ਮਸਲਿਆਂ ਅਤੇ ਇੱਥੋਂ ਤੱਕ ਕਿ ਆਪਣੇ ਧਾਰਮਿਕ ਮੁੱਦਿਆਂ ਲਈ ਵੀ ਕੋਈ

(ਬਾਕੀ ਸਫ਼ਾ 29 'ਤੇ)

CONGRATULATIONS
TEAM OVER 850
REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:825.945.8441
Email: sidhugurprit@hotmail.com
www.bruceliang.ca

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way
Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਬਾਬਾ ਨਾਨਕ ਬਨਾਮ ਖੱਬੀ ਵਿਚਾਰਧਾਰਾ



ਜਸਵੰਤ ਜੀਰਖ
98151-69825

ਅੱਜ-ਕੱਲ੍ਹ ਵੱਖ ਵੱਖ ਧਰਮਾਂ ਦੇ ਉਪਾਸਕਾਂ ਵੱਲੋਂ ਇੱਕ ਦੂਜੇ ਖਿਲਾਫ ਕੀਤੀ ਜਾ ਰਹੀ ਬਿਆਨਬਾਜੀ ਸਿਖਰਾਂ ਤੇ ਹੈ। ਜਿਹੜੇ ਕਹਿੰਦੇ ਹਨ ਕਿ ਕੋਈ ਵੀ ਧਰਮ ਤੋੜਦਾ ਨਹੀਂ, ਜੋੜਦਾ ਹੈ , ਉਹ ਵੇਖ ਸਕਦੇ ਹਨ ਕਿ ਕਿਵੇਂ "ਹਿੰਦੂ, ਮੁਸਲਮਾਨ, ਸਿੱਖ, ਇਸਾਈ, ਆਪਸ ਵਿੱਚ ਹਨ ਭਾਈ ਭਾਈ", ਅਨੁਸਾਰ ਚੱਲਣ ਦੀ ਬਜਾਏ ਧਰਮਾਂ ਦੇ ਨਾਂ ਤੇ ਆਪਸ ਵਿੱਚ ਜੂੰਡੋ-ਜੂੰਡੀ ਹੋ ਰਹੇ ਹਨ। ਕਿਵੇਂ ਧਰਮਾਂ ਦੇ ਨਾਂ ਹੇਠ ਹੋ ਰਹੀ ਅਸੱਭਿਅਕ ਕਾਰਗੁਜ਼ਾਰੀ ਰਾਹੀਂ ਇੱਕ ਦੂਜੇ ਦੇ ਕਤਲ ਤੱਕ ਕੀਤੇ ਜਾ ਰਹੇ ਹਨ। ਅਜਿਹੇ ਦੌਰ ਵਿੱਚ ਹਕੂਮਤੀ ਪੁਸਤਪਨਾਹੀ ਹੇਠ ਧਰਮੀ ਅਖਵਾਉਣ ਵਾਲਿਆਂ ਦੇ ਆਪਸੀ ਮੁਫਾਦਾਂ ਕਾਰਣ ਚੱਲ ਰਹੀ ਇਸ ਖੇਡ ਬਾਰੇ ਸਮਝਕੇ ਸਹੀ ਸਿੱਟੇ ਕੱਢਣੇ ਬੇਹੱਦ ਜਰੂਰੀ ਹਨ। ਹਕੂਮਤਾਂ ਲਈ ਆਮ ਲੋਕਾਈ ਨੂੰ ਅਖੌਤੀ ਧਰਮਾਂ, ਜਾਤਾਂ , ਫਿਰਕਿਆਂ ਵਿੱਚ ਵੰਡਕੇ ਰੱਖਣ ਵਾਲੇ ਮੰਨੂਵਾਦੀ ਢੰਗ ਰਾਸ ਆ ਰਹੇ ਹਨ। ਇਸ ਲਈ ਉਹ ਲੋਕਾਂ ਨੂੰ ਅਜਿਹੇ ਧਰਮਾਂ ਤੇ ਜਾਤਾਂ ਵਿੱਚ ਵੰਡੇ ਰਹਿਣ ਲਈ ਹਰ ਤਰ੍ਹਾਂ ਦੇ ਯਤਨ ਕਰਦੀਆਂ ਹਨ। ਲੋਕਾਂ ਦੀ ਜ਼ਿੰਦਗੀ ਨਾਲ ਸਬੰਧਤ ਸਮੱਸਿਆਵਾਂ ਹੱਲ ਕਰਨ ਵਿੱਚ ਅਸਫਲ ਰਹਿਣ ਦੀ ਨਾਲਾਇਕੀ ਨੂੰ ਛਿਪਾਉਣ ਲਈ, ਹਕੂਮਤਾਂ ਵੱਲੋਂ ਧਰਮਾਂ, ਜਾਤਾਂ ਦੀ ਫਿਰਕੂ ਲੜਾਈ ਨੂੰ ਹੋਰ ਹਵਾ ਦੇਕੇ ਲੋਕਾਂ ਦਾ ਧਿਆਨ ਉਹਨਾਂ ਦੇ ਆਪਣੇ ਸਹੀ ਮੁੱਦਿਆਂ ਬੇਰੋਜਗਾਰੀ, ਭ੍ਰਿਸਟਾਚਾਰ, ਗਰੀਬੀ, ਮਹਿੰਗਾਈ, ਗੁੰਡਾਗਰਦੀ ਆਦਿ ਤੋਂ ਹਟਾਕੇ ਆਪਸੀ ਲੜਨ ਵੱਲ ਮੋੜਨ ਦੇ ਯਤਨ ਅਕਸਰ ਹੀ ਕੀਤੇ ਜਾਂਦੇ ਹਨ। ਇਸ ਮੰਤਵ ਲਈ ਅਖੌਤੀ ਧਾਰਮਿਕ ਆਗੂਆਂ ਅਤੇ ਹਕੂਮਤਾਂ ਦੋਵਾਂ ਦੀ ਹੀ ਸਾਂਝ ਭਿਆਲੀ ਨਿਰੰਤਰ ਚੱਲਦੀ ਵੇਖੀ ਜਾ ਸਕਦੀ ਹੈ।

ਪਰ ਜਦੋਂ ਅਸੀਂ ਧਰਮਾਂ - ਜਾਤਾਂ ਦੇ ਇਸ ਜੰਜਾਲ ਵਿੱਚ ਫਸੀ ਲੋਕਾਈ ਨੂੰ ਬਾਬਾ ਨਾਨਕ ਜੀ ਦੇ ਨਜਰੀਏ ਤੋਂ ਵੇਖਦੇ ਹਾਂ ਤਾਂ ਸਪਸਟ ਹੋ ਜਾਂਦਾ ਹੈ ਕਿ ਉਹਨਾਂ ਨੇ ਹਰ ਧਰਮ ਵਿੱਚ ਪਾਈਆਂ ਜਾਂਦੀਆਂ ਮਨੁੱਖਤਾ ਵਿਰੋਧੀ ਮਾਨਤਾਵਾਂ ਨੂੰ ਰੱਦ ਕਰਕੇ "ਨਾ ਕੋ ਹਿੰਦੂ ਨਾ ਮੁਸਲਮਾਨ" ਦਾ ਹੋਕਾ ਦੇ ਕੇ ਇਹਨਾਂ ਵਿੱਚੋਂ ਆਜਾਦ ਹੋ ਕੇ ਸਿਰਫ ਇਨਸਾਨ ਬਣਕੇ ਸੱਚੀ ਸੁੱਚੀ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕੀਤਾ ਸੀ। ਇਹ ਪ੍ਰੇਰਣਾ ਕਿਸੇ ਵਿਸੇਸ ਲਈ ਨਹੀਂ ਸਗੋਂ ਧਰਮਾਂ ਵਿੱਚ ਵੰਡੇ ਹਰ ਇੱਕ ਇਨਸਾਨ ਲਈ ਸੀ। ਧਰਮਾਂ ਅਨੁਸਾਰ ਮਾਨਤਾ ਭਾਵੇਂ ਹਿੰਦੂਆਂ ਵਿੱਚ ਜਨਿਉ ਪਾਉਣ ਦੀ ਹੋਵੇ, ਸੂਰਜ ਨੂੰ ਪਾਣੀ ਦੇਣ ਦੀ ਹੋਵੇ ਜਾਂ ਪਿੱਤਰਾਂ ਤੇ ਮੂਰਤੀਆਂ ਨੂੰ ਪੂਜਣ ਆਦਿ ਦੀ ਹੋਵੇ, ਨੂੰ ਰੱਦ ਕੀਤਾ। ਇਸੇ ਤਰ੍ਹਾਂ ਮੁਸਲਮਾਨਾਂ ਵਿੱਚ ਮੱਕੇ ਦਾ ਹੱਜ ਕਰਨ, ਸੁੰਨਤ ਕਰਨ ਆਦਿ ਦਾ ਖੰਡਨ ਕੀਤਾ ਅਤੇ ਇਸਾਈਆਂ ਵਿੱਚ ਧਰਤੀ, ਬ੍ਰਹਿਮੰਡ ਆਦਿ ਬਾਰੇ ਪਾਈਆਂ ਜਾਂਦੀਆਂ ਧਾਰਨਾਵਾਂ ਨੂੰ ਵੀ ਗਲਤ ਕਰਾਰ ਦਿੱਤਾ। ਉਹਨਾਂ ਆਪਣੇ ਵਿਚਾਰਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਦੇਸ ਦੇ ਵੱਖ ਵੱਖ ਖੇਤਰਾਂ ਵਿੱਚ ਚਾਰ ਉਦਾਸੀਆਂ (ਯਾਤਰਾਵਾਂ) ਰਾਹੀਂ ਅਜਿਹੇ ਅਡੰਬਰ ਕਰਨ ਵਾਲੇ ਪੰਡਤਾਂ, ਮੁੱਲਾਂ-ਮੁਲਾਣਿਆਂ, ਸਿੱਧਾਂ, ਪੀਰਾਂ-ਫਕੀਰਾਂ, ਯੋਗੀਆਂ ਆਦਿ ਨਾਲ ਸੰਵਾਦ ਰਚਾਏ। ਇਹਨਾਂ ਸੰਵਾਦਾਂ ਰਾਹੀਂ ਹਰ ਇੱਕ ਧਰਮ ਦੀਆਂ ਬੇਲੋੜੀਆਂ ਅਤੇ ਗਲਤ ਰਸਮਾਂ ਨੂੰ ਮਨੁੱਖਤਾ ਵਿਰੋਧੀ ਸਿੱਧ ਕੀਤਾ ਅਤੇ ਸਭ ਨੂੰ ਇਹ ਛੱਡਕੇ, ਨਵੀਂ ਸੁਚੱਜੀ ਇਨਸਾਨੀ ਜ਼ਿੰਦਗੀ ਜਿਉਣ ਦਾ ਰਸਤਾ ਵਿਖਾਇਆ। ਪਰ ਅੱਜ ਫਿਰ ਬਾਬਾ ਨਾਨਕ ਵੱਲੋਂ ਦਰਸਾਈਆਂ ਇਨਸਾਨੀ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਦੀ ਥਾਂ ਹਕੂਮਤਾਂ ਦੀ ਛਤਰ ਛਾਇਆ ਹੇਠ, ਅਖੌਤੀ ਧਰਮਾਂ ਦੇ ਠੇਕੇਦਾਰਾਂ ਨੇ ਆਪਣੇ ਮੁਫਾਦਾਂ ਲਈ ਉਹੀ ਪੁਰਾਣੇ ਅਡੰਬਰ ਉਸੇ ਤਰ੍ਹਾਂ ਜਾਰੀ ਰੱਖੇ ਹੋਏ ਹਨ । ਇੱਥੋਂ ਤੱਕ ਕਿ ਬਾਬਾ ਨਾਨਕ ਨੂੰ ਗੁਰੂ ਮੰਨਣ ਵਾਲਿਆਂ ਨੇ ਵੀ ਆਪਣੇ ਆਪਣੇ ਢੰਗਾਂ ਰਾਹੀਂ ਧਰਮ ਦੇ ਨਾਂ ਹੇਠ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਇਨਸਾਨ ਬਣਨ ਲਈ ਵਰਤਣ ਦੀ ਬਜਾਏ ਕਰਾਮਾਤੀ ਬਣਾਉਣ ਤੇ ਜੋਰ ਲਾਇਆ ਹੋਇਆ ਹੈ। ਬਾਬਾ ਨਾਨਕ ਨੇ ਹਰ ਧਰਮ ਦੀਆਂ ਅਖੌਤੀ ਕਰਾਮਾਤਾਂ ਨੂੰ ਝੂਠੀਆਂ ਸਿੱਧ ਕੀਤਾ ਅਤੇ ਇਹਨਾਂ ਨੂੰ ਧੋਖਾ ਤੇ ਫਰੇਬ ਕਰਾਰ ਦਿੱਤਾ ਸੀ। ਪਰ ਅੱਜ ਹੋਰਾਂ ਧਰਮਾਂ ਸਮੇਤ ਬਾਬਾ ਨਾਨਕ ਦੇ ਪੈਰੋਕਾਰਾਂ ਵੱਲੋਂ ਵੀ ਮਨ ਘੜਤ ਸਾਖੀਆਂ ਰਾਹੀਂ ਕਰਾਮਾਤੀ ਅਡੰਬਰਾਂ ਨੂੰ ਇੱਕ ਦੂਜੇ ਤੋਂ ਵਧ ਚੜ੍ਹਕੇ ਪ੍ਰਚਾਰਿਆ ਜਾ ਰਿਹਾ ਹੈ। ਹਰ ਧਰਮ ਦੇ ਪ੍ਰਚਾਰਕਾਂ ਨੇ ਧਰਮ ਦੀ ਪ੍ਰੀਭਾਸਾ ਨੂੰ ਸਮਝਣ ਦੀ ਥਾਂ ਸਿਰਫ ਕਰਾਮਾਤਾਂ ਅਤੇ ਪੂਜਾ ਪਾਠ ਤੱਕ ਹੀ ਸੀਮਤ ਕਰਕੇ, ਲੋਕਾਂ ਦੀ ਕਿਰਤ ਕਮਾਈ ਨੂੰ ਬਟੋਰਨ ਦਾ ਸਾਧਨ ਬਣਾ ਲਿਆ ਹੈ। ਜੇਕਰ ਕੋਈ ਮਨੁੱਖ ਇਹਨਾਂ ਦੇ ਅਡੰਬਰਾਂ ਦਾ ਵਿਰੋਧ ਕਰਦਾ ਹੈ ਤਾਂ ਇਹਨਾਂ 'ਧਰਮੀ ਠੇਕੇਦਾਰਾਂ' ਵੱਲੋਂ ਸੰਵਾਦ ਰਚਾਉਣ ਦੀ ਬਜਾਏ ਉਸ ਖਿਲਾਫ ਭੱਦੀ ਸਬਦਾਵਲੀ ਦੀ ਵਰਖਾ ਕਰਕੇ ਧਰਮ/ਪੰਥ ਵਿਰੋਧੀ ਹੋਣ ਦਾ ਖਿਤਾਬ ਦੇ ਕੇ ਨਾਸਤਕ, ਕਾਮਰੇਡ, ਅਧਰਮੀ ਹੋਣ ਦਾ ਠੱਪਾ ਲਗਾ ਦਿੱਤਾ ਜਾਂਦਾ ਹੈ। ਦੂਜੇ ਪਾਸੇ ਹਕੂਮਤਾਂ ਵੱਲੋਂ ਵੀ ਸੱਚ ਦੀ ਆਵਾਜ ਉਠਾਉਣ ਵਾਲਿਆਂ ਖਿਲਾਫ , ਝੂਠੇ ਕੇਸ ਬਣਾਕੇ ਜੇਲ੍ਹੀਂ ਡੱਕ ਦਿੱਤਾ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਜੇਲ੍ਹੀਂ ਬੰਦ ਕਿੰਨੇ ਹੀ ਬੁੱਧੀਜੀਵੀ,ਸਾਹਿਤਕਾਰ , ਡਾਕਟਰ, ਵਕੀਲ, ਪੱਤਰਕਾਰ ਇਸ ਗੱਲ ਦਾ ਸਬੂਤ ਹਨ। ਉਹਨਾਂ ਦਾ ਕਸੂਰ ਸਿਰਫ ਇਹੋ ਹੈ ਕਿ ਉਹ ਲੋਕਾਂ ਨੂੰ ਉਹਨਾਂ ਦੀ ਮਾੜੀ ਜ਼ਿੰਦਗੀ ਦੇ ਅਸਲ ਕਾਰਣਾ ਤੋਂ ਜਾਣੂ ਕਰਵਾਕੇ ਖਤਮ ਕਰਨ ਬਾਰੇ ਸਿੱਖਿਅਤ ਕਰਦੇ ਹਨ। ਪਰ ਦੂਜੇ ਪਾਸੇ ਹਾਕਮਾਂ ਵੱਲੋਂ ਆਪਣੇ ਚਹੇਤੇ ਸੰਗੀਨ ਅਪਰਾਧੀਆਂ, ਬਲਾਤਕਾਰੀਆਂ ਤੇ ਕਾਤਲਾਂ ਦੀਆਂ ਸਜਾਵਾਂ ਮੁਆਫ ਕਰਕੇ ਜੇਲ੍ਹ 'ਚੋਂ ਬਾਹਰ ਆਣ ਤੇ ਉਹਨਾਂ ਉੱਪਰ ਫੁੱਲ ਬਰਸਾਣ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ। ਨਫਰਤੀ ਭਾਸਾ ਬੋਲਣ ਵਾਲਿਆਂ ਖਿਲਾਫ ਕੋਈ ਕਾਨੂੰਨੀ ਕਾਰਵਾਈ ਕਰਨਾ ਵੀ ਉਚਿੱਤ ਨਹੀਂ ਸਮਝਿਆ ਜਾ ਰਿਹਾ ।

ਹਰ ਕੋਈ ਜਾਣਦਾ ਹੈ ਕਿ ਬਾਬਾ ਨਾਨਕ ਜੀ ਨੇ ਹਮੇਸਾ ਹੀ ਮਲਕ ਭਾਗੋਆਂ/ਹਾਕਮਾਂ ਦੇ, ਕਿਰਤੀਆਂ ਵਿਰੋਧੀ ਕਿਰਦਾਰ ਨੂੰ ਭੰਡਿਆ ਅਤੇ ਰਾਜੇ ਰਜਵਾੜਿਆਂ ਵੱਲੋਂ ਆਮ ਜਨਤਾ ਉੱਪਰ ਕੀਤੇ ਜਾਂਦੇ ਜੁਲਮਾਂ ਖਿਲਾਫ ਆਵਾਜ ਉਠਾਉਂਦਿਆਂ ਕਿਰਤ ਨੂੰ ਦੁੱਧ ਅਤੇ ਇਸ ਦੀ ਜਬਰੀ ਲੁੱਟ ਕਰਨ ਦੀ ਕਮਾਈ ਨੂੰ ਕਿਰਤੀਆਂ ਦਾ ਖੂਨ ਚੂਸਣ ਬਰਾਬਰ ਸਿੱਧ ਕੀਤਾ। ਸਾਂਝੀਵਾਲਤਾ ਵਾਲੇ ਰਾਜ ਪ੍ਰਬੰਧ ਨੂੰ ਉੱਚਿਆਂਉਂਦਿਆਂ "ਸੱਭੇ ਸਾਂਝੀਵਾਲ ਸਦਾਇਣ" ਨੂੰ ਸਰੇਸਟ ਮੰਨਿਆ। ਦੂਜੇ ਪਾਸੇ ਕਾਮਰੇਡ, ਨਾਸਤਿਕ (ਖੱਬੇ ਪੱਖੀ) ਕਹੇ ਜਾਣ ਵਾਲੇ ਵੀ ਅੱਜ ਦੇ ਮਲਕ ਭਾਗੋਆਂ ਵੱਲੋਂ ਕਿਰਤੀ ਵਰਗ ਦੀ ਕੀਤੀ ਜਾ ਰਹੀ ਲੁੱਟ ਖਿਲਾਫ ਸਭ ਤੋਂ ਵੱਧ ਮੁਖਾਲਫਤ ਕੀਤੀ ਜਾ ਰਹੀ ਹੈ ਅਤੇ ਸਾਂਝੀਵਾਲਤਾ (ਸਮਾਜਵਾਦ) ਵਾਲਾ ਰਾਜ ਪ੍ਰਬੰਧ ਉਸਾਰਨ ਦਾ ਸਮਰਥਨ ਕੀਤਾ ਜਾ ਰਿਹਾ ਹੈ। ਜੇ ਬਾਬਾ ਨਾਨਕ ਇਨਸਾਨੀਅਤ ਪੱਖੀ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਦੇ ਫਰਜ ਨੂੰ ਧਰਮ ਮੰਨਦੇ ਸਨ, ਤਾਂ ਕਾਮਰੇਡ ਵੀ ਇਹਨਾਂ ਨੂੰ ਅਪਨਾਉਣ ਦੀ ਗੱਲ ਕਰਦੇ ਹਨ। ਜੇ ਬਾਬਾ ਨਾਨਕ ਹਰ ਮਨੁੱਖ ਨੂੰ ਬਰਾਬਰ ਸਮਝਣ ਦੀ ਗੱਲ ਕਰਦੇ ਸਨ ਤਾਂ ਕਾਮਰੇਡ ਵੀ ਬਰਾਬਰਤਾ ਵਾਲਾ ਨਿਜਾਮ ਸਿਰਜਣ ਲਈ ਸੰਘਰਸ ਕਰਦੇ ਹਨ। ਬਾਬਾ ਨਾਨਕ ਜੀ ਵੀ ਮੌਤ ਉਪਰੰਤ ਪੁਜਾਰੀ ਵਰਗ ਵੱਲੋਂ ਪ੍ਰਚਾਰੇ ਜਾਂਦੇ ਨਰਕ ਸਵਰਗ ਦੇ ਵਿਰੋਧੀ ਸਨ ਤੇ ਕਾਮਰੇਡ ਵੀ ਇਸ ਦੇ ਵਿਰੋਧੀ ਹਨ ਅਤੇ ਇਸੇ ਜਨਮ ਵਿੱਚ ਇਸੇ ਧਰਤੀ ਉੱਪਰ ਸਵਰਗ ਉਸਾਰਨ ਦੀ ਗੱਲ ਕਰਦੇ ਹਨ। ਜੇ ਬਾਬਾ ਨਾਨਕ ਜੀ ਜਾਲਮ ਹਕੂਮਤਾਂ ਨੂੰ "ਰਾਜੇ ਸੀਂਹ, ਮੁਕੱਦਮ ਕੁੱਤੇ" ਕਹਿੰਦੇ ਸਨ ਤਾਂ ਕਾਮਰੇਡ ਵੀ ਜਾਲਮ ਹਕੂਮਤਾਂ ਦੇ ਲੋਕਾਈ ਵਿਰੋਧੀ ਕਾਰਨਾਮਿਆਂ ਦੀ ਡਟਕੇ ਮੁਖਾਲਫਤ ਕਰਦੇ ਹਨ। ਜੇ ਬਾਬਾ ਨਾਨਕ ਕਿਸੇ ਦਾ ਹੱਕ ਮਾਰਨ ਵਿਰੁੱਧ ਆਵਾਜ਼ ਬੁਲੰਦ ਕਰਦੇ ਸਨ ਤਾਂ ਕਾਮਰੇਡ ਵੀ ਇਸੇ ਵਿਚਾਰ ਦੇ ਧਾਰਨੀ ਹਨ। ਮਨੁੱਖ ਨਾਲ ਠੱਗੀਆਂ ਮਾਰਕੇ ਮਾਇਆ ਇਕੱਠੀ ਕਰਨ ਦਾ ਵੀ ਦੋਵੇਂ ਧਿਰਾਂ ਵਿਰੋਧੀ ਹਨ। ਮਤਲਬ ਕਿ ਬਹੁਤ ਕੁੱਝ ਅਜਿਹਾ ਹੈ ਜੋ ਦੋਵਾਂ ਦੇ ਅਦਰਸਾਂ ਵਿੱਚ ਸਾਂਝਾ ਹੈ। ਜੇ ਵਖਰੇਵਾਂ ਹੈ ਤਾਂ ਉਹ ਮੁੱਖ ਤੌਰ ਤੇ ਰੱਬ ਨੂੰ ਮੰਨਣ ਜਾਂ ਨਾ ਮੰਨਣ ਦਾ ਹੈ। ਧਾਰਮਿਕ ਲੋਕ ਕਣ ਕਣ ਵਿੱਚ ਰੱਬ ਦੀ ਮੌਜੂਦਗੀ ਮੰਨਦੇ ਹਨ, ਪਰ ਗੈਰ ਧਾਰਮਿਕ/ਵਿਗਿਆਨਿਕ ਵਿਚਾਰਧਾਰਾ ਦੇ ਧਾਰਨੀ ਲੋਕ ਕਣ ਕਣ ਵਿੱਚ ਰੱਬ ਦੀ ਬਜਾਏ ਪਦਾਰਥ ਦੀ ਹੋਂਦ ਨੂੰ ਮਾਨਤਾ ਦਿੰਦੇ ਹਨ। ਹੁਣ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਿਰਤ ਦੀ ਲੁੱਟ ਅਤੇ ਹਕੂਮਤੀ ਜੁਲਮ ਖਿਲਾਫ ਲੜਨ ਲਈ, ਕੀ ਧਾਰਮਿਕ ਹੋਣਾ ਜਰੂਰੀ ਹੈ ਜਾਂ ਗੈਰ ਧਾਰਮਿਕ ਜਾਂ ਕਾਮਰੇਡ ਹੋਣਾ ? ਅੱਜ ਇਹ ਗੱਲ ਸਮਝਣੀ ਬੇਹੱਦ ਜ਼ਰੂਰੀ ਹੈ। ਜੇ ਇਹਨਾਂ ਦੋਵਾਂ ਵਿੱਚ ਇਨਸਾਨੀ ਬਰਾਬਰਤਾ ਲਈ ਕਿਰਤ ਦੀ ਲੁੱਟ ਅਤੇ ਹਕੂਮਤੀ ਜਬਰ ਖਿਲਾਫ ਲੜਨ ਦੀ ਗੱਲ ਸਾਂਝੀ ਹੈ ਤਾਂ ਇਕੱਠੇ ਹੋ ਕੇ ਇਸ ਲੁੱਟ ਵਿਰੁੱਧ ਲੜਨ ਲਈ ਕੀ ਸਮੱਸਿਆ ਹੈ ? ਦਿੱਲੀ ਦੀਆਂ ਬਰੂਹਾਂ ਤੇ ਬੈਠਕੇ ਸਾਂਤਮਈ ਲੜੇ ਸੰਘਰਸ ਵਿੱਚ ਧਾਰਮਿਕ ਅਤੇ ਗੈਰ ਧਾਰਮਿਕ ਲੋਕਾਂ ਵੱਲੋਂ ਕੀਤੇ ਸੰਘਰਸ ਦੀ ਸਫਲਤਾ ਇਹਨਾਂ ਦੋਵਾਂ ਦੇ ਸਾਂਝੇ ਯਤਨਾਂ ਦੀ ਤਾਜੀ ਉਦਾਹਰਣ ਹੈ। ਬਿਨਾ ਕਿਸੇ ਹਾਕਮ ਧਿਰ ਦੀ ਸ਼ਮੂਲੀਅਤ ਤੋਂ ਸਾਂਝੇ ਸੰਘਰਸ ਰਾਹੀਂ ਧਰਮਾਂ ਜਾਤਾਂ ਆਦਿ ਦੇ ਵਖਰੇਵਿਆਂ ਤੋਂ ਉੱਪਰ ਉੱਠਕੇ ਪ੍ਰਾਪਤ ਕੀਤੀ ਇਸ ਸਫਲਤਾ ਤੋ ਸਿੱਖਣ ਦੀ ਲੋੜ ਹੈ। ਭਾਵੇਂ ਹਕੂਮਤਾਂ ਨੇ ਇਹ ਅੰਦੋਲਨ ਫੇਲ ਕਰਨ ਲਈ ਆਪਣੇ ਕੋਝੇ ਯਤਨ ਕੀਤੇ ਪਰ ਹਰ ਵਾਰ ਮੂੰਹ ਦੀ ਖਾਣੀ ਪਈ। ਸਹੀ ਚੱਲਦੇ ਸੰਘਰਸ ਨੂੰ ਲੀਹੋਂ ਲਹੁਣ ਲਈ ਹਕੂਮਤਾਂ ਦੀ ਸਰਪ੍ਰਸਤੀ ਹੇਠ ਕਈ ਅਜਿਹੇ ਵੀ ਸਾਮਲ ਹੋ ਜਾਂਦੇ ਹਨ ਜੋ ਲੋਕ ਹੱਕਾਂ ਲਈ ਲੜਨ ਦਾ ਢਕੌਂਜ ਕਰਦੇ ਹਨ, ਪਰ ਅਜਿਹੇ ਅਖੌਤੀ 'ਜੁਝਾਰੂਆਂ' ਦਾ ਨਿਖੇੜਾ ਕਰਨਾ ਵੀ ਬਹੁਤ ਜਰੂਰੀ ਹੈ। ਇਹ ਸਵਾਲ ਵੀ ਪੈਦਾ ਹੋ ਜਾਂਦਾ ਹੈ ਕਿ ਜੋ ਇਨਸਾਨੀਅਤ ਦੀ ਬਜਾਏ ਧਰਮਾਂ ਦਾ ਰੌਲਾ ਪਾ ਕੇ ਲੋਕਾਂ ਨੂੰ ਉਸ ਅਧਾਰ ਤੇ ਇੱਕ ਦੂਜੇ ਦੇ ਦੁਸਮਣ ਬਣਾ ਰਹੇ ਹਨ, ਇਹਨਾਂ ਨੂੰ ਮਲਕ ਭਾਗੋਆਂ ਜਾਂ ਭਾਈ ਲਾਲੋਆਂ ਵਿੱਚੋਂ ਕਿਹੜੀ ਕਤਾਰ ਵਿੱਚ ਖੜਾ ਕੀਤਾ ਜਾਵੇ ? ਜਦੋਂ ਕਿਰਤੀ ਲੋਕ ਅਜਿਹੇ ਹਕੂਮਤੀ ਹੱਥਕੰਡਿਆਂ ਨੂੰ ਸਮਝ ਲੈਣਗੇ, ਓਦੋਂ ਹਰ ਤਰ੍ਹਾਂ ਦੇ ਮਖੌਟੇ ਪਾਈ ਫਿਰਦੇ ਫਿਰਕਾਪ੍ਰਸਤਾਂ (ਧਾਰਮਿਕ ਤੇ ਗੈਰ ਧਾਰਮਿਕ) ਅਤੇ ਇਹਨਾਂ ਦੇ ਸਰਪ੍ਰਸਤ ਸਿਆਸਤਦਾਨਾਂ ਦੇ ਚਿਹਰੇ ਨੰਗੇ ਹੋਣ ਨੂੰ ਦੇਰੀ ਨਹੀਂ ਲੱਗੇਗੀ। ਮੌਜੂਦਾ ਦੌਰ ਵਿੱਚ ਹਕੂਮਤੀ ਜਬਰ ਅਤੇ ਫਿਰਕੂ ਫਾਸੀਵਾਦੀ ਸਕਤੀਆਂ ਨੂੰ ਭਾਂਜ ਦੇਣ ਲਈ ਸਹੀ ਵਿਚਾਰਾਂ ਦੀ ਇੱਕਜੁਟਤਾ ਨਾਲ ਅੱਗੇ ਵਧਦਿਆਂ ਹੀ ਹੋਰ ਵੱਡੀਆਂ ਪ੍ਰਾਪਤੀਆਂ ਕਰਨੀਆਂ ਸਮੇਂ ਦੀ ਲੋੜ ਹੈ। ਇਹੋ ਸਮੁੱਚੀ ਲੋਕਾਈ ਲਈ ਸੱਚਾ ਤੇ ਸੁੱਚਾ ਧਰਮ ਹੋਵੇਗਾ।




11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ
(ਟੋਰਾਂਟੋ)
416-817-7142


ਦੇਵਿੰਦਰ ਤੂਰ
(ਟੋਰਾਂਟੋ)
416 902 9372


ਮਾਸਟਰ ਭਜਨ
(ਕੈਲਗਰੀ)
403-455-4220


ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794


ਜਸਵੀਰ ਕੌਰ ਮੰਗੂਵਾਲ
ਵਿਨੀਪੈੱਗ
204-881-4955


ਬਲਜਿੰਦਰ ਸਿੰਘ ਵੜੈਚ
(ਪੰਜਾਬ)
+91-92167-29598





SECURELIFE
INSURANCE AGENCY INC.

NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

*ਰਿਐਲਟਰ ਦੀ ਕਲਮ ਤੋਂ-*

# ਕੈਨੇਡਾ ਦੀ ਰੀਅਲ ਇਸਟੇਟ ਇੰਡਸਟਰੀ 'ਚ ਫਰਾਡ ਦੀ ਇਹ ਵੀ ਅਜੀਬ ਕਿਸਮ ਹੈ ?



ਬਲਜਿੰਦਰ ਸੰਘਾ



ਦੁਨੀਆਂ ਵਿਚ ਇਮਦਾਨਦਾਰ ਇਨਸਾਨਾਂ ਦੀ ਕਮੀ ਨਹੀਂ ਹੈ ਨਾਲ ਹੀ ਦੁਨੀਆਂ ਬੇਈਮਾਨਾਂ ਨਾਲ ਵੀ ਭਰੀ ਪਈ ਹੈ। ਹਰ ਰੋਜ ਧੋਖੇ ਤੇ ਠੱਗੀਆਂ ਹੋਣ ਦੀਆਂ ਖਬਰਾਂ ਆਪਾ ਸਭ ਪੜ੍ਹਦੇ ਤੇ ਸੁਣਦੇ ਰਹਿੰਦੇ ਹਾਂ। ਪਰ ਕਨੇਡਾ ਦੇ ਰੀਅਲ ਇਸਟੇਟ ਖੇਤਰ ਵਿਚ ਇਕ ਵੱਖਰੀ ਕਿਸਮ ਦਾ ਧੋਖਾ ਵੀ ਹੈ। ਵੱਖਰੀ ਕਿਸਮ ਦਾ ਇਸ ਕਰਕੇ ਕਿ ਲੁੱਟਿਆ ਜਾਣ ਵਾਲਾ ਵਿਆਕਤੀ ਇਸਤੇ ਮਾਣ ਮਹਿਸੂਸ ਕਰਦਾ ਹੈ ਤੇ ਕਈ ਵਾਰ ਦਹਾਕੇ ਤੱਕ ਲੁੱਟ ਵੀ ਹੋਈ ਜਾਂਦਾ ਹੈ ਧੋਖਾ ਕਰਨ ਵਾਲਿਆਂ ਨਾਲ ਸਗੋਂ ਹੋਰ ਚੰਗਾ ਮੋਹ-ਮਿਲਾਪ ਕਰਨ ਲੱਗ ਜਾਂਦਾ ਹੈ। ਭਾਵ ਉਸਨੂੰ ਪਤਾ ਹੀ ਨਹੀਂ ਲੱਗਦਾ ਕਿ ਉਸਨੂੰ ਬੇਈਮਾਨੀ ਵਿਚ ਭਾਗੀਦਾਰ ਬਣਾ ਲਿਆ ਗਿਆ ਹੈ। ਮੈਂ ਇਸ ਧੋਖੇ ਬਾਰੇ ਥੋੜਾ ਵਿਸਥਾਰ ਨਾਲ ਲਿਖਣ ਦਾ ਮਨ ਤਾਂ ਬਣਾਇਆ ਕਿਉਂਕਿ ਮੈਂ ਫੇਸਬੁੱਕ ਤੇ ਇਕ ਨਿੱਕੀ ਪੋਸਟ ਵਿਚ ਲਿਖਿਆ ਸੀ ਕਿ ਕਨੇਡਾ ਵਿਚ ਵੀ ਅਹਿਜੇ ਪੰਜਾਬੀ ਲੋਕ ਹਨ ਜੋ ਤੁਹਾਨੂੰ ਬੇਇਮਾਨੀ ਵਿਚ ਭਾਗੀਦਾਰ ਬਣਾ ਲੈਂਦੇ ਹਨ 'ਤੇ ਤੁਹਾਨੂੰ ਪਤਾ ਵੀ ਨਹੀਂ ਲੱਗਦਾ। ਪੋਸਟ ਦੀ ਇਸ ਲਾਈਨ ਬਾਰੇ ਕਈ ਦੋਸਤਾਂ ਨੇ ਪੁੱਛਿਆ ਕਿ ਇਹ ਕਿਸ ਤਰਾਂ ਹੁੰਦਾ ਹੈ ਤਾਂ ਮੈਂ ਇਸਨੂੰ ਵਿਸਥਾਰ ਵਿਚ ਲਿਖਣ ਬਾਰੇ ਸੋਚਿਆ।

ਰੀਅਲ ਇਸਟੇਟ ਇੰਡਸਟਰੀ ਵਿਚ ਇਹ ਇਕ ਅਜਿਹਾ ਅਜੀਬ ਕਿਸਮ ਦਾ ਧੋਖਾ (ਫਰਾਡ) ਹੈ ਜੋ ਤੁਹਾਡੇ ਬਹੁਤ ਨੇੜੇ ਦੇ ਭਰੋਸੇ ਯੋਗ ਰਿਐਲਟ ਵੱਲੋਂ ਆਪਣੀ ਗੁਰਗਾ ਟੀਮ ਨਾਲ ਮਿਲਕੇ ਕੀਤਾ ਜਾਂਦਾ ਹੈ। ਕਨੇਡਾ ਦੇ ਅਲਬਰਟਾ ਸੂਬੇ ਦੇ ਕੈਲਗਰੀ ਸਹਿਰ ਵਿਚ ਇਹ ਧੋਖਾ 2002-2009 ਵਿਚ ਬਹੁਤ ਜੋਰਾਂ ਤੇ ਰਿਹਾ। ਇਸ ਵਿਚ ਰਿਐਲਟਰ, ਵਕੀਲ, ਮੌਰਟਗੇਜ ਸਪੈਸ਼ਲਿਸਟ ਕਈ ਵਾਰ ਇਕੱਲੇ ਰਿਐਲਟਰ ਸ਼ਾਮਲ ਹੁੰਦੇ ਹਨ। ਇਸ ਵਿਚ ਕੀ ਹੁੰਦਾ ਹੈ ਕਿ ਪ੍ਰਪਾਰਟੀ ਰਿਐਲਟਰ ਆਪ ਲੈ ਲੈਂਦੇ ਹਨ ਜਾਂ ਨਾਲ ਗਾਹਕ ਬਣਾਕੇ ਰਲਾਏ ਆਪਣੇ ਗੁਰਗੇ ਦੇ ਨਾਮ ਤੇ ਲੈਂਦੇ ਹਨ ਤੇ ਆਪਣੇ ਹੀ ਕਿਸੇ ਰਿਸ਼ਤੇਦਾਰ, ਨੇੜੇ ਦੇ ਦੋਸਤ ਜਾਂ ਫਿਰ ਉਹਨਾਂ ਦੇ ਗੁਰਗੇ ਜੋ ਫੈਕਟਰੀਆਂ ਵਿਚ ਕੰਮ ਕਰਦੇ ਹਨ ਉਹ ਆਪਣੇ ਕਿਸੇ ਨਾਲ ਦੇ ਵਰਕਰ ਨੂੰ ਇਹ ਕਹਿੰਦੇ ਕਿ ਇਕ ਘਰ ਹੈ ਮੇਰੇ ਦੋਸਤ ਰਿਐਲਟਰ ਕੋਲ ਹੈ ਵਿਚ ਮੇਰਾ ਵੀ ਹਿੱਸਾ ਹੈ। ਪਰ ਮੁਸਕਿਲ ਇਹ ਹੈ ਕਿ ਅਸੀਂ ਥੋੜਾ ਕੰਮ-ਕਾਜ ਦਾ ਮੰਦਾ ਕਰਕੇ ਆਪਣੇ ਨਾਮ ਤੇ ਉਸਦੀ ਮੌਰਟਗੇਜ ਰੀਨਿਉ ਨਹੀਂ ਕਰਵਾ ਸਕਦੇ, ਅਸੀਂ ਨਹੀਂ ਚਾਹੁੰਦੇ ਕਿ ਮਿਹਨਤ ਨਾਲ ਬਣਾਈ ਲੱਖਾਂ ਡਾਲਰਾਂ ਦੀ ਪ੍ਰਪਾਰਟੀ ਭੰਗ ਦੇ ਭਾਣੇ ਚਲੀ ਜਾਵੇ।

ਇਸ ਤੋਂ ਬਾਅਦ ਅਗਲੇ ਨੂੰ ਹੋਰ ਪਿਆਰ ਦੇ ਦਾਣੇ ਪਾਉਂਦਿਆ ਕਿਹਾ ਜਾਂਦਾ ਹੈ ਕਿ ਡਾਲਰਾਂ ਦਾ ਮਸਲਾ ਹੈ ਸੋ ਬਾਈ ਜੀ-ਵੀਰੇ - ਭਾਜੀ ਅਸੀਂ ਹਰ ਕਿਸੇ ਤੇ ਵਿਸਵਾਸ ਵੀ ਨਹੀ ਕਰ ਸਕਦੇ, ਤੂੰ ਕਿੰਨਾ ਇਮਾਨਦਾਰ ਹੈ ਲੋਕਾਂ ਵਿਚ ਤੇਰੀ ਕਿੰਨੀ ਇੱਜ਼ਤ ਹੈ, ਤੁਹਾਡਾ ਤਾਂ ਸਾਰਾ ਖਾਨਦਾਨ ਹੀ ਬਹੁਤ ਇਮਾਨਦਾਰ ਹੈ। ਬਾਕੀ ਤੇਰੇ ਨਾਮ ਤੇ ਮੋਰਟਗੇਜ ਵੀ ਹੋ ਜਾਣੀ ਹੈ ਇਹ ਸਾਰਾ ਕੰਮ ਤੇ ਪੇਪਰ ਵਰਕ ਅਸੀਂ ਕਰਵਾ ਦੇਣਾ ਤੇਰਾ ਭੋਰਾ ਵੀ ਸਮਾਂ ਬਰਬਾਦ ਨਹੀ ਕਰਨਾ, ਨਾ ਅਸੀਂ ਕਹਿਣਾ ਹੈ ਕਿ ਕੰਮ ਤੋਂ ਛੁੱਟੀ ਕਰਕੇ ਸਾਡੇ ਨਾਲ ਚੱਲ, ਨਾ ਮਾਰਟਗੇਜ ਦੇ ਸਾਈਨ ਕਰਨ ਜਾਣ ਦੇਣਾ, ਨਾ ਤੈਨੂੰ ਵਕੀਲ ਦੇ ਦਫਤਰ ਜਾਣ ਦੀ ਲੋੜ ਹੈ, ਬੱਸ ਅਸੀਂ ਘਰ ਆਕੇ ਹੀ ਸਾਈਨ ਕਰਵਾ ਲੈਣੇ ਹਨ, ਹਾਂ ਜੇ ਕਿਤੇ ਜਾਣਾ ਪੈ ਗਿਆ ਤਾਂ ਆਪਾ ਆਏ ਕਰਦੇ ਕਿਉਂ ਤੂੰ ਸਾਡੀ ਇੰਨੀ ਮਦਦ ਕਰ ਰਿਹਾ ਅਸੀਂ ਤੈਨੂੰ ਤਿੰਨ ਹਜਾਰ ਡਾਲਰ ਵੀ ਦੇ ਦਿੰਨੇ ਆ, ਹਾਂ ਸੱਚ ਫਿਰ ਘਰ ਅਸੀਂ ਕਿਰਾਏ ਤੇ ਦੇ ਦੇਣਾ ਤੇ ਜਿੰਨਾ ਚਿਰ ਤੇਰੇ ਨਾਮ ਤੇ ਰਹੇਗਾ ਅਸੀਂ ਤੈਨੂੰ ਕਿਰਾਏ ਵਿਚ ਵੀ ਸੋ ਡਾਲਰ ਮਹੀਨੇ ਦਾ ਕੈਸ ਦੇ ਦਿਆਂ ਕਰਾਗੇ ਜਾਂ ਆਏ ਕਰਦੇ ਹਾਂ ਕਿ ਕਿਉਂਕਿ ਘਰ ਤੇਰੇ ਨਾਮ ਹੈ ਤੇ ਤੇਰੇ ਬੈਕ ਅਕਾਉਂਟ ਤੋਂ ਕਿਸਤ ਜਾਣੀ ਹੈ ਕਿਸਤ ਤਾਂ ਦੋ ਹਜਾਰ ਮਹੀਨਾ ਹੈ ਪਰ ਅਸੀਂ ਹਰ ਮਹੀਨੇ ਇੱਕੀ ਸੋ ਡਾਲਰ ਦੇ ਦਿਆ ਕਰਾਂਗੇ।

ਹੁਣ ਉਹ ਬੰਦਾ ਸੋਚਦਾ ਹੈ ਬਈ ਕਿੰਨਾ ਵਿਸਵਾਸ ਹੈ ਇਹਨਾਂ ਨੂੰ ਮੇਰੇ ਤੇ, ਨਾਲੇ ਤਾਂ ਆਪਣੇ ਘਰ ਦਾ ਟਾਈਟਲ ਮੇਰੇ ਨਾਮ ਕਰਕੇ ਆਪਣੇ ਹੱਥ ਵਢਾ ਰਹੇ ਹਨ ਤੇ ਨਾਲੇ ਮੈਨੂੰ ਡਾਲਰ ਵੀ ਦੇ ਰਹੇ ਹਨ, ਚਲੋ ਕਨੇਡਾ ਵਿਚ ਆਕੇ ਤਾਂ ਸਾਡੇ ਖਾਨਦਾਨ ਦੀ ਇਮਾਨਾਦਰੀ ਦਾ ਮੁੱਲ ਪੈ ਹੀ ਗਿਆ, ਇਹਨਾਂ ਨੇ ਕੀਤੀ ਹੈ ਮੇਰੇ ਵਰਗੇ ਹੀਰੇ ਦੀ ਅਸਲੀ ਪਛਾਣ। ਘਰ ਆਪਣੇ ਨਾਮ ਕਰਵਾਉਣ ਵਾਲਾ ਬੰਦਾ ਸੋਚਦਾ ਹੈ ਕਿ ਹੁਣ 'ਰਾਜੇ ਦੀ ਜਾਨ ਤੋਤੇ ਵਿਚ' ਵਾਲੀ ਕਹਾਣੀ ਵਾਂਗ ਇਹਨਾਂ ਦੀ ਜਾਨ ਮੇਰੇ ਹੱਥ ਹੈ, ਮੈਂ ਇਹਨਾਂ ਦਾ ਘਰ ਜਿਉਂ ਆਪਣੇ ਨਾਮ ਕਰਾਈ ਬੈਠਾ ਹੈ।

ਉਹ ਸੋਚਦਾ ਹੈ ਕਿ ਇਹੋ ਜਿਹੇ ਰਿਐਲਟਰ ਤਾਂ ਰੱਬ ਦਾ ਰੂਪ ਹਨ। ਇੱਥੋਂ ਤੱਕ ਇਹ ਹੈ ਕਿ ਧੋਖਾ ਤਾਂ ਹੋ ਗਿਆ ਪਰ ਪਤਾ ਨਹੀਂ ਲੱਗਾ। ਘਰ ਉਸਦੇ ਨਾਮ ਕਰਨ ਲੱਗਿਆ ਜੇਕਰ ਉਹ ਇੱਕ ਵਾਰ ਪਹਿਲਾ ਫਲਿੱਪ ਕਰਕੇ ਮਾਰਕੀਟ ਮੁੱਲ ਤੋਂ ਤੀਹ ਤੋਂ ਪੰਜਾਹ ਹਜਾਰ ਡਾਲਰ ਤੱਕ ਵੱਧ ਦਾ ਹੈ ਤਾਂ ਉਸਦੇ ਨਾਮ ਸੇਲ ਕਰਨ ਲੱਗਿਆ ਇੰਨਾ ਕੁ ਹੋਰ ਵਧਾ ਦਿੱਤਾ ਜਾਂਦਾ ਹੈ। ਇੱਕ-ਦੋ ਸਾਲ ਤੱਕ ਰੈਂਟ ਤੇ ਦੇਕੇ ਥੋੜ੍ਹੀ ਤੋਂ ਥੋੜ੍ਹੀ ਕਿਸ਼ਤ ਬਣਾਕੇ ਕੁਝ ਕੁ ਹਜਾਰ ਮੌਰਟਗੇਜ ਉਤਾਰੀ ਜਾਂਦੀ ਹੈ, ਫਿਰ ਜੋ ਮਹੀਨਾ ਵਾਰ ਡਾਲਰ ਜਿਵੇਂ ਕਿ ਉੱਪਰ ਇੱਕੀ ਸੋ ਲਿਖਿਆ ਸੀ ਉਹ ਉਸਨੂੰ ਦੇਣੇ ਬੰਦ ਕਰ ਦਿੱਤੇ ਜਾਂਦੇ ਹਨ ਜਿਸ ਦੇ ਨਾਮ ਘਰ ਦਾ ਟਾਈਟਲ ਕੀਤਾ ਗਿਆ ਸੀ। ਹੁਣ ਉਹੀ ਜੋ ਘਰ ਨਾਮ ਕਰਵਾਉਣ ਵਾਲਾ ਇਹ ਸੋਚਦਾ ਸੀ ਕਿ ਮੇਰੇ ਨਾਮ ਘਰ ਹੈ ਤੇ ਉਹਨਾਂ ਦੀ ਨਬਜ ਮੇਰੇ ਹੱਥ ਹੈ ਹੁਣ ਕੰਮ ਉਲਟਾ ਹੋ ਜਾਂਦਾ ਹੈ ਉਹ ਫੋਨ ਕਰ ਕਰ ਕਹਿੰਦਾ ਰਹਿੰਦਾ ਹੈ ਕਿ ਮੇਰੇ ਅਕਾਉਟ ਵਿਚੋਂ ਤੁਹਾਡੇ ਘਰ ਦੀ ਕਿਸਤ ਜਾਈ ਜਾਂਦੀ ਹੈ ਤੇ ਜੇ ਮੈਂ ਕਿਸਤ ਦੇਣੀ ਬੰਦ ਕਰਾਉਣਾ ਤਾਂ ਮੇਰਾ ਰਿਕਾਰਡ ਖਰਾਬ ਹੁੰਦਾ ਹੈ, ਤੁਸੀਂ ਆਪਣੇ ਘਰ ਦੀ ਕਿਸਤ ਕਿਓਂ ਨਹੀ ਭੇਜਦੇ ਮੈਨੂੰ। ਅਖੀਰ ਨੂੰ ਖੱਜਲ-ਖੁਆਰ ਹੋਕੇ ਉਹ ਇਸ ਸਿੱਟੇ ਤੇ ਪਹੁੰਦਾ ਹੈ ਕਿ ਘਰ ਤਾਂ ਮੇਰੇ ਹੀ ਨਾਮ ਹੈ ਕਿਸਤ ਤਾਂ ਮੈਨੂੰ ਹੀ ਦੇਣੀ ਪੈਣੀ ਹੈ। ਘਰ ਦਾ ਮੁੱਲ ਤਾਂ ਮਾਰਕੀਟ ਅਨੁਸਾਰ ਚਾਰ ਲੱਖ ਹੀ ਹੈ ਪਰ ਮੇਰੇ ਨਾਮ ਤਾਂ ਚਾਰ ਲੱਖ ਸੱਠ ਹਜਾਰ ਦਾ ਹੋਇਆ ਹੈ ਤੇ ਕਿਸਤਾ ਅਜੇ ਚਾਰ ਲੱਖ ਚਾਲੀ ਹਜਾਰ ਦੀਆਂ ਰਹਿੰਦੀਆਂ ਨੇ, ਤਾਂ ਇਥੇ ਆਕੇ ਉਸਨੂੰ ਪਤਾ ਲੱਗਦਾ ਹੈ ਕਿ ਮੇਰੇ ਨਾਲ ਧੋਖਾ ਹੋ ਗਿਆ ਹੈ, ਪਰ ਹੁਣ ਹੋ ਕੁਝ ਨਹੀਂ ਸਕਦਾ, ਕਾਰਨ ਇਹ ਕਿ ਕਾਨੂੰਨੀ ਤੌਰ ਤੇ ਇਹ ਆਈਡੀ ਫਰਾਡ ਵੀ ਨਹੀਂ ਬਣਦਾ ਹੈ ਤੇ ਕਿਸੇ ਹੋਰ ਘੇਰੇ ਵਿਚ ਵੀ ਨਹੀਂ ਆਉਂਦਾ।

ਇਸ ਵਿਚ ਅੱਗੇ ਹੋਰ ਵੀ ਬਹੁਤ ਕੁਝ ਹੈ ਤੇ ਜੰਗਲ ਵਾਂਗ ਹੈ, ਕਈ ਵਾਰ ਇਹ ਸਿਲਸਿਲਾ ਅੱਗੇ ਤੱਕ ਚੱਲਦਾ ਹੈ ਤੇ ਇਹੀ ਘਰ ਫਿਰ ਹੋਰ ਨੂੰ ਵੇਚਣ ਜਾਂ ਉਸ ਉੱਤੇ ਹੋਰ ਕਈ ਤਰਾਂ ਦੇ ਕਰਜੇ ਚੱਕ ਲਏ ਜਾਂਦੇ ਹਨ ਤੇ ਘਰ ਨਾਮ ਕਰਵਾਉਣ ਵਾਲੇ ਤੋਂ ਘਰ ਨਾਮ ਕਰਨ ਸਮੇਂ ਜਾਂ ਕਿਓਂਕਿ ਉਹ ਪੂਰੇ ਵਿਸਵਾਸ ਵਿਚ ਹੋਣ ਕਰਕੇ ਇਸ ਸੋਚ ਵਿਚ ਹੁੰਦਾ ਕਿ ਘਰ ਤਾਂ ਇਹਨਾਂ ਦਾ ਹੀ ਹੈ ਤੇ ਉਹਦੇ ਸਾਈਨ ਕਰਵਾਕੇ ਘਰ ਤੇ ਸੈਕਿੰਡ ਮਾਰਟਗੇਜ ਜਾਂ ਹੋਮ ਕਰੈਡਿੰਟ ਲਾਇਨ ਜਾਂ ਪਰਾਈਵੇਟ ਕਰਜੇ ਲੈ ਲਏ ਜਾਂਦੇ ਹਨ। ਇਹੋ ਜਿਹੇ ਇਕ ਘਰ ਵਿਚੋਂ ਨਿੱਟ ਪੰਜਾਹ ਹਜਾਰ ਡਾਲਰ ਤੋਂ ਇਕ ਲੱਖ ਤੱਕ ਲਾਭ ਕਮਾਕੇ ਰਿਐਲਟਰ ਫੋਨ ਚੁੱਕਣਾ ਬੰਦ ਕਰ ਦਿੰਦੇ ਹਨ। ਸੋਚੋ ਜੇ ਇਹੋ ਜਿਹੇ ਦਸ ਮੁਰਗੇ ਵੀ ਫਸਾਏ ਤਾਂ ਇਕ ਮਿਲੀਅਨ ਡਾਲਰ ਤਾਂ ਕਾਗਜਾਂ ਦੇ ਹੇਰ-ਫੇਰ ਨਾਲ ਹੀ ਕਮਾ ਲਿਆ ਤੇ ਜਿਸ ਤੋਂ ਕਮਾਏ ਉਹ ਜਾਣਦਾ ਹੀ ਨਹੀਂ ਤੇ ਜਾਣ ਵੀ ਗਿਆ ਤਾਂ ਖੁਦ ਕੀਤੇ ਸਾਈਨ, ਆਵਦੇ ਹੀ ਖਾਤੇ ਵਿਚੋਂ ਜਾਦੀ ਕਿਸਤ ਨੂੰ ਆਪਣੇ ਨਾਲ ਹੋਇਆ ਧੋਖਾ (ਫਰਾਡ) ਕਿਵੇਂ ਸਿੱਧ ਕਰੇ।

ਫਿਰ ਇਹੋ ਬੰਦੇ ਆਪਣੇ ਪਿੰਡਾ ਵਿਚ ਜਾਕੇ ਵੱਡੇ-ਵੱਡੇ ਕਬੱਡੀ ਕੱਪ ਕਰਾਉਂਦੇ ਹਨ ਤੇ ਦਸ=ਦਸ ਮੋਟਰ ਸਾਈਕਲ, ਜੀਪਾਂ, ਪੰਜ-ਪੰਜ ਲੱਖ ਰੁਪਏ ਪਹਿਲਾ ਇਨਾਮ ਰੱਖਦੇ ਹਨ ਇੱਥੇ ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਟੂਰਨਾਮੈਂਟ ਜਾਂ ਹੋਰ ਮੇਲੇ ਇਹੋ ਲੋਕ ਕਰਵਾਉਂਦੇ ਹਨ, ਬਹੁਤ ਸਾਰੇ ਇਮਾਨਦਾਰੀ ਨਾਲ ਕਮਾਈ ਕਰਨ ਵਾਲੇ ਦਾਨੀਆਂ ਦੀ ਵੀ ਘਾਟ ਨਹੀਂ ਹੈ। ਪਰ ਇਹਨਾਂ ਦੇ ਪਿੰਡੋਂ, ਸਹਿਰੋਂ ਜਾਂ ਨਾਲ ਦੇ ਕਸਬੇ ਵਿਚੋਂ ਕਨੇਡਾ ਆਏ ਆਪਣੇ ਲੜਕੇ ਨੂੰ ਮਾਪੇ ਜਾਂ ਪਿੰਡ ਦੇ ਲੋਕ ਜਰੂਰ ਤਾਹਨੇ ਮਾਰਦੇ ਰਹਿੰਦੇ ਹਨ ਕਿ ਫਾਲਣੇ ਦਾ ਮੁੰਡਾ ਤਾਂ ਲੱਖਾ ਰੁਪਏ ਏਧਰ ਟੂਰਨਾਮੈਟਾਂ ਤੇ ਹੀ ਲਾਈ ਜਾਂਦਾ ਤੂੰ ਕਨੇਡਾ ਜਾਕੇ ਵੀ ਰੋਈ ਜਾਨਾ ਕਿ ਬਣਦਾ ਕੁਝ ਨਹੀਂ ਤੇ ਪੰਜੀ-ਪੰਜੀ ਸਾਲੀ ਘਰ ਲਾਏ ਗੇੜੇ ਤੇ ਵੀ ਰੋਈ ਜਾਨਾਂ ਕਿ ਟਿਕਟ ਬਹੁਤ ਮਹਿੰਗੀ ਆ ਤੇ ਮਹਿੰਗਾਈ ਵੀ ਬਹੁਤ ਆ।

ਸੋ ਧੋਖੇ ਤਾਂ ਇੰਨੇ ਤਰ੍ਹਾਂ ਦੇ ਹਨ ਕਿ ਸਮਾਂ ਮਿਲਿਆ ਤਾਂ ਲਿਖਦਾ ਰਹਾਂਗਾ, ਕਿਉਂ ਕਿ ਜੋ ਅਨਭੋਲ ਲੁੱਟੇ ਜਾਂਦੇ ਹਨ ਉਹਨਾਂ ਦੀ ਕਨੇਡਾ ਵਿਚ ਲੱਗ-ਭੱਗ ਅੱਧੀ ਕਮਾਈ ਇਹਨਾਂ ਧੋਖੇਬਾਜਾਂ ਦੇ ਲੇਖੇ ਲੱਗ ਜਾਂਦੀ ਹੈ। ਪਰ ਬਣਦਾ ਕੁਝ ਨਹੀਂ ਕਿਉਂਕਿ ਇਹ ਧੋਖਾ ਸਭ ਤੋਂ ਵੱਡਾ ਧੋਖਾ ਹੋਕੇ ਵੀ ਕਾਨੂੰਨ ਦੀ ਨਜ਼ਰ ਵਿਚ ਧੋਖਾ ਨਹੀਂ ਹੈ।

ਬੇਨਤੀ ਹੈ ਕਿ ਆਪਣੇ ਨੇੜੇ-ਤੇੜੇ ਨਵੇਂ ਆਏ ਵਿਦਿਆਰਥੀ ਬੱਚਿਆਂ ਤੇ ਇੰਮੀਗਰਾਂਟਸ ਨੂੰ ਦੱਸਦੇ ਰਹੋ ਕਿ ਕਿਸੇ ਨਾਲ ਵੀ ਪ੍ਰਪਰਾਟੀ ਡੀਲ ਕਰਨ ਤੋਂ ਪਹਿਲਾ ਉਸ ਰਿਐਲਟਰ, ਜਾਂ ਕਿਸੇ ਵੀ ਹੋਰ ਦਾ ਰਿਕਾਰਡ ਜਰੂਰ ਫੋਲਾ-ਫਾਲੀ ਕਰ ਲਿਆ ਕਰੋ। ਹੁਣ ਤਾਂ ਸੋਸਲ ਮੀਡੀਏ ਦਾ ਜਮਾਨਾ ਹੈ। ਖਾਸ ਕਰਕੇ ਕਿ ਉਸ ਬੰਦੇ ਦੀ ਆਪਣੇ ਲੋਕਾਂ ਵਿਚ ਕੀ ਦਿੱਖ ਹੈ। ਬਾਕੀ ਸਰਕਾਰਾਂ ਤੇ ਹਰ ਅਦਾਰੇ ਦੇ ਨਿਯਮ ਵੀ ਸਮੇਂ-ਸਮੇਂ ਜਦੋਂ ਅਜਿਹੇ ਧੋਖੇ ਹੁੰਦੇ ਹਨ ਸਖਤ ਹੋ ਜਾਂਦੇ ਤੇ ਇਸ ਧੋਖੇ ਕਰਕੇ ਹੀ ਹੁਣ ਬੈਕ ਪਰੈਕਟੀਕਲ ਅਪਰੇਜਲ ਜਰੂਰ ਕਰਵਾਉਦੇ ਹਨ, ਕਰਜਾਂ ਲੈਣ ਦੇ ਕਾਨੂੰਨ ਸਖਤ ਹਨ, ਪਰ ਸੈਤਾਨ ਲੋਕ ਹੋਰ ਰਾਹ ਲੱਭ ਲੈਂਦੇ ਹਨ।


ਬੇਸ਼ੱਕ ਬੇਈਮਾਨੀ ਨਾਲ ਕਮਾਏ ਤੇ ਕਿਸੇ ਦੀਆਂ ਉਮਰ ਭਰ ਬਦ-ਦੁਆਵਾਂ ਲੈਣ ਨਾਲ ਬਣਾਈ ਜਾਇਦਾਦ ਜਿਵੇਂ ਆਉਂਦੀ ਹੈ ਪਹਿਲੀ ਨਹੀਂ ਤਾਂ ਦੂਸਰੀ ਪੀੜ੍ਹੀ, ਬਾਹਲਾ ਨਹੀਂ ਤਾਂ ਤੀਸਰੀ ਪੀੜ੍ਹੀ ਆਉਣ ਤੱਕ ਉਵੇਂ ਹੀ ਚਲੀ ਹੀ ਜਾਂਦੀ


**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੌਰਾਨ ਪੰਜਾਬ ਸਟੂਡੈਂਟਸ ਯੂਨੀਅਨ ਪੰਜਾਬ ਦੇ ਮੰਚ 'ਤੇ



**ਅਜਾਇਬ ਸਿੰਘ ਟਿਵਾਣਾ**




ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੁਰਾਨ ਪੰਜਾਬ ਸਟੂਡੈਂਟਸ ਯੂਨੀਅਨ ਪੰਜਾਬ ਦੇ ਮੰਚ ਤੇ ਆਈ। ਆਪਣੀ ਸਥਾਪਨਾ ਤੋਂ ਲੈਕੇ ਇਸ ਦਹਾਕੇ ਦੇ ਅੰਤ ਤੱਕ ਇਸ ਨੇ ਕਈ ਉਤਰਾਅ ਚੜ੍ਹਾਅ ਦੇਖੇ। ਮੁਢਲੇ ਰੂਪ 'ਚ ਚੰਡੀਗੜ੍ਹ ਤੋਂ ਇਸਨੇ ਆਪਣਾ ਸਫਰ ਸ਼ੁਰੂ ਕੀਤਾ। ਵਿਦਿਆਰਥੀ ਮੰਗਾਂ ਮਸਲਿਆਂ 'ਤੇ ਮੁੱਖ ਤੌਰ ਤੇ ਸਥਾਨਕ ਘੋਲ ਲੜਦਿਆਂ 1968 ਤੱਕ ਸਾਰੇ ਪੰਜਾਬ ਨੂੰ ਆਪਣੇ ਕਲਾਵੇ 'ਚ ਲੈ ਲਿਆ। ਇਹ ਸਾਲ ਇਸ ਦੇ ਪਹਿਲੇ ਦੌਰ ਦਾ ਸਿਖਰ ਸੀ। ਸਤੰਬਰ ਮਹੀਨੇ 'ਚ ਇਸ ਨੇ ਸਰਕਾਰੀ ਕਾਲਜਾਂ (ਲੁਧਿਆਣਾ ਅਤੇ ਬਠਿੰਡਾ) ਦੇ ਵਿਦਿਆਰਥੀ ਵਿਰੋਧੀ ਪ੍ਰਿੰਸੀਪਲਾਂ ਦੀ ਤਾਨਾਸ਼ਾਹੀ ਨੂੰ ਚੁਣੌਤੀ ਦੇਣ ਰਾਹੀਂ ਅਸਲ 'ਚ ਸਮੇਂ ਦੀ ਸਰਕਾਰ ਦੀਆਂ ਵੀ ਚੂਲਾਂ ਹਿਲਾਂ ਦਿੱਤੀਆਂ ਲਾਠੀਆਂ ਗੋਲੀਆਂ ਦੀ ਭਾਸ਼ਾਂ 'ਚ ਗੱਲ ਕਰਨ ਵਾਲੀ ਸਰਕਾਰ ਦੀ ਬੂਥ ਲਵਾ ਦਿੱਤੀ। ਲਗਭਗ ਤਿੰਨ ਮਹੀਨਿਆਂ ਦੀ ਜਾਨ ਹੂਲਵੀਂ ਜਦੋਜਹਿਦ ਲੜੀ ਗਈ। ਸੁਧਾਰ ਕਾਲਜ ਦਾ ਵਿਦਿਆਰਥੀ ਜਗਤਾਰ ਸਿੰਘ ਆਸੀ ਕਲਾਂ ਪੁਲਸੀ ਗੋਲੀਆਂ ਅੱਗੇ ਸੀਨਾ ਤਾਣ ਕੇ ਸ਼ਹਾਦਤ ਦਾ ਜਾਮ ਪੀ ਗਿਆ। ਉਹ ਪੰਜਾਬ ਸਟੂਡੈਂਟਸ ਯੂਨੀਅਨ ਦਾ ਪਹਿਲਾ ਸ਼ਹੀਦ ਅਖਵਾਇਆ। ਪ੍ਰੋ. ਹਰਭਜਨ ਸੋਹੀ ਦੇ ਗੀਤ ਦੀਆਂ ਇਹ ਸਤਰਾਂ ਇਨ੍ਹਾਂ ਹੀ ਇਤਹਾਸਕ ਪਲਾਂ ਦੀ ਸਚਾਈ ਨੂੰ ਬਿਆਨ ਕਰਦੀਆ ਹਨ:

**ਹਰ ਮਿੱਟੀ ਦੀ ਆਪਣੀ ਖਸਲਤ,**
**ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ**
**ਹਰ ਫੱਟੜ ਮੱਥਾ ਨਹੀਂ ਝੁਕਦਾ,**
**ਬੰਨ੍ਹ ਲਾਇਆਂ ਹਰ ਛੱਲ ਨਹੀਂ ਰੁਕਦੀ**
**ਹਰ ਗੂੰਗੇ ਫੱਟ ਨਾਹਰਾ ਫੁੱਟੂ,**
**ਹਰ ਨਾਹਰਾ ਲਲਕਾਰ ਬਣੇਗਾ**
**ਹਰ ਜਿਉਂਦਾ ਦਿਲ ਬਾਗੀ ਹੋਊ,**
**ਹਰ ਬਾਗੀ ਜਗਤਾਰ ਬਣੇਗਾ**

ਤਰਨਤਾਰਨ ਵਿਖੇ ਤਿੰਨ ਵਿਦਿਆਰਥੀ (ਅਜਾਇਬ ਸਿੰਘ, ਲਖਮੀਰ ਸਿੰਘ ਤੇ ਸੁਰਮੇਲ ਸਿੰਘ) ਪੁਲਸ ਦੀਆਂ ਗੋਲੀਆਂ ਨਾਲ ਬੁਰੀ ਤਰ੍ਹਾਂ ਜਖਮੀ ਹੋਏ। ਪੰਜਾਬ 'ਚ ਅਨੇਕਾਂ ਥਾਵਾਂ ਤੇ ਲਾਠੀਆਂ ਗੋਲੀਆਂ ਅਤੇ ਅੰਨ੍ਹੇ ਜਬਰ ਦਾ ਝੱਖੜ ਝੁਲਾਇਆ ਗਿਆ। ਜੁਝਾਰੂਆਂ ਦੇ ਸਿਦਕ ਦੀ ਪਰਖ ਹੋਈ। ਇਸ ਸਭ ਕਾਸੇ ਦੇ ਬਾਵਜੂਦ ਸੰਘਰਸ਼ ਦੇ ਰਸਤੇ ਤੇ ਸਾਬਤ ਕਦਮੀਂ ਨਾਲ ਅੱਗੇ ਵਧਦਿਆਂ ਸਮੇਂ ਦੇ ਜੁਝਾਰੂਆਂ ਨੇ ਸਰਕਾਰ ਨੂੰ ਗੋਡਿਆਂ ਪਰਨੇ ਕਰਦਿਆਂ ਇਨ੍ਹਾਂ ਅਧਿਕਾਰੀਆਂ ਦੇ ਤਾਜ ਮਿੱਟੀ ਵਿੱਚ ਰੋਲ ਦਿੱਤੇ ਤੇ ਉਨ੍ਹਾਂ ਨੂੰ ਦੋਵਾਂ ਸੰਸਥਾਵਾਂ 'ਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਇਸ ਘੋਲ ਨੇ ਸਥਾਪਤੀ ਨੂੰ ਚੁਣੌਤੀ ਤਾਂ ਦਿੱਤੀ ਹੀ ਦਿੱਤੀ ਨਾਲ ਹੀ 1947 ਦੀ ਸੱਤ੍ਹਾ ਬਦਲੀ ਰਾਹੀਂ ਸਥਾਪਤ ਹੋਈ ਅਖੌਤੀ ਜਮਹੂਰੀਅਤ ਦਾ ਬੁਰਕਾ ਵੀ ਲੀਰੋ ਲੀਰ ਕਰ ਦਿੱਤਾ।

ਭਗਤ ਸਿੰਘ ਦੇ ਵਿਚਾਰਾਂ ਅਤੇ ਉਸ ਦੇ ਰਾਜਨੀਤਕ ਨਾਅਰਿਆਂ ਨੂੰ ਬੁਲੰਦ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਨੇ ਆਪਣੇ ਘੋਸ਼ਣਾ ਪੱਤਰ ਅਤੇ ਲਿਖਤਾਂ ਰਾਹੀਂ ਇਹ ਗੱਲਾਂ ਜੋਰ ਸ਼ੋਰ ਨਾਲ ਰੱਖੀਆਂ ਕਿ ਦੇਸ਼ ਦੀ ਹੋਣੀ ਮੁੱਠ ਭਰ ਲੁਟੇਰਿਆਂ ਦੇ ਹੱਥਾਂ 'ਚ ਕੈਦ ਹੈ ਤੇ ਭਾਰਤ ਦੀ ਪਾਰਲੀਮੈਂਟ ਲੁੱਟ ਦਾ ਮਾਲ ਖਾ ਕੇ ਕਸਰਤ ਕਰਨ ਵਾਲਿਆਂ ਦਾ ਅਖਾੜਾ ਬਣੀ ਹੋਈ ਹੈ ਜਿੱਥੇ ਲੋਕ ਵਿਰੋਧੀ ਕਾਲੇ ਕਾਨੂੰਨਾਂ ਨੂੰ ਅਕਾਸ਼ ਗੁੰਜਾਊ ਤਾੜੀਆਂ ਨਾਲ ਪਾਸ ਕੀਤਾ ਜਾਂਦਾ ਹੈ। ਦੇਸ਼ ਦੇ ਸਮਾਜਿਕ ਢਾਂਚੇ 'ਚ ਬੁਨਿਅਦੀ ਤਬਦੀਲੀ ਲਿਆਂਦੇ ਬਿਨਾ ਵਿਦਿਅਕ ਢਾਂਚੇ 'ਚ ਤਬਦੀਲੀ ਸੰਭਵ ਨਹੀਂ।

1970 'ਚ ਨਕਸਲਬਾੜੀ ਲਹਿਰ 'ਚ ਆਏ ਮਾਅਰਕੇਬਾਜ ਝੁਕਾਅ ਦੇ ਪ੍ਰਭਾਵ ਹੇਠ ਵਕਤੀ ਤੌਰ 'ਤੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਬਹੁਗਿਣਤੀ ਆਗੂ ਟੀਮ ਇਸ ਵਹਿਣ ਵਿੱਚ ਵਹਿ ਗਈ। ਸਿੱਟੇ ਵਜੋਂ ਜਥੇਬੰਦੀ ਤੋੜ ਦਿੱਤੀ ਗਈ। 1971 'ਚ ਇਸ ਨੂੰ ਮੁੜ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਜਿਨ੍ਹਾਂ ਨੂੰ ਬਹੁਤ ਸੀਮਤ ਹੁੰਗਾਰਾ ਮਿਲਿਆ। ਅਕਤੂਬਰ 1972 'ਚ ਸ਼ੁਰੂ ਹੋਏ ਮੋਗਾ ਘੋਲ ਨੇ ਇੱਕ ਵਾਰ ਫੇਰ ਪੰਜਾਬ ਦੀ ਧਰਤੀ ਨੂੰ ਸੰਘਰਸ਼ ਦੇ ਅਖਾੜੇ 'ਚ ਤਬਦੀਲ ਕਰ ਦਿੱਤਾ।

**ਮੋਗੇ ਦੀ ਧਰਤ ਜਦੋਂ ਲਾਲੋ ਲਾਲ ਸੀ,**
**ਨਾਲ ਡੁੱਲੇ ਖੂਨ ਦੇ।**
**ਬਣ ਕੇ ਕਸਾਈ ਕਰਦੇ ਹਲਾਲ ਸੀ, ਰਾਖੇ ਜੋ ਕਾਨੂੰਨ ਦੇ।**
**ਭੁੰਨ ਦਿੱਤੇ ਮਾਵਾਂ ਦੇ ਜਵਾਨ ਪੁੱਤ ਜੀ,**
**ਦਿਨ ਦੇ ਦਿਹਾੜੇ 'ਚ।**
**ਸੱਚੀਉਂ ਹੀ ਸਾਰਾ ਸੀ ਪੰਜਾਬ ਵੱਟਿਆ,**
**ਜੰਗ ਦੇ ਅਖਾੜੇ 'ਚ।**
**(ਕ੍ਰਿਸ਼ਨ ਕੋਰਪਾਲ ਤੇ ਮੇਜਰ ਦੂਲੋਵਾਲ)**

ਲੋਕ ਵਿਦਿਆਰਥੀ ਏਕਤਾ ਦੇ ਠਾਠਾਂ ਮਾਰਦੇ ਸਮੁੰਦਰ ਨੂੰ ਬੰਨ੍ਹ ਮਾਰਨ ਲਈ ਪੰਜਾਬ ਭਰ 'ਚ ਸੰਘਰਸ਼ ਦੇ ਮੁੱਖ ਕੇਂਦਰਾਂ ਨੂੰ ਪੁਲਸ ਤੇ ਨੀਮ ਫੌਜੀ ਬਲਾਂ ਤੋਂ ਇਲਾਵਾ ਫੌਜ ਦੇ ਹਵਾਲੇ ਕਰ ਦਿੱਤਾ ਗਿਆ।

ਚੜਿੱਕ ਪਿੰਡ ਦੇ ਵਿਦਿਆਰਥੀ ਹਰਜੀਤ ਸਿੰਘ (ਜੋਗੀ) ਅਤੇ ਨੌਜਵਾਨ ਸਵਰਨ ਸਿੰਘ ਸਮੇਤ ਅੱਧੀ ਦਰਜਨ ਲੋਕਾਂ ਦੀਆਂ ਸ਼ਹਾਦਤਾਂ ਨੇ ਹਜ਼ਾਰਾਂ ਲੋਕਾਂ ਨੂੰ ਵਰ੍ਹਦੀਆਂ ਗੋਲੀਆਂ ਅੱਗੇ ਆਪਣੀਆਂ ਛਾਤੀਆਂ ਤਾਣਕੇ ਖੜ੍ਹਨ ਦੀ ਪ੍ਰੇਰਨਾ ਦਿੱਤੀ ਅਤੇ ਬਲ ਬਖਸ਼ਿਆ। ਸ਼ਹੀਦ ਹਰਜੀਤ ਸਿੰਘ ਦੇ ਪਿਤਾ ਸੂਬੇਦਾਰ ਜਗੀਰ ਸਿੰਘ ਨੂੰ ਜਦੋਂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨੇ ਨਕਦ ਮੁਆਵਜਾ ਦੇਣ ਦੀ ਪੇਸ਼ਕਸ਼ ਕੀਤੀ ਤਾਂ ਬੜੀ ਗੈਰਤ ਨਾਲ ਲੋਕਾਂ ਦੇ ਕਾਤਲ ਹਾਕਮਾਂ ਦੀ ਇਸ ਮਕਾਰੀ ਭਰੀ ਪੇਸ਼ਕਸ਼ ਨੂੰ ਲੱਤ ਮਾਰਦਿਆਂ ਉਸ ਨੇ ਐਲਾਨ ਕੀਤਾ ਕਿ ਜਾਲਮੋਂ ਮੈਂ ਆਪਣੇ ਪੁੱਤ ਦਾ ਮੁੱਲ ਨਹੀਂ ਲਵਾਂਗਾ। ਜਾਗਦੀ ਜਮੀਰ ਦੇ ਮਾਲਕ ਪਿਤਾ ਦਾ ਇਹ ਇੱਕ ਇਤਿਹਾਸਕ ਫੈਸਲਾ ਸੀ ਜਿਸ ਤੋਂ ਪ੍ਰੇਰਤ ਹੋ ਕੇ ਇਨਕਲਾਬੀ ਕਵੀ ਅਤੇ ਨਾਟਕਕਾਰ ਮਿੰਦਰਪਾਲ ਭੱਠਲ ਨੇ ਨਾਟਕ "ਪੁੱਤ ਦਾ ਮੁੱਲ" ਲਿਖਿਆ। ਪੰਜਾਬ ਦੀਆਂ ਵਿਦਿਅਕ ਸੰਸਥਾਵਾਂ, ਪਿੰਡਾਂ ਅਤੇ ਸ਼ਹਿਰਾਂ 'ਚ ਇਹ ਨਾਟਕ ਥਾਂ ਥਾਂ ਖੇਡਿਆ ਗਿਆ। ਨਾਟਕ ਦੇ ਇੱਕ ਬੇਹੱਦ ਭਾਵਕ ਦ੍ਰਿਸ਼ 'ਚ ਇੱਕ ਲੜਕੀ ਆਪਣੇ ਭਰਾ ਦੀ ਬੇਸਬਰੀ ਅਤੇ ਚਾਅ ਨਾਲ ਉਡੀਕ ਕਰ ਰਹੀ ਹੁੰਦੀ ਹੈ ਕਿ ਉਹ ਸ਼ਹਿਰੋਂ ਉਸ ਲਈ ਇੱਕ ਖੱਟੀ ਚੁੰਨੀ (ਪੀਲੇ ਰੰਗ ਦੀ) ਲੈ ਕੇ ਆਵੇਗਾ। ਪਰ ਇਸੇ ਸਮੇਂ ਖਬਰ ਆਉਂਦੀ ਹੈ ਕਿ ਮੋਗੇ 'ਚ ਪੁਲਸ ਵੱਲੋਂ ਚਲਾਈ ਗੋਲੀ 'ਚ ਉਸ ਲੜਕੀ ਦਾ ਵੀਰ ਸ਼ਹੀਦ ਹੋ ਗਿਆ ਹੈ। ਇਸ ਮੌਕੇ ਤੇ ਜਦੋਂ ਇਹ ਗੀਤ ਦੀਆਂ ਸਤਰਾਂ ਸੁਣਾਈ ਦਿੰਦੀਆਂ ਸਨ ਕਿ:

ਜੀਹਦਾ ਵੀਰਾ ਅੱਜ ਖੱਟੀ ਚੁੰਨੀ ਨਾ ਲਿਆਇਆ- ਉਹਨੂੰ ਕਿੰਨਾ ਕੁ ਐ ਤੀਆਂ ਦਾ ਨੀ ਚਾ....

ਤਾਂ ਕੋਈ ਵੀ ਅੱਖ ਨਮ ਹੋਏ ਬਿਨਾ ਨਾ ਰਹਿ ਸਕਦੀ ਸੀ।

ਇਸ ਘਟਨਾਂ ਤੇ ਅਨੇਕਾਂ ਗੀਤ ਲਿਖੇ ਅਤੇ ਗਾਏ ਗਏ। ਇਸ ਨੇ ਵਿਦਿਆਰਥੀਆਂ ਦੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ 'ਚ ਇੱਕ ਨਵੀਂ ਰੂਹ ਫੂਕ ਦਿੱਤੀ। ਬੜੀ ਜਲਦੀ ਇਹ ਮੁੜ ਪੈਰਾਂ ਸਿਰ ਹੋ ਗਈ। ਮੋਗਾ ਘੋਲ ਦੇ ਦੂਰਗਾਮੀ ਪਰਣਾਮ ਨਿਕਲੇ ।ਬਾਅਦ ਦੇ ਸਾਲਾਂ ਦੌਰਾਨ ਵੱਖ ਵੱਖ ਸਰਕਾਰਾਂ ਵੱਲੋਂ ਜਦੋਂ ਕਦੇ ਵੀ ਰੀਗਲ ਸਿਨੇਮੇ ਨੂੰ ਚਲਾਉਣ ਦੀ ਕੋਸ਼ਿਸ਼ਾ ਕੀਤੀਆਂ ਗਈਆਂ ਤਾਂ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੋੜਵੇ ਰੂਪ 'ਚ ਸ਼ਹੀਦਾਂ ਦੀ ਵਿਰਾਸਤ ਤੇ ਪਹਿਰਾ ਦਿੰਦਿਆਂ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਜਾਂਦੀ ਰਹੀ ਕਿ

**ਅਸੀਂ ਸ਼ਹੀਦਾਂ ਦੀ ਕਤਲਗਾਹ 'ਚ**
**ਝਾਂਜਰਾਂ ਦੀ ਛਣਕਾਰ ਨਹੀਂ ਪੈਣ ਦੇਵਾਂਗੇ।**

ਇਹ ਉਨ੍ਹਾਂ ਦੀ ਸ਼ਹੀਦਾਂ ਦੀ ਸੋਚ ਪ੍ਰਤੀ ਪ੍ਰਤੀਬੱਧਤਾ ਅਤੇ ਕੁਰਬਾਨੀ ਦੀ ਭਾਵਨਾ ਸੀ ਜਿਸ ਨੇ ਲਗਾਤਾਰ ਸ਼ਹੀਦ ਜੈਮਲ ਪੱਡੇ ਦੇ ਸ਼ਬਦਾਂ 'ਚ ਸੰਘਰਸ਼ ਦਾ ਬਿਗਲ ਵਜਾਈਂ ਰੱਖਿਆ:

**ਸਿਦਕ ਸਾਡੇ ਨੇ ਕਦੇ ਹਰਨਾ ਨਹੀਂ।**
**ਸੱਚ ਦੇ ਸੰਗਰਾਮ ਨੇ ਹਰਨਾ ਨਹੀਂ।**

ਸਮੇਂ ਦੇ ਹਾਕਮਾਂ ਨੂੰ ਰੀਗਲ ਸਿਨੇਮੇ ਨੂੰ ਸ਼ਹੀਦੀ ਯਾਦਗਾਰ ਬਣਾਉਣ ਦਾ ਐਲਾਨ ਕਰਨ ਲਈ ਮਜ਼ਬੂਰ ਕੀਤਾ ਅਤੇ ਅੱਜ ਤੱਕ ਇਸ ਨੂੰ ਚੱਲਣ ਨਹੀਂ ਦਿੱਤਾ। ਇਹ ਇੱਕ ਮਿਸਾਲੀ ਪ੍ਰਿਤ ਹੈ ਜਿਸ ਤੇ ਹਰ ਇਨਕਲਾਬੀ ਮਾਣ ਕਰਦਾ ਹੈ। ਇਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਸ਼ਾਨਦਾਰ ਇਤਿਹਾਸ ਦੇ ਸੂਹੇ ਪੰਨਿਆਂ 'ਚੋਂ ਇੱਕ ਹੈ ਜਿਸ ਤੇ ਹੱਕੀ ਸੰਘਰਸ਼ ਦੀ ਇਬਾਰਤ ਸ਼ਹੀਦਾਂ ਦੇ ਖ਼ੂਨ ਨਾਲ ਲਿਖੀ ਗਈ ਹੈ।

1974 ਦੇ ਅਖੀਰ 'ਚ ਵਿਦਿਆਰਥੀਆਂ ਲਈ ਰਿਆਇਤੀ ਬੱਸ ਪਾਸਾਂ ਲਈ ਸਫਲ ਘੋਲ ਲੜਿਆ ਗਿਆ। ਜੂਨ 1975 'ਚ ਲਾਗੂ ਹੋਈ ਐਮਰਜੈਂਸੀ ਦੇ ਕਾਲੇ ਦੌਰ ਦੁਰਾਨ ਬਾਕੀ ਸੰਘਰਸ਼ਸ਼ੀਲ ਲੋਕਾਂ ਦੀ ਤਰਾਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਤੇ ਵਰਕਰਾਂ ਤੇ ਤਸੀਹਾ ਕੇਂਦਰਾਂ 'ਚ ਬੇਤਹਾਸ਼ਾ ਜਬਰ ਢਾਹੁਣ ਤੋਂ ਬਾਅਦ ਮੀਸਾ, ਡੀ.ਆਈ.ਆਰ.ਅਤੇ ਹੋਰ ਅਨੇਕਾਂ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ।

**ਪਰ ਜੁਲਮ ਨਾਲ ਜੁੜੇ ਹੱਥ ਕਦੋਂ ਟਿਕਦੇ ਨੇ**
**ਦਾਅ ਲਗਦਾ ਹੈ ਜੇਲ੍ਹ ਦੀਆ ਕੰਧਾਂ ਤੇ**
**ਲਿਖਦੇ ਨੇ (ਮਿੰਦਰਪਾਲ ਭੱਠਲ)**

ਜੇਲ੍ਹਾਂ ਦੇ ਅੰਦਰ ਵੀ ਕਾਂਗਰਸੀ ਸਰਕਾਰ ਜਫਰਨਾਮਿਆਂ ਦੇ ਲੇਖਕਾਂ ਦੀ ਜੁਬਾਨ ਬੰਦ ਨਾ ਕਰ ਸਕੀ। ਬਗਾਵਤ ਦੀਆਂ ਸੁਰਾਂ ਅਤੇ ਸੰਗਰਾਮੀ ਬੋਲ ਜੇਲਾਂ ਦੀਆਂ ਕੰਧਾਂ ਤੋਂ ਪਾਰ ਸੁਣਾਈ ਦਿੰਦੇ ਰਹੇ। ਆਖਰ 1977 'ਚ ਸਭਨਾਂ ਨੂੰ ਰਿਹਾ ਕਰਨਾ ਪਿਆ।

1977 'ਚ ਹੋਈਆਂ ਪਾਰਲੀਮੈਂਟ ਦੀਆਂ ਚੋਣਾਂ ਤੋਂ ਬਾਅਦ ਕਾਂਗਰਸ ਦੀ ਥਾਂ ਜਨਤਾ ਪਾਰਟੀ ਨੇ ਲੈ ਲਈ ।ਨਵੇਂ ਸਿਆਸੀ ਹਲਾਤਾਂ 'ਚ ਚਲਦੇ ਚਲਦੇ ਜੂਨ 1978 ਤੱਕ ਪੰਜਾਬ ਸਟੂਡੈਂਟਸ ਯੂਨੀਅਨ ਤਿੰਨ ਧਿਰਾਂ 'ਚ ਵੰਡੀ ਗਈ ਜਿਸ ਦੀ ਸ਼ੁਰੂਆਤ 1975 ਦੇ ਆਰੰਭ 'ਚ ਇਸ ਦੇ ਦੋ ਹਿੱਸਿਆਂ 'ਚ ਵੰਡੇ ਜਾਣ ਨਾਲ ਹੋ ਗਈ ਸੀ।ਇਸ ਸੰਕਟ ਦੇ ਬਾਵਜੂਦ ਪੰਜਾਬ ਦੇ ਵਿਦਿਆਰਥੀਆਂ ਦਾ ਵੱਡਾ ਹਿੱਸਾ ਇਨ੍ਹਾਂ ਵੱਖ ਵੱਖ ਧਿਰਾਂ ਦੀ ਅਗਵਾਈ 'ਚ ਪੰਜਾਬ ਸਟੂਡੈਂਟਸ ਯੂਨੀਅਨ ਜਿੰਦਾਬਾਦ ਦਾ ਨਾਅਰਾ ਹੀ ਬੁਲੰਦ ਕਰਦਾ ਰਿਹਾ।

ਸਿੱਧੇ ਸਰਕਾਰੀ ਜਬਰ ਤੋਂ ਇਲਾਵਾ ਵੱਖ ਵੱਖ ਸਰਕਾਰਾਂ ਨੇ ਵਿਦਿਅਕ ਸੰਸਥਾਵਾਂ ਅੰਦਰ ਗੁੰਡਾਗਰਦੀ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਤੇ ਵਾਰ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਇੱਕ ਹਥਿਆਰ ਦੇ ਤੌਰ ਤੇ ਵਰਤਣਾ ਸ਼ੁਰੂ ਕਰ ਦਿੱਤਾ ਸੀ। ਅਨੇਕਾਂ ਥਾਵਾਂ ਤੇ ਪੀ.ਐਸ.ਯੂ. ਦੇ ਆਗੂਆਂ ਨੂੰ ਸਰਕਾਰੀ ਸ਼ਹਿ ਨਾਲ ਹੁਕਮਰਾਨਾਂ ਦੇ ਪਾਲਤੂ ਗੁੰਡਿਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ। ਇਸੇ ਲੜੀ ਵਜੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਪ੍ਰਸਤੀ ਪ੍ਰਾਪਤ ਬੇਅੰਤ ਗੁੰਡਾ ਢਾਣੀ ਵੱਲੋਂ 18 ਜੁਲਾਈ 1979 ਨੂੰ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਨੂੰ ਅਗਵਾ ਕਰਨ ਤੋਂ ਬਾਅਦ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ। ਘਟਨਾ ਦੀ ਖ਼ਬਰ ਸੁਣਦਿਆਂ ਹੀ ਕਾਲਜ ਬੰਦ ਹੋਣ ਦੇ ਬਾਵਜੂਦ ਪੰਜਾਬ ਦੇ ਹਜ਼ਾਰਾਂ ਵਿਦਿਆਰਥੀ ਸੜਕਾਂ ਤੇ ਨਿਕਲ ਤੁਰੇ। ਥਾਂ-ਥਾਂ ਤੇ ਰੋਸ ਪ੍ਰਦਰਸ਼ਨ ਹੋਏ। ਇਨਸਾਫ ਪਸੰਦ ਲੋਕਾਂ ਅਤੇ ਜਥੇਬੰਦੀਆ ਦੇ ਕਾਫਲੇ ਵਿਦਿਆਰਥੀਆਂ ਸੰਗ ਸੰਘਰਸ਼ ਦੇ ਮੈਦਾਨ 'ਚ ਆ ਨਿੱਤਰੇ।ਹਰ ਪਾਸਿਉਂ ਆਵਾਜ਼ਾਂ ਆ ਰਹੀਆਂ ਸਨ:

**ਜਾਲਮ ਰਾਜ ਦੇ ਖ਼ੂਨੀ ਕੁੱਤੇ,**
**ਬਚ ਕੇ ਜਾਣ ਨੀ ਦੇਣੇ ਸੁੱਕੇ**
**ਪ੍ਰਿਥੀ ਖੋਹ ਕੇ ਲਾ ਲਿਆ ਜੋਰ,**
**ਪ੍ਰਿਥੀ ਦੇ ਵਾਰਿਸ ਲੱਖਾਂ ਹੋਰ**

ਇਨ੍ਹਾਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਕ੍ਰਿਸ਼ਨ ਕੋਰਪਾਲ ਅਤੇ ਮੇਜਰ ਦੂਲੋਵਾਲ ਵੱਲੋਂ ਲਿਖੀ "ਸ਼ਹੀਦ ਪ੍ਰਿਥੀਪਾਲ ਰੰਧਾਵਾ ਦੀ ਬੀਰ ਗਾਥਾ" ਦੀਆਂ ਆਖਰੀ ਸੱਤਰਾਂ ਹਨ:

**ਕਸਮ ਜੁਆਨੀਆਂ ਦੀ, ਤੇਰੀ ਸੋਚ ਤੇ,**
**ਪਹਿਰਾ ਦਿੰਦੇ ਰਹਾਂਗੇ ਸ਼ਹੀਦਾ ਠੋਕ ਕੇ ।**
**ਤੇਰੀ ਪਾਈ ਬਾਤ ਦਾ ਹੁੰਗਾਰਾ ਭਰਾਂਗੇ, ਕਾਜ਼ ਜੋ ਅਧੂਰਾ ਤੇਰਾ ਪੂਰਾ ਕਰਾਂਗੇ।**

ਪੰਜਾਬ ਦੇ ਕੋਨੇ ਕੋਨੇ 'ਚ ਸੰਘਰਸ਼ ਦੀਆਂ ਲਾਟਾਂ ਉੱਠ ਰਹੀਆਂ ਸਨ। ਅਕਾਲੀ ਹਾਕਮ ਕਾਤਲਾਂ ਦੀ ਪੁਸ਼ਤ ਪਨਾਹੀ 'ਚ ਲੱਗੇ ਹੋਏ ਸਨ। ਪੁਲਸ ਅਧਿਕਾਰੀ ਲਗਾਤਾਰ ਕਾਤਲਾਂ ਨੂੰ ਗ੍ਰਿਫਤਾਰ ਕਰਨ ਤੋਂ ਕਿਨਾਰਾ ਕਰ ਰਹੇ ਸਨ। ਉਲਟਾ ਹੱਕ ਮੰਗਦੇ ਲੋਕਾਂ ਤੇ ਜਬਰ ਤਸ਼ੱਦਦ ਦਾ ਕਹਿਰ ਵਰਤਾਅ ਰਹੇ ਸਨ। ਪਿੰਡਾਂ ਦੀਆਂ ਸੱਥਾਂ 'ਚ ਬੱਚਿਆਂ ਬੁਢਿਆਂ ਔਰਤਾਂ ਤੇ ਕੁਟਾਪਾ ਚਾੜ੍ਹਿਆ ਜਾ ਰਿਹਾ ਸੀ, ਝੂਠੇ ਕੇਸ ਬਣਾਕੇ ਜੇਲਾਂ 'ਚ ਸੁੱਟਿਆ ਜਾ ਰਿਹਾ ਸੀ। ਪਰ ਸੰਘਰਸ਼ ਦੀਆਂ ਲਾਟਾਂ ਹੋਰ ਉੱਚੀਆਂ ਹੋ ਰਹੀਆਂ ਸਨ। ਪੰਜਾਬ ਦੀ ਧਰਤੀ ਤੋਂ ਥਾਂ ਥਾਂ ਤੋਂ ਇਹ ਆਵਾਜ਼ ਸੁਣਾਈ ਦੇ ਰਹੀ ਸੀ:

**ਸੱਥ ਵਿੱਚ ਕੁੱਟੀਆਂ ਮਾਵਾਂ ਭੈਣਾ,**
**ਬੁੱਚੜੋ ਕਰਜ ਚੁਕਾਉਣਾ ਪੈਣਾ**

ਇਸ ਸ਼ਾਨਾਮੱਤੇ ਸੰਘਰਸ਼ ਦੇ ਦਬਾਅ ਸਦਕਾ ਆਖਰਕਾਰ ਪੁਲਸ ਨੂੰ ਕਾਤਲਾਂ ਨੂੰ ਗ੍ਰਿਫਤਾਰ ਕਰਕੇ ਸੀਖਾਂ ਪਿੱਛੇ ਬੰਦ ਕਰਨ ਲਈ ਮਜਬੂਰ ਹੋਣਾ ਪਿਆ। ਸੈਸ਼ਨ ਕੋਰਟ ਵੱਲੋਂ ਉਨ੍ਹਾਂ ਵਿੱਚੋਂ ਇੱਕ ਨੂੰ ਛੱਡ ਕੇ ਬਾਕੀਆਂ ਨੂੰ ਉਮਰ ਕੈਦ ਦੀ ਸਜਾ ਦਿੱਤੀ ਗਈ। (ਭਾਵੇਂ ਬਾਅਦ 'ਚ ਸੰਘਰਸ਼ ਸਮਾਪਤ ਹੋਣ ਤੋਂ ਬਾਅਦ 1983 'ਚ ਉੱਚ ਅਦਾਲਤ ਵੱਲੋਂ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਸੀ।)

1980-81 'ਚ ਫਿਰ ਬੱਸ ਕਿਰਾਇਆਂ 'ਚ ਕੀਤੇ 43% ਵਾਧੇ ਖਿਲਾਫ ਘੋਲ ਲੜਿਆ ਗਿਆ। 9 ਜਥੇਬੰਦੀਆਂ ਤੇ ਅਧਾਰਿਤ ਬਣੀ ਸਾਂਝੀ ਐਕਸ਼ਨ ਕਮੇਟੀ ਦੀ ਅਗਵਾਈ 'ਚ ਲਗਭਗ 3 ਮਹੀਨੇ ਲੰਬਾ ਘੋਲ ਚੱਲਿਆ ਜਿਸ 'ਚ ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਦੀਆਂ ਤਿੰਨੇ ਜਥੇਬੰਦੀਆਂ ਵੱਲੋਂ ਸਰਗਰਮ ਰੋਲ ਅਦਾ ਕੀਤਾ ਗਿਆ। ਕਾਂਗਰਸ ਸਰਕਾਰ ਵੱਲੋਂ ਆਪਣੀ ਖ਼ੂਨੀ ਖਸਲਤ ਅਨੁਸਾਰ ਇਸ ਘੋਲ ਨੂੰ ਕੁਚਲਣ ਵੀ ਲਾਠੀ ਗੋਲੀ ਦੀ ਬੇਦਰੇਗ ਵਰਤੋਂ ਕੀਤੀ ਗਈ। ਝਬਾਲ, ਗੜ੍ਹਦੀਵਾਲ, ਦਸੂਹਾ, ਗਿੱਲਪਤੀ, ਛਾਜਲੀ, ਰੱਲਾ ਆਦਿ ਅਨੇਕਾਂ ਥਾਵਾਂ ਤੇ ਪੁਲਸ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ। ਸਿੱਟੇ ਵਜੋਂ ਝਬਾਲ ਵਿਖੇ ਨੌਜਵਾਨ ਸੱਤਪਾਲ ਅਤੇ ਰੱਲੇ ਵਿਖੇ ਨੌਜਵਾਨ ਭਾਰਤ ਸਭਾ (ਹਰਦੇਵ ਕੁੱਬੇ) ਦੇ ਵਰਕਰ ਨੌਜਵਾਨ ਲਾਭ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਰੱਲੇ ਤੋਂ ਹੀ ਸੁਰਜਨ ਜੋਗਾ ਨੂੰ ਜ਼ਖ਼ਮੀ ਹਾਲਤ 'ਚ ਜੀਪ 'ਚ ਸੁੱਟ ਕੇ ਲੈ ਗਏ। ਕਮੀਨੇ ਪੁਲਸ ਅਧਿਕਾਰੀਆਂ ਨੇ ਸ਼ਹੀਦ ਲਾਭ ਸਿੰਘ ਦੀ ਲਾਸ਼ ਤੱਕ ਨੂੰ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕੀਤੀ। ਪਰ ਜਿਨ੍ਹਾਂ ਪੰਜਾਬ ਦੇ ਜਾਇਆਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਦਾ ਇਤਹਾਸ ਪੜ੍ਹਿਆ ਹੋਵੇ ਉਹ ਇਹ ਕਿਸਤਰਾਂ ਬਰਦਾਸ਼ਤ ਕਰ ਸਕਦੇ ਸਨ। ਸ਼ਹੀਦ ਦੇ ਵਾਰਸਾਂ ਨੇ ਆਪਣੀਆਂ ਜਾਨਾਂ ਤਲੀ ਤੇ ਧਰਕੇ ਬੁਚੜਾਂ ਦੇ ਪੰਜਿਆਂ 'ਚੋਂ ਸ਼ਹੀਦ ਸਾਥੀਲਾਭ ਸਿੰਘ ਦੀ ਅਧ-ਜਲੀ ਲਾਸ਼ ਖੋਹ ਕੇ ਮਾਨਸਾ ਲਿਆਂਦੀ। ਮੌਤ ਦੀਆਂ ਅੱਖਾਂ 'ਚ ਅੱਖਾਂ ਪਾਕੇ ਪੂਰੇ ਮਾਨ ਸਨਮਾਨ ਨਾਲ ਸ਼ਹੀਦ ਸਾਥੀ ਦੀ ਦੇਹ ਦਾ ਸਸਕਾਰ ਕੀਤਾ। ਬੁੱਚੜ ਪੁਲਸ ਅਧਿਕਾਰੀਆਂ ਦੀਆਂ ਕੋਝੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਗਈਆਂ। ਇਸ ਮੌਕੇ ਤੇ ਆਪਣੇ ਸਿਰਾਂ ਤੇ ਕੱਫਣ ਬੰਨ੍ਹ ਕੇ ਆਏ ਜਾਂਬਾਜਾਂ ਨੂੰ ਹੱਥ ਪਾਉਣ ਦੀ ਉਨ੍ਹਾਂ ਦੀ ਹਿੰਮਤ ਨਾ ਪਈ। ਇਸ ਘਟਨਾਕ੍ਰਮ ਨੂੰ ਅਮੋਲਕ ਦੀ ਕਲਮ ਨੇ ਕੁਝ ਇਸਤਰਾਂ ਦਰਜ ਕੀਤਾ ਹੈ:

**ਨੌਵੇਂ ਪਾਤਸ਼ਾਹ ਦਾ ਲੋਕੋ ਸੀਸ ਕੱਟਕੇ,**
**ਵੈਰੀ ਰੱਜਕੇ ਜਾਮ ਸੀ ਪੀਤਾ।**
**ਰੰਗਰੇਟੇ ਸਿੰਘ ਸੀਸ ਖੋਹ ਕੇ ਵੈਰੀ ਤੋਂ ,**
**ਸਾਡੀ ਗੈਰਤ ਨੂੰ ਉੱਚਿਆਂ ਕੀਤਾ।**
**ਲਾਸ਼ ਖੋਹੀ ਜਾਕੇ ਅੱਧ ਝੁਲਸੀ,**
**ਛੱਡ ਨੱਸ ਗਏ ਸੀ ਵੈਰੀ ਹਤਿਆਰੇ।**
**ਰੱਲੇ ਦੀਏ ਮਿੱਟੀਏ ਨੀ ਲਹੂ ਰੱਤੀਏ,**
**ਤੈਨੂੰ ਕਹਿਣਗੇ ਸਲਾਮਾਂ ਸਾਰੇ।**

ਪੰਜਾਬ ਦੇ ਵਿਦਿਆਰਥੀਆਂ ਦੀਆ ਮੰਗਾਂ ਅਤੇ ਹੋਰ ਜਮਹੂਰੀ ਮਸਲਿਆਂ ਤੋਂ ਇਲਾਵਾ ਕੌਮਾਂਤਰੀ ਸਰੋਕਾਰਾਂ ਨਾਲ ਵੀ ਪੰਜਾਬ ਸਟੂਡੈਂਟਸ ਯੂਨੀਅਨ ਨੇੜਿਉਂ ਜੁੜੀ ਰਹੀ। ਭਾਵੇਂ ਅਮਰੀਕੀ ਸਾਮਰਾਜੀਆਂ ਵੱਲੋਂ ਦਹਾਕਿਆਂ ਵੱਧੀ ਵੀਅਤਨਾਮ ਦੀ ਧਰਤੀ ਤੇ ਬੰਬ ਵਰਸਾਏ ਗਏ ਹੋਣ, ਬੰਗਲਾ ਦੇਸ਼ ਦੇ ਵਿਦਿਆਰਥੀਆਂ ਤੇ ਹੋਏ ਜਬਰ ਦੀ ਕਹਾਣੀ ਹੋਵੇ ਜਾਂ ਰੂਸੀ ਧਾੜਵੀਆਂ ਵੱਲੋਂ ਅਫਗਾਨਿਸਤਾਨ ਵਿੱਚ ਘੁਸਪੈਂਠ ਹੋਵੇ ਅਤੇ ਕੰਪੂਚੀਆ ਉੱਪਰ ਵੀਅਤਨਾਮੀ ਹਮਲਾ ਹੋਵੇ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਹਰ ਕੌਮਾਂਤਰੀ ਘਟਨਾਕ੍ਰਮ ਤੇ ਆਪਣਾ ਪ੍ਰਤੀਕਰਮ ਦਿੰਦਿਆਂ ਦੁਨੀਆਂ ਭਰ ਦੇ ਲੋਕਾਂ ਦੇ ਹੱਕੀ ਸੰਘਰਸ਼ਾਂ ਦੀ ਹਮਾਇਤ ਵਿੱਚ ਆਵਾਜ਼ ਉਠਾਈ ਜਾਂਦੀ ਰਹੀ ਹੈ। ਲੁਟੇਰੇ ਸਾਮਰਾਜੀਆਂ ਦੀਆਂ ਜੰਗਬਾਜ ਚਾਲਾਂ ਦਾ ਪਰਦਾਫਾਸ਼ ਕੀਤਾ ਜਾਂਦਾ ਰਿਹਾ ਹੈ।

ਇਹ ਸੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਗੌਰਵਮਈ ਇਤਿਹਾਸ ਦੇ ਪੰਨਿਆਂ ਦੀਆਂ ਕੁੱਝ ਝਲਕਾਂ ਜੋ 1987 ਤੋਂ ਲੈ ਕੇ 2015 ਤੱਕ ਮੇਰੇ ਮਨ 'ਚ ਵਾਰ ਵਾਰ ਚੋਟ ਕਰਦੀਆਂ ਰਹੀਆਂ। ਮੈਂ ਆਰਥਿਕ ਤੰਗੀਆ ਤਰੁੱਸ਼ੀਆਂ ਦਾ ਸਾਹਮਣਾ ਕਰ ਰਹੇ ਕਿਸਾਨ ਪਰਿਵਾਰ 'ਚ ਪੈਦਾ ਹੋਇਆ ਸੀ। 1976 'ਚ ਦਸਵੀਂ ਪਾਸ ਕਰਨ ਤੋਂ ਬਾਅਦ ਅਗਲੇਰੀ ਪੜ੍ਹਾਈ

ਲਈ ਇੱਕ ਸਾਲ ਲਈ ਨਾਨਕੇ ਘਰ ਰਹਿਣ ਲਈ ਜਾਣਾ ਪਿਆ। ਇਸ ਸਮੇਂ ਦੁਰਾਨ ਕੁਝ ਚਾਨਣ ਦੇ ਖੋਜੀਆਂ ਨਾਲ ਵਾਹ ਪਿਆ। ਜਲਦੀ ਹੀ ਪਰਿਵਾਰਕ ਹਾਲਾਤਾਂ ਨੂੰ ਇੱਕ ਮੂਲੋਂ ਹੀ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣਾ ਸ਼ੁਰੂ ਕੀਤਾ।

1977 ਦੇ ਆਰੰਭ ਵਿੱਚ ਐਮਰਜੈਂਸੀ ਦੇ ਖਾਤਮੇ ਤੋਂ ਬਾਅਦ ਪੰਜਾਬ ਸਟੂਡੈਂਟਸ ਯੂਨੀਅਨ 'ਚ ਸਰਗਰਮ ਹੋ ਗਿਆ ਤੇ ਕੁਲਵਕਤੀ ਕਾਰਕੁਨ ਬਣ ਗਿਆ।1986 ਦੇ ਅੰਤ ਤੱਕ ਵਿਦਿਆਰਥੀ ਲਹਿਰ 'ਚ ਸਰਗਰਮ ਰਿਹਾ। ਸਮੇਂ ਸਮੇਂ ਤੇ ਕੁਝ ਪੁਲਸ ਕੋਤਵਾਲੀਆਂ ਤਲਵੰਡੀ ਸਾਬੋ,ਰਾਮਾ ਮੰਡੀ 'ਚ ਹਾਜ਼ਰੀ ਲਵਾਉਣ ਤੋਂ ਇਲਾਵਾ 27ਮਈ 1985 'ਚ ਕੇਂਦਰੀ ਜੇਲ੍ਹ ਹਿਸਾਰ ਤੋਂ ਆਪਣੀ ਜੇਲ੍ਹ ਯਾਤਰਾ ਸ਼ੁਰੂ ਕੀਤੀ ਸੀ ਜੋ ਸਰਾਭਾ ਨਗਰ ਪੁਲਸ ਥਾਣੇ ਰਾਹੀਂ ਹੁੰਦੀ ਹੋਈ 28 ਮਈ 1986 ਨੂੰ ਡਾਇਰੈਕਟਰ ਕਤਲ ਕੇਸ 'ਚੋਂ ਬਰੀ ਹੋਣ ਨਾਲ ਕੇਂਦਰੀ ਜੇਲ੍ਹ ਲੁਧਿਆਣਾ 'ਚ ਸਮਾਪਤ ਹੋਈ। ਮੈਂ ਆਪਣੀ ਜਿੰਦਗੀ ਦੇ ਇਨ੍ਹਾਂ 10 ਸਾਲਾਂ ਨੂੰ ਆਪਣੇ ਜੀਵਨ ਦਾ ਸਭ ਤੋਂ ਸ਼ਾਨਦਾਰ ਅਤੇ ਅਰਥਭਰਪੂਰ ਸਮਾਂ ਸਮਝਦਾ ਹਾਂ ਜਿਨ੍ਹਾਂ ਦੀ ਗੂਹੜੀ ਛਾਪ ਮੈਂ ਅੱਜ ਤੱਕ ਆਪਣੇ ਜੀਵਨ ਤੇ ਮਹਿਸੂਸ ਕਰਦਾ ਆਇਆਂ ਹਾਂ। ਇਹੀ ਵਜ੍ਹਾ ਕਿ ਆਪਣੇ ਅਧਿਆਪਨ ਦੇ ਸਮੁੱਚੇ ਸਫਰ ਦੁਰਾਨ ਮੈਨੂੰ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ 'ਚ ਇੱਕ ਖਾਸ ਕਿਸਮ ਦੀ ਤਸੱਲੀ ਮਿਲਦੀ ਰਹੀ ਹੈ। ਇਹ ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਸਰਗਰਮੀਆਂ ਦੁਰਾਨ ਅਮਲ 'ਚ ਹਾਸਲ ਕੀਤਾ ਤਜਰਬਾ ਅਤੇ ਜਿੰਦਗੀ ਦਾ ਨਜ਼ਰੀਆ ਹੀ ਸੀ ਜਿਸਨੇ ਕਹਿੰਦੇ ਕਹਾਉਂਦੇ ਵਿਦਿਅਕ ਅਧਿਕਾਰੀਆਂ ਅਤੇ ਹੋਰ ਨੌਕਰਸ਼ਾਹਾਂ ਨਾਲ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰਨ ਦੀ ਹਿੰਮਤ ਦਿੱਤੀ ਸੀ।

ਇਸ ਸਾਰੇ ਸਮੇਂ ਦੌਰਾਨ ਮੇਰੇ ਮਨ 'ਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਅਣਗੌਲੇ ਵਰਕਿਆਂ ਨੂੰ ਫਰੋਲਕੇ ਇਸ ਦੇ ਸ਼ਾਨਾਮੱਤੇ ਇਤਿਹਾਸ ਨੂੰ ਕਲਮਬੱਧ ਕਰਨ ਦੀ ਲੋੜ ਦਾ ਅਹਿਸਾਸ ਰਿਹਾ। ਦਿਲ ਵਿੱਚ ਵਾਰ ਵਾਰ ਇਸ ਸਮੇਂ ਨੂੰ ਲਿਖਤੀ ਰੂਪ 'ਚ ਸਾਂਭਣ ਦੀ ਤਮੰਨਾ ਉਠਦੀ ਸੀ ਇਸ ਬਾਰੇ ਕਈ ਕਿਤਾਬਾਂ ਪਹਿਲਾਂ ਆ ਚੁੱਕੀਆਂ ਹਨ। ਕਈ ਸੰਘਰਸ਼ਸ਼ੀਲ ਸਾਥੀ ਵਿਦਿਆਰਥੀ ਲਹਿਰ ,ਖ਼ਾਸ ਕਰਕੇ ਪੰਜਾਬ ਸਟੂਡੈਂਟਸ ਯੂਨੀਅਨ, ਨਾਲ ਸੰਬੰਧਿਤ ਆਪਣੇ ਅਨੁਭਵ ਪੁਸਤਕਾਂ ਦੇ ਰੂਪ 'ਚ ਛਪਵਾ ਚੁੱਕੇ ਸਨ। ਜਿਨ੍ਹਾਂ 'ਚ 'ਵਿਦਿਆਰਥੀ ਲਹਿਰ ਦਾ ਸੁਰਖ ਇਤਿਹਾਸ ਅਤੇ ਮੇਰੀ ਹੱਡਬੀਤੀ'-1997 (ਬਿੱਕਰ ਸਿੰਘ ਕੰਮੇਆਣਾ), 'ਜਿੰਦਗੀ ਦੇ ਰਾਹਾਂ ਤੇ' 2015(ਰਣਜੀਤ ਲਹਿਰਾ), 'ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ' 2018 (ਦਰਸ਼ਨ ਖਹਿਰਾ), 'ਪੰਜਾਬ ਸਟੂਡੈਂਟਸ ਯੂਨੀਅਨ ਦੇ ਅੰਗ ਸੰਗ' 2019 (ਸੁਖਦੇਵ ਸਿੰਘ ਪਾਂਧੀ), 'ਅਧੂਰਾ ਪੰਨਾ' 2021 (ਸੁਰਜੀਤ ਸਿੰਘ ਸੰਧੂ) ਪੜ੍ਹਨ ਨੂੰ ਮਿਲੀਆਂ। ਇਨ੍ਹਾਂ ਤੋਂ ਇਲਾਵਾ ਨੰਦ ਸਿੰਘ ਮਹਿਤਾ ਵੱਲੋਂ ਪੰਜਾਬ ਦੀ ਵਿਦਿਆਰਥੀ ਲਹਿਰ ਤੇ ਅਧਾਰਿਤ ਲਿਖਿਆ ਇੱਕ ਨਾਵਲ 'ਰੋਹਲੀ ਗਰਜ' (2015) ਅਤੇ ਅਮਰ ਆਫ਼ਤਾਬ ਵੱਲੋਂ ਲਿਖਿਆ ਨਾਵਲ 'ਚਾਨਣ ਦੀ ਲੀਕ' (2000) ਵਰਨਣਯੋਗ ਹਨ। 13 ਸਤੰਬਰ 2015 ਨੂੰ ਰੈਡੀਕਲ ਪੀਪਲਜ਼ ਫੋਰਮ ਵੱਲੋਂ ਅਯੋਜਿਤ ਰਣਜੀਤ ਸਿੰਘ ਲਹਿਰਾ ਦੀ ਪੁਸਤਕ ਜ਼ਿੰਦਗੀ ਦੇ ਰਾਹਾਂ ਤੇ ਵਿਚਾਰ ਚਰਚਾ ਸਮੇਂ ਉਸ ਸਮੇਂ ਮੇਰੀ ਉਪਰੋਕਤ ਇੱਛਾ ਨੂੰ ਹੋਰ ਬਲ ਮਿਲਿਆ ਜਦੋਂ ਸੁਖਦਰਸ਼ਨ ਨੱਤ ਨੇ ਮੇਰੇ ਤੋਂ ਇਸ ਦਿਸ਼ਾ 'ਚ ਲਿਖਣ ਦੀ ਆਸ ਪ੍ਰਗਟ ਕੀਤੀ। ਹੁੰਗਾਰੇ ਵਜੋਂ ਉਸ ਇਕੱਤਰਤਾ 'ਚ ਮੈਂ ਲਿਖਣ ਦਾ ਵਾਅਦਾ ਵੀ ਕੀਤਾ। ਇਸੇ ਸਮੇਂ ਇੱਕ ਹੋਰ ਮਹੱਤਵਪੂਰਨ ਗੱਲ ਇਹ ਹੋਈ ਕਿ ਉੱਥੇ ਹਾਜ਼ਰ ਮੇਰੇ ਵਿਦਿਆਰਥੀ ਲਹਿਰ 'ਚ ਕੰਮ ਕਰਨ ਸਮੇਂ ਦੇ ਸਾਥੀ ਮਨਜੀਤ ਮਾਨ ਮੰਡੀ ਕਲਾਂ ਨੇ ਐਲਾਨ ਕਰ ਦਿੱਤਾ ਕਿ ਉਸ ਪਾਸ ਪੀ.ਐਸ.ਯੂ.ਅਤੇ ਇਨਕਲਾਬੀ ਲਹਿਰ ਨਾਲ ਸੰਬੰਧਿਤ ਕਾਫੀ ਪੁਰਾਣਾ ਰਿਕਾਰਡ ਪਿਆ ਹੈ ਜਿਸ ਕਿਸੇ ਨੂੰ ਵੀ ਜ਼ਰੂਰਤ ਹੈ ਉਹ ਉਸ ਕੋਲੋਂ ਲੈ ਸਕਦਾ ਹੈ। ਬਾਅਦ ਵਿੱਚ ਉਸ ਨੇ ਮੇਰੇ ਵੱਲੋਂ ਮੰਗ ਕਰਨ ਤੇ ਖਿੜੇ ਮੱਥੇ ਸਾਰੇ ਦਾ ਸਾਰਾ ਮੈਨੂੰ ਦੇ ਦਿੱਤਾ।

ਉਸ ਤੋਂ ਬਾਅਦ ਮੈਂ ਪੀ.ਐਸ.ਯੂ. ਨਾਲ ਸੰਬੰਧਿਤ ਰਿਕਾਰਡ ਇਕੱਠਾ ਕਰਨ ਵਿੱਚ ਜੁਟ ਗਿਆ। ਮੈਂ ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਸਾਰੀਆਂ ਧਿਰਾਂ ਅਤੇ ਵਿਅਕਤੀਆਂ ਤੱਕ ਪਹੁੰਚ ਕੀਤੀ। ਸਭ ਨੇ ਭਰਪੂਰ ਹੁੰਗਾਰਾ ਦਿੱਤਾ ਅਤੇ ਇਸ ਕੰਮ 'ਚ ਮਦਦ ਦਾ ਭਰੋਸਾ ਦਵਾਇਆ ਜਿਨ੍ਹਾਂ ਦਾ ਮੈਂ ਪੁਸਤਕ ਦੇ ਆਰੰਭ 'ਚ ਧੰਨਵਾਦ ਕਰ ਚੱਕਾ ਹਾਂ। ਪੀ.ਐ.ਯੂ.ਨਾਲ ਸੰਬੰਧਿਤ ਕਿਤਾਬਾਂ, ਰਸਾਲੇ, ਲੀਫਲੈਂਟ, ਪੈਂਫਲਿਟ ਸਭ ਗਹਿਰਾਈ ਨਾਲੇ ਪੜ੍ਹੇ। ਇਸ ਅਧਿਐਨ ਤੋਂ ਬਾਅਦ ਮੈਨੂੰ ਇਹ ਮਹਿਸੂਸ ਹੋਇਆ ਕਿ ਪਹਿਲਾਂ ਆਈਆਂ ਕਿਤਾਬਾਂ 'ਚ ਸਾਰੀਆਂ ਦੀ ਇੱਕ ਗੱਲ ਸਾਂਝੀ ਹੈ ਕਿ ਉਨ੍ਹਾਂ 'ਚ ਜੀਵਨੀ ਮੂਲਕ ਤੱਤ ਭਾਰੂ ਹੈ। ਨਿੱਜੀ ਅਨੁਭਵਾਂ ਦਾ ਬੋਲਬਾਲਾ ਹੈ। ਦਸਤਾਵੇਜ਼ੀ ਸਬੂਤਾਂ ਅਤੇ ਹਵਾਲਿਆਂ ਦੀ ਕਮੀ ਹੈ। ਜ਼ਿਆਦਾਤਰ ਕੰਮ ਯਾਦਾਸ਼ਤ ਦੇ ਅਧਾਰ ਤੇ ਕੀਤਾ ਗਿਆ ਹੈ। ਜਿਸ ਦੀ ਵਜ੍ਹਾ ਕਰਕੇ ਕਈ ਵਾਰ ਸਹੀ ਜਾਣਕਾਰੀ ਪ੍ਰਾਪਤ ਕਰਨ 'ਚ ਉਲਝਣਾਂ ਪੈਦਾ ਹੋ ਜਾਂਦੀਆਂ ਹਨ ਜਿਵੇਂ ਕਿ ਦਰਸ਼ਨ ਖਹਿਰਾ (ਬਾਗੀ) ਵੱਲੋਂ ਲਿਖੀ ਗਈ ਪੁਸਤਕ ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ 'ਚ ਹੋਇਆ ਹੈ। ਦਰਸ਼ਨ ਬਾਗੀ ਪੰਜਾਬ ਸਟੂਡੈਂਟਸ ਯੂਨੀਅਨ ਦਾ ਆਪਣੇ ਸਮੇਂ ਦਾ ਬੇਹੱਦ ਮਕਬੂਲ ਅਤੇ ਹਰਮਨ ਪਿਆਰਾ ਆਗੂ ਰਿਹਾ ਸੀ ਜੋ ਇਸ ਸਮੇਂ ਕੈਨੇਡਾ ਦਾ ਵਾਸੀ ਹੈ। 1968 ਦੇ ਵਿਦਿਆਰਥੀ ਸੰਘਰਸ਼ ਦੌਰਾਨ ਉਸ ਦੀ ਪੰਜਾਬ 'ਚ ਪੂਰੀ ਧਾਕ ਜਮੀ ਹੋਈ ਸੀ।ਸਰਕਾਰ ਉਸ ਦੇ ਇੱਕ ਇੱਕ ਬਿਆਨ ਦਾ ਗੰਭੀਰ ਨੋਟਿਸ ਲੈਂਦੀ ਸੀ। 19 ਦਸੰਬਰ 1968 ਨੂੰ ਉਸ ਨੂੰ ਪੀ.ਡੀ.ਐਕਟ ਅਧੀਨ ਨਜ਼ਰਬੰਦ ਕਰ ਦਿੱਤਾ ਗਿਆ ਸੀ। ਉਸ ਵੱਲੋਂ ਦਰਜ ਕੀਤੀਆਂ ਘਟਨਾਵਾਂ ਦੇ ਵੇਰਵਿਆਂ ਨੂੰ ਵਿਦਿਆਰਥੀ ਲਹਿਰ 'ਚ ਦਿਲਚਸਪੀ ਰੱਖਣ ਵਾਲੀਆਂ ਆਉਣ ਵਾਲੀਆਂ ਪੀੜ੍ਹੀਆਂ ਪ੍ਰਮਾਣਿਕ ਮੰਨਣਗੀਆਂ। ਉਸ ਵੱਲੋਂ ਘਟਨਾਵਾਂ ਦਾ ਬਹੁਤ ਹੀ ਖ਼ੂਬਸੂਰਤ ਸਾਹਿਤਿਕ ਅੰਦਾਜ਼ 'ਚ ਵਰਣਨ ਕੀਤਾ ਗਿਆ ਹੈ। ਪਰ ਉਮਰ ਦਰਾਜ ਹੋਣ ਕਰਕੇ 50 ਸਾਲ ਦੇ ਵਕਫੇ ਬਾਅਦ 2018 'ਚ ਪੁਸਤਕ ਲਿਖਣ ਸਮੇਂ ਘਟਨਾਵਾਂ ਦੀਆਂ ਸਹੀ ਤਾਰੀਖਾਂ ਯਾਦਾਸ਼ਤ ਦੀ ਪਕੜ ਵਿੱਚ ਨਹੀਂ ਆਈਆਂ। ਜਿਵੇਂ ਕਿ ਆਪਣੀ ਗ੍ਰਿਫਤਾਰੀ ਦੀ ਤਾਰੀਖ ਉਸ ਵੱਲੋਂ 7 ਸਤੰਬਰ 1968 ਦੱਸੀ ਗਈ ਹੈ ਜੋ ਕਿ 19 ਦਸੰਬਰ 1968 ਸੀ, ਲੁਧਿਆਣਾ ਦੇ ਸਰਕਾਰੀ ਕਾਲਜ ਦੇ ਪ੍ਰਿੰਸੀਪਲ ਖ਼ਿਲਾਫ਼ ਚੱਲਿਆ ਘੋਲ ਮੱਧ ਜੁਲਾਈ 'ਚ ਸ਼ੁਰੂ ਹੋਇਆ ਲਿਖਿਆ ਗਿਆ ਹੈ ਜੋ ਅਸਲ 'ਚ ਸਤੰਬਰ 'ਚ ਸ਼ੁਰੂ ਹੋਇਆ ਸੀ ਆਦਿ।

ਮੈਂ ਉਨ੍ਹਾਂ ਤੋਂ ਈਮੇਲ ਰਾਹੀਂ ਇਨ੍ਹਾਂ ਤੱਥਾਂ ਬਾਰੇ ਤਸਦੀਕ ਕਰਨੀ ਚਾਹੀ। ਇਸ ਦੇ ਹੁੰਗਾਰੇ ਵਜੋਂ ਉਨ੍ਹਾਂ ਦਾ ਮੈਨੂੰ ਫੋਨ ਆਇਆ ਕਾਫੀ ਗੱਲਬਾਤ ਤੋਂ ਬਾਅਦ ਉਨ੍ਹਾਂ ਬੜੀ ਸੁਹਿਰਦਤਾ ਨਾਲ ਆਪਣੀ ਉਮਰ ਦੀ ਸੀਮਤਾਈ ਦਾ ਜ਼ਿਕਰ ਕੀਤਾ। ਇਸ ਤੋਂ ਬਾਅਦ ਮੈਂ ਉਨ੍ਹਾਂ ਦੇ ਨੇੜਲੇ ਸਾਥੀਆਂ ਕਾ. ਦਰਸ਼ਨ ਖਟਕੜ, ਇੰਦਰਜੀਤ ਬਿੱਟੂ, ਡਾ. ਪਿਆਰੇ ਮੋਹਣ, ਪ੍ਰੋਫੈਸਰ ਭੁਪਿੰਦਰ ਸਿੰਘ, ਬਰਜਿੰਦਰ ਸਿੰਘ ਮਹਿਮਾ ਸਰਕਾਰੀ (ਸਾਬਕਾ ਸੂਬਾ ਪ੍ਰਧਾਨ ਪੀ.ਐਸ.ਯੂ.), ਕਰਤਾਰ ਸਿੰਘ ਬਰਾੜ (ਜੋ ਇੰਜਨੀਅਰਿੰਗ ਕਾਲਜਾਂ ਦੀ ਜਥੇਬੰਦੀ ਦਾ ਕੌਮੀ ਪੱਧਰ ਦਾ ਆਗੂ ਰਿਹਾ ਸੀ), ਕਰਨੈਲ ਸਿੰਘ ਅਕਲੀਆ (ਜਿਸ ਦਾ ਬਠਿੰਡਾ ਦੇ ਸਰਕਾਰੀ ਰਜਿੰਦਰਾ ਕਾਲਜ ਦੇ ਪ੍ਰਿੰਸੀਪਲ ਖ਼ਿਲਾਫ਼ ਘੋਲ-1968- 'ਚ ਬਰਜਿੰਦਰ ਸਿੰਘ ਮਹਿਮਾ ਸਰਕਾਰੀ ਦੇ ਨਾਲ ਅਹਿਮ ਯੋਗਦਾਨ ਰਿਹਾ ਸੀ) ਮੁਖਤਿਆਰ ਸਿੰਘ ਪੂਹਲਾਅਤੇ ਜਸਪਾਲ ਜੱਸੀ ਨਾਲ ਵੀ ਮੁਲਾਕਾਤਾਂ ਕੀਤੀਆਂ। ਸਾਰੇ ਸਾਥੀਆਂ ਨੇ ਬਹੁਤ ਸਾਰੀ ਕੀਮਤੀ ਜਾਣਕਾਰੀ ਮੁਹੱਈਆ ਕੀਤੀ। ਪਰੰਤੂ ਲੰਬਾ ਸਮਾਂ ਲੰਘ ਜਾਣ ਕਰਕੇ ਅਤੇ ਉਸ ਸਮੇਂ ਪ੍ਰਕਾਸ਼ਿਤ ਹੁੰਦੇ ਰਹੇ ਪਰਚੇ 'ਵਿਦਿਆਰਥੀ ਲਹਿਰ' ਅਤੇ 'ਵਿਦਿਆਰਥੀ ਸੰਘਰਸ਼' ਦਾ ਕੋਈ ਵੀ ਅੰਕ ਉਪਲਬਧ ਨਾ ਹੋਣ ਕਰਕੇ ਦਰਸ਼ਨ ਬਾਗੀ ਦੇ ਸਮੇਂ ਦੀ ਲੋੜੀਂਦੀ ਜਾਣਕਾਰੀ ਪ੍ਰਾਪਤ ਨਾ ਹੋ ਸਕੀ ਜਿਸ 'ਚ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਸਥਾਪਨਾ, ਲੁਧਿਆਣਾ ਅਤੇ ਸਰਕਾਰੀ ਕਾਲਜ ਬਠਿੰਡਾ ਦੇ ਪ੍ਰਿੰਸੀਪਲਾਂ ਵਿਰੁੱਧ ਚੱਲੇ ਘੋਲ ਨਾਲ ਜੁੜੀਆਂ ਘਟਨਾਵਾਂ ਦੀਆਂ ਸਹੀ ਤਾਰੀਖਾਂ ਸ਼ਾਮਲ ਸਨ। ਸੋ ਆਖਰ 'ਚ ਮੇਰੇ ਲਈ ਸਹੀ ਤੱਥਾਂ ਦੀ ਪੁਸ਼ਟੀ ਕਰਨ ਦਾ ਜੋ ਇੱਕੋ ਇੱਕ ਰਸਤਾ ਬਚਿਆ ਸੀ ਉਹ ਸੀ ਉਸ ਸਮੇਂ ਦੇ (ਜਾਣੀ ਕਿ 1960 ਦੇ ਦਹਾਕੇ ਦੇ) ਅਖਬਾਰਾਂ ਦੀਆਂ ਫਾਈਲਾਂ ਨੂੰ ਫਰੋਲਣਾ। ਮੈਂ ਇਹੀ ਰਸਤਾ ਅਪਣਾਇਆਂ। ਮੈਂ ਪਹਿਲਾਂ ਜਲੰਧਰ ਨਵਾਂ ਜਮਾਨਾ ਅਖ਼ਬਾਰ ਅਤੇ ਫਿਰ ਅੰਗਰੇਜ਼ੀ ਟ੍ਰਿਬਊਨ ਦੀਆਂ ਫਾਈਲਾਂ ਦੀ ਘੋਖ ਕੀਤੀ। ਮੇਰੇ ਲਈ ਖੁਸ਼ੀ ਦੀ ਗੱਲ ਇਹ ਹੋਈ ਕਿ ਮੈਨੂੰ ਸਾਰੇ ਸੁਆਲਾਂ ਦੇ ਜੁਆਬ ਮਿਲ ਗਏ। ਉਨ੍ਹਾਂ ਦੀ ਰੌਸ਼ਨੀ 'ਚ ਮੈਂ ਉਨ੍ਹਾਂ ਘਟਨਾਵਾਂ ਨਾਲ ਸੰਬੰਧਿਤ ਤੱਥਾਂ ਨੂ ਸੋਧ ਕੇ ਲਿਖ ਦਿੱਤਾ।

ਇਹ ਪੁਸਤਕ ਲਿਖਣ ਦਾ ਮੇਰਾ ਮੁਖ ਮਕਸਦ ਕਿਸੇ ਖਾਸ ਨਜ਼ਰੀਏ ਤੋਂ ਵਿਦਿਆਰਥੀ ਲਹਿਰ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰਨਾ ਜਾਂ ਕਿਸੇ ਖਾਸ ਧਿਰ ਦੇ ਪੱਖ 'ਚ ਖੜ੍ਹ ਕੇ ਦੂਸਰੀ ਦਾ ਵਿਰੋਧ ਕਰਨਾ ਨਹੀਂ ਬਲਕਿ ਆਉਣ ਵਾਲੇ ਸਮੇਂ 'ਚ ਪੰਜਾਬ ਦੀ ਵਿਦਿਆਰਥੀ ਲਹਿਰ, ਖਾਸ ਕਰਕੇ ਪੰਜਾਬ ਸਟੂਡੈਂਟਸ ਯੂਨੀਅਨ, ਬਾਰੇ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਲੋੜੀਂਦੇ ਤੱਥ ਮਹੱਈਆ ਕਰਾਉਣਾ ਹੈ। ਇਨ੍ਹਾਂ ਤੱਥਾਂ ਨੂੰ ਇਕੱਤਰ ਕਰਨ 'ਚ ਮੈਨੂੰ ਲੱਗਭਗ 7 ਸਾਲ ਦਾ ਅਰਸਾ ਲੱਗਿਆ। ਬਹੁਤ ਸਾਰੇ ਅਜੇ ਵੀ ਮੇਰੀ ਪਹੁੰਚ ਤੋਂ ਬਾਹਰ ਹਨ ਅਤੇ ਕੁੱਝ ਨੂੰ ਪੁਸਤਕ ਦੀ ਸੀਮਾਂ ਨੂੰ ਧਿਆਨ 'ਚ ਰੱਖਦਿਆਂ ਹਾਲ ਦੀ ਘੜ੍ਹੀ ਭਵਿੱਖ ਲਈ ਸਾਂਭ ਲਿਆ ਗਿਆ ਹੈ। ਫਿਰ ਵੀ ਇਹ ਪੀ.ਐਸ.ਯੂ. ਦਾ ਪੂਰਾ ਇਤਿਹਾਸ ਨਹੀਂ ਉਸ ਦੀਆਂ ਕੁੱਝ ਝਲਕਾਂ ਹਨ। ਮੈਂ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਸੰਬੰਧਿਤ ਵੱਖ ਵੱਖ ਧਿਰਾਂ ਨਾਲ ਉਪਲਬਧ ਸੰਬੰਧਿਤ ਤੱਥਾਂ ਨੂੰ ਨਿਰਪੱਖਤਾ ਨਾਲ ਦਰਜ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾਲੋ ਨਾਲ ਉਨ੍ਹਾਂ ਤੱਥਾਂ ਦੇ ਸ੍ਰੋਤਾਂ ਦਾ ਵੀ ਉਲੇਖ ਕੀਤਾ ਹੈ।ਫਿਰ ਵੀ ਰਹਿ ਗਈਆ ਕਮੀਆਂ ਲਈ ਖਿਮਾ ਦਾ ਜਾਚਕ ਹੋਵਾਂਗਾ। ਮੈਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੁਰਖ ਇਤਿਹਾਸ ਦੇ ਕੁੱਝ ਬਿੱਖਰੇ ਪੰਨਿਆਂ ਨੂੰ ਸੰਗ੍ਰਹਿਤ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਵਿਦਿਆਰਥੀ ਲਹਿਰ ਦੇ ਸ਼ੁਭਚਿੰਤਕਾਂ ਅਤੇ ਪਾਠਕਾਂ ਨੂੰ ਮੇਰੇ ਕੰਮ ਤੋਂ ਸੰਤੁਸ਼ਟੀ ਮਿਲੇਗੀ ਅਤੇ ਪੰਜਾਬ ਦੀਆਂ ਵਰਤਮਾਨ ਵਿਦਿਆਰਥੀ ਜਥੇਬੰਦੀਆਂ (ਪੰਜਾਬ ਸਟੂਡੈਂਟਸ ਯੂਨੀਅਨ,ਪੰਜਾਬ ਸਟੂਡੈਂਟਸ ਯੂਨੀਅਨ (ਰੰਧਾਵਾ), ਪੀ.ਐਸ.ਯੂ. (ਲਲਕਾਰ), ਪੀ.ਆਰ.ਐਸ.ਯੂ., ਡੀ.ਐਸ.ਓ. ਅਤੇ ਐਸ.ਐਫ.ਐਸ.ਆਦਿ 'ਚ ਕੰਮ ਕਰਨ ਵਾਲੇ ਆਗੂ ਤੇ ਵਰਕਰ ਇਸ ਪੁਸਤਕ ਚੋਂ ਵਿਦਿਆਰਥੀ ਲਹਿਰ ਨਾਲ ਸੰਬੰਧਿਤ ਕਈ ਵਡਮੁੱਲੇ ਸਬਕ ਤੇ ਜਾਣਕਾਰੀ ਹਾਸਲ ਕਰਨਗੇ।

ਭਰਪੂਰ ਹੁੰਗਾਰੇ ਦੀ ਆਸ ਨਾਲ,

**ਸਾਬਕਾ ਜਨਰਲ ਸਕੱਤਰ ਪੀ.ਐਸ.ਯੂ.**

(1980-83)

19.10.2022 **ਅਤੇ ਸਾਬਕਾ ਪ੍ਰਧਾਨ**

**ਕਮਿਊਨਿਸਟ ਯੂਥ ਲੀਗ**

(1983-1986

---

# ਸੋਮੜੂ ਮਰ ਗਿਆ

**-ਗਾਂਧੀਵਾਦੀ ਹਿਮਾਂਸ਼ੂ ਕੁਮਾਰ**

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**



ਦੰਤੇਵਾੜਾ ਤੋਂ ਫ਼ੋਨ ਆਇਆ ਕਿ ਸੋਮੜੂ ਮਰ ਗਿਆ ਹੈ। ਮੈਂ ਪੁੱਛਿਆ ਕਿ ਮੌਤ ਕਿਵੇਂ ਹੋਈ? ਮੈਨੂੰ ਦੱਸਿਆ ਗਿਆ ਕਿ ਕੱਲ੍ਹ ਉਸ ਨੂੰ ਤੇਂਦੂ ਪੱਤਾ ਤੋੜਦੇ ਵਕਤ ਸੱਪ ਨੇ ਡੰਗ ਲਿਆ ਸੀ ਅਤੇ ਛੇਤੀ ਹੀ ਉਹ ਮਰ ਗਿਆ। ਨਿਆਂ ਦਾ ਇੰਤਜ਼ਾਰ ਕਰਦਿਆਂ ਸੋਮੜੂ ਚੱਲ ਵਸਿਆ।

ਇਹ ਸੋਮੜੂ ਕੌਣ ਸੀ?

ਇਹ ਘਟਨਾ 2008 ਦੀ ਹੈ। ਭੈਰਮਗੜ੍ਹ ਤੋਂ ਬੀਜਾਪੁਰ ਦੇ ਰਸਤੇ ਵਿਚ ਮਟਵਾੜਾ ਨਾਂ ਦਾ ਸਲਵਾ ਜੁਡਮ ਕੈਂਪ ਹੈ। 18 ਮਾਰਚ 2008 ਨੂੰ ਸਥਾਨਕ ਅਖ਼ਬਾਰ ਵਿਚ ਖ਼ਬਰ ਛਪੀ ਕਿ ਇਸ ਕੈਂਪ 'ਚ ਰਹਿ ਰਹੇ ਤਿੰਨ ਆਦਿਵਾਸੀਆਂ ਨੂੰ ਨਕਸਲੀਆਂ ਨੇ ਕੈਂਪ ਵਿਚ ਘੁਸ ਕੇ ਮਾਰ ਦਿੱਤਾ ਹੈ। ਖ਼ਬਰ 'ਤੇ ਵਿਸ਼ਵਾਸ ਨਾ ਆਇਆ। ਕਿਉਂਕਿ ਇਹ ਇਕ ਛੋਟਾ ਜਿਹਾ ਕੈਂਪ ਹੈ। ਸਾਰੇ ਆਦਿਵਾਸੀ ਸੜਕ ਦੇ ਕਿਨਾਰੇ ਆਪਣੀਆਂ ਝੌਂਪੜੀਆਂ ਵਿਚ ਰਹਿੰਦੇ ਹਨ। ਵਿਚਕਾਰੋਂ ਇਕ ਤੰਗ ਸੜਕ ਗੁਜ਼ਰਦੀ ਹੈ। ਸੜਕ ਦੇ ਇਸ ਪਾਸੇ ਇਕ ਪੁਲਿਸ ਚੌਕੀ ਹੈ, ਸੀਆਰਪੀਐਫ ਕੈਂਪ ਆਦਿਵਾਸੀਆਂ ਦੀਆਂ ਝੌਂਪੜੀਆਂ ਦੇ ਪਿਛਲੇ ਪਾਸੇ ਹੈ। ਪਰ ਸੱਚ ਦਾ ਪਤਾ ਕਿਵੇਂ ਲੱਗੇ?

ਅਚਾਨਕ ਮੇਰਾ ਸਾਥੀ ਕੋਪਾ ਗ਼ਾਇਬ ਹੋ ਗਿਆ, ਮੈਂ ਆਸ਼ਰਮ ਵਿਚ ਬਿਨਾਂ ਦੱਸੇ ਕੋਪਾ ਦੇ ਲਾਪਤਾ ਹੋਣ ਦੀ ਚਿੰਤਾ ਵਿਚ ਸੀ ਕਿ ਦੋ ਦਿਨ ਬਾਦ ਮੁਸਕਰਾਉਂਦਾ ਹੋਇਆ ਕੋਪਾ ਪ੍ਰਗਟ ਹੋ ਗਿਆ। ਉਸ ਦੇ ਨਾਲ ਇਕ ਹੋਰ ਨੌਜਵਾਨ ਸੀ। ਮੈਂ ਸਵਾਲੀਆ ਦ੍ਰਿਸ਼ਟੀ ਨਾਲ ਪੁੱਛਿਆ ਇਹ ਕੌਣ ਹੈ? ਕੋਪਾ ਨੇ ਕਿਹਾ ਤੁਸੀਂ ਇਸੇ ਨੂੰ ਪੁੱਛ ਲਓ। ਉਸ ਮੁੰਡੇ ਨੇ ਦਿਲ ਦਹਿਲਾ ਦੇਣ ਵਾਲੀ ਕਹਾਣੀ ਸੁਣਾਈ।

ਉਸ ਨੇ ਦੱਸਿਆ ਕਿ ਨਕਸਲੀਆਂ ਵੱਲੋਂ ਤਿੰਨ ਆਦਿਵਾਸੀਆਂ ਦਾ ਕਤਲ ਕੀਤੇ ਜਾਣ ਦੀ ਜੋ ਖ਼ਬਰ ਛਪੀ ਸੀ, ਮਾਰੇ ਗਏ ਤਿੰਨਾਂ ਵਿੱਚੋਂ ਇਕ ਮੇਰਾ ਭਰਾ ਹੈ। ਅਤੇ ਇਨ੍ਹਾਂ ਤਿੰਨਾਂ ਨੂੰ ਨਕਸਲੀਆਂ ਨੇ ਨਹੀਂ ਸਗੋਂ ਪੁਲਿਸ ਨੇ ਮਾਰਿਆ ਹੈ। ਪਰ ਅਸੀਂ ਕਦੇ ਵੀ ਪੂਰੀ ਜਾਂਚ ਤੋਂ ਬਿਨਾਂ ਕਿਸੇ ਵੀ ਮਾਮਲੇ ਵਿਚ ਕਾਰਵਾਈ ਨਹੀਂ ਕਰਦੇ ਸੀ। ਇਸੇ ਲਈ ਮੈਂ ਨੌਜਵਾਨ ਨੂੰ ਪੁੱਛਿਆ ਕਿ ਮਾਰੇ ਗਏ ਤਿੰਨਾਂ ਦੀਆਂ ਪਤਨੀਆਂ ਕਿੱਥੇ ਹਨ? ਉਸ ਨੇ ਦੱਸਿਆ ਕਿ ਤਿੰਨੇ ਵਿਧਵਾਵਾਂ ਸਲਵਾ ਜੁਡਮ ਕੈਂਪ ਵਿਚ ਹੀ ਹਨ। ਮੈਂ ਕਿਹਾ ਕਿ ਉਨ੍ਹਾਂ ਨੂੰ ਲਿਆਉਣਾ ਹੋਵੇਗਾ। ਕੋਪਾ ਨੇ ਕਿਹਾ, ਇਹ ਜ਼ਿੰਮੇਵਾਰੀ ਮੈਂ ਲੈਂਦਾ ਹਾਂ।

ਅਗਲੀ ਸਵੇਰ ਉਨ੍ਹਾਂ ਤਿੰਨਾਂ ਆਦਿਵਾਸੀਆਂ ਦੀਆਂ ਪਤਨੀਆਂ ਸਾਡੇ ਆਸ਼ਰਮ ਵਿਚ ਆ ਗਈਆਂ। ਨਾਲ ਹੀ ਕੋਪਾ ਉਸ ਦੇ ਪਿੰਡ ਦੇ ਸਰਪੰਚ ਅਤੇ ਪਟੇਲ ਨੂੰ ਵੀ ਲੈ ਆਇਆ ਸੀ। ਮੈਂ ਉਨ੍ਹਾਂ ਲੋਕਾਂ ਨੂੰ ਅੱਡ-ਅੱਡ ਬੈਠਾਕੇ ਸਾਰੀ ਘਟਨਾ ਦਾ ਵੇਰਵਾ ਦੇਣ ਲਈ ਕਿਹਾ। ਹੋਰ ਗਵਾਹਾਂ ਤੋਂ ਵੀ ਪੁੱਛਗਿੱਛ ਕੀਤੀ ਗਈ। ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਬਚੀ ਸੀ। ਸਾਰਿਆਂ ਦੇ ਦੱਸੇ ਵੇਰਵੇ ਇਕੋ ਜਿਹੇ ਸਨ। ਹੁਣ ਇਹ ਸਾਬਤ ਹੋ ਗਿਆ ਸੀ ਸਰਕਾਰੀ ਸਲਵਾ ਜੁਡਮ ਰਾਹਤ ਕੈਂਪ ਨਹੀਂ, ਤਸੀਹਾ ਕੈਂਪ ਹਨ। ਘਟਨਾ ਇਸ ਤਰ੍ਹਾਂ ਹੋਈ ਸੀ।

ਇਸ ਪਿੰਡ ਦੇ ਆਦਿਵਾਸੀਆਂ ਨੂੰ ਤਿੰਨ ਸਾਲ ਪਹਿਲਾਂ ਜਬਰਦਸਤੀ ਇਸ ਕੈਂਪ ਵਿਚ ਲਿਆਂਦਾ ਗਿਆ ਸੀ। ਪੁਲਿਸ ਨੇ ਉਨ੍ਹਾਂ ਦੇ ਪਿੰਡ ਦੇ ਅੱਠ ਜਣਿਆਂ ਨੂੰ ਮਾਰ ਦਿੱਤਾ ਸੀ ਅਤੇ ਪੂਰੇ ਪਿੰਡ ਦੇ ਘਰ ਸਾੜ ਦਿੱਤੇ ਸਨ। ਇਹ ਆਦਿਵਾਸੀ ਲੋਕ ਉਦੋਂ ਤੋਂ ਹੀ ਇਨ੍ਹਾਂ ਕੈਂਪਾਂ ਵਿਚ ਰਹਿਣ ਲਈ ਮਜਬੂਰ ਸਨ। ਇਨ੍ਹਾਂ ਕੈਂਪਾਂ ਵਿਚ ਉਨ੍ਹਾਂ ਨੂੰ ਰੱਖਣ ਸਮੇਂ ਸਰਕਾਰ ਨੇ ਕਿਹਾ ਸੀ ਕਿ ਕੈਂਪ ਵਿਚ ਖਾਣ-ਪੀਣ ਲਈ ਸਭ ਕੁਝ ਮਿਲੇਗਾ। ਪਰ ਸਭ ਕੁਝ ਤਾਂ ਸਲਵਾ ਜੁਡਮ ਦੇ ਆਗੂ ਵਿਚ ਵਿਚਾਲੇ ਹੀ ਹੜੱਪ ਜਾਂਦੇ ਸਨ।

ਭੁੱਖੇ ਮਰਦੇ ਪਿੰਡ ਵਾਸੀਆਂ ਨੇ ਆਪਣਾ ਢਿੱਡ ਭਰਨ ਲਈ ਨੇੜੇ ਸਰਕਾਰੀ ਸੜਕ ਬਣਾਉਣ ਲਈ ਨਰੇਗਾ ਦੇ ਕੰਮ ਵਿਚ ਜਾਣਾ ਸ਼ੁਰੂ ਕਰ ਦਿੱਤਾ। ਪਰ ਉਸ ਵਿੱਚੋਂ ਵੀ ਅੱਧੀ ਮਜ਼ਦੂਰੀ ਨੇਤਾ ਤੇ ਪੁਲਿਸ ਵਾਲੇ ਮਾਰ ਜਾਂਦੇ ਸਨ। ਫਿਰ ਆਦਿਵਾਸੀਆਂ ਨੇ ਪਿੰਡਾਂ ਵਿਚ ਜਾ ਕੇ ਮਹੂਆ ਅਤੇ ਝੋਨਾ ਉਗਾਉਣਾ ਸ਼ੁਰੂ ਕਰ ਦਿੱਤਾ। ਪਰ ਸਾਰਿਆਂ ਨੂੰ ਰਾਤ ਪੈਣ ਤੋਂ ਪਹਿਲਾਂ ਕੈਂਪ 'ਚ ਪਰਤ ਕੇ ਪੁਲਿਸ ਦੇ ਸਾਹਮਣੇ ਹਾਜ਼ਰੀ ਲਗਾਉਣੀ ਪੈਂਦੀ ਸੀ। ਦੇਰ ਰਾਤ ਪਰਤਣ ਵਾਲਿਆਂ ਦੀ ਕੁੱਟਮਾਰ ਕੀਤੀ ਜਾਂਦੀ ਕਿ ਕਿ ਤੁਸੀਂ ਪਿੰਡ ਜਾਣ ਦੇ ਬਹਾਨੇ ਨਕਸਲੀਆਂ ਦੀ ਮੀਟਿੰਗ ਵਿਚ ਗਏ ਹੋਵੋਗੇ।

ਇਕ ਰਾਤ ਇਹ ਚਾਰੇ ਆਦਿਵਾਸੀ ਜ਼ਿਆਦਾ ਰਾਤ ਹੋ ਜਾਣ ਕਰਕੇ ਕੁੱਟਮਾਰ ਦੇ ਡਰੋਂ ਪਿੰਡ ਵਿਚ ਹੀ ਰੁਕ ਗਏ। ਉਨ੍ਹਾਂ ਨੇ ਸੋਚਿਆ ਕਿ ਕੱਲ੍ਹ ਨੂੰ ਦਿਨ ਵੇਲੇ ਚੁੱਪਚਾਪ ਆਪਣੇ ਘਰਾਂ 'ਚ ਵੜ ਜਾਵਾਂਗੇ ਅਤੇ ਕਹਿ ਦਿਆਂਗੇ ਕਿ ਅਸੀਂ ਕੱਲ੍ਹ ਸ਼ਾਮ ਨੂੰ ਹੀ ਆ ਗਏ ਸੀ। ਉਨ੍ਹਾਂ ਨੇ ਇੰਞ ਹੀ ਕੀਤਾ।

ਪਰ ਐਸਪੀਓਜ਼ ਨੂੰ ਇਸ ਦਾ ਪਤਾ ਲੱਗ ਗਿਆ। ਉਨ੍ਹਾਂ ਨੇ ਪੁਲਸ ਚੌਕੀ ਦੇ ਇੰਚਾਰਜ ਏ.ਐੱਸ.ਆਈ. ਨਾਲ ਮਿਲ ਕੇ ਇਨ੍ਹਾਂ ਚਾਰਾਂ ਨੂੰ ਅਨੁਸਾਸ਼ਨ ਤੋੜਨ ਲਈ ਸਜ਼ਾ ਦੇਣ ਦਾ ਫ਼ੈਸਲਾ ਕੀਤਾ। ਸਜ਼ਾ ਦੇਣ ਲਈ ਪੁਲਸੀਆਂ ਅਤੇ ਐਸਪੀਓਜ਼ ਨੇ ਪਹਿਲਾਂ ਰੱਜ ਕੇ ਸ਼ਰਾਬ ਪੀਤੀ। ਫਿਰ ਇਨ੍ਹਾਂ ਚਾਰਾਂ ਆਦਿਵਾਸੀਆਂ ਨੂੰ ਪੁਲਿਸ ਨੇ ਘਰਾਂ ਵਿੱਚੋਂ ਧੂਹ ਕੇ ਬਾਹਰ ਕੱਢ ਲਿਆ। ਜਦੋਂ ਉਨ੍ਹਾਂ ਦੀਆਂ ਪਤਨੀਆਂ ਨੇ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਵੀ ਸਿਪਾਹੀਆਂ ਨੇ ਬੰਦੂਕਾਂ ਦੇ ਬੱਟ ਮਾਰ ਕੇ ਲਹੂ-ਲੁਹਾਨ ਕਰ ਦਿੱਤਾ। ਫਿਰ ਇਨ੍ਹਾਂ ਚਾਰਾਂ ਆਦਿਵਾਸੀਆਂ ਦੇ ਹੱਥ ਉਨ੍ਹਾਂ ਦੀਆਂ ਲੁੰਗੀਆਂ ਖੋਲ੍ਹ ਕੇ ਪਿੱਛੇ ਬੰਨ੍ਹ ਦਿੱਤੇ ਗਏ। ਪੁਲਿਸ ਨੇ ਉਨ੍ਹਾਂ ਨੂੰ ਸੜਕ 'ਤੇ ਲਿਆ ਕੇ ਮੋਟੇ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਥੋੜ੍ਹੇ ਚਿਰ 'ਚ ਹੀ ਚਾਰੇ ਆਦਿਵਾਸੀ ਬੇਸੁਰਤ ਹੋ ਗਏ। ਥਾਣੇਦਾਰ ਨੇ ਪਾਣੀ ਦੀ ਬਾਲਟੀ ਮੰਗਾ ਕੇ ਉਨ੍ਹਾਂ ਚੌਹਾਂ ਉੱਪਰ ਸੁੱਟ ਦਿੱਤੀ। ਜਿਸ ਨਾਲ ਉਨ੍ਹਾਂ ਨੂੰ ਰਤਾ ਕੁ ਹੋਸ਼ ਆ ਗਈ। ਉਨ੍ਹਾਂ ਚਾਰਾਂ ਵਿਚ ਸੋਮੜੂ ਵੀ ਸੀ। ਹਨੇਰਾ ਹੋ ਗਿਆ ਸੀ, ਸੋਮੜੂ ਮੌਕੇ ਦਾ ਫ਼ਾਇਦਾ ਉਠਾ ਕੇ ਸਰਕ ਕੇ ਝਾੜੀਆਂ ਵਿਚ ਚਲਾ ਗਿਆ ਅਤੇ ਆਪਣੇ ਹੱਥਾਂ ਨੂੰ ਬੰਨ੍ਹੀ ਲੁੰਗੀ ਖੋਲ੍ਹ ਕੇ ਡਿਗਦਾ ਢਹਿੰਦਾ ਕੁਝ ਦੂਰ ਪਹੁੰਚ ਗਿਆ। ਪਿੰਡ ਵਾਲਿਆਂ ਨੇ ਉਸ ਨੂੰ ਪਾਣੀ ਪਿਲਾਇਆ। ਕਿਸੇ ਨੇ ਉਸ ਨੂੰ ਆਪਣੇ ਘਰ 'ਚ ਬੱਕਰੀਆਂ ਨਾਲ ਲੁਕੋ ਲਿਆ।

ਇੱਧਰ ਇਨ੍ਹਾਂ ਤਿੰਨਾਂ ਆਦਿਵਾਸੀਆਂ ਦੀ ਕੁੱਟਮਾਰ ਦਾ ਸਿਲਸਿਲਾ ਰਾਤ ਅੱਠ ਵਜੇ ਤੱਕ ਜਾਰੀ ਰਿਹਾ। ਆਖ਼ਿਰਕਾਰ ਲੱਗਭੱਗ ਸਾਰੇ ਸ਼ਾਂਤ ਹੋ ਗਏ ਸਨ। ਫਿਰ ਉਨ੍ਹਾਂ ਦੀ ਸਜ਼ਾ ਪੂਰੀ ਕਰਨ ਦਾ ਵਕਤ ਆਇਆ। ਪੁਲੀਸ ਨੇ ਚਾਕੂ ਨਾਲ ਤਿੰਨਾਂ ਆਦਿਵਾਸੀਆਂ ਦੀਆਂ ਅੱਖਾਂ ਕੱਢ ਲਈਆਂ। ਫਿਰ ਤਿੰਨਾਂ ਦੇ ਮੱਥੇ ਉੱਪਰ ਛੁਰਾ ਰੱਖ ਕੇ ਪੱਥਰ ਨਾਲ ਸਿਰ ਵਿਚ ਠੋਕ ਦਿੱਤਾ ਗਿਆ। ਫਿਰ ਪੁਲਸ ਨੇ ਤਿੰਨਾਂ ਦੀਆਂ ਲਾਸ਼ਾਂ ਨੇੜੇ ਹੀ ਨਦੀ ਦੇ ਕੰਢੇ ਰੇਤ 'ਚ ਦੱਬ ਦਿੱਤੀਆਂ।

ਅਸੀਂ ਮਾਰੇ ਗਏ ਇਨ੍ਹਾਂ ਤਿੰਨਾਂ ਆਦਿਵਾਸੀਆਂ ਦੀਆਂ ਪਤਨੀਆਂ ਨੂੰ ਮੀਡੀਆ ਦੇ ਸਾਹਮਣੇ ਬਿਠਾ ਦਿੱਤਾ ਅਤੇ ਕਿਹਾ ਕਿ ਤੁਸੀਂ ਵੀ ਸੱਚਾਈ ਜਾਣਨ ਦੀ ਕੋਸ਼ਿਸ਼ ਕਰੋ। ਇਸ ਤੋਂ ਬਾਦ ਛੱਤੀਸਗੜ੍ਹ ਹਾਈ ਕੋਰਟ ਵਿਚ ਕੇਸ ਦਾਇਰ ਕੀਤਾ ਗਿਆ। ਮੈਂ ਇਨ੍ਹਾਂ ਤਿੰਨਾਂ ਔਰਤਾਂ ਨੂੰ ਆਪਣੇ ਰਾਜ ਦੇ ਅਖੌਤੀ ਸੁਹਿਰਦ ਸਾਹਿਤਕਾਰ ਡੀਜੀਪੀ ਵਿਸ਼ਵਰੰਜਨ ਕੋਲ ਲੈ ਗਿਆ। ਉਹ ਬੋਲਿਆ, 'ਠੀਕ ਹੈ ਮੈਂ ਹੁਣ ਕੁਝ ਨਹੀਂ ਪੁੱਛਣਾ।' ਪਰ ਬਾਦ ਵਿਚ ਉਸ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਨ੍ਹਾਂ ਔਰਤਾਂ ਦੇ ਪਤੀਆਂ ਨੂੰ ਨਕਸਲੀਆਂ ਨੇ ਮਾਰਿਆ ਹੈ। ਪਰ ਇਹ ਔਰਤਾਂ ਨਕਸਲੀਆਂ ਦੇ ਕਹਿਣ 'ਤੇ ਪੁਲਿਸ 'ਤੇ ਝੂਠੇ ਇਲਜ਼ਾਮ ਲਗਾ ਰਹੀਆਂ ਹਨ।

ਮੇਧਾ ਪਟਕਰ ਨੇ ਇਸ ਸਬੰਧੀ ਡੀਜੀਪੀ ਸਾਹਿਬ ਨੂੰ ਇਕ ਚਿੱਠੀ ਵੀ ਲਿਖੀ। ਜਿਸ ਦੇ ਜਵਾਬ 'ਚ ਉਸ ਨੇ ਕਿਹਾ ਕਿ ਹਿਮਾਂਸੂ ਝੂਠ ਬੋਲਦਾ ਹੈ। ਬਾਦ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਜਾਂਚ ਨੇ ਵੀ ਇਸ ਮਾਮਲੇ ਵਿਚ ਪੁਲੀਸ ਦੀ ਭੂਮਿਕਾ 'ਤੇ ਸ਼ੱਕ ਜ਼ਾਹਿਰ ਕੀਤਾ। ਹੁਣ ਵੀ ਇਸ ਮਾਮਲੇ ਵਿਚ ਦੋਸ਼ੀ ਪੁਲਿਸ ਦਾ ਏਐਸਆਈ ਪਟੇਲ ਅਤੇ ਦੋ ਐਸਪੀਓ ਜੇਲ੍ਹ ਵਿਚ ਹਨ। ਅਦਾਲਤ ਦੇ ਹੁਕਮਾਂ ਨਾਲ ਤਿੰਨਾਂ ਔਰਤਾਂ ਨੂੰ ਅੰਤਰਿਮ ਰਾਹਤ ਵਜੋਂ ਇਕ-ਇਕ ਲੱਖ ਰੁਪਏ ਮਿਲੇ।

ਪੁਲਿਸ ਨੇ ਸੋਮੜੂ ਦਾ ਇਕ ਹੱਥ ਅਤੇ ਤਿੰਨ ਪਸਲੀਆਂ ਤੋੜ ਦਿੱਤੀਆਂ ਸਨ। ਅਤੇ ਉਹ ਆਪਣੇ ਅਤੇ ਆਪਣੇ ਸਾਥੀਆਂ ਨਾਲ ਹੋਏ ਜ਼ੁਲਮ ਦੇ ਕੇਸ 'ਚ ਫ਼ੈਸਲੇ ਦੀ ਇੰਤਜ਼ਾਰ ਕਰ ਰਿਹਾ ਸੀ। ਪਰ ਅੱਜ ਖ਼ਬਰ ਆਈ ਕਿ ਸੋਮੜੂ ਮਰ ਗਿਆ ਹੈ ਅਤੇ ਉਸ ਦੇ ਨਾਲ ਸੋਮੜੂ ਦੀ ਇੰਤਜ਼ਾਰ ਵੀ ਮਰ ਗਈ।



ਬੂਟਾ ਸਿੰਘ
ਮਹਿਮੂਦਪੁਰ
94634-74342

# ਦੂਰ-ਦਰਾਜ ਜੰਗਲਾਂ 'ਚ ਲਗਾਏ ਪੱਕੇ ਮੋਰਚੇ ਦੀ ਗੂੰਜ





ਪਿੱਛੇ ਜਹੇ 'ਫੋਰਮ ਅਗੇਂਸਟ ਕਾਰਪੋਰੇਟਾਈਜੇਸ਼ਨ ਐਂਡ ਮਿਲਟਰਾਈਜੇਸ਼ਨ' ਨੇ ਬਸਤਰ ਦੀ ਘੇਰਾਬੰਦੀ ਬਾਰੇ ਵਿਸ਼ੇਸ਼ ਰਿਪੋਰਟ ਛਾਪੀ ਹੈ। ਰਿਪੋਰਟ ਜਿੱਥੇ ਵਿਸ਼ਾਲ ਆਦਿਵਾਸੀ ਖੇਤਰਾਂ ਵਿਚ 'ਵਿਕਾਸ' ਦੇ ਨਾਂ ਹੇਠ ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟਮਾਰ ਲਈ ਲਗਾਏ ਜਾ ਰਹੇ ਕਾਰਪੋਰੇਟ ਪ੍ਰੋਜੈਕਟਾਂ ਦੀ ਪੋਲ੍ਹ ਖੋਹਲਦੀ ਹੈ ਉੱਥੇ ਨਾਲ ਦੀ ਨਾਲ ਆਦਿਵਾਸੀ ਲੋਕਾਂ ਵੱਲੋਂ ਕੀਤੇ ਜਾ ਰਹੇ ਸ਼ਾਨਦਾਰ ਟਾਕਰੇ ਦੀ ਵਡਮੁੱਲੀ ਜਾਣਕਾਰੀ ਵੀ ਦਿੰਦੀ ਹੈ।

ਜਦੋਂ ਪੰਜਾਬ ਅਤੇ ਹੋਰ ਰਾਜਾਂ ਦੇ ਕਿਸਾਨਾਂ ਨੇ ਦਿੱਲੀ ਦੇ ਬਾਰਡਰਾਂ 'ਤੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਇਤਿਹਾਸਕ ਅੰਦੋਲਨ ਕੀਤਾ ਤਾਂ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਨੇ ਕਵਰੇਜ ਕਰਕੇ ਕੁਲ ਆਲਮ ਤੱਕ ਅੰਦੋਲਨ ਦੀ ਖ਼ਬਰ ਪਹੁੰਚਾ ਦਿੱਤੀ ਸੀ। ਇਸੇ ਤਰਜ਼ ਦਾ ਪੱਕਾ ਮੋਰਚਾ ਛੱਤੀਸਗੜ੍ਹ ਦੇ ਦੂਰ-ਦਰਾਜ ਜੰਗਲਾਂ ਦੇ ਬਾਸ਼ਿੰਦਿਆਂ ਨੇ ਬੀਜਾਪੁਰ ਜ਼ਿਲ੍ਹੇ ਦੇ ਸਿਲਗੇਰ ਪਿੰਡ ਵਿਚ, ਜੋ ਕਿ ਬੀਜਾਪੁਰ ਅਤੇ ਸੁਕਮਾ ਜ਼ਿਲ੍ਹਿਆਂ ਦੀ ਹੱਦ ਉੱਪਰ ਤਾਰੇਮ ਅਤੇ ਜਗਰਗੁੰਡਾ ਦਰਮਿਆਨ ਸਥਿਤ ਹੈ, ਡੇਢ ਸਾਲ ਤੋਂ ਲੱਗਿਆ ਹੋਇਆ ਹੈ ਜੋ ਇਸ ਦੌਰ ਦਾ ਸਭ ਤੋਂ ਲੰਮਾ ਚੱਲਣ ਵਾਲਾ ਅੰਦੋਲਨ ਹੈ। ਪਰ ਕਾਰਪੋਰੇਟ ਕੰਟਰੋਲ ਵਾਲਾ ਮੀਡੀਆ ਕਾਰਪੋਰੇਟ ਹਿਤਾਂ ਕਾਰਨ ਇਸ ਬਾਰੇ ਚੁੱਪ ਹੈ। ਕਿਉਂਕਿ ਇਸ ਅੰਦੋਲਨ ਦੀ ਚਰਚਾ ਹੋਵੇਗੀ ਤਾਂ ਹਕੂਮਤ-ਕਾਰਪੋਰੇਟ ਗੱਠਜੋੜ ਦਾ ਧਾੜਵੀ ਚਿਹਰਾ ਨੰਗਾ ਹੋਵੇਗਾ। ਜਿੱਥੇ ਮੁਲਕ ਦੀ 'ਮੁੱਖ ਧਾਰਾ' ਤੋਂ ਅਟੇਕ ਖੇਤਰ ਦਾ ਅੰਦੋਲਨ ਹੋਣਾ ਵੀ ਇਕ ਕਾਰਨ ਹੈ ਉੱਥੇ ਸਟੇਟ ਵੱਲੋਂ ਕੀਤੀ ਸਖ਼ਤ ਘੇਰਾਬੰਦੀ ਅਤੇ ਲਗਾਈਆਂ ਰੋਕਾਂ ਕਾਰਨ ਮੀਡੀਆ ਦੇ ਸੰਜੀਦਾ ਹਿੱਸਿਆਂ ਅਤੇ ਹੱਕਾਂ ਦੀਆਂ ਪਹਿਰੇਦਾਰ ਜਥੇਬੰਦੀਆਂ ਨੂੰ ਵੀ ਇਸ ਦੀ ਲਗਾਤਾਰ ਰਿਪੋਰਟਿੰਗ ਕਰਨ 'ਚ ਬੇਹੱਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਈ 2021 'ਚ ਇਹ ਅੰਦੋਲਨ ਆਦਿਵਾਸੀਆਂ ਵੱਲੋਂ ਸਿਲਗੇਰ ਪਿੰਡ ਦੀ ਜ਼ਮੀਨ ਉੱਪਰ ਬਣਾਏ ਜਾ ਰਹੇ ਨੀਮ-ਫ਼ੌਜੀ ਦਸਤਿਆਂ ਦੇ ਕੈਂਪ ਨੂੰ ਰੋਕਣ ਲਈ ਸ਼ੁਰੂ ਹੋਇਆ ਸੀ ਜਦੋਂ ਸੀ.ਆਰ.ਪੀ.ਐੱਫ. ਨੇ ਪਿੰਡ ਵਾਸੀਆਂ ਦੀ ਸਹਿਮਤੀ ਲਏ ਬਿਨਾਂ ਹੀ 12-13 ਮਈ ਦੀ ਰਾਤ ਨੂੰ ਇੱਥੇ 10 ਏਕੜ ਖੇਤੀਬਾੜੀ ਵਾਲੀ ਜ਼ਮੀਨ ਉੱਪਰ ਕੈਂਪ ਬਣਾ ਲਿਆ। ਪਿੰਡ ਵਾਸੀਆਂ ਨੇ ਇਸ ਦਾ ਵਿਰੋਧ ਕੀਤਾ। ਅਗਲੇ ਦਿਨਾਂ 'ਚ ਨੀਮ-ਫ਼ੌਜੀ ਦਸਤਿਆਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ 5 ਆਦਿਵਾਸੀਆਂ ਨੂੰ ਕਤਲ ਕਰ ਦੇਣ ਨਾਲ ਦਹਿਸ਼ਤਜ਼ਦਾ ਹੋਣ ਦੀ ਬਜਾਏ ਅੰਦੋਲਨ ਹੋਰ ਵੀ ਦ੍ਰਿੜ ਅਤੇ ਵਿਆਪਕ ਹੋ ਗਿਆ। ਨਿੱਤ ਦੇ ਕਤਲੇਆਮ ਨੇ ਉਨ੍ਹਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਸੀ ਅਤੇ ਉਨ੍ਹਾਂ ਨੂੰ ਮੌਤ ਤੋਂ ਨਿਰਭੈ ਹੋ ਕੇ ਹਕੂਮਤੀ ਦਹਿਸ਼ਤਵਾਦ ਵਿਰੁੱਧ ਡਟਣਾ ਹੀ ਪੈਣਾ ਸੀ। ਸਰਕਾਰੀ ਕੈਂਪ ਦੇ ਬਰਾਬਰ ਲੋਕ ਸੰਘਰਸ਼ ਦਾ ਕੈਂਪ ਸਥਾਪਿਤ ਹੋ ਗਿਆ ਜਿਸ ਦੇ ਕੋਲ ਫਾਇਰਿੰਗ 'ਚ ਮਾਰੇ ਗਏ ਪੰਜ ਸ਼ਹੀਦਾਂ ਦੀ ਯਾਦਗਾਰ ਹੈ। ਇਸੇ ਬੇਖ਼ੌਫ਼ ਵਿਰੋਧ ਕਾਰਨ ਜੋ ਸੜਕ ਸਿਲਗੇਰ ਕੈਂਪ ਤੱਕ ਬਣ ਚੁੱਕੀ ਹੈ ਉਹ ਅੱਗੇ ਜਗਰਗੁੰਡਾ ਤੱਕ ਨਹੀਂ ਬਣਾਈ ਜਾ ਸਕੀ ਕਿਉਂਕਿ ਸਰਕਾਰੀ ਬੰਦੂਕਾਂ ਸਿਲਗੇਰ ਅੰਦੋਲਨ ਨੂੰ ਕੁਚਲ ਨਹੀਂ ਸਕੀਆਂ।

ਇਹ ਅੰਦੋਲਨ ਸਥਾਨਕ ਮੁੱਦਿਆਂ ਉੱਪਰ ਹੁੰਦਿਆਂ ਹੋਇਆਂ ਵੀ ਇਸ ਦਾ ਮਹੱਤਵ ਮੁਲਕ-ਵਿਆਪੀ ਹੈ। ਕਿਉਂਕਿ ਇਸ ਨੇ ਖ਼ੂੰਖ਼ਾਰ ਹਕੂਮਤੀ ਤਾਕਤ ਨਾਲ ਮੱਥਾ ਲਾ ਕੇ ਧਾੜਵੀ ਤੰਤਰ ਨੂੰ ਅੱਗੇ ਵਧਣ ਤੋਂ ਰੋਕਿਆ ਹੋਇਆ ਹੈ ਅਤੇ ਇਹ ਕਾਰਪੋਰੇਟ ਮਾਡਲ ਦਾ ਵਿਰੋਧ ਕਰਨ ਪੱਖੋਂ ਪੂਰੇ ਮੁਲਕ ਲਈ ਪ੍ਰੇਰਨਾ ਦਾ ਸਰੋਤ ਹੈ। ਖ਼ਾਸ ਕਰਕੇ ਉਦੋਂ ਜਦੋਂ ਪ੍ਰਭਾਵਸ਼ਾਲੀ ਅੰਦੋਲਨ ਨਹੀਂ ਹੋ ਰਹੇ ਅਤੇ ਦੱਬੇ-ਕੁਚਲਿਆਂ ਦੀ ਨੁਮਾਇੰਦਗੀ ਕਰਦੇ ਸੰਘਰਸ਼ਸ਼ੀਲ ਹਿੱਸੇ ਹਕੂਮਤ ਦੇ ਬੁਲਡੋਜ਼ਰ ਅੱਗੇ ਲਗਾਤਾਰ ਡਟਣ 'ਚ ਬੇਵਸੀ ਮਹਿਸੂਸ ਕਰ ਰਹੇ ਹਨ। ਸਿਲਗੇਰ ਅੰਦੋਲਨ ਨੇ 'ਏਰੀਆ ਡੌਮੀਨੇਸ਼ਨ' ਰਾਹੀਂ ਕਬਜ਼ੇ 'ਚ ਲਏ ਗਏ ਜੰਗਲੀ ਵਸੀਲਿਆਂ ਉੱਪਰ ਆਦਿਵਾਸੀਆਂ ਦਾ ਹੱਕ ਮੁੜ ਸਥਾਪਿਤ ਕਰ ਲਿਆ ਹੈ। ਬੇਸ਼ੱਕ ਮ੍ਰਿਤਕਾਂ ਲਈ ਇਨਸਾਫ਼ ਇਕ ਮਹੱਤਵਪੂਰਨ ਮੰਗ ਹੈ ਪਰ ਅੰਦੋਲਨ ਪੇਸਾ ਕਾਨੂੰਨ (ਪੰਚਾਇਤ ਰਾਜ ਵਿਸਤਾਰ ਐਕਟ) ਅਤੇ ਗ੍ਰਾਮ ਸਭਾ ਦੀ ਸੰਵਿਧਾਨਕ ਵਿਵਸਥਾ ਨੂੰ ਲਾਗੂ ਕਰਾਉਣ ਦੇ ਵੱਡੇ ਮੁੱਦਿਆਂ ਉੱਪਰ ਕੇਂਦਰਤ ਹੈ ਜੋ ਦਰਅਸਲ ਆਦਿਵਾਸੀਆਂ ਦੀ ਆਪਣੇ ਹੱਕਾਂ ਦੀ ਪਹਿਰੇਦਾਰੀ ਹੈ। ਪੈਦਲ ਯਾਤਰਾਵਾਂ, ਰੈਲੀਆਂ ਆਦਿ ਰਾਹੀਂ ਵਿਸ਼ਾਲ ਲਾਮਬੰਦੀ ਕੀਤੀ ਗਈ ਹੈ। ਸਿਲਗੇਰ ਅੰਦੋਲਨ ਤੋਂ ਪ੍ਰੇਰਨਾ ਲੈ ਕੇ ਬਸਤਰ ਦੇ ਤਿੰਨ ਜ਼ਿਲ੍ਹਿਆਂ ਦੀਆਂ 12 ਹੋਰ ਥਾਵਾਂ ਉੱਪਰ ਕੈਂਪਾਂ ਵਿਰੋਧੀ ਆਦਿਵਾਸੀ ਅੰਦੋਲਨ ਦੇ ਕੇਂਦਰ ਉੱਭਰੇ ਹਨ ਜਿਨ੍ਹਾਂ ਨੇ ਦੋ ਦਹਾਕਿਆਂ ਤੋਂ ਰਾਜਕੀ ਦਹਿਸ਼ਤਵਾਦ ਦਾ ਸੰਤਾਪ ਝੱਲ ਰਹੇ ਆਦਿਵਾਸੀਆਂ ਦੇ ਰੋਹ ਨੂੰ ਲੜਾਈ ਦੇ ਨਵੇਂ ਮੁਹਾਜ਼ ਦੇ ਰੂਪ 'ਚ ਲਾਮਬੰਦ ਕੀਤਾ ਹੈ। ਇਸ ਅੰਦੋਲਨ ਵਿੱਚੋਂ 'ਮੂਲਵਾਸੀ ਬਚਾਓ ਮੰਚ' ਨਾਂ ਦੀ ਨਵੀਂ ਆਦਿਵਾਸੀ ਜਥੇਬੰਦੀ ਬਣੀ ਹੈ। ਜਿਸ ਦਾ ਆਪਣਾ ਹਰਾ ਝੰਡਾ ਹੈ ਜੋ ਹੁਣ ਸਿਲਗੇਰ ਅਤੇ ਹੋਰ ਥਾਈਂ ਧੱਕੇ ਨਾਲ ਬਣਾਈਆਂ ਜਾ ਰਹੀਆਂ ਸੜਕਾਂ ਵਿਰੁੱਧ ਸੰਘਰਸ਼ ਦਾ ਪ੍ਰਤੀਕ ਬਣ ਗਿਆ ਹੈ।

ਅੰਦੋਲਨ ਦੇ ਕੈਂਪ ਤੋਂ ਥੋੜ੍ਹੀ ਦੂਰ ਸੈਂਕੜਿਆਂ ਦੀ ਤਦਾਦ 'ਚ ਸਰਕਾਰੀ ਲਸ਼ਕਰ ਸਿਲਗੇਰ ਕੈਂਪ ਬਣਾਈ ਬੈਠੇ ਹਨ ਜਿਨ੍ਹਾਂ ਨੇ ਗੋਲੀਆਂ ਚਲਾ ਕੇ ਆਦਿਵਾਸੀਆਂ ਨੂੰ ਕਤਲ ਕੀਤਾ ਸੀ ਅਤੇ ਜਿਨ੍ਹਾਂ ਦੀ ਮੱਦਦ ਨਾਲ 'ਵਿਕਾਸ' ਦਾ ਬੁਲਡੋਜ਼ਰ ਜੰਗਲਾਂ-ਪਹਾੜਾਂ ਅਤੇ ਆਦਿਵਾਸੀ ਤਰਜ਼ੇ-ਜ਼ਿੰਦਗੀ ਨੂੰ ਤਬਾਹ ਕਰਕੇ ਦਣ-ਦਣਾਉਂਦਾ ਅੱਗੇ ਵਧਦਾ ਜਾ ਰਿਹਾ ਸੀ। ਭਾਰਤੀ ਹੁਕਮਰਾਨ, ਜਿਨ੍ਹਾਂ ਨੇ ਸੱਤ ਦਹਾਕਿਆਂ 'ਚ ਆਦਿਵਾਸੀਆਂ ਨੂੰ ਪੜ੍ਹਾਈ ਅਤੇ ਇਲਾਜ ਮੁਹੱਈਆ ਕਰਾਉਣ ਵਰਗੀਆਂ ਮੁੱਢਲੀਆਂ ਮਨੁੱਖੀ ਲੋੜਾਂ ਦੀ ਵੀ ਕਦੇ ਲੋੜ ਨਹੀਂ ਸੀ ਸਮਝੀ, ਨੀਮ-ਫ਼ੌਜੀ ਲਸ਼ਕਰਾਂ ਦੇ ਕੈਂਪਾਂ ਦਾ ਜਾਲ ਵਿਛਾਉਣ ਉੱਪਰ ਹਜ਼ਾਰਾਂ ਕਰੋੜ ਰੁਪਏ ਪਾਣੀ ਵਾਂਗ ਵਹਾ ਰਹੇ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਵੱਲੋਂ ਅਪ੍ਰੈਲ 2022 'ਚ ਲੋਕ ਸਭਾ ਨੂੰ ਦਿੱਤੀ ਲਿਖਤੀ ਜਾਣਕਾਰੀ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ 'ਸੁਰੱਖਿਆ ਸਬੰਧੀ ਖ਼ਰਚੇ' ਤਹਿਤ 'ਖੱਬੇਪੱਖੀ ਅੱਤਵਾਦ' ਤੋਂ ਪ੍ਰਭਾਵਿਤ ਰਾਜਾਂ ਨੂੰ 1623 ਕਰੋੜ ਰੁਪਏ ਜਾਰੀ ਕੀਤੇ ਗਏ ਜੋ 'ਸਪੈਸ਼ਲ ਇਨਫ੍ਰਾਸਟਰਕਚਰ ਸਕੀਮ' ਤਹਿਤ ਮੁੱਖ ਤੌਰ 'ਤੇ ਕਿਲ੍ਹਾਬੰਦ ਪੁਲਿਸ ਥਾਣਿਆਂ/ਕੈਂਪਾਂ ਦੇ ਨਿਰਮਾਣ, ਵਿਸ਼ੇਸ਼ ਖ਼ੁਫ਼ੀਆ ਏਜੰਸੀਆਂ ਅਤੇ ਪੁਲਿਸ ਥਾਣਿਆਂ ਨੂੰ ਮਜ਼ਬੂਤ ਬਣਾਉਣ ਲਈ ਸਨ। ਕਿਉਂਕਿ ਸੱਤਾ ਦੀਆਂ ਬੰਦੂਕਾਂ ਦੇ ਜ਼ੋਰ ਆਦਿਵਾਸੀਆਂ ਨੂੰ ਕੁਚਲ ਕੇ ਹੀ ਜੰਗਲਾਂ ਦੇ ਧੁਰ ਅੰਦਰ ਸੜਕਾਂ ਦਾ ਜਾਲ ਵਿਛਾਇਆ ਜਾ ਸਕਦਾ ਹੈ ਜੋ ਪੁਲਿਸ ਅਤੇ ਨੀਮ-ਫ਼ੌਜੀ ਦਸਤਿਆਂ ਦੀ ਆਮਦ ਅਤੇ ਕਾਰਪੋਰੇਟ ਪ੍ਰੋਜੈਕਟਾਂ ਦੇ ਢੋਆ-ਢੁਆਈ ਦੇ ਕੰਮਾਂ ਲਈ ਵਰਤੀਆਂ ਜਾਂਦੀਆਂ ਹਨ। ਇਸ ਹਕੀਕਤ ਨੂੰ ਆਦਿਵਾਸੀ ਬਾਖ਼ੂਬੀ ਸਮਝਦੇ ਹਨ। ਸੜਕਾਂ ਅਤੇ ਨੀਮ-ਫ਼ੌਜੀ ਕੈਂਪ ਇਕੱਠੇ ਅੱਗੇ ਵਧਦੇ ਹਨ। ਸੜਕ ਬਣਾਉਣ ਵਾਲੇ ਠੇਕੇਦਾਰ, ਮਜ਼ਦੂਰ ਅਤੇ ਜ਼ਰੂਰੀ ਮਸ਼ੀਨਰੀ ਸਭ ਨੀਮ-ਫ਼ੌਜੀ ਕੈਂਪਾਂ ਦੀ ਸੁਰੱਖਿਆ ਹੇਠ ਰਹਿੰਦੇ ਹਨ। ਸੜਕ ਬਣਾਉਣ ਦਾ ਅਮਲ ਬਾਰੂਦੀ ਸੁਰੰਗਾਂ ਦਾ ਪਤਾ ਲਗਾਉਣ ਵਾਲੇ ਆਧੁਨਿਕ ਯੰਤਰਾਂ ਅਤੇ ਮਾਈਨ ਪਰੂਫ਼ ਗੱਡੀਆਂ ਨਾਲ ਲੈਸ ਨੀਮ-ਫ਼ੌਜੀ ਲਸ਼ਕਰਾਂ ਦੇ ਪਹਿਰੇ ਹੇਠ ਚੱਲਦਾ ਹੈ।

ਸੜਕਾਂ ਆਦਿਵਾਸੀਆਂ ਨੂੰ ਬਾਕੀ ਸਮਾਜ ਨਾਲ ਜੋੜਨ ਲਈ ਨਹੀਂ ਬਣਾਈਆਂ ਜਾਂਦੀਆਂ ਸਗੋਂ ਇਨ੍ਹਾਂ ਦਾ ਮਨੋਰਥ ਆਦਿਵਾਸੀਆਂ ਦਾ ਉਜਾੜਾ ਅਤੇ ਨਸਲਕੁਸ਼ੀ ਕਰਕੇ ਕਾਰਪੋਰੇਟ ਖਣਨ ਦੇ ਕਾਰੋਬਾਰਾਂ ਦਾ ਵਿਸਤਾਰ ਕਰਨਾ ਅਤੇ 'ਜੀਡੀਪੀ ਦੀ ਵਿਕਾਸ ਦਰ' ਨੂੰ ਜ਼ਰਬਾਂ ਦੇਣਾ ਹੈ। ਪਹਿਲਾਂ ਲਗਾਏ ਪ੍ਰੋਜੈਕਟ ਇਸ ਦਾ ਸਬੂਤ ਹਨ ਕਿ ਭਾਰਤੀ ਰਾਜ ਨੇ ਦੇਸੀ-ਬਦੇਸ਼ੀ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਖਣਿਜ ਮੁਹੱਈਆ ਕਰਾਉਣ ਲਈ ਬੁਨਿਆਦੀ ਢਾਂਚਾ ਕਿੰਨਾ ਕਾਰਜ-ਕੁਸ਼ਲ ਅਤੇ ਫੁਰਤੀਲਾ ਬਣਾ ਲਿਆ ਹੈ। ਜਿੱਥੇ ਬੀਮਾਰਾਂ ਨੂੰ ਵਹਿੰਗੀ 'ਚ ਜਾਂ ਮੰਜੇ ਉੱਪਰ ਚੁੱਕ ਕੇ ਦਰਜਨਾਂ ਕਿਲੋਮੀਟਰ ਪੈਦਲ ਚੱਲ ਕੇ ਹਸਪਤਾਲ ਲਿਜਾਣਾ ਪੈਂਦਾ ਹੈ ਉੱਥੋਂ ਬਸਤਰ ਤੋਂ ਕੱਚਾ ਲੋਹਾ ਕੱਢ ਕੇ ਮਾਲ ਗੱਡੀਆਂ 'ਚ ਭਰ ਕੇ ਬੇਹੱਦ ਕਾਰਜਕੁਸ਼ਲ ਢੋਆਢੁਆਈ ਵਿਵਸਥਾ ਰਾਹੀਂ ਵਿਸ਼ਾਖਾਪਟਨਮ ਦੀ ਬੰਦਰਗਾਹ 'ਤੇ ਪਹੁੰਚਾਇਆ ਜਾਂਦਾ ਹੈ ਜਿਸ ਨੂੰ ਜਪਾਨ ਅਤੇ ਹੋਰ ਅੰਤਰਰਾਸ਼ਟਰੀ ਕਾਰੋਬਾਰਾਂ ਦੀ ਸਪਲਾਈ ਲਾਈਨ ਨਾਲ ਜੋੜਿਆ ਗਿਆ ਹੈ। ਅਡਾਨੀ ਗਰੁੱਪ ਵੱਲੋਂ ਛੱਤੀਸਗੜ੍ਹ ਦੇ ਹਸਦੇਵ-ਅਰਣਯ ਜੰਗਲ 'ਚ ਕੋਲੇ ਦਾ ਅਤੇ ਦੰਤੇਵਾੜਾ 'ਚ ਲੋਹੇ ਦਾ ਖਣਨ; ਅਦਿੱਤਿਆ ਬਿਰਲਾ, ਐੱਲ. ਐਂਡ. ਟੀ., ਉਤਕਲ ਅਲੂਮਿਨਾ ਵੱਲੋਂ ਉੜੀਸਾ ਦੇ ਰਾਇਗੜ੍ਹ/ਕਾਸ਼ੀਪੁਰ 'ਚ ਬਾਕਸਾਈਟ ਦਾ ਖਣਨ, ਵੇਦਾਂਤਾ ਵੱਲੋਂ ਉੜੀਸਾ ਦੇ ਲਾਂਜੀਗੜ੍ਹ 'ਚ ਬਾਕਸਾਈਟ ਦਾ ਖਣਨ; ਟਾਟਾ ਸਟੀਲ, ਪੌਸਕੋ ਆਦਿ ਵੱਲੋਂ ਉੜੀਸਾ ਦੇ ਜਜਪੁਰ, ਕਲਿੰਗਾਨਗਰ 'ਚ ਕੱਚੇ ਲੋਹੇ ਦਾ ਖਣਨ ਦੇ ਪ੍ਰੋਜੈਕਟ ਆਦਿਵਾਸੀ ਵਿਰੋਧ ਦੇ ਬਾਵਜੂਦ ਥੋਪੇ ਗਏ ਹਨ। ਮਾਓਵਾਦੀ ਜ਼ੋਰ ਵਾਲੇ ਖੇਤਰ ਕਿਉਂਕਿ ਖਣਿਜਾਂ ਦੇ ਵਸੀਲਿਆਂ ਪੱਖੋਂ ਕਾਰਪੋਰੇਟ ਕਾਰੋਬਾਰੀਆਂ ਅਤੇ ਦਲਾਲ ਹੁਕਮਰਾਨਾਂ ਲਈ ਸੋਨੇ ਦੀ ਖਾਣ ਹਨ ਇਸ ਲਈ ਉਨ੍ਹਾਂ ਇਲਾਕਿਆਂ ਨੂੰ ਖਾਲੀ ਕਰਾਉਣ ਲਈ ਉੱਥੇ 'ਅੰਦਰੂਨੀ ਸੁਰੱਖਿਆ' ਦੇ ਬਹਾਨੇ ਨੀਮ-ਫ਼ੌਜੀ ਲਸ਼ਕਰਾਂ ਦਾ ਸੰਘਣਾ ਜਾਲ ਵਿਛਾਉਣਾ ਹਕੂਮਤ ਦੀ ਪਹਿਲੀ ਤਰਜੀਹ ਹੈ। ਇਸੇ ਕਰਕੇ ਯੁੱਧ ਖੇਤਰਾਂ 'ਚ ਬਣਾਏ ਜਾਂਦੇ ਫ਼ੌਜੀ ਕੈਂਪਾਂ ਦੀ ਤਰਜ਼ 'ਤੇ ਬਸਤਰ ਅਤੇ ਮਾਓਵਾਦੀ ਰਸੂਖ਼ ਵਾਲੇ ਹੋਰ ਇਲਾਕਿਆਂ 'ਚ ਹਰ 2-3 ਕਿਲੋਮੀਟਰ 'ਤੇ ਨੀਮ-ਫ਼ੌਜੀ ਦਸਤਿਆਂ ਦੇ ਕੈਂਪ ਬਣਾਏ ਜਾ ਰਹੇ ਹਨ। ਘੱਟੋਘੱਟ ਸਮੇਂ 'ਚ ਕੈਂਪ ਬਣਾ ਕੇ ਹਕੂਮਤ ਦੀ ਸੱਤ੍ਹਾ ਦਾ ਮੁਕਾਮੀ ਕੇਂਦਰ ਸਥਾਪਤ ਕੀਤਾ ਜਾਂਦਾ ਹੈ ਜੋ ਬੰਦੂਕ ਦੇ ਜ਼ੋਰ ਉੱਥੋਂ ਦੀ ਜ਼ਿੰਦਗੀ ਨੂੰ ਕੰਟਰੋਲ ਕਰਕੇ ਹੁਕਮ ਚਲਾਉਣਾ ਸ਼ੁਰੂ ਕਰ ਦਿੰਦੇ ਹਨ। ਇੰਡੀਅਨ ਐਕਸਪ੍ਰੈੱਸ 'ਚ 27 ਅਪ੍ਰੈਲ 2022 ਨੂੰ ਛਪੀ ਇਕ ਰਿਪੋਰਟ ਅਨੁਸਾਰ ਛੱਤੀਸਗੜ੍ਹ ਦੇ ਸੁਕਮਾ, ਬੀਜਾਪੁਰ ਅਤੇ ਦੰਤੇਵਾੜਾ ਸਮੇਤ 7 ਜ਼ਿਲ੍ਹਿਆਂ ਵਿਚ ਤਿੰਨ ਸਾਲਾਂ 'ਚ 42 ਕੈਂਪ ਬਣਾਏ ਗਏ ਹਨ। ਪੰਜ ਸਾਲਾਂ 'ਚ 60 ਕੈਂਪ ਨਵੇਂ ਬਣੇ ਹਨ ਪਰ ਕਿੰਨੇ ਨਾਮਨਿਹਾਦ ਸਕੂਲ ਵੀ ਬੰਦ ਹੋ ਗਏ ਇਸ ਦਾ ਕੋਈ ਰਿਕਾਰਡ ਨਹੀਂ ਹੈ। ਹਥਿਆਰਬੰਦ ਸਰਕਾਰੀ ਲਸ਼ਕਰਾਂ ਦੇ ਕੈਂਪਾਂ ਦਾ ਇਸੇ ਤਰ੍ਹਾਂ ਦਾ ਜਾਲ ਗੜ੍ਹਚਿਰੌਲੀ (ਮਹਾਰਾਸ਼ਟਰ) ਦੇ ਸੂਰਜਗੜ੍ਹ ਪਹਾੜੀ ਖੇਤਰ, ਝਾਰਖੰਡ ਦੀਆਂ ਪਾਰਸ਼ਵਨਾਥ ਪਹਾੜੀਆਂ ਵਾਲੇ ਜ਼ਿਲ੍ਹਿਆਂ 'ਚ ਵੀ ਇਸੇ ਰਫ਼ਤਾਰ ਨਾਲ ਫੈਲਿਆ ਹੈ। ਕੈਂਪ ਹੁਕਮਰਾਨਾਂ ਵੱਲੋਂ ਆਪਣੇ ਹੀ ਸਭ ਤੋਂ ਹਾਸ਼ੀਆਗ੍ਰਸਤ ਨਾਗਰਿਕਾਂ ਵਿਰੁੱਧ ਲੜੇ ਜਾ ਰਹੇ ਧਾੜਵੀ ਯੁੱਧ ਦੇ ਘਿਣਾਉਣੇ ਚਿੰਨ੍ਹ ਹਨ। ਇਸੇ ਕਰਕੇ ਕੈਂਪ ਵਿਰੋਧੀ ਅੰਦੋਲਨ ਬਾਕੀ ਮੁੱਦਿਆਂ ਉੱਪਰ ਅੰਦੋਲਨਾਂ 'ਚੋਂ ਸਿਰ-ਕੱਢਵਾਂ ਅੰਦੋਲਨ ਬਣ ਕੇ ਉੱਭਰਿਆ ਹੈ।

ਸਲਵਾ ਜੁਡਮ, ਉਪਰੇਸ਼ਨ ਗ੍ਰੀਨ ਹੰਟ ਤੋਂ ਲੈ ਕੇ ਅਜੋਕੇ 'ਉਪਰੇਸ਼ਨ ਸਮਾਧਾਨ-ਪ੍ਰਹਾਰ' ਤੱਕ ਇਸੇ ਨਹੱਕੇ ਯੁੱਧ ਦੇ ਵੱਖ-ਵੱਖ ਨਾਮ ਹਨ। 2005 'ਚ ਛੱਤੀਸਗੜ੍ਹ ਦੇ ਜੰਗਲਾਂ 'ਚ ਅੱਗਜ਼ਨੀ, ਕਤਲੇਆਮ, ਸਮੂਹਿਕ ਬਲਾਤਕਾਰ ਅਤੇ ਉਜਾੜਾ ਕਰਨ ਲਈ 'ਸਲਵਾ ਜੁਡਮ' ਜਥੇਬੰਦ ਕਰਕੇ ਸਾਢੇ ਛੇ ਸੌ ਪਿੰਡ ਤਬਾਹ ਕੀਤੇ ਗਏ। ਜਦੋਂ ਇਸ ਨਾਲ ਵੀ ਭਾਰਤੀ ਹੁਕਮਰਾਨਾਂ ਨੂੰ ਆਪਣਾ ਮਨੋਰਥ ਪੂਰਾ ਹੁੰਦਾ ਨਜ਼ਰ ਨਾ ਆਇਆ ਤਾਂ ਸਤੰਬਰ 2009 'ਚ ਮਨਮੋਹਨ ਸਿੰਘ-ਸੋਨੀਆ ਗਾਂਧੀ ਦੀ ਸਰਕਾਰ ਵੱਲੋਂ ਮਾਓਵਾਦ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨ ਕੇ ਫ਼ੌਜ ਦੀ ਅਸਿੱਧੀ ਮੱਦਦ ਨਾਲ 9 ਰਾਜਾਂ ਦੇ 15 ਕਰੋੜ ਆਦਿਵਾਸੀਆਂ ਵਿਰੁੱਧ 'ਉਪਰੇਸ਼ਨ ਗ੍ਰੀਨ ਹੰਟ' ਨਾਮ ਦਾ ਨੀਮ-ਫ਼ੌਜੀ ਹਮਲਾ ਵਿੱਢ ਦਿੱਤਾ ਗਿਆ। ਭਾਵੇਂ ਬਾਦ ਵਿਚ ਕੌਮਾਂਤਰੀ ਪੱਧਰ 'ਤੇ ਬਦਨਾਮੀ ਦੇ ਮੱਦੇਨਜ਼ਰ ਹਕੂਮਤ ਐਸਾ ਕੋਈ ਉਪਰੇਸ਼ਨ ਚਲਾਏ ਜਾਣ ਤੋਂ ਮੁੱਕਰ ਗਈ ਪਰ ਵੱਖ-ਵੱਖ ਨਾਵਾਂ ਹੇਠ ਇਹ ਹਮਲਾ ਨਾ ਸਿਰਫ਼ ਲਗਾਤਾਰ ਜਾਰੀ ਹੈ ਸਗੋਂ 2014 'ਚ ਆਰ.ਐੱਸ.ਐੱਸ-ਭਾਜਪਾ ਦੇ ਰਾਜ ਵਿਚ ਇਹ ਖ਼ਾਸ ਤੌਰ 'ਤੇ ਤਿੱਖਾ ਅਤੇ ਹੋਰ ਵੀ ਵਧੇਰੇ ਬੇਕਿਰਕ ਹੋ ਗਿਆ ਹੈ। ਪਿੰਡਾਂ ਨੂੰ ਘੇਰ ਕੇ ਹਮਲਿਆਂ ਅਤੇ ਝੂਠੇ ਮੁਕਾਬਲਿਆਂ 'ਚ ਕਤਲੇਆਮ, ਆਦਿਵਾਸੀਆਂ ਦੀ ਵੱਢ-ਟੁੱਕ, ਸਮੂਹਿਕ ਬਲਾਤਕਾਰਾਂ, ਆਦਿਵਾਸੀ ਜਾਇਦਾਦਾਂ ਦੀ ਵਿਆਪਕ ਪੈਮਾਨੇ 'ਤੇ ਤਬਾਹੀ ਅਤੇ ਲੁੱਟਮਾਰ ਦੀ ਤਸਵੀਰ ਐਨੀ ਭਿਆਨਕ ਹੈ ਕਿ ਇਸ ਉੱਪਰ ਪਰਦਾਪੋਸ਼ੀ ਕਰਨ ਲਈ ਭਾਰਤੀ ਹੁਕਮਰਾਨਾਂ ਨੂੰ ਸੁਪਰੀਮ ਕੋਰਟ ਦਾ ਸਹਾਰਾ ਲੈਣਾ ਪੈ ਰਿਹਾ ਹੈ। ਝੂਠੇ ਕੇਸਾਂ 'ਚ ਜੇਲ੍ਹਾਂ 'ਚ ਡੱਕੇ ਆਦਿਵਾਸੀਆਂ ਨਾਲ ਜੇਲ੍ਹਾਂ ਭਰੀਆਂ ਪਈਆਂ ਹਨ। ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ 13 ਸਾਲ ਤੋਂ ਇਸ ਨੀਮ-ਫ਼ੌਜੀ ਹਮਲੇ ਦੇ ਬਾਵਜੂਦ ਆਦਿਵਾਸੀ ਭਾਰਤੀ ਸਟੇਟ ਦੀ ਫ਼ੌਜੀ ਧੌਂਸ ਨੂੰ ਮੰਨਣ ਤੋਂ ਆਕੀ ਹਨ ਜਿਨ੍ਹਾਂ ਦੀ ਅੰਗਰੇਜ਼ੀ ਰਾਜ ਦੇ ਵੇਲੇ ਤੋਂ ਹੀ ਹਕੂਮਤ ਦੇ ਧਾੜਵੀ ਹਮਲਿਆਂ ਨਾਲ ਟੱਕਰ ਲੈਣ ਦੀ ਸ਼ਾਨਦਾਰ ਵਿਰਾਸਤ ਹੈ।

ਜੇ ਇਹ ਲੜਾਈ ਫ਼ੌਰੀ ਹਿਤਾਂ ਲਈ ਹੁੰਦੀ ਤਾਂ ਹਕੂਮਤ ਸ਼ਾਇਦ ਕਦੋਂ ਦੀ ਕਾਮਯਾਬ ਹੋ ਜਾਂਦੀ। ਭਾਰਤੀ ਹੁਕਮਰਾਨਾਂ ਦੇ 'ਵਿਕਾਸ ਮਾਡਲ' ਦੇ ਘਾਤਕ ਚਿਹਰੇ ਨੂੰ ਮੁਲਕ ਦੀ 'ਮੁੱਖਧਾਰਾ' ਦੇ ਪੜ੍ਹੇਲਿਖੇ ਹਿੱਸੇ ਅੱਜ ਵੀ ਨਹੀਂ ਸਮਝ ਸਕੇ, ਉਸ ਨੂੰ ਅਨਪੜ੍ਹ, ਸਭ ਤੋਂ ਪਿਛੜੇ ਹੋਏ ਅਤੇ ਅਸੱਭਿਅਕ ਸਮਝੇ ਜਾਂਦੇ ਆਦਿਵਾਸੀਆਂ ਨੇ ਦੋ ਦਹਾਕੇ ਪਹਿਲਾਂ ਹੀ ਬਾਖ਼ੂਬੀ ਸਮਝ ਲਿਆ ਸੀ। ਆਦਿਵਾਸੀਆਂ ਲਈ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ-ਪਹਾੜਾਂ ਨੂੰ ਬਚਾਉਣ ਲਈ ਜਾਨ-ਹੂਲਵੀਂ ਲੜਾਈ ਲੜਨਾ ਜ਼ਰੂਰੀ ਹੋ ਗਿਆ। ਇਹ ਲੜਾਈ ਆਦਿਵਾਸੀਆਂ ਦੀ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਹੈ ਜਿਨ੍ਹਾਂ ਨੂੰ ਉਜਾੜੇ ਅਤੇ ਨਸਲਕੁਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਦਾ ਮਹੱਤਵ ਪੂਰੇ ਮੁਲਕ ਲਈ ਹੈ। ਲੋਕ ਦੋਖੀ ਨੀਤੀਆਂ ਕਾਰਨ ਜੰਗਲੀ ਚੌਗਿਰਦੇ ਦੀ ਭਿਆਨਕ ਤਬਾਹੀ, ਬਰਬਾਦੀ ਅਤੇ ਉਜਾੜੇ ਦੀ ਹਕੀਕਤ ਉੱਪਰ ਪਰਦਾ ਪਾਈ ਰੱਖਣ ਲਈ ਹੀ ਭਗਵੀਂ ਹਕੂਮਤ ਨੇ ਮੁਲਕ ਦੇ ਰੋਸ਼ਨ ਖ਼ਿਆਲ ਬੁੱਧੀਜੀਵੀਆਂ ਅਤੇ ਹੱਕਾਂ ਦੇ ਹੋਰ ਪਹਿਰੇਦਾਰਾਂ ਨੂੰ ਪੂਰੀ ਤਰ੍ਹਾਂ ਝੂਠੇ ਕੇਸਾਂ ਤਹਿਤ ਜੇਲ੍ਹਾਂ 'ਚ ਡੱਕਿਆ ਹੋਇਆ ਹੈ। ਲਿਹਾਜ਼ਾ, ਇਸ ਅੰਦੋਲਨ ਦੇ ਮਹੱਤਵ ਨੂੰ ਸਮਝਣ ਅਤੇ ਇਸ ਨਾਲ ਵਿਸ਼ਾਲ ਪੈਮਾਨੇ 'ਤੇ ਇਕਮੁੱਠਤਾ ਪ੍ਰਗਟਾਉਣਾ ਅੱਜ ਤਰਜੀਹੀ ਕੰਮਾਂ 'ਚੋਂ ਇਕ ਹੋਣਾ ਚਾਹੀਦਾ ਹੈ।





# ਕਿਸਾਨ ਧਰਨਿਆਂ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਦੇ ਮਾਇਨੇ

**ਨਵਕਿਰਨ ਸਿੰਘ ਪੱਤੀ**





ਪੰਜਾਬ ਸਰਕਾਰ ਨਾਲ ਸਬੰਧਤ ਕਿਸਾਨ ਮੰਗਾਂ ਦੇ ਹੱਲ ਲਈ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਵੱਲੋਂ ਪਿਛਲੇ ਇੱਕ ਹਫਤੇ ਤੋਂ ਪੰਜਾਬ ਵਿੱਚ ਛੇ ਥਾਵਾਂ ’ਤੇ ਸੜਕੀ ਆਵਾਜਾਈ ਜਾਮ ਕਰਕੇ ਧਰਨੇ ਸ਼ੁਰੂ ਕੀਤੇ ਹੋਏ ਹਨ। ਸੂਬਾ ਸਰਕਾਰ ਦੀ ਪਹਿਲ ਪ੍ਰਿਥਮ ਜਿੰਮੇਬਾਰੀ ਬਣਦੀ ਸੀ ਕਿ ਉਹ ਕਿਸਾਨਾਂ ਨੂੰ ਬੁਲਾ ਕੇ ਉਹਨਾਂ ਦੀ ਗੱਲ ਸੁਣਦੀ ਪਰ ਮੁੱਖ ਮੰਤਰੀ ਜੀ ਨੇ ਗੱਲਬਾਤ ਦਾ ਸੱਦਾ ਦੇਣ ਦੀ ਬਜਾਏ ਮੀਡੀਆ ਵਿੱਚ ਬਿਆਨ ਦਿੱਤਾ ਕਿ “ਧਰਨਾ ਲਾਉਣਾ ਡੀਸੀ ਦਫਤਰ ਲਾਓ, ਐਮਐਲਏ/ਮੰਤਰੀ ਦੇ ਘਰ ਮੂਹਰੇ ਜਾਓ,ਪਰ ਲੋਕਾਂ ਨੂੰ ਡਿਸਟਰਬ ਨਾ ਕੀਤਾ ਜਾਵੇ, ਪਬਲਿਕ ਆਪ ਕਹਿੰਦੀ ਹੈ ਕਿ ਸਾਨੂੰ ਕਿਉਂ ਤੰਗ ਕੀਤਾ! ਸਾਰੀਆਂ ਨਹੀਂ, ਕੁੱਛ ਜਥੇਬੰਦੀਆਂ ਸਿਰਫ ਆਪਣੀ ਹਾਜ਼ਰੀ ਲਵਾਉਣ ਲਈ ਧਰਨਾ ਦਿੰਦੀਆਂ ਹਨ ਕਿਉਂਕਿ ਕੁੱਝ ਜਥੇਬੰਦੀਆਂ ਨੇ ਆਪਣਾ ਖਰਚਾ ਵੀ ਵਿਖਾਉਣਾ ਹੁੰਦਾ ਹੈ। ਫਿਰ ਇੱਧਰੋ ਉੱਧਰੋਂ ਫੰਡ ਵੀ ਇਕੱਠੇ ਕਰਨੇ ਹੁੰਦੇ ਹਨ”ਮੁੱਖ ਮੰਤਰੀ ਸਾਹਿਬ ਇੱਥੇ ਹੀ ਨਹੀਂ ਰੁਕੇ ਬਲਕਿ ਅੱਗੇ ਕਹਿੰਦੇ ਹਨ ਕਿ ਜਥੇਬੰਦੀਆਂ ਮਹੀਨੇ ਵੰਡ ਕੇ ਧਰਨੇ ਲਾਉਂਦੀਆਂ ਹਨ।

ਸੰਵਾਦ ਦਾ ਰਾਹ ਅਪਾਉਣ ਦੀ ਬਜਾਏ ਇਸ ਤਰ੍ਹਾਂ ਦੀ ਬਿਆਨਬਾਜੀ ਕਰਨ ਵਾਲੇ ਮੁੱਖ ਮੰਤਰੀ ਸਾਹਿਬ ਕੋਈ ਪਹਿਲੇ ਆਗੂ ਨਹੀਂ ਹਨ ਬਲਕਿ ਸੱਤਾ ਦੀ ਕੁਰਸੀ ਚੀਜ਼ ਹੀ ਐਸੀ ਹੈ ਕਿ ਸੱਤਾ ’ਚ ਰਹੀਆਂ ਪਿਛਲੀਆਂ ਰਵਾਇਤੀ ਸਿਆਸੀ ਪਾਰਟੀਆਂ ਦੇ ਆਗੂ ਵੀ ਇਸ ਤਰ੍ਹਾਂ ਦੀ ਹੀ ਬਿਆਨਬਾਜੀ ਕਰ ਰਹੇ ਸਨ।ਜਦ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਸੀ ਉਸ ਸਮੇਂ ਸੁਖਬੀਰ ਸਿੰਘ ਬਾਦਲ ਨੇ ਧਰਨਾਕਾਰੀ ਕਿਸਾਨਾਂ ਨੂੰ ਵਿਹਲੜ ਕਹਿ ਦਿੱਤਾ ਸੀ ਤੇ ਉਸ ਸਮੇਂ ਵੀ ਹੱਕੀ ਸੰਘਰਸ਼ ਲਾਠੀਚਾਰਜ਼ਾਂ ਨਾਲ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆ ਸਨ। ਇਹੋ ਕੁੱਝ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਚੱਲਦਾ ਰਿਹਾ ਸੀ। ਹੁਣ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਕਿਸਾਨਾਂ ਨੂੰ ਬਿਨ ਮੰਗਿਆਂ ਭਗਵੰਤ ਮਾਨ ਵਾਲੀ ਨਸੀਹਤ ਦੇ ਚੁੱਕੇ ਹਨ।

ਮੁੱਖ ਮੰਤਰੀ ਸਾਹਿਬ ਵੱਲੋਂ ਸੜਕੀ ਆਵਾਜਾਈ ਰੋਕਣ ਦੀ ਬਜਾਏ ਡੀਸੀ ਦਫਤਰਾਂ, ਮੰਤਰੀਆਂ ਦੇ ਘਰਾਂ ਅੱਗੇ ਧਰਨੇ ਦੇਣ ਦੀ ਦਲੀਲ ਕਹਿਣ, ਸੁਨਣ ਤਾਂ ਬਹੁਤ ਚੰਗੀ ਲੱਗਦੀ ਹੈ ਪਰ ਜੇਕਰ ਅਸੀਂ ਇੱਕ ਛੋਟੀ ਜਿਹੀ ਝਾਤ ਬੇਰੁਜਗਾਰ ਯੂਨੀਅਨ ਦੇ ਪਿਛਲੇ ਤਿੰਨ ਸਾਲ ਦੇ ਸੰਘਰਸ਼ੀ ਤਜੱਰਬੇ ’ਤੇ ਮਾਰੀਏ ਤਾਂ ਸਾਨੂੰ ਅਹਿਸਾਸ ਹੋਵੇਗਾ ਕਿ ਸਰਕਾਰਾਂ ਇਸ ਤਰ੍ਹਾਂ ਦੇ ਧਰਨਿਆਂ ਨੂੰ ਗੌਲਦੀਆਂ ਹੀ ਨਹੀਂ ਹਨ।

ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਰੁਜ਼ਗਾਰ ਦੀ ਮੰਗ ਖਾਤਰ ਅਧਿਆਪਕ ਯੋਗਤਾ ਪ੍ਰੀਖਿਆ (ਟੈੱਟ) ਪਾਸ ਬੇਰੁਜ਼ਗਾਰ ਬੀਐਡ ਅਧਿਆਪਕਾਂ ਵੱਲੋਂ ਉਸ ਸਮੇਂ ਦੇ ਸਿੱਖਿਆ ਮੰਤਰੀ ਵਿਜੇਇੰਦਰ ਸਿੰਗਲਾ ਦੇ ਜਿਲ੍ਹਾ ਸੰਗਰੂਰ ਦੇ ਡੀਸੀ ਦਫਤਰ ਅੱਗੇ 5 ਸਤੰਬਰ 2019 ਨੂੰ ਸ਼ਾਂਤਮਈ ਪੱਕਾ ਧਰਨਾ ਸ਼ੁਰੂ ਕੀਤਾ ਤੇ ਇਸ ਧਰਨੇ ਵਿੱਚ ਪੰਜਾਬ ਦੇ ਐਮ.ਏ/ ਐਮ.ਐਸਸੀ. ਬੀਐਡ ਪਾਸ ਨੌਜਵਾਨ ਮੁੰਡੇ, ਕੁੜੀਆਂ ਦਿਨ-ਰਾਤ ਬੈਠੇ ਰਹੇ ਪਰ ਸਰਕਾਰ ਨੇ ਇਸ ਧਰਨੇ ਨੂੰ ਗੌਲਿਆ ਹੀ ਨਹੀਂ ਤੇ 2 ਅਪਰੈਲ 2020 ਤੱਕ ਅੰਦਾਜ਼ਨ 6 ਮਹੀਨੇ ਬਾਅਦ ਕਰੋਨਾਵਾਇਰਸ ਕਾਰਨ ਇਸ ਧਰਨੇ ਨੂੰ ਮੁਲਤਵੀ ਕਰਨਾ ਪਿਆ ਸੀ।

ਉਸਤੋਂ ਬਾਅਦ ਇਹੋ ਜਥੇਬੰਦੀ ਟੈੱਟ ਪਾਸ ਬੇਰੁਜ਼ਗਾਰ ਬੀਐਡ ਅਧਿਆਪਕ ਯੂਨੀਅਨ ਨੇ 31 ਦਸੰਬਰ 2020 ਨੂੰ ਸਿੱਖਿਆ ਮੰਤਰੀ ਵਿਜੇਇੰਦਰ ਸਿੰਗਲਾ ਦੀ ਸੰਗਰੂਰ ਕੋਠੀ ਅੱਗੇ ਧਰਨਾ ਸ਼ੁਰੂ ਕੀਤਾ, ਹੈਰਾਨੀਜਨਕ ਇਹ ਹੈ ਕਿ ਸਿੱਖਿਆ ਮੰਤਰੀ 9 ਮਹੀਨੇ ਆਪਣੀ ਸੰਗਰੂਰ ਵਾਲੀ ਕੋਠੀ ਹੀ ਨਹੀਂ ਵੜਿਆ ਤੇ ਉਸਨੇ ਆਪਣੀ ਰਿਹਾਇਸ਼ ਪਟਿਆਲਾ, ਚੰਡੀਗੜ੍ਹ ਬਣਾ ਲਈ।ਜਦ ਕੈਪਟਨ ਅਮਰਿੰਦਰ ਸਿੰਘ ਨੂੰ ਲਾਂਭੇ ਕਰਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਤਾਂ ਉਸ ਸਮੇਂ ਸਿੱਖਿਆ ਮੰਤਰੀ ਦਾ ਆਹੁਦਾ ਪਰਗਟ ਸਿੰਘ ਨੂੰ ਦਿੱਤਾ ਗਿਆ। ਆਖੀਰ 273 ਦਿਨ ਬਾਅਦ ਬੇਰੁਜ਼ਗਾਰਾਂ ਨੂੰ ਵਿਜੇਇੰਦਰ ਸਿੰਗਲਾ ਦੀ ਰਿਹਾਇਸ਼ ਅੱਗਿਓਂ ਧਰਨਾ ਨਵੇਂ ਸਿੱਖਿਆ ਮੰਤਰੀ ਦੇ ਸ਼ਹਿਰ ਤਬਦੀਲ ਕਰਨਾ ਪਿਆ ਸੀ।

(ਬਾਕੀ ਸਫ਼ਾ 23 ’ਤੇ)


HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work

Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph. : 403-701-4947

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom

ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com

# ਹਜ਼ਾਰਾਂ ਕਿਸਾਨਾਂ ਵੱਲੋਂ ਰਾਜ-ਭਵਨ ਵੱਲ ਮਾਰਚ

## *ਐਮ.ਐਸ.ਪੀ. ਗਾਰੰਟੀ ਕਾਨੂੰਨ ਅਤੇ ਕਿਸਾਨੀ ਕਰਜ਼ਿਆਂ ਨੂੰ ਮਾਫ਼ ਕਰਵਾਉਣ ਲਈ ਦੂਜੇ ਪੜਾਅ ਦੇ ਸੰਘਰਸ਼ ਦੀ ਕੀਤੀ ਸ਼ੁਰੂਆਤ*

ਚੰਡੀਗੜ੍ਹ/ਮੋਹਾਲੀ (ਬਲਜਿੰਦਰ ਸਿੰਘ ਪਟਿਆਲਾ) ਸੰਯੁਕਤ ਕਿਸਾਨ ਮੋਰਚਾ ਦੇ ਦੇਸ਼ ਵਿਆਪੀ ਸੱਦੇ 'ਤੇ ਪੰਜਾਬ ਦੀਆਂ 33 ਕਿਸਾਨ ਜੱਥੇਬੰਦੀਆਂ ਦੀ ਅਗਵਾਈ ਹੇਠ ਪੰਜਾਬ ਦੇ ਹਜ਼ਾਰਾਂ ਕਿਸਾਨਾਂ ਨੇ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਰਾਜ ਭਵਨ ਵੱਲ ਮਾਰਚ ਕਰਕੇ ਸੀ2+50% ਫਾਰਮੂਲੇ ਤਹਿਤ ਐਮ.ਐਸ.ਪੀ. ਗਾਰੰਟੀ ਦਾ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਦੂਜੇ ਪੜਾਅ ਦੇ ਸੰਘਰਸ਼ ਦੀ ਸ਼ੁਰੂਆਤ ਦੀ ਜ਼ੋਰਦਾਰ ਧਮਕ ਪਾਈ ਹੈ। ਵਰਣਨਯੋਗ ਹੈ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਨੂੰ ਦੇਸ਼ ਭਰ 'ਚ ਰਾਜ-ਭਵਨਾਂ ਵੱਲ ਮਾਰਚ ਕਰਨ ਦਾ ਸੱਦਾ ਦਿੱਤਾ ਗਿਆ ਸੀ, ਪ੍ਰਾਪਤ ਰਿਪੋਰਟਾਂ ਅਨੁਸਾਰ ਦੋ ਦਰਜਨ ਤੋਂ ਵੱਧ ਸੂਬਿਆਂ ਵਿੱਚ ਮਾਰਚ ਕੀਤੇ ਗਏ ਹਨ। ਪੰਜਾਬ ਦਾ ਅੱਜ ਦਾ ਮਾਰਚ ਉਸ ਕੜੀ ਦਾ ਅਹਿਮ ਹਿੱਸਾ ਸਾਬਤ ਹੋਇਆ ਹੈ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਦੇ ਰਾਸ਼ਟਰਪਤੀ ਦੇ ਨਾਂ ਸੂਬਿਆਂ ਦੇ ਰਾਜਪਾਲਾਂ ਰਾਹੀਂ ਭੇਜੇ ਗਏ ਮੰਗ ਪੱਤਰ ਵਿੱਚ ਸੀ2+50% ਫਾਰਮੂਲੇ ਨਾਲ ਐਮ.ਐਸ.ਪੀ. ਗਾਰੰਟੀ ਦਾ ਕਾਨੂੰਨ ਬਣਾਉਣ, ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨ, ਬਿਜਲੀ ਸੋਧ ਬਿੱਲ 2022 ਨੂੰ ਵਾਪਸ ਲੈਣ, ਲਖੀਮਪੁਰ ਖੀਰੀ ਕਾਂਡ ਦੇ ਮੁੱਖ ਸਾਜਿਸ਼ਕਰਤਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕਰਕੇ ਗ੍ਰਿਫਤਾਰ ਕਰਨ ਅਤੇ ਲਖੀਮਪੁਰ ਜੇਲ੍ਹ ਵਿੱਚ ਝੂਠਾ ਕੇਸ ਦਰਜ ਕਰਕੇ ਬੰਦ ਕੀਤੇ ਚਾਰ ਨੌਜਵਾਨ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨ, ਸ਼ਹੀਦ ਅਤੇ ਜ਼ਖ਼ਮੀ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੇ ਨਾਲ-ਨਾਲ ਸਾਰੀਆਂ ਫ਼ਸਲਾਂ ਲਈ ਵਿਆਪਕ ਅਤੇ ਪ੍ਰਭਾਵੀ ਫ਼ਸਲੀ ਬੀਮਾ ਯੋਜਨਾ, ਕਿਸਾਨ ਅਤੇ ਖੇਤ-ਮਜ਼ਦੂਰਾਂ ਲਈ ਮਹੀਨਾਵਾਰ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਕਿਸਾਨ ਅੰਦੋਲਨ ਦੌਰਾਨ ਸਾਰੇ ਸੂਬਿਆਂ ਅਤੇ ਕੇਂਦਰ ਸਾਸ਼ਤ ਪ੍ਰਦੇਸ਼ਾਂ ਵਿੱਚ ਦਰਜ ਹੋਏ ਪੁਲੀਸ ਕੇਸ ਵਾਪਸ ਲੈਣ ਦੀਆਂ ਮੰਗਾਂ ਉਠਾਈਆਂ ਗਈਆਂ ਹਨ। ਮਾਰਚ ਕਰਨ ਤੋਂ ਪਹਿਲਾਂ ਕਿਸਾਨ ਗੁਰਦੁਆਰਾ ਅੰਬ



ਸਾਹਿਬ ਦੇ ਸਾਹਮਣੇ ਖੁੱਲ੍ਹੇ ਮੈਦਾਨ ਵਿੱਚ ਬਣਾਏ ਪੰਡਾਲ ਵਿੱਚ ਇਕੱਠੇ ਹੋਏ। ਕਿਸਾਨਾਂ ਨੂੰ 33 ਕਿਸਾਨ ਜੱਥੇਬੰਦੀਆਂ ਦੇ ਸੂਬਾਈ ਆਗੂਆਂ ਨੇ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੰਘਰਸ਼ ਦੇ ਦੂਜੇ ਪੜਾਅ ਦੀ ਸ਼ੁਰੂਆਤ ਦੀ ਮਹੱਤਤਾ ਬਾਰੇ ਪ੍ਰੇਰਿਤ ਕਰਦਿਆਂ ਇੱਕ ਦੇਸ਼ ਵਿਆਪੀ ਕਿਸਾਨ ਲਹਿਰ ਉਸਾਰਨ ਦੀ ਲੋੜ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ। ਉਨ੍ਹਾਂ ਪੰਜਾਬ ਦੇ ਲੋਕਾਂ ਵੱਲੋਂ ਦਿੱਲੀ ਮੋਰਚਾ ਫਤਿਹ ਕਰਨ ਵਿੱਚ ਨਿਭਾਏ ਇਤਿਹਾਸਕ ਆਗੂ ਰੋਲ ਤੋਂ ਸਿੱਖਦੇ ਹੋਏ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਦੂਜੇ ਪੜਾਅ ਵਿੱਚ ਵੀ ਪੰਜਾਬ ਦੇ ਲੋਕਾਂ ਨੂੰ ਆਗੂ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਪਵੇਗਾ।

ਪਿਛਲੇ ਕੁਝ ਦਿਨਾਂ ਤੋਂ ਲੋਕਾਂ ਦੇ ਸੰਘਰਸ਼ ਕਰਨ ਦੇ ਅਧਿਕਾਰ ਅਤੇ ਸੰਘਰਸ਼ ਦੇ ਵੱਖ-ਵੱਖ ਰੂਪ ਉੱਪਰ ਹੁਕਮਰਾਨਾਂ ਵੱਲੋਂ ਗਿਣ-ਮਿੱਥ ਕੇ ਕੀਤੀ ਜਾ ਰਹੀ ਬਿਆਨਬਾਜੀ ਦਾ ਨੋਟਿਸ ਲੈਂਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਦੇਸ਼ ਵਿੱਚ ਤਾਕਤਾਂ ਦੇ ਕੇਂਦਰੀਕਰਨ ਦੀ ਭਾਜਪਾ ਦੀ ਮੋਦੀ ਸਰਕਾਰ ਦੀ ਹਿਟਲਰਸ਼ਾਹੀ ਦੇ ਨਾਲ-ਨਾਲ ਦੇਸੀ-ਵਿਦੇਸ਼ੀ ਕਾਰਪੋਰੇਟ ਨੂੰ ਖੁਸ਼ ਕਰਨ ਵਾਲੀਆਂ ਨੀਤੀਆਂ ਅਤੇ ਦੇਸ਼ ਦੇ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਤਬਕਿਆਂ ਦੀ ਸੰਘੀ ਨੱਪਣ ਵਾਲੇ ਢੰਗ-ਤਰੀਕੇ ਜਾਰੀ ਰਹਿਣਗੇ ਓਨੀ ਦੇਰ ਤੱਕ ਸੰਘਰਸ਼ ਦੀ ਲੋਅ ਮੱਘਦੀ ਰਹੇਗੀ।ਹੁਕਮਰਾਨਾਂ ਵੱਲੋਂ ਕਿਸਾਨ ਲਹਿਰ ਖਿਲਾਫ਼ ਛੇੜੇ ਗਏ ਇਸ ਭੰਡੀ-ਪ੍ਰਚਾਰ ਦੀ ਉਮਰ ਬਹੁਤ ਥੋੜੀ ਸਾਬਤ ਹੋਵੇਗੀ, ਛੇਤੀ ਹੀ ਲੋਕ ਇਸ ਗੁੰਮਰਾਹਕੁੰਨ ਪ੍ਰਾਪੇਗੰਡੇ ਦੀ ਅਸਲੀਅਤ ਸਮਝ ਜਾਣਗੇ। ਉਨ੍ਹਾਂ ਕਿਸਾਨਾਂ ਨੂੰ ਇਸ ਗੁੰਮਰਾਹਕਰੂ ਪ੍ਰਾਪੇਗੰਡੇ ਤੋਂ ਸਮਾਜ ਨੂੰ ਸੁਚੇਤ ਕਰਨ ਦੀ ਅਪੀਲ ਵੀ ਕੀਤੀ। ਇਕੱਠ ਨੂੰ ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨਪਾਲ, ਬੂਟਾ ਸਿੰਘ ਬੁਰਜਗਿੱਲ, ਜੋਗਿੰਦਰ ਉਗਰਾਹਾਂ, ਹਰਮੀਤ ਸਿੰਘ ਕਾਦੀਆਂ, ਨਿਰਭੈ ਸਿੰਘ ਢੁੱਡੀਕੇ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਮਨਜੀਤ ਸਿੰਘ ਰਾਏ, ਬਲਜੀਤ ਸਿੰਘ ਗਰੇਵਾਲ, ਡਾ. ਸਤਨਾਮ ਅਜਨਾਲਾ, ਸਤਨਾਮ ਸਿੰਘ ਬਹਿਰੂ, ਜੰਗਵੀਰ ਸਿੰਘ ਚੌਹਾਨ, ਮੁਕੇਸ਼ ਚੰਦਰ, ਫੁਰਮਾਨ ਸਿੰਘ ਸੰਧੂ, ਸੁਰਜੀਤ ਸਿੰਘ ਫੂਲ, ਬਲਵਿੰਦਰ ਸਿੰਘ ਰਾਜੂ ਔਲਖ, ਬੂਟਾ ਸਿੰਘ ਸ਼ਾਦੀਪੁਰ, ਵੀਰ ਸਿੰਘ ਬੜਵਾ, ਕਿਰਨਜੀਤ ਸਿੰਘ ਸੇਖੋਂ, ਕੁਲਦੀਪ ਸਿੰਘ ਵਜੀਦਪੁਰ, ਬਿੰਦਰ ਸਿੰਘ ਗੋਲੇਵਾਲਾ, ਮਲੂਕ ਸਿੰਘ ਹੀਰਕੇ, ਹਰਦੇਵ ਸਿੰਘ ਸੰਧੂ, ਹਰਜੀਤ ਸਿੰਘ ਰਵੀ, ਨਿਰਵੈਲ ਸਿੰਘ ਡਾਲੇਕੇ, ਰਾਜਵਿੰਦਰ ਕੌਰ, ਗੁਰਬਖਸ਼ ਸਿੰਘ ਬਰਨਾਲਾ, ਕਿਰਪਾ ਸਿੰਘ ਨੱਥੂਵਾਲਾ, ਭੁਪਿੰਦਰ ਸਿੰਘ ਅਤੇ ਕੁਲਵਿੰਦਰ ਸਿੰਘ ਘੁੰਮਣ ਆਦਿ ਨੇ ਸੰਬੋਧਨ ਕੀਤਾ।





ਉੱਘੇ, ਪ੍ਰਤੀਬੱਧ ਤੇ ਸਾਫ਼ ਸੁਥਰੇ ਅਕਸ ਦੇ ਮਾਲਕ ਟਰੇਡ ਯੂਨੀਅਨ ਤੇ ਕਮਿਊਨਿਸਟ ਆਗੂ ਸਾਥੀ ਰਣਧੀਰ ਸਿੰਘ ਗਿੱਲ ਨਹੀਂ ਰਹੇ। ਉਹ ਸਾਂਝੀ ਗੌਰਮਿੰਟ ਟੀਚਰਜ਼ ਯੂਨੀਅਨ ਦੇ ਚਾਰ ਵਾਰ ਚੋਣਾਂ ਜਿੱਤਕੇ ਜ਼ਿਲ੍ਹਾ ਪ੍ਰਧਾਨ ਬਣੇ। ਉਸ ਤੋਂ ਬਾਅਦ ਉਹ ਟੀਚਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਵੀ ਰਹੇ। ਰਣਧੀਰ ਗਿੱਲ ਪੰਜਾਬ ਯੂਨੀਵਰਸਿਟੀ ਦੇ ਸੈਨਿਟ ਮੈਂਬਰ ਵੀ ਰਹੇ। ਉਹ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਰਿਟਾਇਰਮੈਂਟ ਤੋਂ ਬਾਅਦ ਉਹ ਮੋਗਾ ਜ਼ਿਲ੍ਹਾ ਕਮਿਊਨਿਸਟ ਪਾਰਟੀ ਦੇ ਸਕੱਤਰ ਅਤੇ ਪਾਰਟੀ ਦੀ ਸੂਬਾ ਕਾਰਜਕਾਰਨੀ ਦੇ ਲੰਬਾ ਸਮਾਂ ਮੈਂਬਰ ਰਹੇ। ਗਿੱਲ ਮੁਲਾਜ਼ਮਾਂ, ਮਜ਼ਦੂਰਾਂ ਤੇ ਗਰੀਬ ਲੋਕਾਂ ਦੇ ਹੱਕਾਂ ਦੀ ਲੰਬਾ ਸਮਾਂ ਲੜਾਈ ਲੜਨ ਤੋਂ ਬਾਅਦ ਆਪਣੀ ਉਮਰ ਦੇ 88ਵੇਂ ਸਾਲ ਵਿੱਚ ਸਾਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦਾ ਇਕ ਪੁੱਤਰ ਤੇ ਨੂੰਹ ਸਰਕਾਰੀ ਡਾਕਟਰ ਹਨ ਅਤੇ ਦੂਜਾ ਪੁੱਤਰ ਕੈਲੇਗਰੀ (ਕੈਨੇਡਾ) ਸੈਟਲ ਹੈ। ਉਹ ਆਪਣੇ ਪਿੱਛੇ ਆਪਣੀ ਧਰਮ ਪਤਨੀ, ਦੋ ਪੁੱਤਰ, ਵੱਸਦਾ ਰਸਦਾ ਭਰਿਆ ਪਰਿਵਾਰ ਛੱਡਕੇ ਗਏ ਹਨ। ਉਹਨਾਂ ਦੀਆਂ ਮਿਹਨਤਕਸ਼ ਲੋਕਾਂ ਲਈ ਨਿਭਾਈਆਂ ਘਾਲਣਾਵਾਂ ਲੋਕ ਚੇਤਿਆ ਵਿੱਚ ਹਮੇਸ਼ਾ ਜ਼ਿੰਦਾ ਰਹਿਣਗੀਆਂ। ਚਾਰ ਨਵੰਬਰ ਦੁਪਹਿਰ ਇਕ ਵਜੇ ਉਹਨਾਂ ਦੇ ਪਿੰਡ ਬਹੋਨਾ (ਮੋਗਾ) ਵਿਖੇ ਉਹਨਾਂ ਦਾ ਅੰਤਮ ਸੰਸਕਾਰ ਹੋਇਆ।। ਅਸੀਂ ਸਾਰੇ ਉਹਨਾਂ ਨੂੰ ਸਤਿਕਾਰ ਤੇ ਸ਼ਰਧਾਂਜਲੀ ਅਰਪਿਤ ਕਰਦੇ ਹਾਂ। ਜ਼ਿਕਰਯੋਗ ਹੈ ਕਿ ਸਭ ਤੋਂ ਪਹਿਲਾਂ ਕੈਨੇਡਾ ਦੀ ਧਰਤੀ 'ਤੇ ਸਾਥੀ ਰਣਧੀਰ ਸਿੰਘ ਨੇ ਅਗਸਤ 2012 ਨੂੰ 'ਸਰੋਕਾਰਾਂ ਦੀ ਆਵਾਜ਼' ਰਿਲੀਜ਼ ਕੀਤਾ ਸੀ।










# ਸੁਪਨਦੇਸ਼ ਵਿੱਚ ਵੱਧਦੀ ਮਹਿੰਗਾਈ



ਮਨਦੀਪ
+54-9381-338-9246
mandeepsaddowal@gmail.com




ਦੁਨੀਆ ਭਰ ਦੇ ਵਿਕਾਸਸ਼ੀਲ ਮੁਲਕਾਂ ਦੇ ਨਾਲ-ਨਾਲ ਹੁਣ ਵਿਕਸਿਤ ਪੂੰਜੀਵਾਦੀ ਮੁਲਕ ਵੀ ਲਗਾਤਾਰ ਵੱਧਦੀ ਮਹਿੰਗਾਈ ਦੀ ਮਾਰ ਹੇਠ ਆਏ ਹੋਏ ਹਨ। ਸੰਸਾਰ ਬੈਂਕ ਤੇ ਆਈ. ਐਮ. ਐਫ. ਵਰਗੀਆਂ ਵੱਡੀਆਂ ਵਿਸ਼ਵ ਵਿੱਤੀ ਸੰਸਥਾਵਾਂ ਵੱਧਦੀ ਮਹਿੰਗਾਈ ਅਤੇ ਸੰਸਾਰ ਅਰਥਚਾਰੇ ਦੇ ਤੇਜੀ ਨਾਲ ਮੰਦੀ ਵੱਲ ਵਧਣ ਦੇ ਬਿਆਨ ਦੇ ਰਹੀਆਂ ਹਨ। ਦੁਨੀਆ ਦੇ ਵੱਡੇ ਹਿੱਸੇ ਉੱਤੇ ਰਾਜ ਕਰਨ ਵਾਲੇ ਬਰਤਾਨੀਆ, ਅਮਰੀਕਾ, ਜਰਮਨ ਆਦਿ ਸਾਮਰਾਜੀ ਮੁਲਕ ਵੀ ਮਹਿੰਗਾਈ ਦੀ ਚਪੇਟ ਵਿੱਚ ਆਏ ਹੋਏ ਹਨ। ਕੋਵਿਡ-19 ਤੇ ਯੂਕਰੇਨ ਜੰਗ ਤੋਂ ਬਾਅਦ ਵਿਸ਼ਵ ਭਰ ਵਿੱਚ ਵੱਖ-ਵੱਖ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ (ਪਰੰਤੂ ਇਹ ਮੌਜੂਦਾ ਵਿਸ਼ਵ ਮੰਦੀ ਦੇ ਬੁਨਿਆਦੀ ਕਾਰਨ ਨਹੀਂ ਹਨ)। ਜੰਗ ਦੌਰਾਨ ਲੱਗੀਆਂ ਆਰਥਿਕ-ਵਪਾਰਕ ਰੋਕਾਂ ਨਾਲ ਤੇਲ ਦੀਆਂ ਕੀਮਤਾਂ ਵਿੱਚ ਬੇਥਾਹ ਵਾਧਾ ਹੋਇਆ। ਤੇਲ ਕੀਮਤਾਂ ਵਿੱਚ ਵਾਧੇ ਕਾਰਨ ਢੋਆ-ਢੁਆਈ ਤੇ ਆਵਾਜਾਈ ਦੇ ਖ਼ਰਚਿਆਂ ਵਿੱਚ ਵਾਧੇ ਨਾਲ ਹਰ ਖੇਤਰ ਵਿੱਚ ਵਸਤੂਆਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ। ਵਿਸ਼ਵਵਿਆਪੀ ਮਹਿੰਗਾਈ ਵਿੱਚ ਊਰਜਾ ਤੇ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧੇ ਨੇ ਲੋਕਾਂ ਦੀ ਆਮਦਨ ਉੱਤੇ ਸਿੱਧਾ ਤੇ ਵੱਡਾ ਹਮਲਾ ਬੋਲਿਆ ਹੈ। ਮਹਿੰਗਾਈ ਦੀ ਇਸ ਮਾਰ ਤੋਂ ਕੈਨੇਡਾ-ਅਮਰੀਕਾ ਵਰਗੇ ਮੁਲਕ ਵੀ ਬੇਲਾਗ ਨਹੀਂ ਰਹੇ ਜਿੱਥੇ ਹਾਲ ਦੀ ਘੜੀ ਬੇਰੁਜਗਾਰੀ ਭਾਰਤ ਵਰਗੇ ਮੁਲਕਾਂ ਵਾਂਗ ਵੱਡੀ ਸਮੱਸਿਆ ਨਹੀਂ ਹੈ।

ਕੈਨੇਡਾ, ਜਿੱਥੇ ਇਸ ਸਮੇਂ ਰੁਜ਼ਗਾਰ ਦੇ ਬਹੁਤ ਜ਼ਿਆਦਾ ਮੌਕੇ ਹਨ, ਵਿੱਚ ਮਹਿੰਗਾਈ ਛੜੱਪੇ ਮਾਰਕੇ ਵੱਧ ਰਹੀ ਹੈ ਜੋ ਨੇੜ ਭਵਿੱਖ ਵਿੱਚ ਰੁਜ਼ਗਾਰ ਦੇ ਇਨ੍ਹਾਂ ਮੌਕਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੂਨ, 2022 ਵਿੱਚ ਮਹਿੰਗਾਈ ਦਰ 8.1% ਸੀ ਜੋ ਵਕਤੀ ਤੌਰ ਤੇ ਤੇਲ ਕੀਮਤਾਂ ਵਿੱਚ ਕਮੀ ਕਾਰਨ ਜੁਲਾਈ ਵਿੱਚ 7.6% ਦੇ ਅੰਕੜੇ ਤੇ ਆ ਗਈ। ਕੈਨੇਡਾ ਅੰਦਰ ਮਹਿੰਗਾਈ ਦੀ ਇਹ ਦਰ ਪਿਛਲੇ 39 ਸਾਲਾਂ ਬਾਅਦ ਰਿਕਾਰਡ ਤੋੜ ਪੱਧਰ ਤੇ ਪਹੁੰਚ ਗਈ। ਕੋਵਿਡ ਕਾਰਨ ਸਾਲ 2020-21 ਕੈਨੇਡਾ ਵਾਸੀਆਂ ਖਾਸਕਰ ਨਵੇਂ ਪਰਵਾਸੀਆਂ ਲਈ ਲਈ ਬੇਹੱਦ ਮੁਸ਼ਕਲਾਂ ਭਰੇ ਵਰ੍ਹੇ ਸਨ। ਉਪਰੋਂ ਨਵਾਂ ਸਾਲ (2022) ਯੂਕਰੇਨ ਜੰਗ ਅਤੇ ਆਰਥਿਕ ਤੰਗੀਆਂ ਦੇ ਨਵੇਂ ਹਮਲਿਆਂ ਸੰਗ ਚੜ੍ਹਿਆ। ਤੇਲ, ਗੈਸ ਤੇ ਭੋਜਨ ਪਦਾਰਥਾਂ ਦੀਆਂ ਕੀਮਤਾਂ 'ਚ ਵਾਧੇ ਦੇ ਨਾਲ-ਨਾਲ ਫ਼ਰਨੀਚਰ, ਆਟਮੋਬਿਲ, ਢੋਆ-ਢੁਆਈ, ਘਰਾਂ ਦੇ ਕਿਰਾਏ, ਬੈਂਕ ਵਿਆਜ ਦਰਾਂ ਤੇ ਹਵਾਈ ਕਿਰਾਇਆਂ ਵਿੱਚ ਵਾਧੇ ਨੇ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ। ਘਰਾਂ ਦੇ ਕਿਰਾਏ ਵਧਣ ਤੇ ਉੱਪਰੋਂ ਸਰਦੀ ਦਾ ਮੌਸਮ ਆਉਣ ਕਰਕੇ ਗਰੀਬ ਤੇ ਬੇਘਰ ਕੈਨੇਡੀਅਨ ਪਨਾਹ ਤੇ ਭੋਜਨ ਲਈ ਮਾਨਸਿਕ ਰੋਗਾਂ ਦੇ ਸੱਚੇ ਤੇ ਝੂਠੇ ਬਹਾਨਿਆਂ ਨਾਲ ਹਸਪਤਾਲਾਂ ਦੀ ਢੋਈ ਲੈ ਰਹੇ ਹਨ। ਅਨੇਕਾਂ ਲੋਕ ਭੋਜਨ ਵਾਸਤੇ ਫੂਡ ਬੈਂਕਾਂ ਦਾ ਆਸਰਾ ਲੈ ਰਹੇ ਹਨ। ਘਰਾਂ ਦੇ ਕਿਰਾਏ ਮਹਿੰਗੇ ਹੋਣ ਨਾਲ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਪ੍ਰਵਾਸੀ ਕਾਮੇ ਕੁੱਕੜਾਂ ਵਾਂਗ ਛੋਟੇ ਕਮਰਿਆਂ ਤੇ ਬੇਸਮੈਂਟਾਂ ਵਿੱਚ ਦਿਨ ਕੱਟਣ ਲਈ ਮਜਬੂਰ ਹਨ। ਕੁਝ ਲੋਕ ਬੱਚੇ ਪੈਦਾ ਕਰਨ ਅਤੇ ਤਲਾਕ ਨੂੰ ਵਕਤੀ ਤੌਰ 'ਤੇ ਟਾਲਣ ਲਈ ਮਜਬੂਰ ਹਨ। ਲੋਕ ਵਿਆਹ ਦੇ ਖ਼ਰਚਿਆਂ ਤੋਂ ਬਚਣ ਲਈ ਵੱਖਰੇ ਤੇ ਸਸਤੇ ਓਹੜ-ਪੋਹੜ ਕਰ ਰਹੇ ਹਨ। ਕੁਝ ਲੋਕਾਂ ਨੂੰ ਬਜ਼ੁਰਗਾਂ ਤੇ ਬਿਮਾਰਾਂ ਦੇ ਮਰਨ ਉਪਰੰਤ ਸਸਕਾਰ ਦੇ ਹੋਣ ਵਾਲੇ ਖਰਚ ਤੋਂ ਬਚਣ ਲਈ ਸਰੀਰਦਾਨ ਕਰਨ ਦਾ ਢੰਗ ਅਪਣਾਉਣਾ ਪੈ ਰਿਹਾ ਹੈ। ਭੋਜਨ ਪਦਾਰਥਾਂ ਵਿੱਚ ਵਾਧੇ ਕਾਰਨ ਲੋਕਾਂ ਨੇ ਬਾਹਰੋਂ ਖਾਣਾ ਘਟਾ ਦਿੱਤਾ ਹੈ। ਕੋਵਿਡ ਦੌਰਾਨ ਲੰਮਾ ਸਮਾਂ ਘਰਾਂ ਵਿੱਚ ਕੈਦ ਰਹਿਣ ਬਾਅਦ ਹਵਾਈ ਸਫਰ ਵਿੱਚ ਵਕਤੀ ਉਛਾਲ ਆਇਆ ਪਰ ਜਲਦ ਹੀ ਮਹਿੰਗਾਈ ਕਾਰਨ ਹਵਾਈ ਕਿਰਾਏ ਵਧਣ ਉਪਰੰਤ ਲੋਕਾਂ ਨੇ ਵਤਨ ਦਾ ਗੇੜਾ ਕੱਢਣ, ਸਕੇ-ਸਬੰਧੀਆਂ ਨੂੰ ਮਿਲਣ ਤੇ ਸੈਰ-ਸਪਾਟਾ ਕਰਨਾ ਘਟਾ ਦਿੱਤਾ ਹੈ। ਵੱਧਦੇ ਖਰਚ ਕਾਰਨ ਲੋਕਾਂ ਨੇ ਕੰਮ ਦੇ ਘੰਟੇ ਵਧਾ ਦਿੱਤੇ ਹਨ ਅਤੇ ਵਾਧੂ ਖਰਚਿਆਂ ਤੇ ਕੱਟ ਲਾਉਣਾ ਸ਼ੁਰੂ ਕਰ ਦਿੱਤਾ ਹੈ। ਮਹਿੰਗਾਈ ਲੋਕਾਂ ਦੇ ਬਜਟ ਨੂੰ ਘੁਣ ਵਾਂਗ ਖਾ ਰਹੀ ਹੈ। ਮਾਈਕਰੋਚਿੱਪਾਂ ਦੀ ਸਪਲਾਈ ਵਿੱਚ ਰੁਕਾਵਟ ਕਾਰਨ ਨਵੀਂਆਂ ਕਾਰਾਂ ਦੀਆਂ ਕੀਮਤਾਂ ਵਿੱਚ ਵਾਧੇ (6.8%) ਕਾਰਨ ਲੋਕਾਂ ਵਿੱਚ ਪੁਰਾਣੀਆਂ ਕਾਰਾਂ ਖ਼ਰੀਦਣ ਦਾ ਰੁਝਾਣ ਵੱਧਣ ਤੇ ਪੁਰਾਣੀਆਂ ਕਾਰਾਂ ਦੀਆਂ ਕੀਮਤਾਂ ਵਿੱਚ ਵੀ ਗਿਰਾਵਟ ਦੀ ਥਾਂ ਵਾਧਾ ਹੋ ਰਿਹਾ ਹੈ। ਇਸਤੋਂ ਇਲਾਵਾ ਲੈਜਰ ਨੇ ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜਨਸ਼ਿੱਪ ਦੇ ਸਹਿਯੋਗ ਨਾਲ ਮਿਲਕੇ ਕੀਤੇ ਇੱਕ ਸਰਵੇ ਵਿੱਚ ਵਿਖਾਇਆ ਕਿ ਮਹਿੰਗਾਈ ਕਾਰਨ ਤਕਰੀਬਨ ਇੱਕ ਚੌਥਾਈ ਕੈਨੇਡੀਅਨ ਅਗਲੇ ਦੋ ਸਾਲਾਂ ਵਿੱਚ ਕੈਨੇਡਾ ਛੱਡਕੇ ਜਾਣ ਦੀ ਯੋਜਨਾ ਬਣਾ ਰਹੇ ਹਨ। ਕੈਨੇਡਾ ਰਾਜ ਦੀ ਪ੍ਰਮੁੱਖ ਮਹਾਂਰਾਣੀ ਐਲਿਜ਼ਬੈੱਥ ਦੇ ਸਸਕਾਰ (ਲੰਡਨ) ਵਿੱਚ ਸ਼ਾਮਲ ਕੈਨੇਡਾ ਦੇ ਸਰਕਾਰੀ ਵਫਦ ਦਾ ਚਾਰ ਲੱਖ ਡਾਲਰ ਦਾ ਬਿੱਲ ਪਹਿਲਾਂ ਹੀ ਮਹਿੰਗਾਈ ਦੀ ਮਾਲ ਝੱਲ ਰਹੇ ਲੋਕਾਂ ਸਿਰ ਮੜ੍ਹ ਦਿੱਤਾ ਗਿਆ। ਵੱਧਦੀ ਮਹਿੰਗਾਈ ਅਤੇ ਵਿਆਜ ਦਰਾਂ ਵਿੱਚ ਵਾਧੇ ਕਾਰਨ ਰੀਅਲ ਇਸਟੇਟ ਖਾਸਕਰ ਤੇਜੀ ਨਾਲ ਵੱਧ ਰਹੀ ਘਰਾਂ ਦੀ ਮਾਰਕਿਟ ਇਕੋ ਝਟਕੇ ਜਾਮ ਹੋ ਗਈ ਹੈ। ਆਰਥਿਕ ਗਤੀਵਿਧੀਆਂ ਦੀ ਗਤੀ ਧੀਮੀ ਹੋ ਰਹੀ ਹੈ ਅਤੇ ਅਬਾਦੀ ਦਾ ਵੱਡਾ ਹਿੱਸਾ ਮਹਿੰਗਾਈ ਨੂੰ ਲੈਕੇ ਚਿੰਤਾ ਵਿਚ ਹੈ।

ਨਵੇਂ ਪ੍ਰਵਾਸੀ ਨੌਕਰੀ, ਸੁਰੱਖਿਆ,

(ਬਾਕੀ ਸਫ਼ਾ 27 'ਤੇ)

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com



ਗੁਰਮੇਲ ਸਿੰਘ ਬੌਡੇ

ਅੰਤਰਰਾਸ਼ਟਰੀ ਅਪਾਹਜ ਦਿਵਸ 'ਤੇ

# ਅੰਗਹੀਣਾਂ ਦੀਆਂ ਲੋੜਾਂ ਅਤੇ ਚੁਣੌਤੀਆਂ

ਮਨੁੱਖ ਦੀ ਹੈਸੀਅਤ ਵਿੱਚ ਅੰਗਹੀਣ ਸਮਾਜ ਦਾ ਅਟੁੱਟ ਹਿੱਸਾ ਹਨ। ਅਪੂਰਨ ਸਰੀਰ ਨਾਲ ਉਹ ਜ਼ਿੰਦਗੀ ਦਾ ਪੰਧ ਤਹਿ ਕਰਦੇ ਹਨ। ਅੰਗਹੀਣਤਾ ਪ੍ਰਤੱਖ ਵੀ ਹੈ ਅਤੇ ਅਪ੍ਰਤੱਖ ਵੀ ਹੈ। ਸਰੀਰ ਦੇ ਕਿਸੇ ਅੰਗ ਦਾ ਨਾ ਹੋਣਾ ਤਾਂ ਦਿਸਦਾ ਹੈ ਪਰ ਬੋਲਣ ਸੁਣਨ ਅਤੇ ਦੇਖਣ ਤੋਂ ਅਪਾਹਜ ਹੋਣਾ ਅਪ੍ਰਤੱਖ ਅੰਗਹੀਣਤਾ ਹੈ ਕੋਈ ਵੀ ਮਨੁੱਖ ਅੰਗਹੀਣ ਨਹੀ ਹੋਣਾ ਚਾਹੁੰਦਾ। ਅੱਜ ਦੇ ਮਸ਼ੀਨਰੀ ਯੁੱਗ ਵਿੱਚ ਘਰੋਂ ਤੁਰਦੇ ਸਮੇਂ ਇਹ ਪਤਾ ਨਹੀ ਹੁੰਦਾ ਕਿ ਸ਼ਾਮ ਨੂੰ ਕਿਸ ਹਾਲਤ ਵਿਚ ਘਰ ਪਰਤਨਾ ਹੈ। ਕਿਸੇ ਨੂੰ ਨਹੀ ਪਤਾ ਕਿ ਕਦੋਂ ਅਧਰੰਗ ਹੋਣ ਕਰਕੇ ਜਾਂ ਦਿਮਾਗ ਦੀ ਨਾੜੀ ਫਟਣ ਕਰਕੇ ਪੋਲੀਓ ਵਾਂਗ ਸਰੀਰ ਦਾ ਕਿਹੜਾ ਹਿੱਸਾ ਬੇਕਾਰ ਹੋ ਜਾਵੇ। ਸਰੀਰਿਕ ਤੌਰ ਤੇ ਪੂਰਨ ਹੋਣ ਦਾ ਘੁਮੰਡ ਕਰਨਾ ਅਤੇ ਅੰਗਹੀਣਾਂ ਦਾ ਮਜ਼ਾਕ ਦਿਲ ਵਿਨ੍ਹਵੇਂ ਅਲੰਕਾਰ ਵਰਤ ਕੇ ਕਰਨ ਵਾਲਾ ਸਮਾਜ ਮਾਨਸਿਕ ਪੱਖੋਂ ਅਪਾਹਜ ਹੁੰਦਾ ਹੈ। ਅਜਿਹਾ ਸਮਾਜ ਅੰਗਹੀਣਾਂ ਨੂੰ ਸਵੈਮਾਣ ਨਾਲ ਜੀਣ ਦਾ ਹੌਸਲਾ ਦੇਣਾ ਜਾਂ ਸਮਾਜਿਕ ਪੱਖੋਂ ਬਰਾਬਰੀ ਦੇਣਾ ਆਪਣੀ ਤੌਹੀਨ ਸਮਝਦਾ ਹੈ। ਆਮ ਮਨੁੱਖ ਮੁਸ਼ਕਲਾਂ ਅੱਗੇ ਢੇਰੀ ਢਾਹ ਕੇ ਨਸ਼ਿਆਂ ਦਾ ਸਹਾਰਾ ਲੈਂਦੇਂ ਹਨ। ਕਈ ਵਾਰ ਤਾਂ ਖੁਦਕਸ਼ੀ ਵੀ ਕਰ ਜਾਂਦੇ ਹਨ ਕੀ ਸਮਾਜ ਵਿੱਚ ਕਿਸੇ ਅੰਗਹੀਣ ਨੇ ਖੁਦਕਸ਼ੀ ਕੀਤੀ ਹੈ ? ਸਮਾਜ ਵਿੱਚ ਅੰਗਹੀਣਾਂ ਨਾਲ ਕੀਤਾ ਜਾਣ ਵਾਲਾ ਸਲੂਕ ਕਿਸੇ ਜਾਤੀ ਵਿਤਕਰੇ ਤੋਂ ਘੱਟ ਨਹੀ ਹੈ। ਅੰਗਹੀਣਾਂ ਨੂੰ ਦੋਹਰਾ ਮਾਨਸਿਕ ਸੰਤਾਪ ਭੋਗਣਾ ਪੈਂਦਾ ਹੈ। ਇੱਕ ਨੀਵੀਂ ਜਾਤੀ ਹੋਣ ਕਰਕੇ ਤੇ ਦੂਸਰਾ ਅੰਗਹੀਣ ਹੋਣ ਕਰਕੇ ਪਰ ਸਮਾਜ ਇਹ ਨਹੀ ਜਾਣਦਾ ਕਿ ਅੰਗਹੀਣ ਵੀ ਪੜ੍ਹੇ ਲਿਖੇ, ਵਿਦਵਾਨ, ਸਾਹਿਤਕਾਰ, ਕਲਾਕਾਰ ਜਾਂ ਵਿਗਿਆਨੀ ਵੀ ਹੁੰਦੇ ਹਨ। ਲੋਕਤੰਤਰ




ਸਿਰਫ ਵੋਟਰ ਹੋਣ ਦੀ ਸਮਾਨਤਾ ਦਿੰਦਾ ਹੈ ਵਿਤਕਰੇ ਤੋਂ ਮੁਕਤੀ ਨਹੀ ਦਿੰਦਾ। ਅੰਗਹੀਣਾਂ ਨੂੰ ਤਰਸ ਦੀ ਨਿਗਾਹ ਨਾਲ ਦੇਖਿਆ ਜਾਦਾ ਹੈ। ਇਹ ਤੰਤਰ ਵੀ ਅੰਗਹੀਣਾਂ ਦੀ ਬੇਬਸੀ ਨੂੰ ਤਮਾਸ਼ਬੀਨ ਬਣਕੇ ਦੇਖਦਾ ਹੈ ਕਿਉਂਕਿ ਕਿਸੇ ਵੀ ਰਾਜਸੀ ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚ ਅੰਗਹੀਣਾਂ ਦੇ ਮਸਲਿਆਂ ਦਾ ਹੱਲ ਕਰਨਾ ਸ਼ਾਮਿਲ ਨਹੀ ਹੈ।

ਸਕੂਲਾਂ ਕਾਲਜਾਂ ਵਿੱਚ ਵੀ ਵਜ਼ੀਫਾ ਦੇਣ ਵਿੱਚ ਚੋਣ ਕਰਨ ਲਈ ਕਿਹਾ ਜਾਂਦਾ ਹੈ ਕਿ ਅੰਗਹੀਣਤਾਂ ਦਾ ਲਵੋਗੇ ਜਾਂ ਨੀਵੀ ਜਾਤੀ ਹੋਣ ਦਾ। ਇਸ ਵਿੱਚ ਵੀ ਸ਼ਰਤਾਂ ਲਗਾ ਕੇ 'ਨਾ ਨੌ ਮਣ ਤੇਲ ਹੋਵੇ ਨਾ ਰਾਧਾ ਨੱਚੇ' ਵਾਂਗ ਕੁਝ ਵੀ ਪ੍ਰਾਪਤ ਨਹੀ ਹੁੰਦਾ। ਜਦੋਂ ਕਿ ਸਰਕਾਰਾਂ ਚਲਾਉਣ ਵਾਲੇ ਆਗੂ ਮੋਟੀਆਂ ਤਨਖਾਹਾਂ, ਪੈਨਸ਼ਨਾਂ, ਹਵਾਈ ਭੱਤੇ ਪ੍ਰਾਪਤ ਕਰਦੇ ਹਨ ਅਤੇ ਉਹ ਆਮਦਨ ਟੈਕਸ ਵੀ ਨਹੀ ਭਰਦੇ। ਜਦੋਂਕਿ ਅੰਗਹੀਣ ਮੁਲਾਜਮ ਪੈਨਸ਼ਨਰਾਂ ਅਤੇ ਸੀਨੀਅਰ ਸਿਟੀਜ਼ਨਾਂ ਨੂੰ ਜੋ ਕਿ ਉਹਨਾਂ ਦਾ ਗੁਜਾਰਾ ਭੱਤਾ ਹੈ। ਉਸਤੇ ਵੀ ਟੈਕਸ ਦੇਣਾ ਪੈਂਦਾ ਹੈ।ਹਕੀਕਤ ਇਹ ਹੈ ਕਿ ਅੰਗਹੀਣਾਂ ਦਾ ਖਰਚਾ ਸਧਾਰਨ ਆਦਮੀ ਨਾਲੋਂ ਦੁਗਣਾ ਹੈ ਬਨਾਵਟੀ ਅੰਗ, ਕੈਲੀਪਰਜ਼, ਟਰਾਈ ਸਾਇਕਲ ਅਤੇ ਬੀਮਾਰੀਆਂ ਦਾ ਖਰਚਾ ਇਸ ਬੇਬਸੀ ਦਾ ਸ਼ਿਦਤ ਨਾਲ ਅਹਿਸਾਸ ਕਰਵਾਉਂਦਾ ਹੈ। ਅੰਗਹੀਣਾਂ ਨਾਲੋਂ ਤਾਂ ਪਸ਼ੂ ਚੰਗੇ ਹਨ ਜਿਨ੍ਹਾਂ ਦਾ ਟੈਕਸ ਬਿਜਲੀ ਬਿੱਲ਼ਾਂ ਰਾਹੀਂ ਜਾਂ ਕੋਈ ਵਾਹਨ ਖਰੀਦਣ ਤੇ ਵਸੂਲਿਆ ਜਾਂਦਾ ਹੈ। ਵਿਕਾਸ ਟੈਕਸ ਅੰਗਹੀਣ ਮੁਲਾਜਮ ਵੀ ਦਿੰਦਾ ਹੈ। ਇਹ ਵੱਖਰੀ ਗੱਲ਼ ਹੈ ਕਿ ਸੜਕਾਂ ਤੇ ਡੰਗਰਾਂ ਦੇ ਝੁੰਡਾਂ ਨਾਲ ਟਕਰਾ ਕੇ ਹੋਣ ਵਾਲੇ ਹਾਦਸਿਆਂ ਕਾਰਨ ਅੰਗਹੀਣਾਂ ਦੀ ਗਿਣਤੀ ਦਿਨ ਬ ਦਿਨ ਵੱਧ ਰਹੀ ਹੈ। ਸਾਡੇ ਦੇਸ਼ ਵਿੱਚ ਪੰਦਰਾਂ ਕਰੋੜ ਅੰਗਹੀਣ ਹਨ ਅਤੇ ਪੰਜਾਬ ਕੁੱਲ਼ ਆਬਾਦੀ ਦਾ 5% ਹਨ। ਇੰਝ 25,00000 ਪਰਿਵਾਰ ਅੰਗਹੀਣ ਹਨ। ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਇੱਕ ਵਿਅਕਤੀ ਦਾ ਖਰਚਾ 5000 ਹੈ ਅਤੇ ਪੈਨਸ਼ਨ 1500 ਰੁਪਏ ਹੈ। ਕੁਝ ਸੂਬਿਆਂ ਵਿੱਚ ਇਹ 2000, 3000 ਅਤੇ 4000 ਤੱਕ ਵੀ ਹੈ। ਅੰਗਹੀਣਾਂ ਦੀ ਮੰਗ ਹੈ ਕਿ ਇਹ ਪੈਨਸ਼ਨ ਸਮਾਨ ਕੀਤੀ ਜਾਵੇ। ਜਦੋਂ ਉਹ ਹਰ ਵਸਤੂ ਤੇ ਜੀ.ਐਸ.ਟੀ ਵਰਗੇ ਅਤੇ ਹੋਰ ਟੈਕਸ ਦਿੰਦੇ ਹਨ ਤਾਂ ਬੇਰਜ਼ੁਗਾਰ ਅੰਗਹੀਣਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਕ, ਅਨਪੜ੍ਹਾਂ ਅਤੇ ਬਿਰਧ ਅੰਗਹੀਣਾਂ ਨੂੰ ਘੱਟੋ ਘੱਟ ਉਜਰਤਾਂ ਦੇ ਬਰਾਬਰ ਪੈਨਸ਼ਨ ਦਿੱਤੀ ਜਾਵੇ। ਵਿਦੇਸ਼ਾਂ ਵਿੱਚ ਅੰਗਹੀਣਾਂ ਨੂੰ ਪੂਰੇ ਸਵੈਮਾਣ ਨਾਲ ਸਾਂਭਿਆ ਜਾਦਾ ਹੈ। ਇਸੇ ਕਰਕੇ ਤਾਂ ਸਟੀਫਿਨ ਹਾਕਿੰਗ, ਲੂਈਸ ਬਰੇਲ, ਹੈਲਿਨ ਕੀਲਰ ਬਿਨ੍ਹਾਂ ਬਾਹਾਂ ਤੋਂ ਪਾਇਲਟ ਜੈਕਸਾ ਕੋਕਸ ਅੰਗਹੀਣ ਹੋਣ ਕਰਕੇ ਵੀ ਅਮਿਟ ਛਾਪ ਛੱਡੀ ਹੈ। ਪਰ ਪੰਜਾਬ ਵਿੱਚ ਅੱਖਾਂ ਤੋਂ ਮਨਾਖੇ ਫਿਲਮ ਡਾਇਰੈਕਟਰ ਅਤੇ ਕਈ ਪੰਜਾਬੀ ਫਿਲਮਾਂ ਬਣਾਉਣ ਵਾਲੇ ਅਜੀਤ ਸੈਲਾਨੀ ਦਾ ਕੋਈ ਨਾਮ ਵੀ ਨਹੀ ਜਾਣਦਾ। ਸਾਡੇ ਸਮਾਜ ਵਿੱਚ ਸਰਕਾਰਾਂ ਅੰਗਹੀਣਾਂ ਪ੍ਰਤੀ ਯੂ.ਐਨ.ਓ ਚਾਰਟਰ ਨੂੰ ਵੀ ਨਜਰ ਅੰਦਾਜ ਹੀ ਨਹੀ ਕਰਦੀਆਂ ਸਗੋਂ ਅੰਗਹੀਣਾ ਲਈ ਬਣਿਆ ਐਕਟ 1995 ਅਤੇ ਬਾਅਦ ਵਿੱਚ ਬਣਿਆਂ ਐਕਟ ਵੀ ਪੂਰਨ ਰੂਪ ਵਿੱਚ ਲਾਗੂ ਨਹੀ ਹੋ ਸਕਿਆ। ਅੰਗਹੀਣਾਂ ਨੂੰ ਤਰਸ ਦੀ ਨਹੀ ਰੁਜ਼ਗਾਰ ਦੀ ਲੋੜ ਹੈ। ਅੰਗਹੀਣ ਸਧਾਰਨ ਮਨੁੱਖ ਨਾਲੋਂ ਵੱਧ ਤਨਦੇਹੀ ਨਾਲ ਕੰਮ ਕਰਦੇ ਹਨ। ਇਸ ਸਬੰਧ ਵਿੱਚ ਪਹਿਲਾਂ ਸਰਕਾਰ ਅੰਗਹੀਣਾਂ ਦੀ ਸਿੱਧੀ ਭਰਤੀ ਕਰਦੀ ਸੀ ਪਰ 1995 ਤੋਂ ਬਾਅਦ ਸਰਕਾਰੀ ਅਸਾਮੀਆਂ ਵਿੱਚ ਇਸਦਾ 4% ਰਾਖਵਾਕਰਨ ਕੀਤਾ ਹੈ। 10,10 ਸਾਲ ਸਰਕਾਰੀ ਨੌਕਰੀਆਂ ਨਹੀ ਕੱਢੀਆਂ ਜਾਦੀਆਂ। ਇਸ ਦੌਰਾਨ ਅੰਗਹੀਣਾਂ ਦੀ ਯੋਗਤਾਂ ਮੁਤਾਬਕ ਕੰਮ ਕਰਨ ਦੀ ਉਮਰ ਲੰਘ ਜਾਂਦੀ ਹੈ ਅਤੇ ਉਹ ਐਕਟ ਲਾਗੂ ਹੋਣ ਦੀ ਉਡੀਕ ਵਿੱਚ ਜਹਾਨੋਂ ਕੂਚ ਕਰ ਰਹੇ ਹਨ। ਰੁਜ਼ਗਾਰ ਪ੍ਰਾਪਤੀ ਲਈ ਅਤੇ ਪੈਨਸ਼ਨ ਪ੍ਰਾਪਤੀ ਲਈ ਬੇਲੋੜੀਆਂ ਸ਼ਰਤਾਂ ਹਟਾਈਆਂ ਜਾਣ ਅੰਗਹੀਣ ਸਮਾਜ ਸਰਕਾਰ ਤੋਂ ਮੰਗ ਕਰਦਾ ਹੈ ਕਿ 40% ਤੋਂ ਉਪਰ ਸਰੀਰਿਕ ਪੱਖੋਂ ਅਪਾਹਜ ਵਿਅਕਤੀਆਂ ਦਾ 5 ਲੱਖ ਦਾ ਬੀਮਾ ਕੀਤਾ ਜਾਵੇ ਜਿਸ ਨਾਲ ਉਹ ਆਪਣੀ ਕਿਸੇ ਬੀਮਾਰੀ ਜਾਂ ਲੋੜੀਦੇ ਬਨਾਵਟੀ ਅੰਗ ਨੂੰ ਕੈਸ਼ਲੈਸ ਸਕੀਮ ਤਹਿਤ

The Mortgage Centre Est. 1989
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed
Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE R REALTOR
REAL ESTATE BOARD
Taranjit "T. J." Mand
Real Estate Associate
Max Value Reality Ltd.

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

ਲੈ ਸਕਣ। ਸਰਕਾਰ ਵੱਲੋਂ ਅੰਗਹੀਣਾਂ ਲਈ ਪਲਾਟ ਜਾਂ ਬਣੇ ਬਣਾਏ ਮਕਾਨ ਰਾਖਵੇ ਤਾਂ ਕੀਤੇ ਗਏ ਹਨ ਪਰ ਇਹ ਸਹੂਲਤਾਂ ਅਮੀਰ ਲੋਕ ਅੰਗਹੀਣਾਂ ਦੇ ਨਾਮ ਤੇ ਲੈ ਜਾਂਦੇ ਹਨ ਅਤੇ ਕਈ ਪੈਟਰੋਲ ਪੰਪ ਵੀ ਇਸਦੀ ਉਦਾਹਰਨ ਹਨ। 1986 ਵਿੱਚ ਮਰੂਤੀ ਕਾਰਾਂ ਵੀ ਅੰਗਹੀਣਾਂ ਵਾਸਤੇ ਆਈਆਂ ਸਨ। ਜੋ ਕਿ ਦੂਸਰੇ ਲੋਕ ਲੈ ਗਏ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਪਿੰਡ ਪੱਧਰ, ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਸਭ ਕਮੇਟੀਆਂ ਵਿੱਚ ਅੰਗਹੀਣਾਂ ਦੀ 4% ਭਰਤੀ ਯਕੀਨੀ ਬਣਾਈ ਜਾਵੇ। ਇੱਕ ਕੌੜੀ ਹਕੀਕਤ ਇਹ ਵੀ ਹੈ ਕਿ ਬਹੁਤ ਸਾਰੇ ਸਰੀਰਿਕ ਪੱਖੋਂ ਸੰਪੂਰਨ ਲੋਕ ਆਪਣੀ ਤਾਕਤ ਨਾਲ ਜਾਅਲੀ ਅੰਗਹੀਣ ਸਰਟੀਫਿਕੇਟ ਬਣਾ ਕੇ ਸਰਕਾਰੀ ਨੌਕਰੀਆਂ ਕਰ ਰਹੇ ਅਤੇ ਕਰ ਵੀ ਰਹੇ ਹਨ। ਇਸ ਸਬੰਧੀ ਅੰਗਹੀਣਾਂ ਦੇ ਸਰਟੀਫਿਕੇਟਾਂ ਦੀ ਉੱਚ ਪੱਧਰੀ ਪੈਨਲ ਰਾਹੀਂ ਜਾਂਚ ਕਰਵਾ ਕੇ ਦੁਬਾਰਾ ਮੈਡੀਕਲ ਕਰਵਾਇਆ ਜਾਵੇ ਅਤਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਅੰਗਹੀਣ ਸਰਟੀਫਿਕੇਟ ਜਾਅਲੀ ਪਾਏ ਗਏ ਹਨ। ਇਹ ਕਿਸੇ ਲੋੜਵੰਦ ਅੰਗਹੀਣ ਦਾ ਬਣਦਾ ਹੱਕ ਮਾਰਨ ਵਾਲਾ ਵਰਤਾਰਾ ਹੈ ਅਤੇ ਇਹਨਾਂ ਦੀ ਸ਼ਨਾਖਤ ਕਰਕੇ ਉਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਸਰਕਾਰੀ ਪੈਸੇ ਦੀ ਲੁੱਟ ਦੀ ਭਰਪਾਈ ਕਰਵਾਈ ਜਾਵੇ। ਅੰਗਹੀਣ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਵਿਧਾਨ ਸਭਾ, ਲੋਕ ਸਭਾ,ਰਾਜ ਸਭਾ ਅਤੇ ਹੋਰ ਅਦਾਰਿਆਂ ਵਿੱਚ ਅੰਗਹੀਣਾਂ ਨੂੰ 4% ਕੋਟਾ ਦਿੱਤਾ ਜਾਵੇ ਤਾਂ ਜੋ ਅੰਗਹੀਣਾਂ ਦੇ ਨੁਮਾਇੰਦੇ ਅੰਗਹੀਣਾਂ ਦੀਆਂ ਮੁਸ਼ਕਲਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆ ਸਕਣ।

ਅੰਗਹੀਣਾਂ ਦੀਆਂ ਮੁਸ਼ਕਲਾਂ ਸੁਣਨ ਲਈ ਹਰ ਪੱਧਰ ਤੇ ਸੁਵਿਧਾ ਕੇਂਦਰ ਵਿੱਚ ਇੱਕ ਕਾਊਟਰ ਬਣਵਾਇਆ ਜਾਵੇ ਜੋ ਕਿ ਸਿਰਫ ਅੰਗਹੀਣਾਂ ਦੀਆਂ ਮੁਸ਼ਕਲਾਂ ਨਾਲ ਵੀ ਸਬੰਧਿਤ ਹੋਵੇ। ਅੰਗਹੀਣਾਂ ਨੂੰ ਬੀ.ਪੀ.ਐਲ.ਓ ਵਾਲੀਆਂ ਸਹੂਲਤਾ ਦਿੱਤੀਆਂ ਜਾਣ, ਬਿਜਲੀ ਬਿੱਲ਼ ਮੁਆਫ ਕੀਤੇ ਜਾਣ ਬੇਘਰਿਆਂ ਨੂੰ ਘਰ ਬਣਾ ਕੇ ਦਿੱਤੇ ਜਾਣ। ਆਵਾਜਾਈ ਦੇ ਸਾਧਨ ਸਸਤੀਆਂ ਦਰਾਂ ਤੇ ਦਿੱਤੇ ਜਾਣ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲ਼ੋਂ ਅੰਗਹੀਣਾਂ ਨੂੰ ਦਿੱਤੀਆਂ ਜਾਦੀਆਂ ਸਹੂਲਤਾਂ ਦੀ ਜਾਣਕਾਰੀ ਹਰ ਪਿੰਡ ਵਿੱਚ ਕੈਂਪ ਲਗਾ ਕੇ ਦਿੱਤੀ ਜਾਵੇ। ਵੱਖ-ਵੱਖ ਸਮੇਂ ਅੰਗਹੀਣਾਂ ਦੀ ਬੇਹਤਰੀ ਲਈ ਜਾਰੀ ਕੀਤੇ ਨੋਟੀਫਿਕੇਸ਼ਨ ਅਮਲ ਵਿੱਚ ਲਿਆਦੇ ਜਾਣ। ਮਨੁੱਖਤਾਂ ਦੇ ਆਧਾਰ ਤੇ ਜਿੰਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੇ, ਐਨ.ਆਰ.ਆਈ ਵੀਰਾਂ ਨੇ ਅੰਗਹੀਣਾਂ ਲਈ ਆਪਣੇ ਪੱਲਿਓ ਬਣਾਵਟੀ ਅੰਗ, ਟਰਾਈ ਸਾਇਕਲ ਜਾਂ ਹੋਰ ਸਹੂਲਤਾਂ ਦਿੱਤੀਆਂ ਹਨ ਉਹਨਾਂ ਦਾ ਰਾਜ ਪੱਧਰੀ ਸਨਮਾਨ ਕੀਤਾ ਜਾਵੇ ਸਰਕਾਰ ਨੂੰ ਚਾਹੀਦਾ ਹੈ ਕਿ ਅੰਗਹੀਣਾਂ ਪ੍ਰਤੀ ਦਿਲ ਵਿੰਨ੍ਹਵੇ ਸਬਦਾਂ ਨਾਲ ਠੇਸ ਪਹੁੰਚਾਉਣ ਵਾਲੇ ਵਿਅਕਤੀਆਂ ਖਿਲਾਫ ਜਾਤੀ ਸੂਚਕ ਸ਼ਬਦ ਵਰਤਣ ਵਾਲਿਆਂ ਵਾਂਗ ਹੀ ਇਸਨੂੰ ਸਜ਼ਾ ਯੋਗ ਬਣਾਇਆ ਜਾਵੇ। ਹਰ ਅੰਗਹੀਣ ਨੂੰ ਚਾਹੇ ਓਹ ਬੇਰਜ਼ੁਗਾਰ ਹੈ ਜਾਂ ਸੇਵਾ ਮੁਕਤ ਕਰਮਚਾਰੀ ਹੈ ਸਫਰੀ ਭੱਤਾ ਬੰਦ ਨਾ ਕੀਤਾ ਜਾਵੇ ਕਿਉਕਿ ਸੇਵਾ ਮੁਕਤ ਮੁਲਾਜਮ ਦੀ ਤਨਖਾਹ ਅੱਧੀ ਰਹਿ ਜਾਂਦੀ ਹੈ।ਪਰ ਸਫਰ ਅੱਧਾ ਨਹੀ ਰਹਿੰਦਾ। ਜਿੰਨਾਂ ਸਰਕਾਰੀ ਕਰਮਚਾਰੀਆਂ ਨੂੰ ਨੌਕਰੀ ਮਿਲ ਚੁੱਕੀ ਹੈ ਉਹਨਾਂ ਦੀ ਅੰਗਹੀਣਤਾਂ ਨੂੰ ਸੌਖਾ ਕਰਨ ਲਈ ਨਵੀਆਂ ਤਕਨੀਕਾਂ ਆ ਗਈਆਂ ਹਨ।ਫਰਜ ਕਰੋ ਜਦੋਂ ਕੋਈ 10% ਦ੍ਰਿਸ਼ਟੀ ਵਾਲਾ ਅੰਗਹੀਣ ਨੌਕਰੀ 'ਚ ਆਇਆ ਉਸਨੇ ਲੇਜਰ ਜਾਂ ਫੇਕੋ ਤਕਨੀਕ ਰਾਹੀਂ ਆਪਣੀ ਦ੍ਰਿਸ਼ਟੀ 30,40% ਕਰ ਲਈ ਤਾਂ ਕੀ ਗੁਨਾਹ ਕੀਤਾ ? ਜੇ ਕਿਸੇ ਅੰਗਹੀਣ ਨੇ 5 ਕਿਲੋ ਦੀ ਬਾਹ ਤੇ 10 ਕਿਲੋ ਦੀ ਲੱਤ ਬੰਨ ਕੇ ਕਾਰਜ ਕਰਨ ਦੀ ਥਾਂ ਡੇਢ ਕਿੱਲੋਂ ਦੀ ਬਾਹ ਤੇ ਤਿੰਨ ਕਿਲੋਂ ਦੀ ਲੱਤ ਲਗਵਾ ਕੇ ਆਪਣੀ ਕਾਰਜ ਕੁਸ਼ਲਤਾਂ ਨੂੰ ਵਧਾ ਲਿਆ ਹੈ ਤਾਂ ਉਹਨਾਂ ਨੂੰ ਉਹਨਾਂ ਦੇ ਬਨਾਵਟੀ ਅੰਗਾਂ ਦੀ ਭਰਪਾਈ ਕੀਤੀ ਜਾਵੇ ਨਾ ਕਿ ਇਹ ਸ਼ਰਤਾਂ ਲਗਾਈਆਂ ਜਾਣ ਕਿ ਤੁਸੀ ਤਾਂ ਨੌਕਰੀ ਵਿੱਚ ਆਉਣ ਤੋਂ ਪਹਿਲਾ ਅੰਗਹੀਣ ਸੀ ਜੇ ਅੰਗਹੀਣ ਨੌਕਰੀ ਵਿੱਚ ਆ ਸਕਦਾ ਹੈ ਤਾਂ ਇਹ ਭਰਪੂਰਤੀ ਕਰਨ ਤੋਂ ਕਿਨਾਰਾਕੁਸੀ ਕਰਨੀ ਉਚਿੱਤ ਨਹੀ ਹੈ।ਸਰਕਾਰ ਇਸ ਬੇਇਨਸਾਫੀ ਨੂੰ ਦਰੁਸਤ ਕਰੇ। ਅੰਤ ਵਿੱਚ ਅਸੀ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਢੁੱਕਵੇ,ਯੋਗ ਤੇ ਨਿਆਪੂਰਨ ਸਰੋਤਾਂ ਰਾਹੀਂ ਅੰਗਹੀਣ ਦਿਵਸ ਤੇ ਕੋਈ ਠੋਸ ਮਿਤੀ ਪੇਸ਼ ਕਰੇ ਜੁਬਾਨੀ ਜਮ੍ਹਾ ਖਰਚੀ ਜਾਂ ਖਾਨਾ ਪੂਰਤੀ ਨਾ ਕਰੇ। ਅੰਗਹੀਣਾਂ ਨੂੰ ਸਮਾਜ ਵਿੱਚ ਸਵੈਮਾਨ ਚਾਹੀਦਾ ਹੈ ਜੋ ਕਿ ਬਰਾਬਰੀ ਦੇ ਕੇ ਮਿਲ ਸਕਦਾ ਹੈ ਤਾਂ ਜੋ ਸਰਕਾਰਾਂ ਅਤੇ ਲੋਕਾਂ ਦਾ ਨਜ਼ਰੀਆ ਅੰਗਹੀਣਾਂ ਪ੍ਰਤੀ ਵਿਦੇਸ਼ਾਂ ਦੀਆਂ ਸਰਕਾਰਾਂ ਅਤੇ ਲੋਕਾਂ ਵਰਗਾ ਹੋਵੇ। ਅੰਗਹੀਣਾਂ ਦੀਆਂ ਪੈਰਾ ਉਲ਼ੰਪਿਕ ਖੇਡ ਮੁਕਾਬਲੇ ਜੋ ਕਿ ਦੁਨੀਆਂ ਪੱਧਰ ਤੇ ਹੁੰਦੇ ਹਨ। ਉਨ੍ਹਾਂ ਖਿਡਾਰੀਆਂ ਨੂੰ ਵੀ ਦੂਸਰੇ ਖਿਡਾਰੀਆਂ ਦੇ ਬਰਾਬਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਇਸ ਨਾਲ ਅੰਗਹੀਣਾਂ ਪ੍ਰਤੀ ਹਰ ਤਰ੍ਹਾਂ ਦੀ ਨਾ ਬਰਾਬਰੀ ਅਤੇ ਵਿਤਕਰੇ ਨੂੰ ਠੱਲ਼ ਪਵੇਗੀ ਅੰਗਹੀਣ ਸਮਾਜ ਅਜਿਹਾ ਹੋਣ ਤੇ ਆਪਣੀਆਂ ਸਰਕਾਰਾਂ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਸਦੀਵੀ ਮਾਣ ਮਹਿਸੂਸ ਕਰੇਗਾ।

# ਹੁਕਮਰਾਨਾਂ ਨੂੰ ਗੌਤਮ ਨਵਲੱਖਾ ਦੀ ਘਰ 'ਚ ਨਜ਼ਰਬੰਦੀ ਵੀ ਮਨਜ਼ੂਰ ਨਹੀਂ



ਬੂਟਾ ਸਿੰਘ
ਮਹਿਮੂਦਪੁਰ
94634-74342

ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਂਚ ਵੱਲੋਂ ਭੀਮਾ-ਕੋਰੇਗਾਓਂ ਐਲਗਾਰ ਪ੍ਰੀਸ਼ਦ ਕੇਸ ਵਿਚ ਜੇਲ੍ਹ ਵਿਚ ਬੰਦ ਮਨੁੱਖੀ ਹੱਕਾਂ ਦੇ ਉੱਘੇ ਘੁਲਾਟੀਏ ਗੌਤਮ ਨਵਲਖਾ ਨੂੰ ਜੇਲ੍ਹ ਦੀ ਬਜਾਏ ਘਰ 'ਚ ਨਜ਼ਰਬੰਦੀ ਦੀ ਰਾਹਤ ਮਿਲਣਾ ਚੰਗੀ ਖ਼ਬਰ ਹੈ। ਗੌਤਮ ਨਵਲਖਾ ਸਕਿਨ ਐਲਰਜੀ, ਦੰਦਾਂ ਦੀ ਸਮੱਸਿਆ ਸਮੇਤ ਬਹੁਤ ਸਾਰੇ ਗੰਭੀਰ ਰੋਗਾਂ ਤੋਂ ਪੀੜਤ ਹਨ। ਉਸ ਦੇ ਪੇਟ 'ਚ ਕੈਂਸਰ ਹੋਣ ਦਾ ਸ਼ੱਕ ਵੀ ਹੈ ਜਿਸ ਲਈ ਦੁਬਾਰਾ ਕੋਲੋਨੋਸਕੋਪੀ ਕਰਾਉਣੀ ਜ਼ਰੂਰੀ ਹੈ। ਉਹ ਜ਼ਰੂਰੀ ਟੈਸਟ ਕਰਾਏ ਜਾਣ ਦੀ ਲਗਾਤਾਰ ਮੰਗ ਕਰ ਰਹੇ ਹਨ। ਪਰ ਜੇਲ੍ਹ ਅਤੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਫ਼ੌਰੀ ਇਲਾਜ ਦੀ ਜ਼ਰੂਰਤ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਰਹੇ ਹਨ। ਜੇਲ੍ਹ ਦੇ ਅਣਮਨੁੱਖੀ ਹਾਲਾਤ ਕਾਰਨ ਨਵਲਖਾ ਦੀ ਵਿਗੜ ਰਹੀ ਹਾਲਤ ਦੇ ਮੱਦੇਨਜ਼ਰ ਉਸ ਦੇ ਵਕੀਲ ਨੂੰ ਇਲਾਜ ਦਾ ਮਨੁੱਖੀ ਹੱਕ ਲੈਣ ਲਈ ਉੱਚ ਅਦਾਲਤ 'ਚ ਜਾਣਾ ਪਿਆ।

ਵਕੀਲ ਨੇ ਬੰਬਈ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਕਿ ਨਵਲਖਾ ਨੂੰ ਘਰ 'ਚ ਨਜ਼ਰਬੰਦ ਰੱਖਕੇ ਇਲਾਜ ਕਰਾਉਣ ਦੀ ਇਜਾਜ਼ਤ ਦਿੱਤੀ ਜਾਵੇ। ਹਾਈਕੋਰਟ ਨੇ ਸਰਕਾਰੀ ਪੱਖ ਦੀਆਂ ਝੂਠੀਆਂ ਦਲੀਲਾਂ ਨੂੰ ਮੰਨਦਿਆਂ ਨਵਲਖਾ ਦੀ ਦਰਖ਼ਾਸਤ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਉਸ ਦਾ ਕੇਸ ਘਰ 'ਚ ਨਜ਼ਰਬੰਦੀ ਦੇ ਪੈਮਾਨੇ 'ਤੇ ਪੂਰਾ ਨਹੀਂ ਉੱਤਰਦਾ। ਇਸ ਕਾਰਨ ਵਕੀਲਾਂ ਨੂੰ ਸੁਪਰੀਮ ਕੋਰਟ 'ਚ ਜਾਣਾ ਪਿਆ। ਐੱਨ.ਆਈ.ਏ. (ਕੌਮੀ ਜਾਂਚ ਏਜੰਸੀ) ਵੱਲੋਂ ਪੇਸ਼ ਏ.ਐੱਸ.ਜੀ. (ਐਡੀਸ਼ਨਲ ਸਾਲਿਸਟਰ ਜਨਰਲ) ਵੱਲੋਂ ਨਵਲਖਾ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਦਿੱਤੇ ਜਾਣ ਤੋਂ ਰੋਕਣ ਲਈ ਇਹ ਰੱਟ ਲਾਈ ਗਈ ਕਿ ਉਸ ਦੀ ਹਾਲਤ 'ਚ ਸੁਧਾਰ ਹੋਇਆ ਹੈ ਅਤੇ ਉਸ ਨੂੰ ਫ਼ਿਲਹਾਲ ਕੋਈ ਤਕਲੀਫ਼ ਨਹੀਂ ਹੈ। ਸਰਕਾਰੀ ਨੁਮਾਇੰਦੇ ਅਤੇ ਐੱਨ.ਆਈ.ਏ. ਦੇ ਅਧਿਕਾਰੀ ਨਵਲਖਾ ਦੀ ਨਾਜ਼ੁਕ ਹਾਲਤ ਬਾਰੇ ਭਲੀਭਾਂਤ ਜਾਣਦੇ ਹਨ ਪਰ ਉਹ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅਦਾਲਤਾਂ ਵਿਚ ਝੂਠ ਬੋਲ ਰਹੇ ਹਨ ਤਾਂ ਜੁ ਭੀਮਾ-ਕੋਰੇਗਾਓਂ ਕੇਸ 'ਚ ਫਸਾਏ ਬਾਕੀ ਬੁੱਧੀਜੀਵੀਆਂ ਨੂੰ ਵੀ ਸਟੇਨ ਸਵਾਮੀ ਦੀ ਤਰ੍ਹਾਂ ਬਿਨਾਂ ਜ਼ਮਾਨਤ, ਬਿਨਾਂ ਇਲਾਜ ਜੇਲ੍ਹ ਵਿਚ ਹੀ ਤਿਲ-ਤਿਲ ਕਰਕੇ ਮਾਰਿਆ ਜਾ ਸਕੇ। ਇਸ ਕੇਸ ਵਿਚ 2020 'ਚ ਚਾਰਜਸ਼ੀਟ ਪੇਸ਼ ਕਰਨ ਦੇ ਬਾਵਜੂਦ ਅਜੇ ਤੱਕ ਮੁਕੱਦਮਾ ਸ਼ੁਰੂ ਨਹੀਂ ਹੋਇਆ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਵੀ ਇਸ ਪ੍ਰਤੀ ਸਰੋਕਾਰ ਦਿਖਾਇਆ ਹੈ।

ਏ.ਐੱਸ.ਜੀ. ਨੇ ਘਰ 'ਚ ਨਜ਼ਰਬੰਦੀ ਦਾ ਸਖ਼ਤ ਵਿਰੋਧ ਕਰਦਿਆਂ ਇਹ ਬਹਾਨਾ ਬਣਾਇਆ ਕਿ ਇਹ ਕੌਮੀ ਸੁਰੱਖਿਆ ਦਾ ਮਾਮਲਾ ਹੈ; ਕਿ ਨਵਲਖਾ ਦੇ ਕਸ਼ਮੀਰੀ ਇੰਤਹਾਪਸੰਦਾਂ ਨਾਲ ਸੰਬੰਧ ਹਨ ਇਸ ਕਰਕੇ ਘਰ 'ਚ ਉਸ ਉੱਪਰ ਨਜ਼ਰ ਰੱਖਣੀ ਮੁਸ਼ਕਿਲ ਹੋਵੇਗੀ। ਏ.ਐੱਸ.ਜੀ. ਨੇ ਇਹ ਮੁੱਦਾ ਵੀ ਬਣਾਇਆ ਕਿ ਮੈਡੀਕਲ ਰਿਪੋਰਟ ਸ਼ੱਕੀ ਹੈ ਕਿਉਂਕਿ ਨਵਲਖਾ ਦੀ ਸਿਹਤ ਦੀ ਜਾਂਚ ਕਰਨ ਵਾਲੇ ਬਾਰਾਂ ਡਾਕਟਰਾਂ ਵਿਚ ਉਸ ਦੇ ਜੀਜਾ ਡਾ. ਕੋਠਾਰੀ ਵੀ ਸ਼ਾਮਲ ਸਨ। ਸਰਕਾਰੀ ਪੱਖ ਦੀਆਂ ਖੋਖਲੀਆਂ ਅਤੇ ਤਰਕਹੀਣ ਦਲੀਲਾਂ ਨੂੰ ਬੈਂਚ ਨੇ ਰੱਦ ਕਰ ਦਿੱਤਾ ਅਤੇ ਨਵਲਖਾ ਦੀ ਘਰ ਵਿਚ ਨਜ਼ਰਬੰਦ ਰੱਖਣ ਦੀ ਪਟੀਸ਼ਨ ਮਨਜ਼ੂਰੀ ਕਰਦਿਆਂ ਕਿਹਾ ਕਿ ਡਾਕਟਰੀ ਰਿਪੋਰਟ ਦੇ ਸ਼ੱਕੀ ਹੋਣ ਦੀ ਦਲੀਲ ਕੋਈ ਕਾਰਨ ਨਹੀਂ ਬਣਦੀ ਕਿਉਂਕਿ ਇਕ ਡਾਕਟਰ ਦੂਜੇ ਡਾਕਟਰ ਨੂੰ ਗੁੰਮਰਾਹ ਨਹੀਂ ਕਰ ਸਕਦਾ ਅਤੇ ਸੰਬੰਧਤ ਡਾਕਟਰ ਗ਼ਲਤ ਰਿਪੋਰਟ ਨਹੀਂ ਦੇਣਗੇ। ਇਹ ਵੀ ਕਿ ਰਿਪੋਰਟ ਵਿਚ ਡਾ. ਕੋਠਾਰੀ ਦੀਆਂ ਸਿਰਫ਼ ਤਿੰਨ ਸਤਰਾਂ ਹਨ। ਜਦੋਂ ਹੋਰ ਕੋਈ ਦਲੀਲ ਕੰਮ ਨਾ ਆਈ ਤਾਂ ਏ.ਐੱਸ.ਜੀ. ਨੇ ਘਰ ਵਿਚ ਨਜ਼ਰਬੰਦੀ ਦੌਰਾਨ ਨਵਲਖਾ ਦੀ ਜੀਵਨ-ਸਾਥਣ ਦੇ ਉਸ ਦੇ ਨਾਲ ਰਹਿਣ ਉੱਪਰ ਇਤਰਾਜ਼ ਉਠਾ ਦਿੱਤਾ ਕਿ ਜੇਲ੍ਹਾਂ ਵਿਚ ਔਰਤਾਂ ਅਤੇ ਮਰਦਾਂ ਦੇ ਇਕੱਠੇ ਰਹਿਣ ਦੀ ਇਜਾਜ਼ਤ ਨਹੀਂ ਹੈ। ਇਸ 'ਤੇ ਬੈਂਚ ਨੇ ਕਿਹਾ, 'ਤੁਸੀਂ ਖੁੱਲ੍ਹੀ ਜੇਲ੍ਹ ਬਾਰੇ ਜਾਣੂੰ ਹੋ ?' ਏ.ਐੱਸ.ਜੀ. ਵੱਲੋਂ ਖੜ੍ਹੇ ਕੀਤੇ ਜਾ ਰਹੇ ਅੜਿੱਕਿਆਂ ਨੂੰ ਦੇਖਦਿਆਂ ਬੈਂਚ ਨੂੰ ਇਹ ਵੀ ਕਹਿਣਾ ਪਿਆ ਕਿ ਜਦੋਂ ਘਰ 'ਚ ਪਹਿਲੀ ਨਜ਼ਰਬੰਦੀ ਦੌਰਾਨ ਨਵਲਖਾ ਵੱਲੋਂ ਨਜ਼ਰਬੰਦੀ ਦੀ ਉਲੰਘਣਾ ਕਰਨ ਦੀ ਕੋਈ ਸ਼ਿਕਾਇਤ ਨਹੀਂ ਹੈ ਤਾਂ ਗੰਭੀਰ ਬੀਮਾਰੀਆਂ ਨੂੰ ਦੇਖਦਿਆਂ ਉਸ ਨੂੰ ਜੇਲ੍ਹ ਦੀ ਬਜਾਏ ਘਰ 'ਚ ਨਜ਼ਰਬੰਦ ਕਿਉਂ ਨਾ ਰੱਖਿਆ ਜਾਵੇ।

ਆਖ਼ਿਰਕਾਰ ਸਰਕਾਰੀ ਪੱਖ ਦੇ ਦਬਾਓ ਹੇਠ ਬੈਂਚ ਨੇ 16 ਸ਼ਰਤਾਂ ਤਹਿਤ ਨਵਲਖਾ ਨੂੰ ਇਕ ਮਹੀਨੇ ਲਈ ਮੁੰਬਈ ਵਿਚ ਘਰ ਦੇ ਅੰਦਰ ਨਜ਼ਰਬੰਦ ਕਰਨ ਦੇ ਹੁਕਮ ਨੂੰ 48 ਘੰਟੇ ਦੇ ਅੰਦਰ ਅਮਲ 'ਚ ਲਿਆਉਣ ਦਾ ਆਦੇਸ਼ ਦੇ ਦਿੱਤਾ। ਸ਼ਰਤਾਂ ਇਸ ਤਰ੍ਹਾਂ ਹਨ: 1) ਜਿਸ ਘਰ ਵਿਚ ਨਵਲਖਾ ਨੂੰ ਇਕ ਮਹੀਨੇ ਲਈ ਨਜ਼ਰਬੰਦ ਰੱਖਿਆ ਜਾਵੇਗਾ ਉਸ ਦੀ ਲਗਾਤਾਰ ਨਿਗਰਾਨੀ ਲਈ ਘਰ ਦੇ ਬਾਹਰ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ; ਕਮਰਿਆਂ ਦੇ ਬਾਹਰ ਅਤੇ ਸਾਰੇ ਦਰਵਾਜ਼ਿਆਂ ਉੱਪਰ ਸੀਸੀਟੀਵੀ ਕੈਮਰੇ ਲਗਾਏ ਜਾਣਗੇ। 2) ਨਵਲਖਾ ਨੂੰ ਘਰ ਤੋਂ ਬਾਹਰ ਨਿਕਲਣ ਦੀ ਆਗਿਆ ਨਹੀਂ ਹੋਵੇਗੀ। ਸੈਰ ਕਰਨ ਲਈ ਵੀ ਉਹ ਸਿਰਫ਼ ਪੁਲਿਸ ਮੁਲਾਜ਼ਮ ਦੇ ਨਾਲ ਹੀ ਘਰ ਤੋਂ ਬਾਹਰ ਕਦਮ ਰੱਖ ਸਕਣਗੇ ਅਤੇ ਕਿਸੇ ਨਾਲ ਗੱਲਬਾਤ ਨਹੀਂ ਕਰਨਗੇ 3) ਉਹ ਇੰਟਰਨੈੱਟ, ਲੈਪਟਾਪ ਜਾਂ ਕੋਈ ਵੀ ਸੰਚਾਰ ਡਿਵਾਈਸ ਨਹੀਂ ਵਰਤ ਸਕਣਗੇ 4) ਪੁਲਿਸ ਮੁਲਾਜ਼ਮਾਂ ਵੱਲੋਂ ਦਿੱਤੇ ਮੋਬਾਈਲ ਫ਼ੋਨਾਂ ਉੱਪਰ ਪੁਲਿਸ ਦੀ ਮੌਜੂਦਗੀ ਵਿਚ ਦਿਨ ਵਿਚ ਸਿਰਫ਼ ਇਕ ਵਾਰ ਸਿਰਫ਼ ਦਸ ਮਿੰਟ ਲਈ ਕਿਸੇ ਨਾਲ ਗੱਲ ਕਰ ਸਕਣਗੇ 5) ਉਹ ਆਪਣੀ



ਜੀਵਨ-ਸਾਥਣ ਦੇ ਜਾਂ ਕਿਸੇ ਹੋਰ ਦੇ ਫ਼ੋਨ ਦੀ ਵਰਤੋਂ ਨਹੀਂ ਕਰਨਗੇ। ਉਸ ਦੀ ਜੀਵਨ-ਸਾਥਣ ਦੇ ਮੋਬਾਈਲ 'ਚ ਇੰਟਰਨੈੱਟ ਨਹੀਂ ਹੋਵੇਗਾ। ਉਹ ਸਿਰਫ਼ ਕਾਲਾਂ ਅਤੇ ਐੱਸ.ਐੱਮ.ਐੱਸ. ਕਰਨ ਲਈ ਸਧਾਰਨ ਫ਼ੋਨ ਹੀ ਰੱਖ ਸਕੇਗੀ, ਉਸ ਉੱਪਰ ਕੀਤੀਆਂ ਕਾਲਾਂ ਅਤੇ ਮੈਸੇਜ ਡਿਲੀਟ ਨਹੀਂ ਕੀਤੇ ਜਾਣਗੇ। 6) ਐੱਨ.ਆਈ.ਏ. ਨਵਲਖਾ ਅਤੇ ਉਸ ਦੀ ਜੀਵਨ-ਸਾਥਣ ਦੁਆਰਾ ਕੀਤੀਆਂ ਗਈਆਂ ਕਾਲਾਂ ਦੀ ਨਿਗਰਾਨੀ ਕਰ ਸਕਦੀ ਹੈ 7) ਉਹ ਬੰਬਈ ਨਹੀਂ ਛੱਡ ਸਕਦਾ। 8) ਉਸ ਨੂੰ ਵੱਧ ਤੋਂ ਵੱਧ ਦੋ ਪਰਿਵਾਰਕ ਮੈਂਬਰ ਹਫਤੇ ਵਿਚ ਇਕ ਵਾਰ ਤਿੰਨ ਘੰਟਿਆਂ ਲਈ ਮਿਲ ਸਕਦੇ ਹਨ। ਪਰਿਵਾਰਕ ਮੈਂਬਰਾਂ ਦੀ ਸੂਚੀ ਤਿੰਨ ਦਿਨ ਦੇ ਅੰਦਰ ਐੱਨ.ਆਈ.ਏ. ਨੂੰ ਦਿੱਤੀ ਜਾਵੇਗੀ)। 9) ਮਿਲਣ ਵਾਲੇ ਪਰਿਵਾਰ ਮੈਂਬਰ ਆਪਣੇ ਨਾਲ ਕੋਈ ਵੀ ਇਲੈਕਟ੍ਰਾਨਿਕ ਯੰਤਰ ਨਹੀਂ ਰੱਖ ਸਕਣਗੇ। 10) ਨਵਲਖਾ ਨੂੰ ਸਿਰਫ਼ ਕੇਬਲ ਟੀਵੀ ਵਰਤਣ ਅਤੇ ਅਖ਼ਬਾਰ ਪੜ੍ਹਨ ਦੀ ਇਜਾਜ਼ਤ ਹੀ ਦਿੱਤੀ ਜਾਵੇਗੀ। 11) ਇਸ ਦੌਰਾਨ ਉਹ ਕੇਸ ਦੇ ਕਿਸੇ ਵੀ ਗਵਾਹ ਨਾਲ ਕੋਈ ਸੰਪਰਕ ਨਹੀਂ ਕਰਨਗੇ। 12) ਜੇਲ੍ਹ ਮੈਨੂਅਲ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਆਪਣੇ ਵਕੀਲਾਂ ਨੂੰ ਮਿਲਣ ਦੀ ਇਜਾਜ਼ਤ ਹੋਵੇਗੀ ਜਿਨ੍ਹਾਂ ਦੇ ਨਾਂ ਐੱਨ.ਆਈ.ਏ. ਨੂੰ ਤਿੰਨ ਦਿਨਾਂ 'ਚ ਭੇਜੇ ਜਾਣਗੇ। 13) ਮੈਡੀਕਲ ਐਮਰਜੈਂਸੀ ਦੀ ਸੂਰਤ 'ਚ ਵੀ ਏਜੰਸੀ ਦੇ ਅਫ਼ਸਰਾਂ ਨੂੰ ਸੂਚਿਤ ਕੀਤਾ ਜਾਵੇਗਾ, ਉਹ ਹੀ ਉਸ ਨੂੰ ਹਸਪਤਾਲ ਲੈ ਕੇ ਜਾਣਗੇ। 14) ਨਵਲਖਾ ਨੂੰ 2 ਲੱਖ ਰੁਪਏ ਦੀ ਸਥਾਨਕ ਜ਼ਮਾਨਤ ਦੇਣੀ ਪਵੇਗੀ।

ਹਾਲਾਂਕਿ ਨਿਗਰਾਨੀ ਰੱਖਣ ਦੀ ਮੰਗ ਕੌਮੀ ਜਾਂਚ ਏਜੰਸੀ ਨੇ ਕੀਤੀ ਸੀ ਪਰ ਸ਼ਰਤਾਂ ਦਾ ਨਿਚੋੜ ਇਹ ਹੈ ਕਿ ਨਵਲਖਾ ਨੂੰ ਜਾਂਚ ਏਜੰਸੀ ਦੀ ਸਖਤ ਨਿਗਰਾਨੀ ਹੇਠ ਰਹਿਣ ਦੇ ਨਾਲ-ਨਾਲ ਡਿਜੀਟਲ ਨਿਗਰਾਨੀ ਦੀ ਵਿਵਸਥਾ ਸਮੇਤ ਨਿਗਰਾਨੀ/ਜਾਸੂਸੀ ਦਾ 2.4 ਲੱਖ ਰੁਪਏ ਖ਼ਰਚ ਵੀ ਦੇਣਾ ਪਵੇਗਾ। ਸਖ਼ਤ ਸ਼ਰਤਾਂ ਥੋਪੇ ਜਾਣ ਤੋਂ ਸੁਪਰੀਮ ਕੋਰਟ ਉੱਪਰ ਫਾਸ਼ੀਵਾਦੀ ਹਕੂਮਤ ਦਾ ਦਬਾਓ ਸਪਸ਼ਟ ਹੈ। ਸੁਪਰੀਮ ਕੋਰਟ ਦੇ ਜੱਜਾਂ ਨੂੰ ਕੇਸ ਦੇ ਬੇਬੁਨਿਆਦ ਅਤੇ ਝੂਠਾ ਹੋਣ ਦਾ ਭਲੀਭਾਂਤ ਪਤਾ ਹੈ। ਅਜੇ ਇਸ ਕੇਸ 'ਚ ਗ੍ਰਿਫ਼ਤਾਰ ਕੀਤੀਆਂ ਸ਼ਖ਼ਸੀਅਤਾਂ ਮਹਿਜ਼ ਮੁਲਜ਼ਮ ਹਨ ਅਤੇ ਅਦਾਲਤ ਨੇ ਮੁਕੱਦਮਾ ਚਲਾ ਕੇ ਦੋਸ਼ ਵੀ ਤੈਅ ਨਹੀਂ ਕੀਤੇ, ਫਿਰ ਵੀ ਹਕੂਮਤ ਵੱਲੋਂ ਉਨ੍ਹਾਂ ਨਾਲ ਖ਼ਤਰਨਾਕ ਸਜ਼ਾ ਯਾਫ਼ਤਾ ਕੈਦੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਹੁਕਮਰਾਨਾਂ ਦੇ ਮਨਸ਼ੇ ਗੁੱਝੇ ਨਹੀਂ। ਉਹ ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਬਿਨਾਂ ਜੁਰਮ ਜੇਲ੍ਹਾਂ ਵਿਚ ਸਾੜ ਕੇ ਮਿਸਾਲ ਕਾਇਮ ਕਰਨਾ ਚਾਹੁੰਦੇ ਹਨ ਤਾਂ ਜੁ ਹੱਕਾਂ ਦੇ ਹੋਰ ਘੁਲਾਟੀਏ ਐਸੀ ਬੇਕਿਰਕ ਜੇਲ੍ਹਬੰਦੀ ਤੋਂ ਭੈਭੀਤ ਹੋ ਕੇ ਚੁੱਪ ਹੋ ਜਾਣ। ਪ੍ਰੋਫੈਸਰ ਸਾਈਬਾਬਾ ਨੂੰ ਬਾਇੱਜ਼ਤ ਬਰੀ ਕੀਤੇ ਜਾਣ 'ਤੇ ਸਰਕਾਰ ਅਤੇ ਜਾਂਚ ਏਜੰਸੀਆਂ ਵੱਲੋਂ ਕੀਤਾ ਵਿਰੋਧ ਇਸ ਦੀ ਤਾਜ਼ਾ ਮਿਸਾਲ ਹੈ। ਹਾਲਾਂਕਿ ਜਮਹੂਰੀ ਅਤੇ ਮਨੁੱਖੀ ਹੱਕਾਂ ਦੇ ਘੁਲਾਟੀਏ ਕਿਸੇ ਹਿੰਸਕ ਵਾਰਦਾਤ ਵਿਚ ਸ਼ਾਮਿਲ ਨਹੀਂ ਹੁੰਦੇ ਪਰ ਹਕੂਮਤ ਉਨ੍ਹਾਂ ਨੂੰ ਹਥਿਆਰਬੰਦ ਬਾਗ਼ੀਆਂ ਤੋਂ ਵੀ ਖ਼ਤਰਨਾਕ ਮੰਨਦੀ ਹੈ। ਪ੍ਰਧਾਨ ਮੰਤਰੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪਿੱਛੇ ਜਹੇ ਸਿਖਲਾਈ ਪੂਰੀ ਕਰ ਕੇ ਫੀਲਡ ਵਿਚ ਜਾ ਰਹੇ ਆਈ.ਪੀ.ਐੱਸ. ਅਧਿਕਾਰੀਆਂ ਨੂੰ ਚੁਕੰਨੇ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੂੰ 'ਸਿਵਲ ਸੁਸਾਇਟੀ ਵਿਰੁੱਧ ਯੁੱਧ' ਦੇ ਮਹੱਤਵ ਨੂੰ ਪਛਾਨਣਾ ਚਾਹੀਦਾ ਹੈ ਕਿਉਂਕਿ ਇਹ ਭਾਰਤੀ ਰਾਜ ਲਈ ਯੁੱਧ ਦਾ ਅਗਲਾ ਮੋਰਚਾ ਹੈ। ਨਰਿੰਦਰ ਮੋਦੀ ਨੂੰ ਅਕਸਰ ਹੀ 'ਕਰਤੱਵ' ਦੀ ਰੱਟ ਲਾਉਂਦੇ ਦੇਖਿਆ ਜਾ ਸਕਦਾ ਹੈ। ਪਿਛਲੇ ਦਿਨੀਂ ਮੋਦੀ ਨੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ 'ਕਲਮ ਵਾਲੇ ਨਕਸਲੀ' ਕਿਹਾ। ਇਕ ਐਸੇ ਸ਼ਖ਼ਸ ਵੱਲੋਂ, ਜਿਸ ਉੱਪਰ ਮੁਸਲਮਾਨਾਂ ਦਾ ਕਤਲੇਆਮ ਕਰਨ ਵਾਲੇ ਦਹਿਸ਼ਤਵਾਦੀ ਹਿੰਦੂਤਵੀ ਹਜੂਮਾਂ ਦੀ ਰਾਜਸੀ ਤੇ ਰਾਜਕੀ ਪੁਸ਼ਤ ਪਨਾਹੀ ਕਰਨ ਅਤੇ ਸਜ਼ਾ ਯਾਫ਼ਤਾ ਮੁਜਰਮਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣ ਲਈ ਸੱਤਾ ਦੀ ਦੁਰਵਰਤੋਂ ਕਰਨ ਦੇ ਇਲਜ਼ਾਮ ਹਨ, ਮੁੱਖ ਮੰਤਰੀਆਂ ਅਤੇ ਡੀ.ਜੀ.ਪੀਜ਼ ਨੂੰ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ 'ਕਲਮ ਵਾਲੇ ਨਕਸਲੀ' ਗਰਦਾਨ ਕੇ ਉਨ੍ਹਾਂ ਨੂੰ ਸਖ਼ਤੀ ਨਾਲ ਦਬਾ ਦੇਣ ਲਈ ਉਕਸਾਉਣਾ ਸਮਝ ਆਉਂਦਾ ਹੈ।

ਭਾਰਤੀ ਹੁਕਮਰਾਨਾਂ ਦਾ ਪਿਛਲਾ ਖ਼ੂਨੀ ਰਿਕਾਰਡ ਵੀ ਇਸ ਦਾ ਗਵਾਹ ਹੈ ਕਿ ਹੁਕਮਰਾਨ ਹੱਕਾਂ ਦੇ ਪਹਿਰੇਦਾਰਾਂ ਨੂੰ ਬੇਹੱਦ ਖ਼ਤਰਨਾਕ ਮੁਜਰਿਮ ਮੰਨਦੇ ਹਨ। ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨ ਤੋਂ ਇਲਾਵਾ, ਝੂਠਾ ਪੁਲਿਸ ਮੁਕਾਬਲਾ ਬਣਾ ਕੇ ਕਤਲ ਕਰਵਾਉਣ, ਅਗਵਾ ਕਰਕੇ ਮਾਰ ਕੇ ਖ਼ਪਾ ਦੇਣ ਜਾਂ ਗ਼ੈਰਕਾਨੂੰਨੀ ਗਰੋਹਾਂ ਤੋਂ ਕਤਲ ਕਰਵਾ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਜੱਪਾ ਲਕਸ਼ਮਨ ਰੈਡੀ, ਡਾ. ਰਾਮਾਨਾਥਨ, ਟੀ ਪੁਰਸ਼ੋਤਮ, ਗੋਪੀ ਰਾਜੰਨਾ, ਨਰਾ ਪ੍ਰਭਾਕਰ ਰੈਡੀ, ਜਸਵੰਤ ਸਿੰਘ ਖਾਲੜਾ, ਜਲੀਲ ਅੰਦਰਾਬੀ, ਪ੍ਰਾਗ ਕੁਮਾਰ ਦਾਸ, ਆਜ਼ਮ ਅਲੀ, ਗੰਟੀ ਪ੍ਰਸਾਦਮ ਆਦਿ ਹੱਕਾਂ ਦੇ ਕਾਰਕੁੰਨਾਂ ਨੂੰ ਹੁਕਮਰਾਨਾਂ ਨੇ ਇਸੇ ਤਰ੍ਹਾਂ ਪੁਲਿਸ ਅਤੇ ਗ਼ੈਰਕਾਨੂੰਨੀ ਗਰੋਹਾਂ ਕੋਲੋਂ ਕਤਲ ਕਰਵਾਇਆ। ਹੁਣ ਜੇਲ੍ਹਾਂ 'ਚ ਡੱਕੇ ਦੋ ਦਰਜਨ 'ਸ਼ਹਿਰੀ ਨਕਸਲੀ' ਭਗਵੇਂ ਹੁਕਮਰਾਨਾਂ ਦੇ ਨਿਸ਼ਾਨੇ 'ਤੇ ਹਨ।

ਇਸ ਲਈ ਜੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਅਤੇ ਏ.ਐੱਸ.ਜੀ. ਪੱਧਰ ਦੇ ਕਾਨੂੰਨੀ ਮਾਹਿਰ ਹਕੂਮਤ ਦੇ ਇਸ਼ਾਰੇ 'ਤੇ ਹੱਕਾਂ ਦੇ ਕਾਰਕੁਨਾਂ ਨੂੰ ਜ਼ਮਾਨਤ ਦੇਣ ਜਾਂ ਉਨ੍ਹਾਂ ਨੂੰ ਪੈਰੋਲ ਦਾ ਕਾਨੂੰਨੀ ਹੱਕ ਦੇਣ ਦਾ ਵਿਰੋਧ ਕਰਦੇ ਹਨ ਅਤੇ ਦੂਜੇ ਪਾਸੇ ਸਾਧਵੀ ਪ੍ਰਗਿਆ, ਸ੍ਰੀਕਾਂਤ ਪੁਰੋਹਿਤ, ਮਾਇਆ ਕੋਡਨਾਨੀ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਅਤੇ ਡੀ.ਜੀ. ਵੰਜਾਰਾ ਵਰਗੇ ਸਜ਼ਾ ਯਾਫ਼ਤਾ ਸਰਕਾਰੀ ਜਲਾਦਾਂ ਦੇ ਮਨੁੱਖਤਾ ਵਿਰੋਧੀ ਘਿਣਾਉਣੇ ਜੁਰਮਾਂ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਲਿਆਉਣ ਜਾਂ ਮੋਦੀ, ਅਮਿਤ ਸ਼ਾਹ ਵਰਗੇ ਦਾਗ਼ੀ ਕਿਰਦਾਰਾਂ ਨੂੰ ਕਲੀਨ ਚਿੱਟਾਂ ਦੇਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਂਦੇ ਹਨ ਅਤੇ ਅਦਾਲਤਾਂ ਦੇ ਜੱਜ ਇਸ ਪ੍ਰਤੀ ਬੇਵਸੀ ਜ਼ਾਹਿਰ ਕਰਦੇ ਹਨ ਤਾਂ ਇਹ ਭੋਰਾ ਵੀ ਹੈਰਾਨੀਜਨਕ ਨਹੀਂ ਹੈ।

ਹੁਕਮਰਾਨਾਂ ਅਤੇ ਰਾਜ ਮਸ਼ੀਨਰੀ ਦੀਆਂ ਮਨਮਾਨੀਆਂ ਦੇ ਮੱਦੇਨਜ਼ਰ ਜੇਲ੍ਹਾਂ 'ਚ ਡੱਕੇ ਹੱਕਾਂ ਦੇ ਪਹਿਰੇਦਾਰਾਂ ਦੀ ਜ਼ਿੰਦਗੀ ਦੀ ਰਾਖੀ ਦੇ ਸਵਾਲ ਨੂੰ ਸਮੂਹ ਨਿਆਂਪ੍ਰੇਮੀ ਅਤੇ ਲੋਕ ਹਿਤੈਸ਼ੀ ਤਾਕਤਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨਾ ਸਿਰਫ਼ ਸੁਧਾ ਭਾਰਦਵਾਜ, ਵਰਾਵਰਾ ਰਾਓ ਅਤੇ ਨਵਲਖਾ ਉੱਪਰ ਥੋਪੀਆਂ ਤਾਨਾਸ਼ਾਹ ਸ਼ਰਤਾਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਜ਼ਰੂਰੀ ਹੈ ਸਗੋਂ ਇਹ ਪੁਰਜ਼ੋਰ ਮੰਗ ਉੱਠਣੀ ਚਾਹੀਦੀ ਹੈ ਕਿ ਸ਼ਰਤਾਂ ਸਹਿਤ ਨਜ਼ਰਬੰਦੀ ਦੀ ਬਜਾਏ ਗੌਤਮ ਨਵਲੱਖਾ ਸਮੇਤ ਭੀਮਾ ਕੋਰੇਗਾਓਂ ਕੇਸ ਦੇ ਸਾਰੇ ਕੈਦੀਆਂ ਨੂੰ ਤੁਰੰਤ ਜ਼ਮਾਨਤ ਦਿੱਤੀ ਜਾਵੇ ਅਤੇ ਝੂਠਾ ਕੇਸ ਪੂਰੀ ਤਰ੍ਹਾਂ ਵਾਪਸ ਲਿਆ ਜਾਵੇ।



ਲਾਭ ਸਿੰਘ ਅਕਲੀਆ

# ਨਵੀਂ ਪੈਨਸ਼ਨ ਯੋਜਨਾ (N.P.S.)
# ਹਾਥੀ ਦੇ ਦੰਦ ਖਾਣ ਨੂੰ ਹੋਰ ਦਿਖਾਉਣ ਨੂੰ ਹੋਰ




ਸਰਕਾਰੀ/ਅਰਧ ਸਰਕਾਰੀ ਅਦਾਰਿਆਂ ਦੇ ਕਰਮਚਾਰੀਆਂ ਅਤੇ ਨਿੱਜੀ ਅਦਾਰਿਆਂ ਦੇ ਮਜ਼ਦੂਰਾਂ ਦੀ ਸੇਵਾ-ਮੁਕਤੀ ਤੋਂ ਬਾਅਦ ਪੈਨਸ਼ਨ ਜਿਉਣ ਦਾ ਇੱਕ ਸਹਾਰਾ ਮਾਤਰ ਹੁੰਦੀ ਹੈ। ਸਰਕਾਰੀ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੇ ਲਈ ਸਮਾਜਿਕ ਸੁਰੱਖਿਆ ਦੇ ਤਹਿਤ ਗਰੰਟੀ ਕਰਨ ਵਾਲੀ 'ਪੱਕੀ ਪੈਨਸ਼ਨ ਯੋਜਨਾ' ਕਲਿਆਣਕਾਰੀ ਰਾਜ ਦੇ ਇੱਕ ਅੰਗ ਵਜੋਂ ਵਿਕਸਤ ਹੋਈ ਸੀ। ਪੂਰੀ ਦੁਨੀਆਂ ਵਿੱਚ ਸਰਵਜਨਕ ਖੇਤਰ ਦੇ ਤੇਜ਼ ਵਿਕਾਸ ਕਾਰਣ ਇਸ ਨੂੰ ਲਾਗੂ ਕੀਤਾ ਗਿਆ ਸੀ। ਭਾਰਤ ਸਰਕਾਰ ਵੱਲੋਂ ਵੀ ਆਪਣੇ ਕਰਮਚਾਰੀਆਂ ਲਈ ਇੱਕ ਜਮਹੂਰੀ ਅਧਿਕਾਰ ਦੇ ਤੌਰ 'ਤੇ ਪੱਕੀ ਪੈਨਸ਼ਨ (ਨਿਸ਼ਚਿਤ ਲਾਭ-PF) ਦੀ ਸ਼ੁਰੂਆਤ ਕੀਤੀ ਗਈ ਸੀ।

**ਪੈਨਸ਼ਨ ਯੋਜਨਾ ਇੱਕ ਇਤਿਹਾਸਕ ਵਰਤਾਰਾ** : 20ਵੀਂ ਸਦੀ ਦੇ ਸ਼ੁਰੂ ਵਿੱਚ ਬਸਤੀਵਾਦੀ ਦੇਸ਼ਾਂ ਅੰਦਰ ਸਾਮਰਾਜਵਾਦ ਦੇ ਖ਼ਿਲਾਫ਼ ਅਨੇਕਾਂ ਲਹਿਰਾਂ ਉੱਠੀਆਂ, ਕੌਮੀ ਮੁਕਤੀ ਘੋਲਾਂ ਨੇ ਵੀ ਜਨਮ ਲਿਆ। ਆਜ਼ਾਦੀ ਦੀ ਪ੍ਰਾਪਤੀ ਲਈ ਲੱਖਾਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ। ਅਖ਼ੀਰ ਸਾਮਰਾਜਵਾਦੀ ਵਿਵਸਥਾ ਅਤੇ ਉਸ ਦਾ ਪੂੰਜੀਵਾਦੀ ਪ੍ਰਬੰਧ ਲਗਾਤਾਰ ਕਮਜ਼ੋਰ ਹੁੰਦਾ ਗਿਆ। ਉਸੇ ਸਮੇਂ ਹੀ 1917 ਵਿੱਚ ਸੋਵੀਅਤ ਸੰਘ ਵੱਲੋਂ ਮਰਨ-ਮਾਰਨ ਦੀ ਲੜਾਈ ਦੌਰਾਨ ਅਖ਼ੀਰ ਪੂੰਜੀਵਾਦੀ ਵਿਵਸਥਾ ਨੂੰ ਢਹਿ-ਢੇਰੀ ਕਰਕੇ ਨਵਾਂ ਸਮਾਜਵਾਦੀ ਪ੍ਰਬੰਧ ਉਸਾਰ ਲਿਆ। ਸਮਾਜਵਾਦੀ ਪ੍ਰਬੰਧ ਦਾ ਮੁੱਖ 'ਉਦੇਸ਼' ਸੀ ਕਿ ਆਪਣੇ ਨਾਗਰਿਕਾਂ ਨੂੰ 'ਪਾਲਣ ਤੋਂ ਲੈ ਕੇ ਕਬਰ ਤੱਕ' (ਭਾਵ ਜਨਮ ਤੋਂ ਮਰਨ ਤੱਕ) ਬਿਨਾਂ ਕੋਈ ਕੀਮਤ ਉਤਾਰੇ 'ਸਮਾਜਿਕ ਸੁਰੱਖਿਆ' ਦੀ ਹਰ ਪੱਖੋਂ ਗਰੰਟੀ ਕੀਤੀ ਗਈ ਸੀ। ਜਿਸ ਤੋਂ ਪ੍ਰਭਾਵਿਤ ਹੋ ਕੇ ਦੁਨੀਆਂ ਦੇ ਕਈ ਹੋਰਨਾਂ ਮੁਲਕਾਂ ਵੱਲੋਂ ਵੀ ਸਾਮਰਾਜਵਾਦੀ ਵਿਵਸਥਾ ਨੂੰ ਹਰਾ ਕੇ ਸਮਾਜਵਾਦੀ ਵਿਵਸਥਾ ਦੀ ਸਿਰਜਣਾ ਕੀਤੀ ਗਈ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ, ਜਿੱਥੇ ਸਾਮਰਾਜਵਾਦੀ ਸ਼ਕਤੀਆਂ ਕਮਜ਼ੋਰ ਹੋ ਗਈਆਂ, ਉੱਥੇ ਦੁਨੀਆਂ ਦੀ ਅੱਧੀ ਆਬਾਦੀ ਨੇ ਸਮਾਜਵਾਦੀ ਸ਼ਾਸਨ ਅਧੀਨ ਰਹਿਣਾ ਸ਼ੁਰੂ ਕਰ ਦਿੱਤਾ ਸੀ। ਸੰਨ 1949 ਵਿੱਚ ਵੀ ਚੀਨ ਦੀ ਜਨਤਾ ਨੇ ਪਿਛਾਖੜੀ ਅਤੇ ਸਾਮਰਾਜਵਾਦੀ ਤਾਕਤਾਂ ਨੂੰ ਹਰਾ ਕੇ ਜਮਹੂਰੀ ਕ੍ਰਾਂਤੀ ਸਫ਼ਲ ਕਰ ਲਈ ਅਤੇ ਸਮਾਜਵਾਦੀ ਰਸਤਾ ਅਪਣਾ ਲਿਆ ਸੀ। ਇੱਥੋਂ ਤੱਕ ਕਿ ਪੂਰਵ ਦੀ ਹਵਾ ਪੱਛਮ ਦੀ ਹਵਾ ਉੱਪਰ ਭਾਰੂ ਹੁੰਦੀ ਜਾ ਰਹੀ ਸੀ। ਇਸੇ ਕਰਕੇ ਵਿਸ਼ਵ ਪੂੰਜੀਵਾਦ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ। ਮਹਾਂਸ਼ਕਤੀ ਅਮਰੀਕਾ ਦੀ ਅਗਵਾਈ ਹੇਠ ਸਾਮਰਾਜਵਾਦੀ ਸ਼ਕਤੀਆਂ ਵੱਲੋਂ 'ਪੂੰਜੀਵਾਦੀ ਪ੍ਰਬੰਧ' ਨੂੰ ਬਚਾਉਣ ਅਤੇ ਸਮਾਜਵਾਦੀ ਹਵਾ ਨੂੰ ਠੱਲਣ ਲਈ ਬੁਰਜੂਆ ਅਰਥਸ਼ਾਸਤਰੀ 'ਕੀਨਜ਼' ਦੇ ਸਿਧਾਂਤ ਦਾ ਸਹਾਰਾ ਲਿਆ। ਜਿਨ੍ਹਾਂ ਮੁਲਕਾਂ ਵਿੱਚ ਸਿੱਧੇ ਜਾਂ ਅਸਿੱਧੇ ਰੂਪ 'ਚ ਸਾਮਰਾਜਵਾਦੀ ਸ਼ਕਤੀਆਂ ਦਾ ਬੋਲਬਾਲਾ ਸੀ, ਉੱਥੇ 'ਕੀਨਜ਼ ਦੀਆਂ ਕਲਿਆਣਕਾਰੀ ਨੀਤੀਆਂ ਨੂੰ ਲਾਗੂ ਕੀਤਾ ਗਿਆ। ਕਲਿਆਣਕਾਰੀ ਨੀਤੀਆਂ ਤਹਿਤ ਹੀ 'ਪੈਨਸ਼ਨਾਂ', 'ਸਬਸਿਡੀਆਂ' ਅਤੇ ਹੋਰ ਆਰਥਿਕ ਰਿਆਇਤਾਂ ਸ਼ੁਰੂ ਕੀਤੀਆਂ ਗਈਆਂ। ਸਮਾਜਵਾਦੀ ਦੇਸ਼ਾਂ ਅੰਦਰ 'ਸਮਾਜਿਕ ਸੁਰੱਖਿਆ ਗਰੰਟੀ' ਦਾ ਅਸਰ ਇੰਨਾ ਸੀ ਕਿ ਸਾਮਰਾਜਵਾਦੀ ਦੇਸ਼ਾਂ ਨੂੰ ਵੀ ਖ਼ੁਦ ਆਪਣੇ ਨਾਗਰਿਕਾਂ ਨੂੰ 'ਸਮਾਜਿਕ ਸੁਰੱਖਿਆ' ਪ੍ਰਦਾਨ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ। ਅਮਰੀਕਾ ਵੱਲੋਂ 'ਸਮਾਜਿਕ ਸੁਰੱਖਿਆ ਕਾਨੂੰਨ-1935' ਅਤੇ ਬਰਤਾਨੀਆਂ ਵੱਲੋਂ 'ਕੌਮੀ ਸਿਹਤਯਾਫ਼ਤਾ ਯੋਜਨਾ-1948' ਲਾਗੂ ਕਰਨੀ ਪਈ। ਇਸੇ ਦਿਸ਼ਾ ਵਿੱਚ ਹੀ ਵੱਖ-ਵੱਖ ਦੇਸ਼ਾਂ ਅੰਦਰ ਸਰਕਾਰੀ ਤੇ ਸਹਿਕਾਰੀ ਖੇਤਰਾਂ ਨੂੰ ਵਿਕਸਿਤ ਕੀਤਾ ਗਿਆ ਅਤੇ ਆਰਥਿਕ ਸਹਾਇਤਾ ਦਿੱਤੀ ਗਈ। ਭਾਰਤ ਸਰਕਾਰ ਵੱਲੋਂ ਵੀ ਆਪਣੇ ਕਰਮਚਾਰੀਆਂ ਨੂੰ ਪਹਿਲਾਂ ਪ੍ਰੋਵੀਡੈਂਟ ਫੰਡ, ਪੈਨਸ਼ਨ ਆਦਿ ਸਹੂਲਤਾਂ ਲਾਗੂ ਕੀਤੀਆਂ ਗਈਆਂ ਅਤੇ 1972 ਵਿੱਚ 'ਪੇਮੈਂਟ ਆਫ਼ ਗਰੈਚੂਇਟੀ ਐਕਟ' ਲਾਗੂ ਕੀਤਾ ਗਿਆ।

1970ਵੇਂ ਦਹਾਕੇ ਤੱਕ ਦੁਨੀਆਂ ਭਰ ਵਿੱਚ ਵੱਡੀਆਂ ਆਰਥਿਕ ਤੇ ਸਮਾਜਿਕ ਤਬਦੀਲੀਆਂ ਹੋਈਆਂ। ਸਾਮਰਾਜਵਾਦੀ ਵਿਵਸਥਾ ਨੂੰ ਚੁਣੌਤੀ ਦੇਣ ਵਾਲੀਆਂ ਤਾਕਤਾਂ ਵਿਸ਼ਵ ਪੱਧਰ 'ਤੇ ਕਮਜ਼ੋਰ ਹੋ ਗਈਆਂ ਅਤੇ ਸਮਾਜਵਾਦੀ ਕਿਲ੍ਹੇ ਵੀ ਢਹਿ ਗਏ। ਹੌਲ਼ੀਹੌਲ਼ੀ ਕਲਿਆਣਕਾਰੀ ਨੀਤੀਆਂ ਨੇ ਉਲਟੇ ਰੁਖ ਮੁੜਨਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਉਤਪਾਦਨ ਵਿੱਚ ਸਥਿਰਤਾ ਅਤੇ ਵਧ ਰਹੀ ਮਹਿੰਗਾਈ ਦੇ ਕਾਰਣ ਪੂੰਜੀਵਾਦੀ ਵਿਵਸਥਾ ਖ਼ੁਦ ਵੀ ਸੰਕਟ ਵਿੱਚ ਘਿਰ ਗਈ। ਉਸ ਸਮੇਂ ਇਸ ਸੰਕਟ ਵਿੱਚੋਂ ਬਾਹਰ ਕੱਢਣ ਲਈ 'ਕੀਨਜ਼' ਦਾ ਸਿਧਾਂਤ ਵੀ ਕੰਮ ਨਹੀਂ ਆਇਆ।

1990 ਦੇ ਦਹਾਕੇ ਦੇ ਸ਼ੁਰੂ ਵਿੱਚ ਆਰਥਿਕ ਮੰਦੀ ਵਿੱਚੋਂ ਨਿਕਲਣ ਲਈ ਸਾਮਰਾਜਵਾਦੀ ਸ਼ਕਤੀਆਂ ਵੱਲੋਂ 'ਭੂ-ਮੰਡਲੀਕਰਣ' ਦੇ ਨਵੇਂ ਨੁਕ਼ਸੇ ਦੀ ਖੋਜ਼ ਕੀਤੀ ਗਈ। ਵਿਸ਼ਵ ਬੈਂਕ ਦੇ ਰਾਹੀਂ ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਉੱਪਰ ਦਬਾਅ ਪਾਇਆ ਗਿਆ ਕਿ ਉਹ ਆਮ ਜਨਤਾ ਨੂੰ ਸਰਕਾਰੀ ਖ਼ਜ਼ਾਨੇ ਵਿੱਚੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬੰਦ ਕਰਨ ਅਤੇ 'ਸਮਾਜਿਕ ਸੁਰੱਖਿਆ' ਵਿੱਚ ਕਟੌਤੀ ਕਰਕੇ, ਖ਼ਜ਼ਾਨੇ ਦੇ ਬੋਝ ਨੂੰ ਘੱਟ ਕਰਨ। ਇਸੇ ਕਰਕੇ ਹੁਣ ਬੀਮਾਰ, ਲੋੜਬੰਦ ਲੋਕਾਂ ਅਤੇ ਬੁਢਾਪੇ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਸਰਕਾਰ ਵੱਲੋਂ 'ਸਮਾਜਿਕ ਸੁਰੱਖਿਆ' ਦੇਣ ਦੀ ਬਜਾਏ, ਸੱਟੇਬਾਜੀ ਦੇ ਬਾਜ਼ਾਰ ਨਾਲ ਜੋੜ ਦਿੱਤਾ ਗਿਆ ਹੈ। ਜਿਸ ਦੀ ਕਮਾਂਡ ਪਹਿਲਾਂ ਹੀ ਨਿੱਜੀ ਖੇਤਰ ਦੇ ਖਿਲਾੜੀਆਂ ਨੂੰ ਸੌਂਪੀ ਹੋਈ ਹੈ।

ਭਾਰਤ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਸਰਵਜਨਕ ਖੇਤਰ ਦੇ ਵੱਖ-ਵੱਖ ਅਦਾਰਿਆਂ ਨੂੰ ਅੰਬਾਨੀ-ਅੰਡਾਨੀ ਵਰਗੇ ਵੱਡੇ ਕਾਰਪੋਰੇਟ ਦੈਂਤਾਂ ਨੂੰ ਵੇਚਿਆ ਜਾ ਰਿਹਾ ਹੈ। ਸਰਕਾਰਾਂ ਆਪਣੀ ਸਮਾਜਿਕ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਸਿੱਖਿਆ, ਸਿਹਤ, ਬਿਜਲੀ, ਆਵਾਜਾਈ, ਰੇਲਵੇ ਆਦਿ ਮਹਿਕਮਿਆਂ ਨੂੰ ਬਹੁ-ਕੌਮੀ ਕੰਪਨੀਆਂ ਅਤੇ ਵੱਡੇ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਰਾਜਾਂ ਦੇ ਨਿਰਮਾਣ ਕਾਰਜਾਂ ਦਾ ਕੰਮ ਵੀ ਸਰਕਾਰਾਂ ਵੱਲੋਂ ਖ਼ੁਦ ਕਰਨ ਦੀ ਬਜਾਏ ਪ੍ਰਾਈਵੇਟ ਕੰਪਨੀਆਂ ਨੂੰ ਦੇ ਦਿੱਤਾ ਹੈ। ਜਨਤਾ ਦੇ ਵਿਕਾਸ ਲਈ ਕੀਤਾ ਜਾਂਦਾ ਖਰਚਾ, ਸਬਸਿਡੀਆਂ, ਪੈਨਸ਼ਨ ਆਦਿ ਵਰਗੀਆਂ ਸਹੂਲਤਾਂ ਦੇਣ ਨੂੰ 'ਵਿੱਤੀ ਪੂੰਜੀ' ਆਪਣੇ ਧਨ ਦੇ ਪਸਾਰੇ ਦੇ ਰਾਹ ਵਿੱਚ ਰੋੜਾ ਸਮਝਦੀ ਹੈ। ਸੇਵਾ ਨਵ੍ਰਿਤੀ ਤੋਂ ਬਾਅਦ ਅਤੇ ਬੁਢਾਪੇ ਦੀ ਹਾਲਤ ਵਿੱਚ ਪੈਨਸ਼ਨ ਲੈਣ ਦਾ ਜਮਹੂਰੀ ਹੱਕ ਇਨ੍ਹਾਂ ਨੀਤੀਆਂ ਦੇ ਮੁੱਖ ਸਰਗਣੇ 'ਵਿਸ਼ਵ ਬੈਂਕ' ਨੇ 1994 ਵਿੱਚ ਇੱਕ ਪਰਚਾ ਜਾਰੀ ਕਰਕੇ ਸਾਰੇ ਮੁਲਕਾਂ ਦੀਆਂ ਸਰਕਾਰਾਂ ਨੂੰ ਹਦਾਇਤ ਕੀਤੀ ਸੀ, ਜਿਸ ਦਾ ਵਿਸ਼ਾ ਸੀ "ਬੁਢਾਪੇ ਦੇ ਸੰਕਟ ਨੂੰ ਟਾਲ਼ੋ।"

**ਨਵੀਂ ਪੈਨਸ਼ਨ ਯੋਜਨਾ ਕੀ ਹੈ** : ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ 01 ਜਨਵਰੀ, 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਉੱਤੇ 'ਨਵੀਂ ਪੈਨਸ਼ਨ ਸਕੀਮ' (N.P.S.) 'ਪੈਨਸ਼ਨ' ਅਤੇ ਬੁਢਾਪੇ ਦੀ ਡੰਗੋਰੀ ਨੂੰ ਤੋੜ ਕੇ ਰੱਖ ਦਿੱਤਾ ਹੈ।

**ਪੈਨਸ਼ਨ ਦੇ ਪਰਦੇ ਪੈਨਸ਼ਨ ਦੇ ਪਰਦੇ ਹੇਠ ਫੰਡ ਮੈਨੇਜਰਾਂ ਦੀ ਚਾਂਦੀ** : 'ਨੈਸ਼ਨਲ ਪੈਨਸ਼ਨ ਯੋਜਨਾ' (NPS) ਅਸਲ ਵਿੱਚ ਇਹ ਕੋਈ ਪੈਨਸ਼ਨ ਨਹੀਂ ਹੈ। ਸਗੋਂ ਫੰਡ ਮੈਨੇਜਰਾਂ ਦੇ ਰੂਪ 'ਚ ਧਨ-ਕੁਬੇਰਾਂ (ਦੇਸ਼ਾਂ-ਵਿਦੇਸ਼ੀ ਕਾਰਪੋਰੇਟਾਂ) ਨੂੰ ਆਰਥਿਕ ਲਾਭ ਪਹੁੰਚਾਉਣ ਦਾ ਹੀ ਇੱਕ ਜ਼ਰੀਆ ਹੈ। ਪੈਨਸ਼ਨ ਸਿਧਾਂਤਕਾਰਾਂ ਨੇ ਅਜਿਹੇ ਢੰਗ ਨਾਲ ਇਸ ਨੁਖਸੇ ਦੀ ਖੋਜ ਕੀਤੀ ਹੈ ਕਿ "ਜਦੋਂ ਤੁਸੀਂ ਜਾਵੋਂਗੇ-ਉਸ ਦੇ ਲਈ ਜਮ੍ਹਾ ਕਰੋ" (Pay as you go) ਜਿਸ ਨੂੰ ਪੈਨਸ਼ਨ ਕਿਹਾ ਜਾਂਦਾ ਹੈ। ਅਸਲ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਕਰੋੜਾਂ ਮੁਲਾਜ਼ਮ ਪੈਨਸ਼ਨ ਫੰਡ ਮੈਨੇਜਰਾਂ ਦੇ ਲਈ ਕਰਮਚਾਰੀ ਨਹੀਂ, ਬਲਕਿ 'ਗਾਹਕ' ਹਨ, ਜਿਨ੍ਹਾਂ ਦੀ ਕਿਰਤ ਕਮਾਈ 'ਤੇ ਉਹ ਫ਼ਲ-ਫੁੱਲ ਰਹੇ ਹਨ। ਜੇਕਰ ਇਸ ਸਾਰੀ ਕਹਾਣੀ ਨੂੰ ਗਹੁ ਨਾਲ ਸਮਝ ਲਿਆ ਜਾਵੇ ਤਾਂ ਸਪੱਸ਼ਟ ਹੋ ਜਾਵੇਗਾ ਕਿ ਜਦੋਂ ਪੈਨਸ਼ਨ ਫੰਡ ਵਿਵਸਥਾ ਅਤੇ ਵਿਕਾਸ ਅਥਾਰਟੀ (PFRDA) ਦਾ ਗਠਨ ਕੀਤਾ ਗਿਆ ਸੀ, ਉਸ ਸਮੇਂ ਸਿਰਫ਼ ਤਿੰਨ ਪੈਨਸ਼ਨ ਫੰਡ ਪ੍ਰਬੰਧਕ ਸਨ, ਐਲ.ਆਈ.ਸੀ., ਐਸ.ਬੀ.ਆਈ. ਅਤੇ ਯੂ.ਟੀ.ਆਈ.। ਹੁਣ ਇੱਕ ਦਰਜਨ ਦੇ ਕਰੀਬ ਦੇਸ਼ੀ-ਵਿਦੇਸ਼ੀ ਕਾਰਪੋਰੇਟ ਇੰਸ਼ੋਰੈਂਸ ਕੰਪਨੀਆਂ ਹੋਰ ਜੁੜ ਗਈਆਂ ਹਨ। PFRDA ਦੀ ਤਾਜ਼ਾ ਜਾਣਕਾਰੀ ਅਨੁਸਾਰ ਜੂਨ 2022 ਤੱਕ ਕੇਂਦਰ ਅਤੇ ਰਾਜ ਸਰਕਾਰਾਂ ਦੇ ਕਰਮਚਾਰੀਆਂ ਦੀ ਗਿਣਤੀ 5 ਕਰੋੜ 33 ਲੱਖ ਦੇ ਕਰੀਬ ਹੋ ਗਈ ਹੈ। ਜੇਕਰ ਇੱਕ ਕਰੋੜ ਮੁਲਾਜ਼ਮਾਂ ਦਾ ਪ੍ਰੋਬੇਸ਼ਨ ਪੀਰੀਅਡ ਵੀ ਮੰਨ ਲਈਏ ਤਾਂ ਵੀ 4.5 ਕਰੋੜ ਮੁਲਾਜ਼ਮ NPS ਤਹਿਤ ਕਟੌਤੀ ਕਰਵਾ ਰਹੇ ਹਨ। ਮੰਨ ਲਓ, ਇੱਕ ਕਰਮਚਾਰੀ ਨੂੰ ਔਸਤ ਤਨਖਾਹ 30,000 ਰੁਪਏ ਮਹੀਨਾ ਮਿਲਦੀ ਹੈ ਤਾਂ ਸਾਢੇ ਚਾਰ ਕਰੋੜ ਮੁਲਾਜ਼ਮਾਂ ਦੀ ਤਨਖਾਹ ਕਟੌਤੀ ਅਤੇ ਸਰਕਾਰਾਂ ਦਾ ਹਿੱਸਾ ਜਮ੍ਹਾ ਕਰਕੇ ਪ੍ਰਤੀ ਮਹੀਨਾ 30,000 ਕਰੋੜ ਰੁਪਏ (3 ਲੱਖ 60 ਹਜ਼ਾਰ ਕਰੋੜ ਰੁਪਏ ਸਾਲਾਨਾ) ਫੰਡ ਮੈਨੇਜਰਾਂ ਦੀ ਤਜੌਰੀ ਵਿੱਚ ਜਮ੍ਹਾ ਹੋ ਜਾਂਦੇ ਹਨ। ਭਾਵੇਂ ਇਹ ਕਾਲਪਨਿਕ ਮਸਾਲ ਹੈ, ਫਿਰ ਵੀ ਜੇਕਰ ਇੱਕ ਮੁਲਾਜ਼ਮ ਔਸਤਨ 30 ਸਾਲ ਨੌਕਰੀ ਕਰੇ ਤਾਂ ਕੁੱਲ ਕਿੰਨੀ ਰਕਮ ਕਾਰਪੋਰੇਟ ਫੰਡ ਮੈਨੇਜਰਾਂ ਕੋਲ ਇਕੱਠੀ ਹੋ ਜਾਵੇਗੀ? ਇਹ ਲੱਖਾਂ ਕਰੋੜ ਰੁਪਏ ਲੋਕ ਭਲਾਈ ਦੇ ਕੰਮਾਂ ਲਈ ਨਹੀਂ ਬਲਕਿ ਕਾਰਪੋਰੇਟ ਫੰਡ ਮੈਨੇਜਰਾਂ ਦੇ ਸੰਕਟ ਨੂੰ ਟਾਲਣ ਲਈ ਇਸਤੇਮਾਲ ਕੀਤੇ ਜਾਣਗੇ।

ਰਾਸ਼ੀ, ਜਿਹੜੀ ਫੰਡ ਮੈਨੇਜਰਾਂ ਕੋਲ ਜਮ੍ਹਾ ਹੋਵੇਗੀ, ਸੇਵਾ-ਮੁਕਤੀ ਤੋਂ ਬਾਅਦ ਉਸ ਦਾ 60 ਫ਼ੀਸਦੀ ਹਿੱਸਾ ਮੁਲਾਜ਼ਮ ਨੂੰ ਨਕਦ ਭੁਗਤਾਨ ਕਰਨ ਦੀ ਵਿਵਸਥਾ ਹੈ ਪਰ ਬਾਕੀ ਬਚੀ 40 ਫ਼ੀਸਦੀ ਰਾਸ਼ੀ 'ਪੈਨਸ਼ਨ ਫੰਡ ਮੈਨੇਜਰਾਂ' ਕੋਲ ਸ਼ੇਅਰ ਬਾਜ਼ਾਰ ਵਿੱਚ ਜਮ੍ਹਾ ਕਰਵਾਉਣੀ ਲਾਜ਼ਮੀ ਹੋਵੇਗੀ। ਜਿਸ ਉੱਪਰ ਕੋਈ ਨਿਸ਼ਚਿਤ ਵਿਆਜ਼ ਨਹੀਂ ਮਿਲੇਗਾ ਤੇ ਨਾ ਹੀ ਕਰਮਚਾਰੀ ਲੋੜ ਪੈਣ 'ਤੇ ਸਾਰੀ ਰਾਸ਼ੀ ਨੂੰ ਕਢਵਾ ਸਕੇਗਾ। ਕਰਮਚਾਰੀ ਆਪਣੀ 40 ਫ਼ੀਸਦੀ ਰਾਸ਼ੀ ਨੂੰ ਜਮ੍ਹਾ ਕਰਵਾਉਣ ਲਈ ਆਪਣੀ ਇੱਛਾ ਅਨੁਸਾਰ ਕਿਸੇ ਇੱਕ 'ਪੈਨਸ਼ਨ ਫੰਡ ਮੈਨੇਜਰ' ਦੀ ਚੋਣ ਕਰ ਸਕਦਾ ਹੈ। ਕਰਮਚਾਰੀ ਨੂੰ ਸਿਰਫ਼ ਇਹੀ ਆਜ਼ਾਦੀ ਹੈ। ਇਸ ਰਾਸ਼ੀ ਉੱਪਰ ਸ਼ੇਅਰ ਬਾਜ਼ਾਰ ਦੇ ਹਿਸਾਬ ਨਾਲ ਜਿੰਨਾ ਵਿਆਜ਼ ਮਿਲੇਗਾ, ਉਹ ਵਿਆਜ਼ ਹਰ ਮਹੀਨੇ ਕਰਮਚਾਰੀ ਨੂੰ ਦਿੱਤਾ ਜਾਵੇਗਾ, ਬੱਸ! ਇਹੀ ਉਸ ਦੀ ਪੈਨਸ਼ਨ ਹੋਏਗੀ। ਵੱਖ-ਵੱਖ ਫੰਡ ਮੈਨੇਜਰਾਂ ਵੱਲੋਂ ਕਿੰਨੀ ਪੈਨਸ਼ਨ ਦਿੱਤੀ ਜਾਵੇਗੀ। ਮੰਨ ਲਓ, ਸੇਵਾ-ਮੁਕਤ ਕਰਮਚਾਰੀ ਇੱਕ ਲੱਖ ਰੁਪਏ ਨਿਵੇਸ਼ ਕਰਦਾ ਹੈ ਤਾਂ ਵੱਖ-ਵੱਖ ਪੈਨਸ਼ਨ ਫੰਡ ਮੈਨੇਜਰਾਂ ਦੀ ਪੈਨਸ਼ਨ ਸਾਰਣੀ ਹੇਠ ਲਿਖੇ ਅਨੁਸਾਰ ਹੋਵੇਗੀ

| ਨੰ: | ਫੰਡ ਮੈਨੇਜਰ | ਨਿਵੇਸ਼ ਕੀਤੀ ਰਕਮ ਰੁ: | ਵਿਆਜ਼% | ਇੱਕ ਸਾਲ ਦੀ ਪੈਨਸ਼ਨ ਰੁ: | 1 ਮਹੀਨੇ ਦੀ ਪੈਨਸ਼ਨ |
|---|---|---|---|---|---|
| 1. | ਬਜਾਜ ਅਲਾਈਂਜ਼ ਇੰਸ਼ੋਰੈਂਸ ਲਿਮ. | 1 ਲੱਖ | 6.35% | 6350/- | 529.16 |
| 2. | ਕੈਨਰਾ, ਓ.ਬੀ.ਸੀ. ਲਾਈਫ਼ ਇੰਸ਼ੋਰੈਂਸ | 1 ਲੱਖ | 5.77% | 5770/- | 480.80 |
| 3. | ਐਚ.ਡੀ.ਐਫ.ਸੀ. ਇੰਸ਼ੋਰੈਂਸ ਲਿਮ. | 1 ਲੱਖ | 6.45% | 6450/- | 537.50 |
| 4. | ਕੌਟਿਕ ਮਹਿੰਦਰਾ ਇੰਸ਼ੋਰੈਂਸ ਲਿਮ. | 1 ਲੱਖ | 6.67% | 6670/- | 555.83 |
| 5. | ਐਲ.ਆਈ.ਸੀ. ਕਾਰਪੋਰੇਸ਼ਨ ਲਿਮ. | 1 ਲੱਖ | 5.69% | 5690/- | 474.16 |

ਉਪਰੋਕਤ ਸਾਰਣੀ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਮੁਲਾਜ਼ਮ ਵਰਗ ਦੇ ਨਾਲ ਕੋਝਾ ਮਜਾਕ ਹੈ। ਇੰਨੀ ਕੁ ਪੈਨਸ਼ਨ ਨਾਲ ਤਾਂ ਬੁਢਾਪੇ ਦੀ ਉਮਰ ਵਿੱਚ ਦਵਾਈ ਵੀ ਨਹੀਂ ਖਰੀਦੀ ਜਾ ਸਕਦੀ।

ਮੜ੍ਹੀ ਗਈ ਹੈ। ਸਭ ਤੋਂ ਪਹਿਲਾਂ ਇਸ ਨੂੰ 'ਭਾਗੀਦਾਰੀ ਪੈਨਸ਼ਨ ਯੋਜਨਾ' (C.P.F.) ਦਾ ਨਾਂ ਦਿੱਤਾ ਗਿਆ। ਨਵ-ਉਦਾਰਵਾਦੀ ਰਾਜ ਵਿੱਚ 'ਭਾਗੀਦਾਰੀ' ਸ਼ਬਦ ਬਾਹਰੋਂ ਲਿਭਾਉਣਾ ਪਰ ਅੰਦਰੋਂ ਖ਼ਤਰਨਾਕ ਸ਼ਬਦ-ਬਾਣ ਹੈ। ਜਿਸ ਦਾ ਇਸਤੇਮਾਲ ਕਰਕੇ ਸਮਾਜਿਕ ਸੁਰੱਖਿਆ ਦਾ ਸਾਰਾ ਬੋਝ ਖ਼ੁਦ ਆਮ ਜਨਤਾ ਦੇ ਮੋਢਿਆਂ 'ਤੇ ਲੱਦ ਦਿੱਤਾ ਗਿਆ ਹੈ। ਇਸ ਯੋਜਨਾ ਤਹਿਤ ਸਰਕਾਰੀ ਕਰਮਚਾਰੀ ਆਪਣੀ ਤਨਖਾਹ ਦਾ 10 ਫ਼ੀਸਦੀ ਹਿੱਸਾ ਕਟੌਤੀ ਕਰਵਾਏਗਾ ਅਤੇ ਇੰਨੀ ਹੀ ਰਾਸ਼ੀ ਸਰਕਾਰ ਵੱਲੋਂ ਜਮ੍ਹਾ ਕਰਵਾਈ ਜਾਵੇਗੀ। ਇਹ ਸਾਰੀ ਰਾਸ਼ੀ ਸਰਕਾਰ ਦੇ ਕਿਸੇ ਖਾਤੇ ਵਿੱਚ ਨਹੀਂ ਰਹੇਗੀ, ਨਾ ਹੀ ਸਰਕਾਰ ਇਸ ਦੀ ਜਵਾਬਦੇਹ ਹੋਵੇਗੀ। ਇਹ ਰਕਮ 'ਪੈਨਸ਼ਨ ਫੰਡ ਮੈਨੇਜਰਾਂ' ਕੋਲ ਚਲੀ ਜਾਵੇਗੀ ਅਤੇ ਇਸ ਦਾ ਪ੍ਰਬੰਧ ਅਤੇ ਸੰਚਾਲਨ 'ਸੱਟੇਬਾਜ ਕਾਰਪੋਰੇਟਾਂ' ਵੱਲੋਂ ਕੀਤਾ ਜਾਵੇਗਾ। 10 ਅਕਤੂਬਰ, 2003 ਨੂੰ ਭਾਜਪਾ ਦੀ ਅਗਵਾਈ ਵਾਲੀ NDA-ਸਰਕਾਰ ਦੇ ਵਿੱਤ ਮੰਤਰਾਲੇ ਵੱਲੋਂ 'ਪੈਨਸ਼ਨ ਫੰਡ ਵਿਵਸਥਾ ਅਤੇ ਵਿਕਾਸ ਅਥਾਰਟੀ' (PFRDA) ਦੀ ਸਥਾਪਨਾ ਕਰਕੇ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਸੀ। ਸੰਨ 2004 ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਾਂਝੇ ਮੋਰਚੇ ਦੀ ਸਰਕਾਰ ਵੱਲੋਂ ਇੱਕ ਆਰਡੀਨੈਂਸ ਜਾਰੀ ਕਰਕੇ 'ਨਵੀਂ ਪੈਨਸ਼ਨ ਯੋਜਨਾ' ਦੀ ਸ਼ੁਰੂਆਤ ਕਰ ਦਿੱਤੀ ਗਈ ਸੀ। ਸਤੰਬਰ 2013 ਵਿੱਚ ਮਨਮੋਹਨ ਸਿੰਘ ਦੀ (ਯੂ.ਪੀ.ਏ.-2) ਸਰਕਾਰ ਵੱਲੋਂ ਪਾਰਲੀਮੈਂਟ ਵਿੱਚ 'ਨਵੀਂ ਪੈਨਸ਼ਨ ਯੋਜਨਾ' ਸੰਬੰਧੀ ਬਿਲ ਪੇਸ਼ ਕੀਤਾ ਗਿਆ, ਪਾਸ ਹੋਣ ਤੋਂ ਬਾਅਦ ਇਸ ਨੂੰ ਕਾਨੂੰਨੀ ਦਰਜਾ ਮਿਲ ਗਿਆ। ਜਿਸ ਨੂੰ 'ਨੈਸ਼ਨਲ ਪੈਨਸ਼ਨ ਯੋਜਨਾ' (NPS) ਦਾ ਨਾਂ ਦਿੱਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕਾਨੂੰਨ ਬਣਨ ਤੋਂ 9 ਸਾਲ ਪਹਿਲਾਂ ਦੇਸ਼ ਦੇ ਲੱਖਾਂ ਮੁਲਾਜ਼ਮਾਂ ਉੱਪਰ 'ਨਵੀਂ ਪੈਨਸ਼ਨ ਯੋਜਨਾ' ਜ਼ਬਰੀ ਥੋਪ ਦਿੱਤੀ ਗਈ ਸੀ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਕਰਮਚਾਰੀਆਂ ਨੂੰ ਮਿਲਣ ਵਾਲੀ ਗਰੈਚੂਇਟੀ, ਪੱਕੀ ਪੈਨਸ਼ਨ, ਲੀਵ ਇਨਕੈਸ਼ਮੈਂਟ, ਪ੍ਰੀਵਾਰਕ ਪੈਨਸ਼ਨ ਅਤੇ ਹੋਰ ਆਰਥਿਕ ਲਾਭ ਸਭ ਖ਼ਤਮ ਕਰ ਦਿੱਤੇ ਸਨ। ਮੁਲਾਜ਼ਮਾਂ ਦੇ ਲਗਾਤਾਰ ਵਿਰੋਧ ਦੇ ਕਾਰਨ, ਬਾਅਦ ਵਿੱਚ ਭਾਵੇਂ ਕੁਝ ਸੁਧਾਰ ਕੀਤੇ ਗਏ ਹਨ ਪਰ ਕਰਮਚਾਰੀਆਂ ਦੀ ਸੇਵਾ ਨਵ੍ਰਿਤੀ ਤੋਂ ਬਾਅਦ ਮਿਲਣ ਵਾਲੀ

**ਸੇਵਾ ਨਵ੍ਰਿਤੀ ਤੋਂ ਬਾਅਦ ਕਿੰਨੀ ਪੈਨਸ਼ਨ ਮਿਲੇਗੀ?** : 01 ਜਨਵਰੀ, 2004 ਤੋਂ ਬਾਅਦ ਭਰਤੀ ਹੋਏ ਸਰਕਾਰੀ ਮੁਲਾਜ਼ਮਾਂ ਦੇ ਲਈ ਇਹ ਸਮਝਣਾ ਬਹੁਤਾ ਔਖਾ ਨਹੀਂ ਹੈ ਕਿ ਉਨ੍ਹਾਂ ਨੂੰ ਸੇਵਾ-ਨਵ੍ਰਿਤੀ ਤੋਂ ਬਾਅਦ ਕਿੰਨੀ ਪੈਨਸ਼ਨ ਮਿਲੇਗੀ? ਮੁਲਾਜ਼ਮਾਂ ਦੇ ਲਈ ਇਹ ਮੁੱਦਾ ਬੜਾ ਚਕਾਚੌਂਦ ਕਰਨ ਵਾਲਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੇ ਕਰੋੜਾਂ ਮੁਲਾਜ਼ਮਾਂ ਨੂੰ ਸ਼ਾਤਰ ਢੰਗ ਨਾਲ ਐੱਨ.ਪੀ.ਐੱਸ. ਨਾਲ ਜੋੜ ਦਿੱਤਾ ਹੈ। ਜਦੋਂ ਕਿ ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ। 01 ਅਪ੍ਰੈਲ, 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਦੀ ਤਨਖਾਹ ਵਿੱਚੋਂ ਕਟੌਤੀ ਕੀਤੀ ਗਈ

ਵਿਸ਼ਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵੱਖ-ਵੱਖ ਫੰਡ ਮੈਨੇਜਰਾਂ ਵੱਲੋਂ ਮੁਲਾਜ਼ਮਾਂ ਤੋਂ ਇਲਾਵਾ ਆਮ ਜਨਤਾ ਨੂੰ ਵੀ ਅਜਿਹੀ ਪੈਨਸ਼ਨ ਦੇਣ ਲਈ ਵੱਖ-ਵੱਖ ਲਭਾਉਣੀਆਂ ਸਕੀਮਾਂ ਰਾਹੀਂ ਅਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸਲ ਵਿੱਚ ਪੈਨਸ਼ਨ ਨੂੰ ਸਮਾਜਿਕ ਸੁਰੱਖਿਆ ਦੇ ਘੇਰੇ ਤੋਂ ਬਾਹਰ ਕੱਢ ਕੇ ਖੁੱਲ੍ਹੇ ਸੁਪਰ ਬਾਜ਼ਾਰ ਨਾਲ ਜੋੜ ਦਿੱਤਾ ਗਿਆ ਹੈ। ਵੱਖ-ਵੱਖ ਢੰਗਾਂ ਰਾਹੀਂ ਆਮ ਜਨਤਾ ਦੀਆਂ ਜੇਬਾਂ ਵਿੱਚੋਂ ਪੈਸਾ ਕਢਵਾ ਕੇ ਵੱਡੇ ਧਨ-ਕੁਬੇਰਾਂ ਨੂੰ ਮਾਲੋ-ਮਾਲ ਕਰਨ ਲਈ 'ਸੱਟੇਬਾਜੀ ਦੇ ਗੁਬਾਰੇ' ਨੂੰ ਹੋਰ ਫਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ 'ਸੱਟੇਬਾਜੀ ਦੇ ਗੁਬਾਰੇ' ਦਾ ਪਟਾਕਾ ਕਿਸੇ ਵੀ ਸਮੇਂ ਪੈ ਸਕਦਾ ਹੈ।

ਇਨ੍ਹਾਂ ਸਾਰੀਆਂ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੁੱਚੇ ਮੁਲਾਜ਼ਮ ਵਰਗ ਅਤੇ ਆਮ ਜਨਤਾ ਨੂੰ ਜਾਗਰੂਕ ਕਰਕੇ ਤਿੱਖੇ ਸੰਘਰਸ਼ ਲਈ ਲਾਮਬੰਦ ਕਰਨ ਦੀ ਲੋੜ ਹੈ। ਸਰਕਾਰੀ/ਅਰਧ-ਸਰਕਾਰੀ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਆਪਣੀ ਜ਼ਿੰਦਗੀ ਦੇ ਹੁਸੀਨ ਸੁਪਨਿਆਂ ਦੇ ਸਬਜ਼ਬਾਗ 'ਚੋਂ ਬਾਹਰ ਨਿੱਕਲਣਾ ਚਾਹੀਦਾ। ਇਨ੍ਹਾਂ ਹਾਲਾਤਾਂ 'ਚੋਂ ਜਨਮ ਲੈ ਰਿਹਾ ਜਨਤਾ ਦਾ ਗੁੱਸਾ ਅਤੇ ਇਸ ਗੁੱਸੇ ਨੂੰ ਠੰਢਾ ਕਰਨ ਲਈ ਸਰਕਾਰਾਂ ਪਹਿਲਾਂ ਹੀ 'ਕਾਲ਼ੇ ਕਾਨੂੰਨਾਂ' ਦੀ ਤਿਆਰੀ ਕਰੀ ਬੈਠੀਆਂ ਹਨ। ਜੇਕਰ ਚੰਗਾ ਭਵਿੱਖ ਸਿਰਜਣਾ ਹੈ ਤਾਂ ਲੜਨਾ ਪਵੇਗਾ, ਸੱਚੇ-ਸੁੱਚੇ ਸਮਾਜ ਦੇ ਲਈ ਜਿਸ ਵਿੱਚ 'ਜਨਮ ਤੋਂ ਮਰਨ ਤੱਕ' ਸਮਾਜਿਕ ਸੁਰੱਖਿਆ ਦੀ ਗਾਰੰਟੀ ਮਿਲੇ।

**ਸੂਬਾ ਕਮੇਟੀ ਮੈਂਬਰ**
**ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ**
**ਸੰਪਰਕ : 94636-10661**

*ਗ੍ਰਿਹ ਮੰਤਰੀਆਂ ਦੀ ਚਿੰਤਨ ਬੈਠਕ*

# ਕੇਂਦਰੀ ਹਕੂਮਤ ਦੀਆਂ ਫਾਸ਼ਿਸ਼ਟ ਨੀਤੀਆਂ ਦਾ ਅਗਲੇਰਾ ਕਦਮ

**ਨਰਭਿੰਦਰ**
**93544-30711**

ਭਾਜਪਾ ਸਰਕਾਰ ਜਾਂ ਕਹੋ ਕਾਰਪੋਰੇਟ ਪੂੰਜੀ ਰਾਜ ਦਾ ਲਗਾਤਾਰ ਕੇਂਦਰੀਕਰਨ ਤੇ ਪੁਲਸੀਕਰਨ ਕਰਦੀ ਜਾ ਰਹੀ ਹੈ। ਅਸਿੱਧੇ ਰੂਪ ਵਿਚ ਪਿਛਲੇ ਸਮੇਂ ਤੋਂ ਹੀ ਦੇਸ਼ ਦੇ ਆਈ.ਪੀ.ਐਸ. ਅਧਿਕਾਰੀ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਕੰਮ ਕਰ ਰਹੇ ਹਨ ਅਤੇ ਇਸ ਮਾਮਲੇ 'ਚ ਰਾਜਾਂ ਦੇ ਗਵਰਨਰਾਂ ਦੀ ਦਖ਼ਲਅੰਦਾਜ਼ੀ ਖਤਰਨਾਕ ਹੱਦ ਤੱਕ ਪਹੁੰਚੀ ਹੋਈ ਹੈ। ਪਰ ਪਿਛਲੇ ਦਿਨੀਂ 27-28 ਅਕਤੂਬਰ ਨੂੰ ਰਾਜਾਂ ਦੇ ਗ੍ਰਿਹ ਮੰਤਰੀਆਂ ਦੀ ਦੋ ਦਿਨਾਂ ਬੈਠਕ ਜਿਹਨੂੰ 'ਚਿੰਤਨ ਸ਼ਿਵਰ' ਦਾ ਨਾਂ ਦਿੱਤਾ, ਵਿਚ ਗ੍ਰਿਹ ਮੰਤਰੀ ਅਮਿਤ ਸ਼ਾਹ ਅਤੇ ਫਿਰ ਵੀਡੀਓ ਕਾਨਫਰੰਸ ਰਾਹੀਂ ਪ੍ਰਧਾਨ ਮੰਤਰੀ ਦੇ ਸੰਬੋਧਨ ਨੇ ਸਾਫ਼ ਕਰ ਦਿੱਤਾ ਕਿ ਕੇਂਦਰ ਸਰਕਾਰ ਇਕ ਫਾਸ਼ਿਸ਼ ਤਾਨਾਸ਼ਾਹ ਰਾਜ ਵੱਲ ਵਧਣ ਲਈ ਦੇਸ਼ ਦੀ ਸੁਰੱਖਿਆ ਦੇ ਨਾਂ ਹੇਠ ਰਾਜਾਂ ਦੇ ਪੁਲਿਸ ਢਾਂਚੇ ਨੂੰ ਅਸਿੱਧੇ ਆਪਣੇ ਕੰਟਰੋਲ ਵਿਚ ਲੈਣ ਵਲ ਤੇਜ਼ੀ ਨਾਲ ਵੱਧ ਰਹੀ ਹੈ।

ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਰਾਜਾਂ ਦੇ ਗ੍ਰਿਹ ਵਿਭਾਗਾਂ ਦੇ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਜਿਸ ਲੁਭਾਉਣੇ - 'ਚਿੰਤਨ ਸ਼ਿਵਰ' ਦੇ ਨਾਂ ਹੇਠ ਇਕੱਠਾ ਕੀਤਾ ਗਿਆ। ਉਸ ਦਾ ਐਲਾਨੀਆ ਏਜੰਡਾ ਤੇ ਉਦੇਸ਼ ਰਾਜਾਂ ਦੀ ਪੁਲਿਸ ਪ੍ਰਬੰਧ ਦੇ ਸੰਦਰਭ ਵਿਚ ਕੌਮੀ ਮਹੱਤਵ ਨੂੰ ਧਿਆਨ 'ਚ ਰੱਖਦਿਆਂ ਇਕ ਬਿਹਤਰ ਇਕਜੁਟ ਦੇਸ਼ ਪੱਧਰੀ ਕਾਰਜ ਪ੍ਰਣਾਲੀ ਨੂੰ ਵਿਕਸਿਤ ਕਰਨਾ ਰੱਖਿਆ ਗਿਆ ਸੀ। ਪੁਲਿਸ ਰਾਜ ਸਰਕਾਰ ਦੇ ਅਧੀਨ ਆਉਂਦੀ ਸੁਰੱਖਿਆ ਫੋਰਸ ਰਹੀ ਹੈ ਤੇ ਰਾਜਾਂ ਦੀ ਅੰਦਰੂਨੀ ਸੁਰੱਖਿਆ ਦੀ ਜ਼ਿੰਮੇਵਾਰੀ ਇਸੇ ਹੇਠ ਆਉਂਦੀ ਸੀ ਪਰ ਢਾਂਚੇ ਦਾ ਜਿਵੇਂ ਜਿਵੇਂ ਕੇਂਦਰੀਕਰਨ ਹੋ ਰਿਹਾ ਹੈ ਉਵੇਂ ਹੀ ਪੁਲਿਸ ਨੂੰ ਵੀ ਕੇਂਦਰ ਸਰਕਾਰ ਦੀਆਂ ਸੰਗਲੀਆਂ 'ਚ ਜਕੜਨ ਅਤੇ ਰਾਜਾਂ ਦੇ ਅਧਿਕਾਰ ਤੋਂ ਖੋਹ ਕੇ ਸਿੱਧਾ ਕੇਂਦਰ ਦੀ ਲਗਾਮ ਹੇਠ ਲਿਆਉਣ ਦੀ ਸਾਜ਼ਿਸ਼ ਨੀਤੀ ਹੀ ਹੈ। ਇਹ ਉਨ੍ਹਾਂ ਵੀ ਸਾਫ਼ ਕੀਤਾ ਕਿ ਇਸ ਚਿੰਤਨ ਸ਼ਿਵਰ ਦਾ ਅਸਲ ਉਦੇਸ਼ ਤਾਂ ਮੌਜੂਦਾ ਸੰਵਿਧਾਨ ਦੀ ਸਤਵੀਂ ਅਨੁਸੂਚੀ ਦੇ ਹੇਠ ਰਾਜਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਰਾਜ ਪੁਲਿਸ ਦੀ ਥਾਂ ਰਾਜਾਂ ਉਤੇ ਇਕ ਕੇਂਦਰੀਕ੍ਰਿਤ ਦੇਸ਼ ਵਿਆਪੀ ਇਕ ਪੁਲਿਸ ਪ੍ਰਬੰਧ ਥੋਂਪਣ ਦੀ ਨੀਤੀ ਨੂੰ ਅਮਲੀ ਰੂਪ ਦੇਣਾ ਸੀ ਅਤੇ ਇਸ 'ਚਿੰਤਨ ਬੈਠਕ' ਵਿਚ ਲਏ ਫੈਸਲੇ ਰਾਜ ਸੱਤਾ ਨੂੰ ਫਾਸ਼ੀਵਾਦੀ ਤਾਕਤਾਂ ਵਲੋਂ ਹਥਿਆਉਣ ਵੱਲ ਇਕ ਹੋਰ ਮਜਬੂਤ ਕਦਮ ਵਧਣ ਵਾਲੇ ਹੀ ਸਨ। ਜਿਸ ਦਿਸ਼ਾ ਵਿਚ ਪਹਿਲਾਂ ਹੀ ਮੋਦੀ ਜਾਂ ਸੰਘੀ ਹਕੂਮਤ ਵਲੋਂ ਅੱਤਵਾਦੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਿਚ ਸਖ਼ਤ ਮੱਦਾਂ ਜੋੜਨ, ਐਨ.ਆਈ.ਏ. (ਕੌਮੀ ਜਾਂਚ ਏਜੰਸੀ) ਦਾ ਗਠਨ ਆਦਿ ਤੋਂ ਇਲਾਵਾ ਰਾਜ ਢਾਂਚੇ ਨੂੰ ਹੋਰ ਜ਼ਾਬਰ ਅਤੇ ਹਮਲਾਵਰ ਬਣਾਉਣ ਦੀਆਂ ਸਾਜ਼ਿਸ਼ਾਂ ਸ਼ਾਮਲ ਸਨ। ਇਹ ਵੀ ਉਸੇ ਦਿਸ਼ਾ ਵਲ ਨਾ ਸਿਰਫ਼ ਅਗਲੇਰਾ ਕਦਮ ਹਨ, ਸਗੋਂ ਇਸ 'ਤੇ ਮੋਹਰ ਲਾਉਣ ਵਾਲੀ ਕਵਾਇਦ ਵੀ ਹੋ ਨਿਬੜੀ।

ਗ੍ਰਿਹ ਮੰਤਰੀਆਂ ਜਾਂ ਵਿਭਾਗਾਂ ਦੀ ਇਸ ਬੈਠਕ ਵਿਚ ਭਾਜਪਾ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਸਿਰਫ਼ ਪੰਜਾਬ ਤੇ ਕੇਰਲਾ ਦੇ ਮੁੱਖ ਮੰਤਰੀ ਹੀ ਸ਼ਾਮਲ ਹੋਏ। ਹੋਰ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਦੇ ਮੁੱਖ ਮੰਤਰੀ ਇਸ 'ਚਿੰਤਨ ਬੈਠਕ' ਵਿਚ ਸ਼ਾਮਲ ਨਹੀਂ ਹੋਏ ਜਿਨ੍ਹਾਂ 'ਚ ਬੰਗਾਲ, ਬਿਹਾਰ, ਉੜੀਸਾ, ਰਾਜਸਥਾਨ, ਤਾਮਿਲਨਾਡੂ ਦੇ ਮੁੱਖ ਮੰਤਰੀ ਸ਼ਾਮਲ ਹਨ। ਹਾਲਾਂਕਿ ਉਨ੍ਹਾਂ ਕੋਲ ਗ੍ਰਿਹ ਵਿਭਾਗ ਵੀ ਹਨ। ਭਗਵੰਤ ਮਾਨ ਦਾ ਮੁੱਖ ਮੰਤਰੀ ਤੇ ਗ੍ਰਿਹ ਮੰਤਰੀ ਹੋਣ ਵਜੋਂ ਸ਼ਾਮਲ ਹੋਣਾ ਅਤੇ ਇਸ ਬੈਠਕ ਦੇ ਫੈਸਲਿਆਂ ਨੂੰ ਪ੍ਰਵਾਨ ਕਰਨਾ ਕੀ ਇਸ਼ਾਰਾ ਕਰਦਾ ਹੈ। ਇਹ ਬੁੱਝਿਆ ਜਾ ਸਕਦਾ ਹੈ ਕਿਉਂਕਿ ਆਮ ਆਦਮੀ ਪਾਰਟੀ ਖ਼ੁਦ, ਭਾਜਪਾ ਨਾਲੋਂ ਅੱਗੇ ਵਧਕੇ ਹਿੰਦੂਤਵੀ ਏਜੰਡੇ ਦੀ ਵੱਡੀ ਪੈਰੋਕਾਰ ਬਣਨ ਤੇ ਸਾਬਤ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਪਰ ਕੇਰਲਾ ਦੇ ਮੁੱਖ ਮੰਤਰੀ ਜੋ ਸੀ.ਪੀ.ਆਈ. (ਮਾਰਕਸੀ) ਨਾਲ ਸਬੰਧਤ ਹਨ ਪਿਨਯਾਰੀ ਵਿਜਯਨ ਦਾ ਸ਼ਾਮਲ ਹੋਣਾ ਸਮਝ ਤੋਂ ਬਾਹਰੀ ਹੈ। ਜਿਹੜੀ ਕਿਸੇ ਸਮੇਂ ਰਾਜਾਂ ਦੇ ਅਧਿਕਾਰਾਂ ਅਤੇ ਸੰਘੀ ਢਾਂਚੇ ਦੀ ਮੁਦਈ ਰਹੀ ਹੈ, ਦੀ ਇਕ ਜਾਬਰ ਕੇਂਦਰੀਕ੍ਰਿਤ ਰਾਜਸੀ ਢਾਂਚੇ ਦੀ ਉਸਾਰੀ ਪ੍ਰਤੀ ਦਿੱਤਾ ਹੁੰਗਾਰਾ ਚਿੰਤਾਜਨਕ ਤੇ ਖਤਰਨਾਕ ਸਾਬਤ ਹੋ ਸਕਦਾ ਹੈ। ਵੈਸੇ ਇਸ ਚਿੰਤਨ ਬੈਠਕ ਵਿਚ ਕੇਰਲ ਦੇ ਮੁੱਖ ਮੰਤਰੀ ਜਿਨ੍ਹਾਂ ਕੋਲ ਗ੍ਰਿਹ ਵਿਭਾਗ ਵੀ ਹੈ, ਦੀ ਇਸ ਪੱਖੋਂ ਤਾਰੀਫ਼ ਵੀ ਕੀਤੀ ਗਈ ਕਿ ਉਨ੍ਹਾਂ ਆਪਣੇ ਰਾਜ ਕੇਰਲਾ ਵਿਚ ਯੂ.ਏ.ਪੀ.ਏ. ਕਾਨੂੰਨ ਦੀ 'ਸੁਚੱਜੀ' ਵਰਤੋਂ ਕੀਤੀ ਹੈ। ਯਾਦ ਹੋਏਗਾ ਮੁੱਖ ਮੰਤਰੀ ਪਿਨਯਾਰੀ ਵਿਜਯਨ ਦੇ ਪਹਿਲੇ ਕਾਰਜ ਕਾਲ ਵਿਚ ਕੇਰਲਾ ਵਿਚ ਯੂ.ਏ.ਪੀ.ਏ. ਤਹਿਤ 145 ਮਾਮਲੇ ਦਰਜ ਕੀਤੇ ਗਏ ਸਨ ਅਤੇ ਇਹ ਸਿਲਸਿਲਾ ਬੇਰੋਕ ਟੋਕ ਹੁਣ ਵੀ ਜਾਰੀ ਹੈ।

ਇਸ ਬੈਠਕ ਵਿਚ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਾਨੂੰਨ ਤੇ ਵਿਵਸਥਾ ਉਤੇ ਇਕ ਸਮਾਨ ਕੌਮੀ ਨੀਤੀ ਦੇ ਨਾਲ 'ਇਕ ਡੇਟਾ-ਇਕ ਕਾਰਵਾਈ ਅਮਲ' ਦੇ ਸਿਧਾਂਤ ਦੇ ਆਧਾਰ ਉਤੇ 2024 ਤੱਕ ਹਰ ਇਕ ਰਾਜ ਵਿਚ ਕੌਮੀ ਜਾਂਚ ਏਜੰਸੀ ਦਾ ਇਕ ਦਫ਼ਤਰ ਬਣਾਉਣ ਦੀ ਵਿਉਂਤ ਉਲੀਕੀ ਅਤੇ ਇਸੇ 'ਚਿੰਤਨ ਬੈਠਕ' ਵਿਚ ਪ੍ਰਧਾਨ ਮੰਤਰੀ ਮੋਦੀ ਨੇ 'ਇਕ ਰਾਸ਼ਟਰ-ਇਕ ਪੁਲਿਸ ਵਰਦੀ' ਦਾ ਵੀ ਪ੍ਰਸਤਾਵ ਰੱਖਿਆ। ਦਰਅਸਲ ਇਹ 'ਇਕ ਰਾਸ਼ਟਰ-ਇਕ ਪੁਲਿਸ ਪ੍ਰਬੰਧ' ਭਾਵ ਰਾਜ ਪੁਲਿਸ ਕੇਂਦਰ ਦੇ ਅਧੀਨ ਕਰਨ ਦਾ ਐਲਾਨੀਆ ਸੱਦਾ ਸੀ। ਉਹਨੇ ਤਾਂ 'ਅੱਤਵਾਦ ਦੇ ਵਿਰੁੱਧ ਲੜਨ ਵਿਚ ਪੁਲਿਸ ਨੂੰ ਉਤਸ਼ਾਹਿਤ' ਹੀ ਨਹੀਂ ਕੀਤਾ ਸਗੋਂ ਯੂ.ਏ.ਪੀ. ਏ. ਦੀ ਪ੍ਰਸ਼ੰਸਾ ਵੀ ਕੀਤੀ। ਇਹ ਬਿਆਨ ਐਸ ਉਸ ਮੌਕੇ ਆਇਆ ਜਦੋਂ ਸੁਪਰੀਮ ਕੋਰਟ ਵਿਚ ਯੂ.ਏ.ਪੀ.ਏ. ਕਾਨੂੰਨ ਨੂੰ ਹੀ ਚੁਣੌਤੀ ਦੇਣ ਵਾਲੀ ਇਕ ਰਿਟ ਦਾਖ਼ਲ ਹੋਈ ਹੈ ਜਿਸ ਬਾਰੇ ਸੁਪਰੀਮ ਕੋਰਟ ਨੇ ਸੁਣਵਾਈ ਅਜੇ ਰੋਕੀ ਹੋਈ ਹੈ। ਯਾਦ ਹੋਵੇਗਾ ਕਿ 2018 ਤੋਂ 2020 ਦਰਮਿਆਨ ਯੂ.ਏ.ਪੀ.ਏ. ਕਾਨੂੰਨ ਤਹਿਤ ਦੇਸ਼ ਵਿਚ 4690 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋਸ਼ੀ ਸਿਰਫ਼ ਤਿੰਨ ਫੀ ਸਦੀ ਹੀ ਸਾਬਤ ਹੋ ਸਕੇ। ਭਾਵ ਰਸਮੀ ਤੌਰ 'ਤੇ ਸਬੂਤਾਂ ਦੇ ਆਧਾਰਤ ਸਜ਼ਾ ਸੁਣਾਏ ਬਗੈਰ ਹੀ ਸਜ਼ਾ ਦੇਣ ਦੀ ਪੂਰੀ ਵਿਵਸਥਾ ਹੈ। ਯੂ.ਏ.ਪੀ.ਏ. ਕਾਨੂੰਨ ਵਿਚ। ਇਹੋ ਇਸ ਦੇ ਜ਼ਾਬਰ ਤੇ ਨਿਰਦਈ ਹੋਣ ਦਾ ਠੋਸ ਸਬੂਤ ਹੈ। ਜਿਹੜਾ ਹਕੂਮਤ ਨੂੰ ਬਿਨਾਂ ਕਿਸੇ ਜਵਾਬਦੇਹੀ ਦੇ ਬੇਹਿਸਾਬ ਤਾਕਤਾਂ ਦਿੰਦਾ ਹੈ ਅਤੇ ਇਹ ਹਰ ਕਿਸਮ ਦੇ ਰਾਜਨੀਤਕ ਵਿਰੋਧੀਆਂ ਅਸੰਤੁਸ਼ਟ ਜਾਂ ਅਸਹਿਮਤ ਲੋਕਾਂ ਜਾਂ ਸੰਸਥਾਵਾਂ ਦੇ ਕਾਰਕੁੰਨਾਂ ਨੂੰ ਜੇਲ੍ਹਾਂ 'ਚ ਸੁੱਟ ਕੇ ਤਸੀਹੇ ਦਿੰਦਾ ਹੈ। ਯਾਦ ਹੋਵੇਗਾ ਕਿ ਇਸੇ 'ਚਿੰਤਨ ਬੈਠਕ' ਵਿਚ ਇਕ ਵੀਡੀਓ ਕਾਨਫਰੰਸ ਰਾਹੀਂ ਮੋਦੀ ਨੇ ਇਹ ਵੀ ਗੱਲ ਕਹੀ ਹੈ ਕਿ "ਬੰਦੂਕ ਦੇ ਨਾਲੋਂ ਕਲਮ ਜ਼ਿਆਦਾ ਖਤਰਨਾਕ ਹੈ, ਉਨ੍ਹਾਂ 'ਕਲਮ ਦੇ ਨਕਸਲੀਆਂ' ਵਲੋਂ ਕੀਤੀਆਂ ਗਤੀਵਿਧੀਆਂ ਨਾਲ ਨਜਿੱਠਣ 'ਤੇ ਉਨ੍ਹਾਂ 'ਤੇ ਜਬਰ ਕਰਨ ਦੇ ਸਾਫ਼ ਸੰਕੇਤ ਦਿੱਤੇ। ਮੋਦੀ ਦਾ ਇਹ ਕਹਿਣਾ ਕਿ ਬੰਦੂਕ ਵਾਲਿਆਂ ਦੇ ਨਾਲ ਨਾਲ ਕਲਮ ਨਾਲ ਹਕੂਮਤ ਦਾ ਵਿਰੋਧ ਕਰਨ ਵਾਲੇ ਜ਼ਿਆਦਾ ਖਤਰਨਾਕ ਹਨ, ਦਾ ਸਾਫ਼ ਸੰਕੇਤ ਹੈ ਕਿ ਸਰਕਾਰ ਦੀ ਆਲੋਚਨਾ ਕਰਨ ਵਾਲੇ ਲੋਕ ਪੱਖੀ ਬੁੱਧੀਜੀਵੀਆਂ ਉਤੇ ਜ਼ਬਰ ਦੀ ਪੁਲਿਸ ਨੂੰ ਨਾ ਸਿਰਫ਼ ਖੁੱਲ੍ਹੀ ਛੁੱਟੀ ਹੋਵੇਗੀ ਸਗੋਂ ਕੇਂਦਰੀਕ੍ਰਿਤੀ ਪੁਲਿਸ ਢਾਂਚੇ ਰਾਹੀਂ ਇਸ ਜ਼ਬਰ ਨੂੰ ਵਿਆਪਕ ਸ਼ਕਲ ਵੀ ਦਿੱਤੀ ਜਾਵੇਗੀ। ਇਹ ਨਾ ਸਿਰਫ਼ ਆਜ਼ਾਦ ਤੇ ਨਿਰਪੱਖ ਰਾਏ ਜਾਂ ਵਿਚਾਰ ਰੱਖਣ, ਵਿਅਕਤੀ ਦੀ ਆਜ਼ਾਦੀ ਨੂੰ ਕੁਚਲਣ ਦਾ ਸਿੱਧਾ ਸੰਦੇਸ਼ ਹੈ ਸਗੋਂ ਉਨ੍ਹਾਂ ਨੂੰ 'ਦੇਸ਼ਧ੍ਰੋਹੀ' ਤੇ 'ਕੌਮ ਵਿਰੋਧੀ' ਕਹਿ ਕੇ ਜਬਰ ਨੂੰ ਵਾਜਬੀਅਤ ਦੇਣ ਦਾ ਵੀ ਸੰਦ ਹੋ ਨਿਬੜੇਗਾ। ਮੋਦੀ ਨੇ ਆਪਣੇ ਫਾਸ਼ੀਵਾਦੀ ਆਸਿਆਂ ਨੂੰ ਵਿਸ਼ਿਗ ਰੂਪ ਵਿਚ ਪ੍ਰਗਟ ਰੱਖ ਦਿੱਤਾ ਹੈ ਕਿ ਅਗਲੇਰੇ ਦੌਰ ਵਿਚ ਉਹ ਕੀ ਕਰਨ ਜਾ ਰਹੀ ਹੈ। ਯੂ.ਏ.ਪੀ.ਏ. ਦੇ ਨਾਲ ਨਾਲ ਹੁਣ ਆਈ.ਪੀ.ਸੀ. ਭਾਵ ਇੰਡੀਅਨ ਪੈਨਲ ਕੋਡ ਵਿਚ ਵੀ ਗੈਰ ਬਸਤੀਵਾਦੀਕਰਨ ਦੇ ਨਾਂ ਹੇਠ ਜਾਂ ਬਸਤੀਵਾਦੀ ਮਾਨਸਿਕਤਾ ਤੋਂ ਮੁਕਤੀ ਦੇ ਨਾਂ ਹੇਠਕੀਤੇ ਜਾ ਰਹੇ 'ਸੁਧਾਰਾਂ' ਦੇ ਰਾਹੀਂ ਰਾਜ ਨੂੰ ਹੋਰ ਜ਼ਬਰ ਤੇ ਜੰਗਲੀ ਬਣਾਉਣ ਦਾ ਰਾਹ ਸਾਫ਼ ਕੀਤਾ ਜਾਵੇਗਾ। ਮੋਦੀ ਨੇ 'ਪੂਰੇ ਦੇਸ਼ ਵਿਚ ਇਕੋ ਪੁਲਿਸ ਵਰਦੀ ਦੇ ਪੱਖ ਵਿਚ ਵੱਡੀ ਪੱਧਰ ਉਤੇ ਉਤਪਾਦਨ ਦੇ ਰਾਹੀਂ ਹੋਣ ਵਾਲੀ ਬਚਤ (ਇਕਾਨਮੀ ਆਫ਼ ਸਕੇਲ) ਦਾ ਵੀ ਤਰਕ ਦਿੱਤਾ। ਜਿਹਦਾ ਭਾਵ ਇਹ ਕਿ ਪ੍ਰਸ਼ਾਸਨਿਕ ਪ੍ਰਬੰਧ ਉਤੇ ਹੋਣ ਵਾਲੇ ਖਰਚ ਉਤਪਾਦ ਤੇ ਖਰਚ ਨੂੰ ਕੇਂਦਰੀਕ੍ਰਿਤ ਕਰਕੇ ਵੱਡੇ ਇਜਾਰੇਦਾਰ ਕਾਰਪੋਰੇਟ ਪੂੰਜੀਪਤੀਆਂ ਦੇ ਹੱਥ ਸੌਂਪਣਾ ਵੀ ਇਹਦੇ ਮਕਸਦਾਂ ਵਿਚੋਂ ਇਕ ਹੈ। ਰਾਜਨੀਤਕ ਮਕਸਦ ਦੇ ਨਾਲ ਨਾਲ ਇਸ ਆਰਥਿਕ ਉਦੇਸ਼ ਦਾ ਹੋਣਾ ਵੀ ਇਕ ਵਾਰ ਫਿਰ ਸਪਸ਼ਟ ਕਰਦਾ ਹੈ ਕਿ ਕਿਵੇਂ ਧੌਂਸਗਿਰੀ ਸਥਾਪਤ ਕਰਨ ਵਾਲੀ ਰਾਜਨੀਤੀ ਤੇ ਕਾਰਪੋਰੇਟ ਇਜਾਰੇਦਾਰੀ ਪੂੰਜੀ ਦੇ ਹਿੱਤਾਂ ਦਾ ਆਪਸ ਵਿਚ ਘੁਲਮਿਲ ਜਾਣਾ ਇਕ ਫਾਸ਼ੀਵਾਦੀ ਰਾਜਕੀ ਢਾਂਚੇ ਦੀ ਜ਼ਮੀਨ ਤਿਆਰ ਕਰਦਾ ਹੈ। ਲਗਭਗ ਉਸੇ ਸਮੇਂ ਜਦੋਂ ਅੰਤਹੀਣ, ਵਿਆਪਕ ਅਤੇ ਨਾ ਹੱਲ ਹੋਣ ਵਾਲੇ ਪੂੰਜੀਵਾਦੀ ਆਰਥਿਕ ਸੰਕਟ ਪਸਾਰੇ ਦੇ ਦੌਰ 'ਚ ਹੈ ਅਤੇ ਕਾਰਪੋਰੇਟ ਪੂੰਜੀ ਬਾਜ਼ਾਰ ਮੰਗ ਦੇ ਸੁੰਗੜਨ ਦਾ ਸਾਹਮਣਾ ਕਰ ਰਹੀ ਹੈ ਤਾਂ ਰਾਜ ਖ਼ੁਦ ਹੀ ਆਪਣੀਆਂ ਨੀਤੀਆਂ ਦੇ ਰਾਹੀਂ ਉਹਦੇ ਲਈ ਬਾਜ਼ਾਰ ਤੇ ਵਿਕਰੀ ਦੇ ਆਰਡਰ ਜਟਾਉਂਦਾ ਹੈ ਅਤੇ ਬਜਟ ਦੇ ਰਾਹੀਂ ਭਾਵ ਟੈਕਸਾਂ ਰਾਹੀਂ ਕੀਤੀ ਵਸੂਲੀ ਲੋਕਾਂ ਦੀ ਰਾਸ਼ੀ ਵਿਚੋਂ ਉਹ ਕੀਮਤ ਵੀ ਸਿੱਖਿਆ ਕਾਰਪੋਰੇਟਾਂ ਨੂੰ ਅਦਾ ਕਰਦਾ ਹੈ। ਹਿਹ ਉਹੀ ਹਾਲਤ ਹੈ ਜਿਸ 'ਚ ਇਜਾਰੇਦਾਰ ਕਾਰਪੋਰੇਟ ਪੂੰਜੀਪਤੀ ਰਾਜ ਤੇ ਸਰਕਾਰ ਉਤੇ ਸਿੱਧਾ ਤੇ ਸਖ਼ਤ ਕੰਟਰੋਲ ਦੀ ਜ਼ਿਆਦਾ ਵਧੇਰੇ ਦੌੜ ਸਮਝਦੇ ਹਨ ਤੇ ਉਧਰ ਵਧਦੇ ਹਨ। 'ਇਕ ਦੇਸ਼ ਇਕ ਟੈਕਸ' ਵਾਲੀ ਜੀ.ਐਸ.ਟੀ. ਦੇ ਰਾਹੀਂ ਅਣਤੋਲ ਟੈਕਸਾਂ ਦਾ ਵੱਡਾ ਹਿੱਸਾ ਰਾਜਾਂ ਤੇ ਚੁਣੀਆਂ ਹੋਈਆਂ ਸਰਕਾਰਾਂ ਤੋਂ ਖੋਹ ਕੇ ਕੇਂਦਰੀ ਅਫ਼ਸਰਸ਼ਾਹੀ ਦੇ ਕੰਟਰੋਲ 'ਚ ਲਿਆਉਣ ਤੋਂ ਲੈ ਕੇ 'ਇਕ ਦੇਸ਼ ਇਕ ਪੁਲਿਸ (ਵਰਦੀ)' ਦੀ ਨੀਤੀ ਵਿਚਲੀ ਕੀ ਸਾਂਝ ਹੈ, ਪ੍ਰਤੱਖ ਹੁੰਦੀ ਹੈ। ਇਹ ਨਾ ਸਮਝੋ ਕਿ ਇਹ ਸਿਰਫ਼ ਆਰ.ਐਸ.ਐਸ. ਤੇ ਮੋਦੀ ਦੇ ਤਾਨਾਸ਼ਾਹ ਦਿਮਾਗ ਦਾ ਫਤੂਰ ਹੈ ਇਸ ਪਿਛੇ ਕਾਰਪੋਰੇਟ ਇਜਾਰੇਦਾਰ ਪੂੰਜੀ ਦੇ ਹਿੱਤ ਤੇ ਲੋੜਾਂ ਵੀ ਖਲੋਤੀਆਂ ਹਨ ਅਤੇ 'ਇਕ ਦੇਸ਼-ਇਕ ਮੀਡੀਆ' ਲੋਕਾਂ ਦੀ ਆਮ ਸਹਿਮਤੀ ਲਈ ਝੂਠ ਤੇ ਫਰਜ਼ੀ ਤੱਥਾਂ ਨੂੰ ਪਰੋਸਕੇ ਸਮੇਹਕ ਕਰਨ ਦੀ ਭੂਮਿਕਾ ਨਿਭਾਉਂਦੇ ਹਨ।

ਕੌਮੀ ਜਾਂਚ ਏਜੰਸੀ ਦੇ ਹਰ ਰਾਜ 'ਚ ਦਫ਼ਤਰ ਖੋਲ੍ਹਣ ਦਾ ਮਤਲਬ ਕੀ ਹੋਵੇਗਾ। ਜਦੋਂਕਿ ਇਸ ਏਜੰਸੀ ਦੇ ਪਿਛਲੇਰੇ ਕੰਮਕਾਰ ਤੋਂ ਇਸ ਦੀ ਭੂਮਿਕਾ ਉਤੇ ਲਗਾਤਾਰ ਸੁਆਲ ਲਗ ਰਹੇ ਹਨ। ਭੀਮਾ ਕੋਰੇ ਗਾਂਵ ਕੇਸ ਇਸ ਦੀ ਪ੍ਰਤੱਖ ਮਿਸਾਲ ਹੈ। ਇੰਡੀਅਨ ਪੈਨਲ ਕੋਡ ਵਿਚ ਤਬਦੀਲੀਆਂ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ਕਾਨੂੰਨ ਵਿਵਸਥਾ ਦੇ ਨਾਂ ਹੇਠ ਕੇਂਦਰ ਦੇ ਹੱਥਾਂ 'ਚ ਲੈਣਾ ਤੇ ਇਸਦੇ ਇਕ ਬਜਟ ਦਾ ਇਸ਼ਾਰਾ ਕਰਨਾ ਸਿਰਫ਼ ਰਾਜ ਸਰਕਾਰਾਂ ਦੇ ਅਧਿਕਾਰਾਂ ਨੂੰ ਖੋਹਣਾ ਭਾਵ ਸੰਘੀ ਢਾਂਚੇ ਦਾ ਸਹਿਜੇ ਸਹਿਜੇ ਭੋਗ ਪਾਉਣਾ ਹੀ ਨਹੀਂ ਸਗੋਂ ਭਾਰਤੀ ਸੰਵਿਧਾਨ ਨੂੰ ਅਛੋਪਲੇ ਮੁਲੋਂ ਰੱਦ ਕਰਨ ਦਾ ਤੇ ਕੇਂਦਰੀਕ੍ਰਿਤ ਢਾਂਚਾ (ਤਾਨਾਸ਼ਾਹ) ਉਸਾਰਨ ਦੀਆਂ ਰਵਾਇਤਾਂ ਵੀ ਹਨ।

ਉਧਰ ਭਾਰਤੀ ਸਬੂਤਾਂ ਜਾਂ ਗਵਾਹੀ ਨਿਯਮ ਅਤੇ ਅਪਰਾਧਿਕ ਪ੍ਰਕਿਰਿਆ ਸੰਹਿਤਾ ਦੀਆਂ ਬੁਨਿਆਦੀ ਪ੍ਰਕਿਰਿਆਵਾਂ ਵਿਚ ਤਬਦੀਲੀ ਅਧਿਕਾਰਾਂ ਜਿਹੜੇ ਵਿਸ਼ਵ ਪੱਧਰ ਉਤੇ ਦਸਤਾਵੇਜ਼ਾਂ ਵਿਚ ਪ੍ਰਮਾਣਿਤ ਮੰਨੇ ਗਏ ਹਨ, ਨੂੰ ਖੋਹਣਾ ਉਨ੍ਹਾਂ ਮਾਨਤਾਵਾਂ ਦੇ ਵੀ ਵਿਰੁੱਧ ਹੈ। ਕੌਮੀ ਜਾਂਚ ਏਜੰਸੀ ਦੀਆਂ ਤਾਕਤਾਂ ਦੇ ਵਿਸਥਾਰ ਵਿਚ ਤਾਂ ਇਹ ਵੀ ਹੈ ਕਿ ਇਹ ਜ਼ਿਲ੍ਹਾ ਪੱਧਰੀ ਅਦਾਲਤਾਂ ਨੂੰ ਅਣਡਿੱਠ ਕਰਕੇ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਵੀ ਕਰ ਸਕਦੀ ਹੈ, ਜਿਹਦਾ ਮਤਲਬ ਕਿ ਨਿਆਂ ਪ੍ਰਬੰਧ ਵੀ ਇਕ ਡਰਾਮਾ ਬਣਾ ਦਿੱਤਾ ਜਾਵੇਗਾ। ਇਸ ਏਜੰਸੀ ਰਾਹੀਂ ਮਨਮਰਜ਼ੀ ਦੀ ਸਜ਼ਾ ਦੇਣ ਦੇ ਰਾਹ ਖੁੱਲ੍ਹ ਜਾਣਗੇ। ਇਉਂ ਕੇਂਦਰੀ ਹਕੂਮਤ ਨੂੰ ਆਪਣੇ ਵਿਰੋਧੀਆਂ ਉਤੇ ਜਬਰ ਕਰਨ ਲਈ ਉਹ ਸਾਰੇ ਰਾਹ ਖੁੱਲ੍ਹ ਜਾਣਗੇ ਅਤੇ ਸਾਰੀਆਂ ਰੋਕਾਂ ਦੂਰ ਹੋ ਜਾਣਗੀਆਂ। ਇਥੋਂ ਤੱਕ ਕਿ ਰਾਜ ਸਰਕਾਰ ਬੇਸ਼ੱਕ ਕੇਂਦਰੀ ਸੱਤਾ ਉਤੇ ਬਿਰਾਜਮਾਨ ਪਾਰਟੀ ਦੀ ਵਿਰੋਧੀ ਧਿਰ ਦੀ ਵੀ ਕਿਉਂ ਨਾ ਹੋਵੇ ਕੇਂਦਰ ਕੇਂਦਰੀਕ੍ਰਿਤ ਪੁਲਿਸ ਤੰਤਰ ਰਾਹੀਂ ਹਰ ਵਿਰੋਧੀ ਦੀ ਆਵਾਜ਼ ਨੂੰ ਕੁਚਲਣ ਲਈ ਸਾਰੇ ਰਾਹ ਮੋਕਲੇ ਕਰ ਲਵੇਗੀ। ਮੌਜੂਦਾ ਕਾਨੂੰਨੀ ਪ੍ਰਕਿਰਿਆ ਕੇਂਦਰੀ ਸੱਤਾ ਦੇ ਰਾਹ ਵਿਚ ਇਕ ਰੁਕਾਵਟ ਖੜ੍ਹੀ ਕਰਦੀ ਹੈ। ਤਾਜ਼ਾ ਮਿਸਾਲ ਬੰਬੇ ਹਾਈਕੋਰਟ ਵਲੋਂ ਪ੍ਰੋ. ਸਾਈਬਾਬਾ ਤੇ ਉਹਦੇ ਸਾਥੀਆਂ ਨੂੰ ਦਿੱਤੇ ਰਿਹਾਅ ਕਰਨ ਦੇ ਆਦੇਸ਼ ਤੋਂ ਵੀ ਵੇਖੀ ਜਾ ਸਕਦੀ ਹੈ। ਜਿਸ 'ਚ ਕੋਰਟ ਨੇ ਪੁਲਿਸ ਪ੍ਰਕਿਰਿਆ ਵਲੋਂ ਕੀਤੀਆਂ ਕਾਨੂੰਨੀ ਉਲੰਘਣਾਵਾਂ ਉਤੇ ਉਂਗਲੀ ਰੱਖੀ ਹੈ। ਸੋ ਹਕੂਮਤ ਹੁਣ ਇਨ੍ਹਾਂ ਪ੍ਰਕਿਰਿਆਵਾਂ ਦੇ ਬੰਧਨਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਵਿਚ ਹੈ ਤਾਂ ਕਿ ਉਹਦੀ 'ਇੱਛਾ' ਉਤੇ ਫੁੱਲ ਚੜ੍ਹਾਉਣ ਵਾਲੀ 'ਪ੍ਰਤਿਬੱਧ ਅਦਾਲਤੀ ਵਿਵਸਥਾ ਲਈ ਰਾਹ ਖੁੱਲ੍ਹ ਸਕੇ।

ਮੁੱਕਦੀ ਗੱਲ ਇਹ ਕਿ ਕੇਂਦਰੀ ਗ੍ਰਿਹ ਮੰਤਰਾਲੇ ਵਲੋਂ ਰਾਜਾਂ ਦੇ ਗ੍ਰਿਹ ਵਿਭਾਗਾਂ ਦੇ ਮੁਖੀਆਂ ਨਾਲ ਕੀਤੀ ਬੈਠਕ ਜਿਹਨੂੰ 'ਚਿੰਤਨ ਬੈਠਕ' ਕਿਹਾ ਗਿਆ ਹੈ, ਵਿਚ ਆਏ ਵਿਚਾਰ, ਬੁਰਜੂਆ ਸੰਸਦੀ ਜਮਹੂਰੀਅਤ ਤੇ ਸੰਸਥਾਵਾਂ ਦੇ ਜਾਬਰ ਤੇ ਦਮਨਕਾਰੀ ਚਰਿੱਤਰ ਨੂੰ ਵੀ ਬਹੁਤ ਪਿਛੇ ਧੱਕ ਦਿੰਦਾ ਹੈ। ਹਕੂਮਤ ਹੁਣ ਕਿਸੇ ਵੀ ਵਿਰੋਧ ਜਾਂ ਵਿਰੋਧੀ ਵਿਚਾਰ ਨੂੰ ਆਪਣੇ ਰਾਹ 'ਚੋਂ ਹਟਾਉਣ ਲਈ ਹਰ ਰੋਕ ਨੂੰ ਖਤਮ ਕਰਨ ਉਤੇ ਤੁਲੀ ਹੋਈ ਹੈ। ਮਜ਼ਦੂਰਾਂ ਦੇ ਅਧਿਕਾਰਾਂ ਨੂੰ ਖੋਹ ਕੇ ਚਾਰ ਕਿਰਤ ਕਾਨੂੰਨਾਂ ਰਾਹੀਂ ਜਿਹੜਾ ਤਾਨਾਸ਼ਾਹ ਚਰਿੱਤਰ ਪੂੰਜੀ ਤੇ ਪੂੰਜੀ ਦੀ ਸੱਤਾ ਨੇ ਸਾਹਮਣੇ ਲਿਆਂਦਾ ਸੀ। ਇਹੋ 'ਚਿੰਤਨ ਬੈਠਕ' ਉਸ ਤੋਂ ਵੀ ਅੱਗੇ ਲੰਘ ਗਈ ਹੈ ਅਤੇ ਪ੍ਰਧਾਨ ਮੰਤਰੀ ਦਾ 'ਬੰਦੂਕ ਨਾਲੋਂ ਕਲਮਨੂੰ ਜ਼ਿਆਦਾ ਖਤਰਨਾਕ ਕਹਿਣਾ' ਆਪਣੇ ਆਪ ਵਿਚ ਇਹ ਦਰਸਾਉਂਦਾ ਹੈ ਕਿ ਹਕੂਮਤ ਹੁਣ 'ਬੰਦੂਕ ਦੇ ਅੱਤਵਾਦ ਤੋਂ ਨਹੀਂ ਡਰਦੀ' ਉਹਨੂੰ 'ਕਲਮ' ਜ਼ਿਆਦਾ ਅੱਤਵਾਦੀ ਲੱਗਣ ਲੱਗੀ ਹੈ। ਲੋਕਾਂ ਨੂੰ ਵਿਦਿਆ ਦੇ ਅਧਿਕਾਰ ਤੇ ਵਿਚਾਰ ਵਿਹੂਣਾ ਹੀ ਨਹੀਂ ਬਣਾਇਆ ਜਾ ਰਿਹਾ, ਦਿਮਾਗੀ ਤੌਰ 'ਤੇ ਦਹਿਸ਼ਤਜ਼ਦਾ ਵੀ ਕੀਤਾ ਜਾ ਰਿਹਾ ਹੈ। ਰਾਜ ਵਲੋਂ ਪੁਲਿਸ ਦਾ ਕੇਂਦਰੀਕਰਨ, ਕੌਮੀ ਜਾਂਚ ਏਜੰਸੀ ਦਾ ਰਾਜਾਂ 'ਤੇ ਫਿਰ ਜ਼ਿਲ੍ਹਿਆਂ ਤੱਕ ਵਿਸਥਾਰ ਇਕ ਡਰੇ ਹੋਏ ਰਾਜ ਦੀ ਨਿਸ਼ਾਨੀ ਹੈ ਜੋ ਲੋਕਾਂ ਦੇ ਅਧਿਕਾਰਾਂ ਨੂੰ ਹੀ ਨਹੀਂ ਹਰ ਵਿਰੋਧੀ ਵਿਚਾਰ ਨੂੰ ਕੁਚਲਣ ਉਤੇ ਤੁਲੀ ਹੋਈ ਹੈ।

# ਸਿਆਸੀ ਪਾਰਟੀਆਂ ਵੋਟਾਂ ਲਈ ਧਰਮ ਦੇ ਨਾਂ ਤੇ ਲੋਕਾਂ ਵਿਚ ਵੰਡੀਆਂ ਨਾ ਪਾਉਣ - ਤਰਕਸ਼ੀਲ ਸੁਸਾਇਟੀ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੁਸਾਇਟੀ ਕਨੇਡਾ ਦੀ ਕਾਰਜਕਰਨੀ ਦੀ ਬੀਤੇ ਐਤਵਾਰ ਹੋਈ ਮੀਟਿੰਗ ਵਿਚ, ਦੁਨੀਆਂ ਭਰ, ਖਾਸ ਕਰ ਭਾਰਤ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਵਲੋਂ ਧਰਮ ਅਤੇ ਜਾਤ ਨੂੰ ਸਿਆਸੀ ਲਾਹੇ ਲਈ ਵਰਤਦਿਆਂ ਵੱਖ ਵੱਖ ਭਾਈਚਾਰਿਆਂ ਵਿਚ ਦੂਰੀਆਂ ਵਧਾਉਣ ਦੇ ਰੁਝਾਨ ਦੀ ਨਿੰਦਿਆ ਕੀਤੀ ਗਈ। ਪਾਰਟੀਆਂ ਵਲੋਂ ਚੋਣਾਂ ਦੌਰਾਨ ਕਿਵੇਂ ਕਿਸੇ ਖਾਸ ਜਾਤ ਨੂੰ ਖੁਸ਼ ਕਰਕੇ ਵੋਟਾਂ ਲਈਆਂ ਜਾ ਸਕਦੀਆਂ ਹਨ ਦੇ ਸਰਕਾਰ ਪੱਖੀ ਚੈਨਲਾਂ ਤੇ ਚਲਦੇ ਚਰਚਿਆਂ ਦੀ ਵੀ ਨਖੇਧੀ ਕੀਤੀ ਕਿਉਂਕਿ ਇਸ ਨਾਲ ਖਤਮ ਹੋ ਰਹੀ ਜਾਤ ਪ੍ਰਨਾਲੀ ਨੂੰ ਮੁੜ ਸੁਰਜੀਤ ਕਰਕੇ, ਲੋਕਾਂ ਵਿਚ ਹੋਰ ਵੰਡੀਆਂ ਪਾਈਆਂ ਜਾ ਰਹੀਆਂ ਹਨ। ਸੋਸਾਇਟੀ ਇਸ ਨੂੰ ਰਾਜ ਕਰ ਰਹੀਆਂ ਤਾਕਤਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਹਿਸਾ ਸਮਝਦਿਆਂ ਇਸ ਦੀ ਘੋਰ ਨਿੰਦਿਆ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਸਿਆਸਤ ਨੂੰ ਧਰਮ ਨਾਲੋਂ ਵੱਖਰਾ ਰੱਖਿਆ ਜਾਵੇ ਅਤੇ ਜੋ ਪਾਰਟੀਆਂ ਚੋਣਾਂ ਦਰਮਿਆਨ ਵੋਟਾਂ ਲਈ ਧਰਮ ਦੀ ਵਰਤੋਂ ਕਰਦੀਆਂ ਹਨ, ਉਨ੍ਹਾਂ ਪਾਰਟੀਆਂ ਦੀ ਮਾਨਤਾ ਰੱਦ ਕੀਤੀ ਜਾਵੇ। ਮੀਟਿੰਗ ਵਿੱਚ ਧਰਮ ਪਰਵਰਤਨ ਦੇ ਮਾਮਲਿਆਂ ਵਿੱਚ ਸਿਆਸੀ ਪਾਰਟੀਆਂ ਦੀ ਦਖਲਅੰਦਾਜ਼ੀ ਅਤੇ ਲੋਕਾਂ ਵਿੱਚ ਭੜਕਾਹਟ ਪੈਦਾ ਕਰਨ ਤੇ ਵੀ ਚਿੰਤਾ ਪਰਗਟਾਈ ਗਈ।

ਇਸੇ ਮੀਟਿੰਗ ਵਿਚ ਕੁਝ ਕੁ ਪੰਜਾਬੀ ਵਿਦਿਆਰਥੀਆਂ ਵਲੋਂ ਗੁੰਡਾਗਰਦੀ ਦੀਆਂ ਕੀਤੀਆਂ ਜਾ ਰਹੀਆਂ ਹਰਕਤਾਂ ਦੀ ਵੀ ਨਿੰਦਿਆ ਕੀਤੀ ਗਈ। ਸੋਸਾਇਟੀ ਦਾ ਮੰਨਣਾ ਹੈ ਕਿ ਜਿਆਦਾਤਰ ਵਿਦਿਆਰਥੀ, ਪੰਜਾਬ ਦੇ ਮਿਹਨਤਕਸ਼ ਕਿਸਾਨੀ ਵਿਚੋਂ ਉਥੋਂ ਦੀਆਂ ਸਰਕਾਰਾਂ ਵਲੋਂ ਪੈਦਾ ਕੀਤੇ ਮਾਹੌਲ, ਜਿਸ ਵਿਚ ਡਿਗਰੀਆਂ ਦਾ ਕੋਈ ਮੁੱਲ ਨਹੀਂ ਪੈ ਰਿਹਾ, ਬੇਰੁਜ਼ਗਾਰੀ ਸਿਖਰਾਂ ਤੇ ਹੈ, ਤੋਂ ਤੰਗ ਆ ਕੇ ਅਪਣਾ ਸੱਭ ਕੁਝ ਵੇਚ ਵੱਟ, ਕਨੇਡਾ ਵਿਚ ਚੰਗੇਰੇ ਭਵਿਖ ਲਈ ਆ ਰਹੇ ਹਨ ਅਤੇ ਬੜੀ ਲਗਨ ਅਤੇ ਮਿਹਨਤ ਨਾਲ ਅਪਣੀ ਪੜ੍ਹਾਈ ਪੂਰੀ ਕਰ, ਵਰਕ ਪਰਮਿਟ ਲੈ, ਇਥੇ ਪੱਕਾ ਹੋਣ ਲਈ ਸਿਰਤੋੜ ਯਤਨ ਕਰਦੇ ਹਨ। ਪਰ ਕੁਝ ਕੁ ਵਿਦਿਆਰਥੀ ਜੋ ਬੁਰੀ ਸੰਗਤ ਵਿਚ ਪੈ ਕੇ, ਵਿਹਲੇ ਰਹਿ ਸਰਾਬਾਂ ਪੀ, ਗੁੰਡਾ ਗਰਦੀ ਕਰਕੇ, ਆਪਣੇ ਆਪ ਦੇ ਨਾਲ ਨਾਲ ਪੰਜਾਬੀ ਭਾਈਚਾਰੇ ਦਾ ਨਾਂ ਵੀ ਬਦਨਾਮ ਕਰ ਰਹੇ ਹਨ, ਦੀਆਂ ਇਨ੍ਹਾਂ ਹਰਕਤਾਂ ਦੀ ਨਿੰਦਿਆ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਸਬੰਧਿਤ ਅਧਿਕਾਰੀ ਇਸ ਤਰ੍ਹਾਂ ਦੇ ਸ਼ਰਾਰਤੀ ਅਨਸਰਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਯਕੀਨੀ ਬਣਾਉਣ। ਇਸ ਦੇ ਨਾਲ ਹੀ, ਕਨੇਡਾ ਦੇ ਪੰਜਾਬੀ ਭਾਈਚਾਰੇ ਵਿਚ ਕਾਰਜਸ਼ੀਲ ਸੰਸਥਾਵਾਂ ਨੂੰ ਅਪੀਲ ਕੀਤੀ ਗਈ ਕਿ ਰਲ ਮਿਲ ਕੇ ਅਜਿਹੇ ਗੁਮਰਾਹ ਨੌਜਵਾਨਾਂ ਨੂੰ ਸਹੀ ਰਸਤੇ ਲਿਆਉਣ ਦੇ ਯਤਨ ਕਰਨ।

# ਖਤਰੇ ਦੇ ਨਿਸ਼ਾਨ ਸਾਹਵੇਂ ਖੜ੍ਹਾ ਭਾਰਤੀ ਅਰਥਚਾਰਾ

ਮਾਨਵ

ਪਿਛਲੇ ਕੁੱਝ ਸਾਲਾਂ ਤੋਂ ਇਹ ਦਸਤੂਰ ਬਣ ਚੱਲਿਆ ਹੈ ਕਿ ਗੰਭੀਰ ਮਸਲਿਆਂ ’ਤੇ ਚਰਚਾ ਨੂੰ ਨਫ਼ਰਤੀ ਨਾਅਰਿਆਂ ਤੇ ਮੀਡੀਆ ਦੇ ਰੌਲ਼ੇ-ਗੌਲ਼ੇ ਹੇਠ ਦਬਾ ਦਿੱਤਾ ਜਾਂਦਾ ਹੈ। ਅਜਿਹਾ ਹੀ ਮਸਲਾ ਭਾਰਤ ਦਾ ਗੰਭੀਰ ਹੁੰਦਾ ਆਰਥਿਕ ਸੰਕਟ ਹੈ ਜਿਸ ਨੂੰ ਹੁਣ ਭਾਰਤ ਦੇ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣਨ ਦੇ ਸ਼ੋਰ ਪਿੱਛੇ ਦਬਾਇਆ ਜਾ ਰਿਹਾ ਹੈ। ‘ਅੰਮ੍ਰਿਤ ਕਾਲ’ ਦੇ ਹਵਾਈ ਦਾਅਵਿਆਂ ਦੇ ਉਲਟ ਹਕੀਕਤ ਇਹ ਹੈ ਕਿ ਨਵੇਂ ਸਾਲ ਦੀ ਆਮਦ ਭਾਰਤ ਦੇ ਕਿਰਤੀ ਲੋਕਾਂ ਲਈ ਹੋਰ ਵੱਡੀਆਂ ਮੁਸੀਬਤਾਂ ਲਿਆਉਣ ਵਾਲ਼ੀ ਹੈ। ਪਰ ਦਿਨੋਂ-ਦਿਨ ਬਦਤਰ ਹੁੰਦੀ ਹਾਲਤ ਅੱਗੇ ਮੋਦੀ ਸਰਕਾਰ ਨਾ ਸਿਰਫ਼ ਚੁੱਪ ਹੈ ਸਗੋਂ ਕਿਰਤੀ ਲੋਕਾਂ ਦੇ ਉਲਟ ਮੁੱਠੀ ਭਰ ਖਾਸ ਤਬਕੇ ਦੀ ਧਿਰ ਮੱਲੀ ਖੜ੍ਹੀ ਹੈ। ਅੱਜ ਦੇ ਇਸ ਲੇਖ ਵਿੱਚ ਭਾਰਤ ਦੇ ਗੰਭੀਰ ਹੁੰਦੇ ਇਸੇ ਆਰਥਿਕ ਸੰਕਟ ਬਾਰੇ ਗੱਲ ਕਰਾਂਗੇ।

**ਆਰਥਿਕ ਸੰਕਟ ਕਿਉਂ ਆਉਂਦੇ ਹਨ?**

ਅਸੀਂ ਆਪਣੀਆਂ ਜਿਉਣ ਲੋੜਾਂ ਲਈ ਰੋਜ਼ਾਨਾ ਕਿੰਨੀਆਂ ਹੀ ਜਿਣਸਾਂ ਦੀ ਵਰਤੋਂ ਕਰਦੇ ਹਾਂ, ਉਹਨਾਂ ਨੂੰ ਖਪਾਉਂਦੇ ਹਾਂ। ਕਿਸੇ ਵੀ ਜਿਣਸ ਦੀ ਕਦਰ ਉਸ ਵਿੱਚ ਲੱਗੀ ਸਮਾਜਿਕ ਕਿਰਤ ਤੋਂ ਤੈਅ ਹੁੰਦੀ ਹੈ। ਮਸ਼ੀਨਾਂ, ਕੱਚਾ ਮਾਲ ਆਪਣੇ-ਆਪ ਵਿੱਚ ਕੋਈ ਚੀਜ਼ ਨਹੀਂ ਬਣਾ ਸਕਦਾ। ਸਿਰਫ ਮਨੁੱਖੀ ਕਿਰਤ ਹੀ ਕਦਰ ਸਿਰਜ ਸਕਦੀ ਹੈ ਤੇ ਨਾਲ਼ੋਂ-ਨਾਲ਼ ਇਹ ਮਸ਼ੀਨਾਂ ਤੇ ਕੱਚੇ ਮਾਲ ਵਿੱਚ ਮੌਜੂਦ ਮ੍ਰਿਤ ਕਦਰ ਨੂੰ ਵੀ ਵਰਤਕੇ ਨਵਾਂ ਰੂਪ ਦੇ ਸਕਦੀ ਹੈ। ਇਸੇ ਲਈ ਮਨੁੱਖੀ ਕਿਰਤ ਹੀ ਕੁੱਲ ਮੁਨਾਫੇ ਦਾ ਸਰੋਤ ਹੈ। ਇਸੇ ਲਈ ਕਿਰਤ-ਸ਼ਕਤੀ ਦੀ ਵਰਤੋਂ ਵਿੱਚ ਲੱਗੇ ਸਰਮਾਏ ਨੂੰ “ਬਦਲਵਾਂ ਸਰਮਾਇਆ” ਜਦਕਿ ਮਸ਼ੀਨਾਂ ਤੇ ਕਿਰਤ ਦੇ ਸਾਧਨਾਂ ’ਤੇ ਲੱਗੇ ਸਰਮਾਏ ਨੂੰ “ਸਥਿਰ ਸਰਮਾਇਆ” ਕਿਹਾ ਜਾਂਦਾ ਹੈ। ਇਹਨਾਂ ਦੋਹਾਂ ਦੇ ਅਨੁਪਾਤ ਨੂੰ ‘ਸਰਮਾਏ ਦੀ ਜੁੱਟ ਬਣਤਰ’ ਕਹਿੰਦੇ ਹਨ।

ਸਰਮਾਏਦਾਰਾ ਪੈਦਾਵਾਰੀ ਢੰਗ ਦੀ ਬੁਨਿਆਦੀ ਸਮੱਸਿਆ ਇਹ ਹੈ ਕਿ ਜਿਉਂ-ਜਿਉਂ ਇਹ ਵਧਦਾ ਜਾਂਦਾ ਹੈ ਉਵੇਂ-ਉਵੇਂ ਸਥਿਰ ਸਰਮਾਏ ਦੇ ਮੁਕਾਬਲੇ ਬਦਲਵੇਂ ਸਰਮਾਏ ਵਿੱਚ ਮੁਕਾਬਲਤਨ ਗਿਰਾਵਟ ਆਉਂਦੀ ਜਾਂਦੀ ਹੈ, ਜਾਣੀ ਸਮੁੱਚੀ ਕਦਰ ਸਿਰਜਣ ਵਾਲ਼ਾ ਬਦਲਵਾਂ ਸਰਮਾਇਆ ਮੁਕਾਬਲਤਨ ਘਟਦਾ ਜਾਂਦਾ ਹੈ। ਇਸ ਦਾ ਸਿੱਧਾ ਅਸਰ ਮੁਨਾਫ਼ੇ ਦੀ ਦਰ ਘਟਣ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਹੀ ਮੁਨਾਫ਼ੇ ਦੀ ਦਰ ਦੇ ਡਿੱਗਣ ਦੇ ਰੁਝਾਨ ਦਾ ਨੇਮ ਅਖਵਾਉਂਦਾ ਹੈ ਤੇ ਆਰਥਿਕ ਸੰਕਟ ਦਾ ਬੁਨਿਆਦੀ ਕਾਰਨ ਹੁੰਦਾ ਹੈ।

**ਭਾਰਤ ਵਿੱਚ ਡਿੱਗਦੀਆਂ ਮੁਨਾਫਾ ਦਰਾਂ ਦਾ ਸੰਕਟ :** ‘ਭਾਰਤੀ ਅਰਥਚਾਰੇ ਦੇ ਨਿਰੀਖਣ ਕੇਂਦਰ’ ਵੱਲੋਂ 2019 ਦੇ ਮੱਧ ਵਿੱਚ ਵੀਹ ਹਜ਼ਾਰ ਛੋਟੀਆਂ-ਵੱਡੀਆਂ, ਵਿੱਤੀ ਤੇ ਗੈਰ ਵਿੱਤੀ ਕੰਪਨੀਆਂ ਦਾ ਸਰਵੇਖਣ ਜਾਰੀ ਕੀਤਾ ਗਿਆ ਸੀ ਜਿਸ ਰਾਹੀਂ ਇਹ ਸਾਹਮਣੇ ਆਇਆ ਕਿ ਇਹਨਾਂ ਵਿੱਚੋਂ ਬਹੁਤੀਆਂ ਕੰਪਨੀਆਂ ਪਿਛਲੇ ਇੱਕ ਦਹਾਕੇ ਤੋਂ ਮੁਨਾਫਿਆਂ ਦੀ ਡਿੱਗਦੀ ਦਰ ਦਾ ਸਾਹਮਣਾ ਕਰ ਰਹੀਆਂ ਹਨ। ਇਸ ਤੋਂ ਲਗਭਗ ਇੱਕ ਸਾਲ ਮਗਰੋਂ ਕਰੋਨਾ ਲੌਕਡਾਊਨ ਦੇ ਸਮੇਂ ਸਰਮਾਏਦਾਰਾਂ ਦੇ ਮੁਨਾਫ਼ੇ ਕੁੱਝ ਹੱਦ ਤੱਕ ਭੁੜਕੇ ਜ਼ਰੂਰ ਪਰ ਇਹ ਵਾਧਾ ਇੱਕ ਤਾਂ ਊਰਜਾ ਤੇ ਵਿੱਤੀ ਖੇਤਰ ਦੀਆਂ ਕੰਪਨੀਆਂ ਤੱਕ ਸੀਮਤ ਸੀ ਤੇ ਦੂਜਾ ਸਰਮਾਏਦਾਰਾਂ ਵੱਲੋਂ ਲਾਗਤਾਂ ਘਟਾਉਣ ਕਰਕੇ ਸੀ ਜਿਸ ਦਾ ਸਿੱਧਾ ਨਤੀਜਾ ਵੱਡੇ ਪੱਧਰ ’ਤੇ ਬੇਰੁਜ਼ਗਾਰੀ ਦੇ ਵਧਣ ਵਿੱਚ ਨਿੱਕਲਿਆ ਕਿਉਂਕਿ ਲਾਗਤਾਂ ਘਟਾਉਣ ਦੇ ਤਰਕ ਤਹਿਤ ਮਜ਼ਦੂਰਾਂ ਦੀ ਮਜ਼ਦੂਰੀ ’ਤੇ ਸੱਟ ਮਾਰੀ ਗਈ ਸੀ। ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਿੱਚ ਮੁਨਾਫ਼ੇ ਦੀ ਦਰ 2008 ਵਿੱਚ 7.8% ਦੀ ਆਪਣੀ ਸਿਖਰ ਨੂੰ ਛੋਹਣ ਤੋਂ ਬਾਅਦ ਲਗਾਤਾਰ ਨਿਵਾਣ ਵੱਲ ਜਾਂਦਿਆਂ ਅੱਜ ਸਿਰਫ 3% ਰਹਿ ਚੁੱਕੀ ਹੈ। ਇਸੇ ਲਈ ਸਰਮਾਏਦਾਰਾ ਅਰਥਸ਼ਾਸਤਰੀ 2010 ਤੋਂ 2020 ਤੱਕ ਦੇ ਦਹਾਕੇ ਨੂੰ “ਗੁਆਚੇ ਦਹਾਕੇ” ਨਾਲ਼ ਵੀ ਸੰਬੋਧਨ ਕਰਦੇ ਹਨ।

**ਤੁਹਾਨੂੰ ਨਿਵੇਸ਼ ਕਰਨੋਂ ਕਿਹੜੀ ਚੀਜ਼ ਰੋਕ ਰਹੀ ਹੈ?** : 13 ਸਤੰਬਰ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਰਮਾਏਦਾਰਾਂ ਨੂੰ ਕਾਨਫਰੰਸ ਵਿੱਚ ਨਿਹੋਰਾ ਮਾਰਦਿਆਂ ਪੁੱਛਿਆ ਸੀ ਕਿ ਸਰਮਾਏਦਾਰਾ ਅਰਥਚਾਰੇ ਵਿੱਚ ਨਿਵੇਸ਼ ਕਿਉਂ ਨਹੀਂ ਕਰ ਰਹੇ? ਕਿ ਸਰਕਾਰ ਵੱਲੋਂ ਦਿੱਤੀਆਂ ਤਮਾਮ ਸਹੂਲਤਾਂ ਦੇ ਬਾਵਜੂਦ ਉਹਨਾਂ ਨੂੰ ਕਿਹੜੀ ਚੀਜ਼ ਨਿਵੇਸ਼ ਕਰਨੋਂ ਰੋਕ ਰਹੀ ਹੈ? ਭਾਰਤ ਵਿੱਚ ਨਿਵੇਸ਼ ਦਾ ਘਟਣਾ ਇਸ ਦੇ ਆਰਥਿਕ ਸੰਕਟ ਦਾ ਸ਼ਿਕਾਰ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਪਰ ਇਸ ਦਾ ਜਵਾਬ ਸੀਤਾਰਮਨ ਜਾਂ ਸਰਮਾਏਦਾਰਾ ਅਰਥਸ਼ਾਸਤਰੀਆਂ ਕੋਲ਼ ਹੈ ਹੀ ਨਹੀਂ।




2007-08 ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਜੋਂ ਨਿਵੇਸ਼ ਦਰ 35.8% ਦੀ ਸਿਖਰ ਛੋਹਣ ਮਗਰੋਂ ਲਗਾਤਾਰ ਘਟਦੀ ਹੋਈ 2021-22 ਤੱਕ 28.6% ਹੀ ਰਹਿ ਗਈ ਹੈ। ਨਿਵੇਸ਼ ਦੇ ਅਹਿਮ ਸੂਚਕ ਨਿਵੇਸ਼ ਦਰ, ਬੈਂਕਾਂ ਦੇ ਕਰਜ਼ੇ, ਨਵੇਂ ਨਿਵੇਸ਼ ਪ੍ਰੋਜੈਕਟ ਆਦਿ ਸਭਨਾਂ ਵਿੱਚ ਗਿਰਾਵਟ ਆਈ ਹੈ। ਰਿਜ਼ਰਵ ਬੈਂਕ ਦੀ ਰਿਪੋਰਟ ਮੁਤਾਬਕ ਮਾਰਚ 2022 ਨੂੰ ਖਤਮ ਹੋਈ ਤਿਮਾਹੀ ਤੱਕ ਭਾਰਤ ਵਿੱਚ ਸਨਅਤਾਂ ਆਪਣੀ ਸਮਰੱਥਾ ਦੇ ਸਿਰਫ਼ 75.3% ’ਤੇ ਹੀ ਚੱਲ ਰਹੀਆਂ ਸਨ। ਇਸ ਲਈ ਸੁਭਾਵਿਕ ਹੈ ਜੇਕਰ ਪਹਿਲੋਂ ਲਾਈ ਸਮਰੱਥਾ ਹੀ ਪੂਰੀ ਵਰਤੀ ਨਹੀਂ ਜਾ ਰਹੀ ਤਾਂ ਸਰਮਾਏਦਾਰ ਨਵਾਂ ਨਿਵੇਸ਼ ਕਿਉਂ ਕਰਨਗੇ?

ਡਿੱਗਦੇ ਨਿਵੇਸ਼ ਦਾ ਅਸਰ ਬੇਰੁਜ਼ਗਾਰੀ ਦੇ ਹੋਰ ਗੰਭੀਰ ਹੋਣ ਵਿੱਚ ਵੀ ਦਿਸ ਰਿਹਾ ਹੈ। ‘ਭਾਰਤੀ ਅਰਥਚਾਰੇ ਦੇ ਨਿਰੀਖਣ ਕੇਂਦਰ’ ਦੀ ਹੀ ਰਿਪੋਰਟ ਮੁਤਾਬਕ ਭਾਰਤ ਵਿੱਚ ਕਿਰਤੀਆਂ ਦੀ ਹਿੱਸੇਦਾਰੀ ਦਰ ਇਸ ਵੇਲ਼ੇ ਸਿਰਫ 40% ਹੈ। ਜਾਣੀ ਕੰਮ ਕਰਨ ਯੋਗ ਅਬਾਦੀ ਦਾ 60% ਹਿੱਸਾ ਰੁਜ਼ਗਾਰ ਮੰਡੀ ਵਿੱਚੋਂ ਬਾਹਰ ਬੈਠਣ ’ਤੇ ਮਜ਼ਬੂਰ ਹੈ। 2005 ਵਿੱਚ ਇਹੀ ਦਰ 63% ਸੀ। ਖੁੱਸ ਰਹੇ ਰੁਜ਼ਗਾਰਾਂ ਦਾ ਸਭ ਤੋਂ ਮਾੜਾ ਅਸਰ ਕਿਰਤੀ ਔਰਤਾਂ ’ਤੇ ਪਿਆ ਹੈ। ਔਰਤਾਂ ਲਈ ਇਹ ਦਰ ਸਿਰਫ 20% ਹੈ ਤੇ 2004 ਤੋਂ ਬਾਅਦ 4 ਕਰੋੜ ਤੋਂ ਵੀ ਵੱਧ ਔਰਤਾਂ ਰੁਜ਼ਗਾਰ ਮੰਡੀ ਵਿੱਚੋਂ ਬਾਹਰ ਹੋਈਆਂ ਹਨ।

ਦੂਜਾ, ਜਿਹਨਾਂ ਨੂੰ ਰੁਜ਼ਗਾਰ ਮਿਲ਼ਿਆ ਵੀ ਹੋਇਆ ਹੈ ਉਹ ਠੇਕੇ ’ਤੇ ਤੇ ਘੱਟ ਉਜਰਤਾਂ ਵਾਲ਼ਾ ਹੈ। ਪੱਕਾ ਰੁਜ਼ਗਾਰ ਅੱਜ ਨਿੱਜੀ ਖੇਤਰ ਤਾਂ ਛੱਡੋ ਸਰਕਾਰੀ ਖੇਤਰ ਵਿੱਚੋਂ ਵੀ ਲਗਭਗ ਖਤਮ ਕੀਤਾ ਜਾ ਚੁੱਕਾ ਹੈ। ਹੁਣ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਦਸ ਲੱਖ ਨੌਕਰੀਆਂ ਦਾ ਐਲਾਨ ਕਰਕੇ ਸਿਰਫ਼ ਮੱਲ੍ਹਮ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਭਿਅੰਕਰ ਰੁਜ਼ਗਾਰ ਸੰਕਟ ’ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।

**ਮੱਧਵਰਗ ਦੇ ਟੁੱਟਦੇ ਸੁਪਨੇ!** : ਵੀਹ ਕੁ ਸਾਲ ਪਹਿਲਾਂ ਜਦੋਂ ਨਵਉਦਾਰੀਕਰਨ ਦੀਆਂ ਨੀਤੀਆਂ ਨੇ ਜ਼ੋਰ ਫੜ੍ਹਿਆ ਤਾਂ ਸਰਕਾਰਾਂ ਵੱਲੋਂ ਮੱਧਵਰਗ ਨੂੰ ਬਹੁਤ ਸਬਜ਼ਬਾਗ ਦਿਖਾਏ ਗਏ। ਬਾਹਰਲੇ ਮੁਲਕਾਂ ਜਿਹੀ ਜ਼ਿੰਦਗੀ ਹੋਣ ਦੀਆਂ ਗੱਲਾਂ ਤੁਰੀਆਂ, ਟੈਲੀਵਿਜ਼ਨ ਦੀਆਂ ਚਰਚਾਵਾਂ ਵਿੱਚ ਰੋਟੀ-ਕੱਪੜੇ ਤੋਂ ਵਧਕੇ ਨਵੇਂ ਮੋਬਾਈਲ-ਕੰਪਿਊਟਰ-ਗੱਡੀਆਂ ਆਦਿ ਜਿਹੀਆਂ ਸ਼ੈਆਂ ਜੁੜ ਗਈਆਂ। ਪਰ ਦੋ ਦਹਾਕਿਆਂ ਤੋਂ ਵੀ ਘੱਟ ਸਮੇਂ ਅੰਦਰ ਇਹ ਸਭ ਚਰਚਾਵਾਂ ਫੋਕੀਆਂ ਸਾਬਤ ਹੋਈਆਂ ਹਨ। ਗੱਡੀਆਂ-ਮੋਬਾਇਲਾਂ-ਘਰਾਂ ਦੀ ਵਿੱਕਰੀ ਦੇ ਅੰਕੜੇ ਸਾਫ ਸਪੱਸ਼ਟ ਕਰ ਰਹੇ ਹਨ ਕਿ “ਵਿਕਾਸ” ਦੀ ਦੌੜ ਨੇ ਮੱਧਵਰਗ ਨੂੰ ਵੀ ਬਾਹਰ ਧੱਕ ਦਿੱਤਾ ਹੈ।

‘ਭਾਰਤੀ ਆਟੋਮੋਬਾਇਲ ਨਿਰਮਾਤਾ ਸੁਸਾਇਟੀ’ ਦੇ ਅੰਕੜਿਆਂ ਮੁਤਾਬਕ ਜਨਵਰੀ-ਜੂਨ 2022 ਵਿੱਚ ਜਿੱਥੇ ਲਗਜ਼ਰੀ ਗੱਡੀਆਂ ਦੀ ਵਿਕਰੀ ਪਿਛਲੇ ਸਾਲ ਨਾਲ਼ੋਂ 55% ਵਧਕੇ 17000 ਨੂੰ ਪਹੁੰਚੀ, ਓਥੇ ਹੀ ਛੋਟੀਆਂ ਗੱਡੀਆਂ ਦੀ ਵਿੱਕਰੀ ਪਿਛਲੇ ਚਾਰ ਸਾਲਾਂ ਅੰਦਰ 25% ਤੇ ਛੋਟੇ ਦੋਪਹੀਆ ਵਾਹਨਾਂ (110 ਤੇ 125 ਸੀਸੀ) ਦੀ ਵਿੱਕਰੀ ਕ੍ਰਮਵਾਰ 42% ਤੇ 36% ਦੀ ਵੱਡੀ ਗਿਰਾਵਟ ਨਾਲ਼ ਦਸ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ਨੂੰ ਪਹੁੰਚ ਗਈ ਹੈ।

ਇਸੇ ਤਰ੍ਹਾਂ ਜੂਨ ਤਿਮਾਹੀ ਵਿੱਚ ਮਹਿੰਗੇ ਮੋਬਾਇਲਾਂ (40,000 ਤੋਂ ਉੱਪਰ ਕੀਮਤ ਵਾਲ਼ੇ) ਦੀ ਵਿੱਕਰੀ ਤਾਂ 83% ਤੱਕ ਵਧ ਗਈ ਪਰ 10,000 ਤੱਕ ਦੀ ਕੀਮਤ ਵਾਲ਼ੇ ਮੋਬਾਇਲਾਂ ਦੀ ਵਿੱਕਰੀ ਵਿੱਚ 25% ਦੀ ਵੱਡੀ ਗਿਰਾਵਟ ਆਈ ਹੈ। ਪਿਛਲੇ ਦੋ ਸਾਲਾਂ ਵਿੱਚ ਤਾਂ ਲੌਕਡਾਊਨ ਦੌਰਾਨ ਆਨਲਾਈਨ ਸਿੱਖਿਆ ’ਤੇ ਵੀ ਜ਼ੋਰ ਦਿੱਤਾ ਗਿਆ ਸੀ ਪਰ ਇਹ ਗਿਰਾਵਟ ਦੱਸਦੀ ਹੈ ਕਿ ਕਿਵੇਂ ਆਰਥਿਕ ਤੰਗੀ ਕਾਰਨ ਲੱਖਾਂ-ਕਰੋੜਾਂ ਬੱਚੇ ਇਸ ਆਨਲਾਈਨ ਸਿੱਖਿਆ ਤੋਂ ਵੀ ਵਾਂਝੇ ਹੋ ਗਏ ਹਨ।

ਇਹੀ ਹਾਲ ਵੱਡੇ-ਛੋਟੇ ਸ਼ਹਿਰਾਂ ਦੇ ਆਲ਼ੇ-ਦੁਆਲ਼ੇ ਬਣ ਰਹੇ ਮਕਾਨਾਂ, ਕਲੋਨੀਆਂ ਦਾ ਹੈ। 2022 ਦੀ ਪਹਿਲੀ ਛਿਮਾਹੀ ਵਿੱਚ ਡੇਢ ਕਰੋੜ ਤੋਂ ਉੱਪਰ ਦੀਆਂ ਆਲੀਸ਼ਾਨ ਕੋਠੀਆਂ ਦੀ ਵਿੱਕਰੀ ਵਿੱਚ ਤਾਂ 100% ਵਾਧਾ ਹੋਇਆ ਪਰ 40 ਲੱਖ ਤੋਂ ਘੱਟ ਕੀਮਤ ਵਾਲ਼ੇ ਮਕਾਨਾਂ ਦੀ ਮੰਡੀ ਬੇਹੱਦ ਸੁਸਤ ਪਈ ਹੈ।

ਉਸਾਰੀ, ਆਟੋ ਤੇ ਦੂਰਸੰਚਾਰ ਭਾਰਤ ਦੇ ਅਰਥਚਾਰੇ ਦੇ ਅਹਿਮ ਖੇਤਰ ਹਨ ਤੇ ਮੱਧਵਰਗ ਦੀ ਮੰਗ ’ਤੇ ਹੀ ਵੱਡੀਆਂ ਕੰਪਨੀਆਂ ਦੀਆਂ ਬਹੁਤੀਆਂ ਆਸਾਂ ਟਿਕੀਆਂ ਹੁੰਦੀਆਂ ਹਨ, ਇਸੇ ਤੋਂ ਉਹ ਆਪਣਾ ਨਿਵੇਸ਼ ਤੈਅ ਕਰਦੇ ਹਨ। ਇਹੀ ਮੱਧਵਰਗ ਪਿਛਲੇ ਪੰਦਰਾਂ-ਵੀਹ ਸਾਲਾਂ ਦੀ ਅਖੌਤੀ ਖੁਸ਼ਹਾਲੀ ਤੇ ਸ਼ਹਿਰਾਂ ਦੇ ਵਧਣ-ਫੈਲਣ ਵਿੱਚ ਵੱਡਾ ਕਾਰਕ ਸੀ ਤੇ ਹੁਣ ਆਰਥਿਕ ਸੰਕਟ ਦਾ ਸਿੱਧਾ ਅਸਰ ਇਸ ਤਬਕੇ ’ਤੇ ਵੀ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਮੱਧਵਰਗ ਦਾ ਵੱਡਾ ਹਿੱਸਾ ਸਿਰਫ ਆਪਣੇ ਗੁਜ਼ਾਰੇ ਜੋਗਾ ਜੁਗਾੜ ਕਰਨ ਦੀ ਭੱਜ-ਨੱਠ ਵਿੱਚ ਹੀ ਉਲਝਕੇ ਰਹਿ ਗਿਆ ਹੈ। ਹਾਕਮਾਂ ਵੱਲੋਂ ਮੱਧਵਰਗ ਨੂੰ ਦਿਖਾਏ ਬਿਹਤਰ ਜ਼ਿੰਦਗੀ ਦੇ ਸਾਰੇ ਸੁਪਨੇ ਇਸ ਸਰਮਾਏਦਾਰਾ ਢਾਂਚੇ ਨੇ ਚੂਰ ਕਰ ਦਿੱਤੇ ਹਨ।

**ਕੁੱਲ ਘਰੇਲੂ ਪੈਦਾਵਾਰ ਦਾ ਘਟਣਾ :** ਮੁਨਾਫ਼ੇ ਦੀ ਡਿੱਗਦੀ ਦਰ, ਘਟਦੇ ਨਿਵੇਸ਼, ਬੇਰੁਜ਼ਗਾਰੀ ਦੀ ਭਿਅੰਕਰ ਹਾਲਤ ਇਸ ਸਭ ਕਾਸੇ ਦਾ ਅਸਰ ਕੁੱਲ ਘਰੇਲੂ ਪੈਦਾਵਾਰ ਦੀ ਦਰ ਦੇ ਹੇਠਾਂ ਡਿੱਗਣ ਵਿੱਚ ਵੀ ਦਿਸ ਰਿਹਾ ਹੈ। ਪਿਛਲੇ 6-7 ਸਾਲਾਂ ਤੋਂ ਹੀ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਖੜ੍ਹੋਤ ਦਾ ਸ਼ਿਕਾਰ ਹੈ। ਵਾਧੇ ਦੇ ਚਾਰ ਇੰਜਣ ਮੰਨੇ ਜਾਂਦੇ ਕਾਰਕ ਬਰਾਮਦਾਂ, ਨਿੱਜੀ ਨਿਵੇਸ਼, ਖਪਤ ਤੇ ਸਰਕਾਰੀ ਖਰਚ ਵੱਧ-ਘੱਟ ਖੜ੍ਹੋਤ ਮਾਰੇ ਹਨ। ਮੋਦੀ ਸਰਕਾਰ ਨੇ ਇਸ ਭਿਅੰਕਰ ਹਾਲਤ ਨੂੰ ਢਕਣ ਲਈ 2015 ਦੇ ਸ਼ੁਰੂ ਵਿੱਚ ਕੁੱਲ ਘਰੇਲੂ ਪੈਦਾਵਾਰ ਮਾਪਣ ਦਾ ਪੈਮਾਨਾ ਹੀ ਬਦਲ ਦਿੱਤਾ ਸੀ ਜਿਸ ਬਾਰੇ ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਰਹੇ ਅਰਵਿੰਦ ਸੁਬਰਮਨਿਅਮ ਨੂੰ ਵੀ ਇਹ ਕਹਿਣਾ ਪਿਆ ਸੀ ਕਿ ਭਾਰਤ ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਅੰਕੜੇ ਹੱਦੋਂ ਵੱਧ ਫੁਲਾਏ ਗਏ ਹਨ।

ਅਗਸਤ ਦੇ ਅਖੀਰ ਵਿੱਚ ਪਹਿਲੀ ਤਿਮਾਹੀ ਦੀ ਵਿਕਾਸ ਦਰ ਦੇ 13.5% ਰਹਿਣ ’ਤੇ ਭਾਰਤ ਸਰਕਾਰ ਨੇ ਆਪਣੀ ਪਿੱਠ ਥਾਪੜੀ ਪਰ ਸੱਚਾਈ ਇਹ ਸੀ ਕਿ ਇਹ ਅੰਕੜਾ ਰਿਜ਼ਰਵ ਬੈਂਕ ਦੇ ਪਹਿਲੋਂ ਲਾਏ 16.2% ਦੇ ਅੰਦਾਜ਼ੇ ਤੋਂ ਵੀ ਕਿਤੇ ਘੱਟ ਸੀ। ਦੂਸਰਾ ਇਹ ਪਿਛਲੇ ਸਾਲ ਲੌਕਡਾਊਨ ਕਾਰਨ ਯੱਕਦਮ ਡਿੱਗੀ ਵਿਕਾਸ ਦਰ ਦੇ ਮੁਕਾਬਲੇ ਵਿੱਚ ਏਨਾ ਵੱਧ ਸੀ। ਹੁਣ ਜਿਵੇਂ-ਜਿਵੇਂ ਅਗਲੀਆਂ ਤਿਮਾਹੀਆਂ ਦੇ ਅੰਕੜੇ ਆਉਣਗੇ ਤਾਂ ਭਾਰਤ ਦੀ ਵਿਕਾਸ ਦਰ ਸਪੱਸ਼ਟ ਤੌਰ ’ਤੇ ਡਿੱਗੇਗੀ ਤੇ ਵੱਖ-ਵੱਖ ਏਜੰਸੀਆਂ ਨੇ ਇਸਦੀ ਪੇਸ਼ੀਨਗੋਈ ਵੀ ਕਰ ਦਿੱਤੀ ਹੈ। ‘ਅੰਕਟਾਡ’ ਦੀ ਰਿਪੋਰਟ ਮੁਤਾਬਕ ਸਾਲ 2022 ਵਿੱਚ ਭਾਰਤ ਦੀ ਵਿਕਾਸ ਦਰ ਸਿਰਫ 5.7% ਤੇ 2023 ਵਿੱਚ ਹੋਰ ਘਟਕੇ 4.7% ਰਹਿ ਜਾਵੇਗੀ। ਜੇ ਅਸਲ ਅਰਥਾਂ ਵਿੱਚ ਵੇਖਣਾ ਹੋਵੇ ਜਾਣੀ ਲੌਕਡਾਊਨ ਤੋਂ ਪਹਿਲਾਂ ਦੀ ਹਾਲਤ ਦੀ ਤੁਲਨਾ ਵਿੱਚ ਤਾਂ ਮਾਰਚ 2023 ਤੱਕ ਅਸਲ ਵਿਕਾਸ ਦਰ ਸਿਰਫ 4% ਹੀ ਹੋਵੇਗੀ। ਮਾਹਰਾਂ ਮੁਤਾਬਕ ਭਾਰਤ ਦੀ ਰੁਜ਼ਗਾਰ ਮੰਡੀ ਵਿੱਚ ਹਰ ਸਾਲ ਦਾਖਲ ਹੋ ਰਹੇ ਕਰੋੜਾਂ ਨੌਜਵਾਨਾਂ ਨੂੰ ਜੇ ਰੁਜ਼ਗਾਰ ਦੇਣਾ ਹੈ ਤਾਂ ਘੱਟੋ-ਘੱਟ 6.5% ਦੀ ਵਿਕਾਸ ਦਰ ਲੋੜੀਂਦੀ ਹੈ। ਕਹਿਣ ਦਾ ਭਾਵ ਹੈ ਕਿ ਸਾਰੇ ਹਵਾਈ ਦਾਅਵਿਆਂ ਦੇ ਬਾਵਜੂਦ ਭਾਰਤ ਦੀ ਵਿਕਾਸ ਦਰ ਕਰੋੜਾਂ ਆਸਵੰਦ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਤੋਂ ਅਸਮਰੱਥ ਰਹੇਗੀ ਤੇ ਆਉਂਦੇ ਸਾਲਾਂ ਵਿੱਚ ਭਾਰਤ ਅੰਦਰ ਬੇਰੁਜ਼ਗਾਰੀ ਦਾ ਸੰਕਟ ਹੋਰ ਡੂੰਘਾ ਹੋਵੇਗਾ।

**ਭਾਰਤ ਦਾ ਖੁਰਦਾ ਵਿਦੇਸ਼ੀ ਮੁਦਰਾ ਭੰਡਾਰ :** ਅਮਰੀਕਾ ਦੇ ਕੇਂਦਰੀ ਬੈਂਕ ਵੱਲੋਂ ਵਿਆਜ ਦਰਾਂ ਵਿੱਚ ਕੀਤੇ ਜਾ ਰਹੇ ਵਾਧੇ ਕਾਰਨ ਹੋਰਾਂ ਮੁਦਰਾਵਾਂ ਦੇ ਮੁਕਾਬਲੇ ਡਾਲਰ ਦੀ ਕਦਰ ਤੇਜ਼ੀ ਨਾਲ਼ ਵਧ ਰਹੀ ਹੈ। ਡਾਲਰ ਮੁਕਾਬਲੇ ਭਾਰਤ ਦਾ ਰੁਪਿਆ ਵੀ ਡਿੱਗਦਾ ਹੋਇਆ 83 ਦੇ ਨੀਵੇਂ ਪੱਧਰ ਨੂੰ ਛੋਹ ਗਿਆ ਹੈ। ਭਾਰਤ ਦੇ ਰਿਜ਼ਰਵ ਬੈਂਕ ਵੱਲੋਂ ਡਿੱਗਦੇ ਰੁਪਏ ਨੂੰ ਸਹਾਰਾ ਦੇਣ ਲਈ ਆਪਣੇ ਡਾਲਰ ਅਸਾਸਿਆਂ ਨੂੰ ਵੇਚਿਆ ਜਾ ਰਿਹਾ ਹੈ ਜਿਸ ਕਾਰਨ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਲਗਾਤਾਰ ਖੁਰ ਰਿਹਾ ਹੈ। ਪਿਛਲੇ ਸਾਲ ਇਹ ਭੰਡਾਰ 642.4 ਅਰਬ ਡਾਲਰ ਦੇ ਰਿਕਾਰਡ ਪੱਧਰ ’ਤੇ ਸੀ ਪਰ 14 ਅਕਤੂਬਰ 2022 ਤੱਕ ਇਹ 114 ਅਰਬ ਡਾਲਰ ਦੀ ਗਿਰਾਵਟ ਨਾਲ਼ 528.4 ਅਰਬ ਡਾਲਰ ਰਹਿ ਗਿਆ। ਪਰ ਡਾਲਰ ਅਸਾਸੇ ਵੇਚਣ ਦੇ ਬਾਵਜੂਦ ਭਾਰਤ ਸਰਕਾਰ ਰੁਪਏ ਦੀ ਗਿਰਾਵਟ ਨੂੰ ਥੰਮਣੋਂ ਨਾਕਾਮ ਰਹੀ ਹੈ। ਹੁਣ ਰਿਜ਼ਰਵ ਬੈਂਕ ਨੇ ਇਸ਼ਾਰਾ ਦਿੱਤਾ ਹੈ ਕਿ ਉਹ ਘਟ ਰਹੇ ਡਾਲਰ ਅਸਾਸਿਆਂ ਦੇ ਕਾਰਨ ਰੁਪਏ ਨੂੰ ਸਹਾਰਾ ਦੇਣ ਲਈ ਇਹਨਾਂ ਨੂੰ ਵੇਚਣ ਤੋਂ ਹਰ ਸੰਭਵ ਗੁਰੇਜ਼ ਕਰੇਗੀ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਡਾਲਰ ਦੀ ਵਧਦੀ ਕਦਰ ਕਾਰਨ ਰੁਪਿਆ ਹੋਰ ਤੇਜੀ ਨਾਲ਼ ਹੇਠਾਂ ਜਾਣ ਦੀ ਸੰਭਾਵਨਾ ਹੈ ਜਿਸਦਾ ਸਿੱਧਾ ਅਸਰ ਵਧਦੀ ਹੋਈ ਮਹਿੰਗਾਈ ਦੇ ਰੂਪ ਵਿੱਚ ਭਾਰਤ ਦੇ ਕਿਰਤੀਆਂ ’ਤੇ ਪਵੇਗਾ।

ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਦਾ ਇੱਕ ਹੋਰ ਫਿਕਰਮੰਦੀ ਵਾਲ਼ਾ ਪੱਖ ਇਸ ਵਿੱਚ ਵਪਾਰਕ ਕਰਜ਼ਿਆਂ ਤੇ ਪੋਰਟਫੋਲੀਓ ਨਿਵੇਸ਼ਕਾਂ ਦਾ ਵੱਡਾ ਹਿੱਸਾ ਹੋਣਾ ਹੈ। ਇਹ ਉਹ ਨਿਵੇਸ਼ ਹੈ ਜਿਹੜਾ ਥੋੜ੍ਹੀ-ਬਹੁਤੀ ਹਲਚਲ ’ਤੇ ਵੀ ਤੇਜੀ ਨਾਲ਼ ਭਾਰਤ ਦੇ ਸ਼ੇਅਰ ਬਜ਼ਾਰਾਂ ਵਿੱਚੋਂ ਨਿੱਕਲ਼ਕੇ ਅਮਰੀਕਾ ਜਾਂ ਵਧੇਰੇ ਸੁਰੱਖਿਅਤ ਥਾਂਵਾਂ ‘ਤੇ ਜਾ ਸਕਦਾ ਹੈ। ਇਸ ਲਈ ਕਹਿਣ ਨੂੰ ਭਾਰੀ ਦਿਸਦਾ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਕਮਜ਼ੋਰ ਬੁਨਿਆਦ ’ਤੇ ਹੀ ਖੜ੍ਹਾ ਹੈ ਤੇ ਇਹ ਬੁਨਿਆਦ ਕਦੇ ਵੀ ਡੋਲ਼ ਸਕਦੀ ਹੈ।

**ਕਿਸਦਾ ਸਾਥ, ਕਿਸਦਾ ਵਿਕਾਸ? :** ਅਸੀਂ ਉੱਪਰ ਵੇਖਿਆ ਕਿ ਕਿਵੇਂ ਭਾਰਤ ਦਾ ਅਰਥਚਾਰਾ ਡੂੰਘੇ ਸੰਕਟ ਵਿੱਚ ਧਸ ਰਿਹਾ ਹੈ। ਇਸ ਸੰਕਟ ਦਾ ਸਭ ਤੋਂ ਮਾੜਾ ਅਸਰ ਭਾਰਤ ਦੀ ਬਹੁਗਿਣਤੀ ਕਿਰਤੀ ਆਬਾਦੀ ’ਤੇ ਪਿਆ ਹੈ। ਸਭ ਤੋਂ ਪਿਸਿੱਤੇ ਸ਼ਹਿਰੀ ਤੇ ਪੇਂਡੂ ਮਜ਼ਦੂਰਾਂ ਦੀ ਹਾਲਤ ਜਿੱਥੇ ਹੋਰ ਦੁੱਭਰ ਹੋ ਰਹੀ ਹੈ ਓਥੇ ਹੀ ਮੱਧਵਰਗ ਦੇ ਵੱਡੇ ਹਿੱਸੇ ਦੇ ਵੀ ਬਿਹਤਰ ਨੌਕਰੀ, ਬਿਹਤਰ ਜ਼ਿੰਦਗੀ ਦੇ ਸੁਪਨੇ ਟੁੱਟ ਰਹੇ ਹਨ। ਪਰ ਇਸ ਆਰਥਿਕ ਸੰਕਟ ਵਿੱਚ ਵੀ ਮੋਦੀ ਸਰਕਾਰ ਆਮ ਲੋਕਾਂ ਲਈ ਫਿਕਰਮੰਦੀ ਦੀ ਥਾਂ ਸਿਰਫ਼ ਸਰਮਾਏਦਾਰਾਂ ਨੂੰ ਹਰ ਸੰਭਵ ਰਿਆਇਤਾਂ ਦੇ ਰਹੀ ਹੈ। ਸਰਕਾਰੀ ਖਰਚੇ ’ਤੇ ਆਲ਼-ਜੰਜਾਲ਼ ਢਾਂਚਾ ਖੜ੍ਹਾ ਕਰਕੇ ਸਰਮਾਏਦਾਰਾਂ ਨੂੰ ਵੇਚਣਾ, ਰੇਲ-ਹਵਾਈ ਅੱਡੇ-ਬੰਦਰਗਾਹਾਂ-ਬਿਜਲੀ-ਪਾਣੀ ਤੇ ਹੋਰ ਕੁਦਰਤੀ ਸਰੋਤ ਆਦਿ ਸਭ ਕੁੱਝ ਵੱਡੇ ਸਰਮਾਏਦਾਰਾਂ ਹਵਾਲੇ ਕਰਨਾ, ਸਭ ਕਿਰਤ ਕਨੂੰਨਾਂ ਨੂੰ ਰੱਦ ਕਰਕੇ ਚਾਰ ਕਿਰਤ ਕੋਡ ਲਿਆਉਣੇ ਇਹ ਸਭ ਸਰਮਾਏਦਾਰਾਂ ਦੇ ਮੁਨਾਫ਼ਿਆਂ ਖਾਤਰ ਹੀ ਕੀਤਾ ਗਿਆ। ਆਮ ਲੋਕਾਂ ਨੂੰ ਮਿਲ਼ਣ ਵਾਲ਼ੀਆਂ ਨਿਗੂਣੀਆਂ ਰਿਆਇਤਾਂ ਨੂੰ ਰਿਉੜੀਆਂ ਕਹਿਕੇ ਭੰਡਣ ਵਾਲ਼ੀ ਮੋਦੀ ਸਰਕਾਰ ਨੇ ਸਰਮਾਏਦਾਰਾਂ ਲਈ ਖਜਾਨੇ ਦੇ ਮੂੰਹ ਖੋਲ੍ਹੇ ਹੋਏ ਹਨ। ਸਰਮਾਏਦਾਰਾਂ ਦੀ ਕਰਜ਼ਾ ਮਾਫੀ, ਉਹਨਾਂ ਨੂੰ ਸਸਤਾ ਕਰਜ਼ਾ ਦੇਣਾ, ਕਰਾਂ ਤੋਂ ਛੋਟਾਂ ਦੇਣੀਆਂ, ਨਵੇਂ ਨਿਵੇਸ਼ ਲਈ ਅਰਬਾਂ-ਖਰਬਾਂ ਦੀਆਂ ਸਬਸਿਡੀਆਂ ਦੇਣੀਆਂ ਜਿਹੇ ਕਦਮ ਚੁੱਕੇ ਜਾ ਰਹੇ ਹਨ। ਇਹ ਸਭ ਕੁੱਝ ਆਮ ਲੋਕਾਂ ਦੀ ਕੀਮਤ ’ਤੇ ਕੀਤਾ ਜਾ ਰਿਹਾ ਹੈ। ਸਰਮਾਏਦਾਰਾਂ ਨੂੰ ਸਹੂਲਤਾਂ ਕਾਰਨ ਸਰਕਾਰੀ ਆਮਦਨ ਵਿੱਚ ਜੋ ਘਾਟਾ ਪੈ ਰਿਹਾ ਹੈ ਉਸ ਨੂੰ ਭਾਂਤ-ਸੁਭਾਂਤੇ ਸਿੱਧੇ-ਅਸਿੱਧੇ ਕਰ ਲਾ ਕੇ ਆਮ ਲੋਕਾਂ ਤੋਂ ਵਸੂਲਿਆ ਜਾ ਰਿਹਾ ਹੈ। ਜਾਣੀ ਸਰਮਾਏਦਾਰਾ ਸੰਕਟ ਕਾਰਨ ਪਹਿਲੋਂ ਹੀ ਪਿਸ ਰਹੀ ਜਨਤਾ ਨੂੰ ਆਖਰੀ ਬੂੰਦ ਤੱਕ ਨਿਚੋੜਨ ਦੀ ਨੀਤੀ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਸਰਮਾਏਦਾਰਾਂ ਦੀ ਇਸੇ ਸੇਵਾ ਦਾ ਨਤੀਜਾ ਹੈ ਕਿ ਭਾਰਤ ਵਿੱਚ ਗੈਰ-ਬਰਾਬਰੀ ਵਿਸਫੋਟਕ ਹਾਲਤ ਨੂੰ ਪਹੁੰਚ ਗਈ ਹੈ। ਨਵਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਤੋਂ ਬਾਅਦ ਕੁੱਲ ਘਰੇਲੂ ਪੈਦਾਵਾਰ ਵਿੱਚ ਜਿੰਨਾਂ ਵਾਧਾ ਹੋਇਆ ਉਸ ਦਾ 30% ਤੋਂ ਵੱਧ ਫਾਇਦਾ ਸਿਰਫ਼ ਉੱਪਰਲੇ 1% ਧਨਾਢਾਂ ਨੂੰ ਗਿਆ ਹੈ ਜਦਕਿ ਹੇਠਲੀ 50% ਅਬਾਦੀ ਸਿਰਫ਼ 11% ਆਮਦਨ ’ਤੇ ਗੁਜ਼ਾਰਾ ਕਰਨ ਨੂੰ ਮਜ਼ਬੂਰ ਹੈ। ਹੋਰ ਤਾਂ ਹੋਰ ਲੌਕਡਾਊਨ ਵਾਲ਼ੇ ਸਾਲ 2020-21 ਦੌਰਾਨ ਜਿੱਥੇ ਭਾਰਤ ਦੇ ਕਿਰਤੀਆਂ ਦੀ ਆਮਦਨ ਠੱਪ ਹੋ ਗਈ, ਬੱਚਤਾਂ ਸੁੱਕ ਗਈਆਂ ਓਥੇ ਹੀ ਭਾਰਤ ਦੇ 100 ਅਮੀਰ ਘਰਾਣਿਆਂ ਦੀ ਦੌਲਤ ਵਿੱਚ 50% ਤੋਂ ਵੱਧ ਵਾਧਾ ਹੋਇਆ। ਜਾਣੀ ਸਪੱਸ਼ਟ ਤੌਰ ’ਤੇ ਅੱਜ ਦੋ ਭਾਰਤ ਹੋਂਦ ਵਿੱਚ ਆ ਚੁੱਕੇ ਹਨ ਇੱਕ ਗਰੀਬੀ, ਬਦਹਾਲੀ, ਬੇਰੁਜ਼ਗਾਰੀ ਦੇ ਸੰਕਟ ਵਿੱਚ ਘਿਰਿਆ ਬਹੁਗਿਣਤੀ ਕਿਰਤੀ ਲੋਕਾਂ ਦਾ ਭਾਰਤ ਤੇ ਦੂਜਾ ਗਰੀਬੀ ਦੇ ਇਸ ਸਮੁੰਦਰ ਦਰਮਿਆਨ ਉੱਸਰਿਆ ਛੋਟੇ ਜਿਹੇ ਤਬਕੇ ਦਾ ਅਮੀਰ ਭਾਰਤ। ਅੱਜ ਜਿਸ ਮੋੜ ’ਤੇ ਭਾਰਤ ਦਾ ਆਰਥਿਕ ਤੇ ਸਿਆਸੀ ਸੰਕਟ ਪਹੁੰਚ ਚੁੱਕਾ ਹੈ ਇਸ ਨੂੰ ਮੌਜੂਦਾ ਸਰਮਾਏਦਾਰਾ ਨਿਜ਼ਾਮ ਅੰਦਰ ਹੱਲ ਕੀਤਾ ਹੀ ਨਹੀਂ ਜਾ ਸਕਦਾ। ਆਰਥਿਕ ਸੰਕਟ ਸਰਮਾਏਦਾਰਾ ਪ੍ਰਬੰਧ ਵਿੱਚ ਹੀ ਵਜੂਦ ਸਮੋਇਆ ਹੈ। ਇਸ ਲਈ ਬਹੁਗਿਣਤੀ ਦੀ ਪੁੱਗਤ ਵਾਲ਼ਾ ਸਮਾਜ ਬਣਾਉਣ ਲਈ ਅੱਜ ਇਸ ਲੁੱਟ ਅਧਾਰਿਤ ਢਾਂਚੇ ਨੂੰ ਬਦਲਕੇ ਇੱਕ ਸਮਾਜਵਾਦੀ ਢਾਂਚਾ ਕਾਇਮ ਕਰਨਾ ਹੀ ਇੱਕੋ-ਇੱਕ ਹੱਲ ਹੈ।

ਲਲਕਾਰ ’ਚੋਂ ਧੰਨਵਾਦ ਸਹਿਤ

# ਵਿਗਿਆਨ ਦੀ ਰੌਸ਼ਨੀ ਵੱਲ਼ ਵੱਧਦੇ ਕਦਮ ਤੇ ਧਰਮ ਤੋਂ ਬੇਮੁੱਖਤਾ




ਪਰਮਿੰਦਰ ਕੌਰ ਸਵੈਚ
604 760 4794

ਪਿਛਲੇ ਦਿਨੀਂ ਕੈਨੇਡਾ ਦੀ 2021 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਨੇ ਜਿੱਥੇ ਧਾਰਮਿਕ ਲੋਕਾਂ ਨੂੰ ਹੈਰਾਨ ਕੀਤਾ ਹੋਵੇਗਾ, ਉੱਥੇ ਗੈਰ-ਧਾਰਮਿਕ ਲੋਕਾਂ ਵਿੱਚ ਇੱਕ ਖੁਸ਼ੀ ਦੀ ਲਹਿਰ ਦੌੜ ਗਈ ਹੈ ਕਿ ਕੈਨੇਡਾ ਦਾ ਇੱਕ ਵੱਡਾ, ਸੋਹਣਾ ਤੇ ਕੁਦਰਤ ਦੇ ਨੇੜ੍ਹੇ ਹੋਣ ਵਾਲਾ ਸੂਬਾ ਬ੍ਰਿਟਿਸ਼ ਕਲੰਬੀਆ ਜਿਸ ਵਿੱਚ ਅੱਧੇ ਤੋਂ ਵੱਧ ਅਰਥਾਤ 52.1% ਲੋਕਾਂ ਨੇ ਆਪਣੇ ਗੈਰ-ਧਾਰਮਿਕ, ਧਰਮ ਨਿਰਪੱਖ ਜਾਂ ਨਾਸਤਿਕ ਹੋਣ ਬਾਰੇ ਦੱਸਿਆ ਹੈ। ਜਿਸਦਾ ਮਤਲਬ ਉਹਨਾਂ ਨੇ ਕਿਸੇ ਗੈਬੀ ਸ਼ਕਤੀ ਰੱਬ ਜਾਂ ਧਾਰਮਿਕ ਸੰਸਥਾਵਾਂ ਜਾਂ ਧਰਮਾਂ ਦੇ ਸਾਏ ਤੋਂ ਮੁਕਤ ਹੋ ਕੇ ਮਨੁੱਖਤਾਵਾਦੀ ਰਾਹ ਨੂੰ ਅਪਨਾਇਆ ਹੈ। ਇਹ ਅੰਕੜੇ ਬ੍ਰਿਟਿਸ਼ ਕਲੰਬੀਆ ਵਿੱਚ 2011 ਵਿੱਚ 44.1% ਸਨ ਪਰ ਇਸ ਵਾਰ ਇਹਨਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਵਧੀ ਹੈ। ਕੈਨੇਡਾ ਵਿੱਚ ਕੌਮੀ ਪੱਧਰ ਤੇ ਇਹ ਅੰਕੜੇ 34.6% ਹੋ ਗਏ ਹਨ ਅਰਥਾਤ ਕਹਿ ਸਕਦੇ ਹਾਂ ਕਿ ਕੈਨੇਡਾ ਦੇ ਤੀਜੇ ਹਿੱਸੇ ਤੋਂ ਵੱਧ ਲੋਕ ਕਿਸੇ ਵੀ ਧਰਮ ਜਾਂ ਰੱਬ ਵਿੱਚ ਯਕੀਨ ਨਹੀਂ ਰੱਖਦੇ। ਜਦੋਂ ਸ਼ਹਿਰਾਂ ਦੇ ਤੌਰ ਤੇ ਦੇਖ ਦੇ ਹਾਂ ਤਾਂ ਇਹ ਗਿਣਤੀ ਵੈਨਕੂਵਰ ਵਿੱਚ 55.8%. ਵਿਕਟੋਰੀਆ ਵਿੱਚ 63.4%, ਕਲੋਨਾ ਵਿੱਚ 53.8% ਤੇ ਸ਼ੁਕਾਮਿਸ਼ ਵਿੱਚ 70.1% ਲੋਕ ਗੈਰ-ਧਾਰਮਿਕ ਹਨ ਜਦਕਿ ਸੂਬਿਆਂ ਦੇ ਪੱਧਰ ਤੇ ਯੂਕੋਨ ਵਿੱਚ 59.7% ਗੈਰ-ਧਾਰਮਿਕ ਲੋਕ ਸਭ ਨਾਲੋਂ ਵੱਧ ਹਨ ਤੇ ਨਿਊ ਫਾਊਂਡਲੈਂਡ ਵਿੱਚ ਸਭ ਨਾਲੋਂ ਘੱਟ 16.0% ਗੈਰ-ਧਾਰਮਿਕ ਲੋਕ ਹਨ।

ਉੱਪਰ ਲਿਖੇ ਅੰਕੜਿਆਂ ਨੂੰ ਪੜ੍ਹ ਕੇ ਸਾਡੇ ਮਨ ਵਿੱਚ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ ਕਿ ਇਹ ਸਾਰਾ ਕੁੱਝ ਬਦਲਣ ਦੇ ਕਾਰਣ ਕੀ ਹਨ? ਬੇਸ਼ੱਕ ਸਾਨੂੰ ਪਤਾ ਹੈ ਕਿ ਮੁਢ ਕਦੀਮ ਤੋਂ ਹੀ ਦੁਨੀਆਂ ਵਿੱਚ ਦੋ ਫਿਲਾਸਫੀਆਂ ਕੰਮ ਕਰਦੀਆਂ ਰਹੀਆਂ ਹਨ। ਜਿਨ੍ਹਾਂ ਵਿੱਚੋਂ ਇੱਕ ਪਦਾਰਥਵਾਦ ਨੂੰ ਮੰਨਦੀ ਹੈ ਜੋ ਕਹਿੰਦੀ ਕਿ ਪਹਿਲਾਂ ਮਾਦਾ ਪੈਦਾ ਹੋਇਆ, ਉਸਤੋਂ ਬਾਅਦ ਹੌਲ਼ੀ ਹੌਲੀ ਵਿਕਾਸ ਹੋ ਕੇ ਅੱਜ ਤੱਕ ਦੀ ਤਬਦੀਲੀ ਸਾਡੇ ਸਾਹਮਣੇ ਆਈ ਹੈ ਪਰ ਦੂਸਰੇ ਪਾਸੇ ਦੂਸਰੀ ਫਿਲਾਸਫੀ ਜੋ ਅਧਿਆਤਮਵਾਦ ਜਾਂ ਆਦਰਸ਼ਵਾਦ ਨੂੰ ਮੰਨਦੀ ਹੈ ਉਹਨਾਂ ਦਾ ਕਹਿਣਾ ਹੈ ਕਿ ਚੇਤਨਾ ਪਹਿਲਾਂ ਆਈ ਹੈ ਜਾਂ ਇਹ ਸਾਰਾ ਕੁੱਝ ਰੱਬ ਨੇ ਪੈਦਾ ਕੀਤਾ ਹੈ। ਇਹਨਾਂ ਦੋਨਾਂ ਸੰਕਲਪਾਂ ਦਾ ਆਪਸੀ ਵਿਰੋਧ ਸਦੀਆਂ ਤੋਂ ਹੀ ਚਲਦਾ ਆਇਆ ਹੈ। ਸਾਨੂੰ ਪਤਾ ਹੈ ਕਿ ਪਹਿਲਾਂ ਪਹਿਲ ਲੋਕ ਜੰਗਲਾਂ ਵਿੱਚ ਰਹਿੰਦੇ ਜੋ ਪ੍ਰਾਪਤ ਕਰਦੇ, ਵੰਡ ਕੇ ਖਾ ਲੈਂਦੇ, ਫਿਰ ਜਦੋਂ ਕਬੀਲਿਆਂ ਵਿੱਚ ਰਹਿਣ ਲੱਗੇ, ਆਪਣੇ ਆਪਣੇ ਹਿਤਾਂ ਲਈ ਭੰਡਾਰਾ ਕਰਨਾ ਸ਼ੁਰੂ ਕੀਤਾ ਤਾਂ ਸਮਾਜ ਦੋ ਜਮਾਤਾਂ ਵਿੱਚ ਵੰਡ ਹੋ ਗਿਆ, ਇੱਕ ਅਮੀਰ ਤੇ ਦੂਸਰੀ ਗਰੀਬ। ਆਧਿਆਤਮਵਾਦ ਵਾਲੇ ਸੰਕਲਪ ਪੱਖੀ ਲੋਕ ਅਮੀਰ ਲੋਕਾਂ ਦੇ ਹਿਤ ਵਿੱਚ ਚਲੇ ਗਏ ਕਿਉਂਕਿ ਉਹਨਾਂ ਦੁਆਰਾ ਹੋ ਰਹੀ ਲੁੱਟ ਨੂੰ ਉਹ ਰੱਬ ਦੀ ਮਰਜ਼ੀ ਨਾਲ ਜੋੜ ਕੇ ਸੱਚਾਈ ਨੂੰ ਛੁਪਾ ਸਕਦੇ ਸਨ। ਧਾਰਮਿਕ ਲੋਕਾਂ ਨੂੰ ਵੀ ਉਹਨਾਂ ਆਪਣੇ ਕਲਾਵੇ ਵਿੱਚ ਲੈ ਲਿਆ ਕਿਉਂਕਿ ਲੋਕਾਂ ਦੀ ਬੇਸਮਝੀ ਹੀ ਉਹਨਾਂ ਦੀ ਲੁੱਟ ਵਿੱਚ ਵਾਧਾ ਕਰ ਸਕਦੀ ਸੀ ਅਤੇ ਉਹ ਇਸਦਾ ਪ੍ਰਚਾਰ ਬਾਖੂਬੀ ਕਰ ਰਹੇ ਸਨ।

ਇਤਿਹਾਸ ਤੋਂ ਸਬਕ ਸਿੱਖਦੇ ਹੋਏ ਲੋਕਾਂ ਨੂੰ ਸਪੱਸ਼ਟ ਹੋ ਗਿਆ ਹੈ ਕਿ ਸਦੀਆਂ ਤੋਂ ਧਰਮਾਂ ਦੇ ਪੈਰੋਕਾਰਾਂ ਨੇ ਮਨੁੱਖਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ, ਲੋਕਾਂ ਦੀ ਅੰਨ੍ਹੀ ਲੁੱਟ ਕੀਤੀ ਹੈ ਤੇ ਧਰਮਾਂ ਦੇ ਨਾਂ ਤੇ ਹੋ ਰਹੀਆਂ ਲੜਾਈਆਂ ਵਿੱਚ ਸਭ ਤੋਂ ਵੱਧ ਮਨੁੱਖਤਾ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ ਅਤੇ ਇਹ ਸਿਲਸਿਲਾ ਘਟਣ ਦੀ ਬਜਾਇ ਅਜੇ ਵੀ ਬਹੁਤ ਸਾਰੇ ਭਾਰਤ ਵਰਗੇ ਦੇਸ਼ਾਂ ਵਿੱਚ ਵੱਧ ਰਿਹਾ ਹੈ ਜਿੱਥੇ ਅੱਜ ਵੀ ਗਊ, ਸੂਰ, ਕਿਰਪਾਨਾਂ, ਤਿਰਸ਼ੂਲਾਂ, ਧਾਰਮਿਕ ਗਰੰਥਾਂ ਦੀ ਬੇਅਦਬੀ ਦੇ ਮੁੱਦੇ ਨਿੱਤ ਹਵਾ ਵਿੱਚ ਉਛਾਲੇ ਜਾਂਦੇ ਹਨ ਤੇ ਲੜਾਈ ਮਿੰਟਾਂ ਸਕਿੰਟਾਂ ਵਿੱਚ ਕਰਵਾਈ ਜਾ ਸਕਦੀ ਹੈ, ਜਿੱਥੇ ਅਜੇ ਸਾਇੰਸ ਦਾ ਨਹੀਂ ਧਰਮਾਂ ਦਾ ਬੋਲਬਾਲਾ ਜ਼ਿਆਦਾ ਹੈ। ਦੁਨੀਆਂ ਤੇ ਬੇਸ਼ੱਕ ਗਿਣਵੇਂ ਚੁਣਵੇਂ ਧਰਮ ਇਸਾਈ, ਮੁਸਲਿਮ, ਹਿੰਦੂ, ਸਿੱਖ, ਜੈਨੀ, ਬੋਧੀ ਆਦਿ ਗਿਣੇ ਜਾਂਦੇ ਹਨ ਪਰ ਇਹਨਾਂ ਦੀਆਂ ਬਹੁਤ ਸਾਰੀਆਂ ਸਾਖਾਵਾਂ ਪੈਦਾ ਹੋ ਰਹੀਆਂ ਹਨ। ਬੇਸ਼ੱਕ ਸਾਰਿਆਂ ਦਾ ਕਹਿਣਾ ਹੈ ਕਿ ਉਹ ਸਰਬੱਤ ਦਾ ਭਲਾ ਸੋਚਦੇ ਹਨ,



ਮਨੁੱਖ ਨੂੰ ਚੰਗਾ ਬਣਨ ਲਈ ਪ੍ਰੇਰਦੇ ਹਨ, ਪਰ ਇਹ ਆਪਸ ਵਿੱਚ ਹਮੇਸ਼ਾਂ ਲੜਦੇ ਝਗੜਦੇ ਦਿਸਦੇ ਹਨ ਤੇ ਆਪਣੇ ਆਪ ਨੂੰ ਉੱਤਮ ਦਰਸਾਉਣ ਵਿੱਚ ਜੁਟੇ ਹਨ ਤੇ ਲੋਕਾਂ ਨੂੰ ਲੋਕਾਂ ਦੇ ਪੈਸੇ ਨਾਲ ਹੀ ਸਮਾਜ ਭਿਲਾਈ ਦਾ ਲਾਲਚ ਦੇ ਕੇ ਭਰਮਾਉਣ ਦੀ ਕੋਸ਼ਿਸ਼ ਵਿੱਚ ਹਨ। ਇਸ ਖਿੱਚੋਤਾਣ ਕਰਕੇ ਅੱਜ ਧਰਮ ਬਦਲੀ ਜਾਂ ਬਹੁਤ ਸਾਰੇ ਡੇਰਿਆਂ ਦਾ ਪੈਦਾ ਹੋਣਾ ਸ਼ੁਰੂ ਹੋਇਆ ਹੈ। ਅਸਲ ਵਿੱਚ ਇਸਦੇ ਵੱਖਰੇ ਕਾਰਨ ਇਹੀ ਹਨ ਕਿ ਮਨੁੱਖ ਹਮੇਸ਼ਾਂ ਆਰਥਿਕਤਾ ਨਾਲ ਜੁੜਿਆ ਰਿਹਾ ਹੈ। ਉਹ ਆਰਥਿਕ ਪੱਖੋਂ ਆਪਣੀ ਜ਼ਿੰਦਗੀ ਖੁਸ਼ਹਾਲ ਕਰਨਾ ਚਾਹੁੰਦਾ ਹੈ ਜੋ ਧਰਮ ਉਹਦੇ ਲਈ ਉਹਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ, ਉਹ ਉਧਰ ਨੂੰ ਹੋ ਜਾਂਦਾ ਹੈ ਜਿਵੇਂ ਅਸੀਂ ਦੇਖਦੇ ਹਾਂ ਕਿ ਡੇਰਿਆਂ ਵਾਲੇ ਜਾਂ ਇਸਾਈ ਮੱਤ ਵਾਲੇ ਮੱਦਦ ਕਰਦੇ ਹਨ, ਬੱਚਿਆਂ ਨੂੰ ਪੜ੍ਹਾਉਣਾ ਜਾਂ ਵਿਆਹ ਆਦਿ ਕਰਨੇ।

ਕੈਨੇਡਾ ਦੀ ਮਰਦਮਸ਼ੁਮਾਰੀ ਦੇ ਇਹ ਅੰਕੜੇ ਦੱਸਦੇ ਹਨ ਕਿ ਧਰਮਾਂ ਦੁਆਰਾ ਲੋਕਾਂ ਦੇ ਜ਼ਿਹਨ ਤੇ ਪਾਏ ਗਏ ਡਰ ਤੇ ਗੈਬੀ ਸ਼ਕਤੀਆਂ ਦੇ ਪ੍ਰਕੋਪ ਨੂੰ ਲੋਕਾਂ ਨੇ ਵਿਗਿਆਨਕ ਤਰੀਕੇ ਨਾਲ ਸਮਝਣ ਤੇ ਤਰਕ ਨਾਲ ਸੋਚਣਾ ਸ਼ੁਰੂ ਕਰ ਦਿੱਤਾ ਹੈ। ਜਿਉਂ ਜਿਉਂ ਮਨੁੱਖ ਦੁਆਰਾ ਵਿਗਿਆਨ ਦੀ ਤਰੱਕੀ ਹੋਈ ਹੈ, ਉਸਨੇ ਆਪਣੀ ਨੀਝ ਤੇ ਘੋਖ ਪੜਤਾਲ ਨਾਲ ਉਹ ਰਹੱਸ ਜਿਨ੍ਹਾਂ ਬਾਰੇ ਪਹਿਲਾਂ ਮਨੁੱਖ ਅਗਿਆਨੀ ਸੀ, ਉਹ ਪਰਖ ਦੀ ਕੱਸਵੱਟੀ ਤੇ ਪਰਖ ਕੇ ਲੋਕਾਂ ਸਾਹਮਣੇ ਸੱਚ ਕਰ ਵਿਖਾਇਆ ਹੈ। ਬੇਸ਼ੱਕ ਧਰਤੀ ਨੂੰ ਚਪਟੀ ਨਹੀਂ ਗੋਲ਼ ਕਹਿਣ ਦਾ ਸਾਡੇ ਵਿਗਿਆਨੀਆਂ ਨੇ ਹਰਜਾਨਾ ਭੁਗਤਿਆ ਸੀ ਪਰ ਅੱਜ ਦੁਨੀਆਂ ਦਾ ਬੱਚਾ ਬੱਚਾ ਜਾਣਦਾ ਹੈ ਕਿ ਧਰਤੀ ਵਾਕਿਆ ਈ ਗੋਲ਼ ਹੈ। ਕੁਦਰਤ ਦੇ ਨਿਯਮ ਮੁਤਾਬਕ ਹਰ ਜੀਵ ਨੂੰ ਆਪਣੀ ਜ਼ਿੰਦਗੀ ਜਿਊਣ ਲਈ ਢਿੱਡ ਦੀ ਭੁੱਖ ਦੂਰ ਕਰਨ ਲਈ ਕੋਈ ਨਾ ਕੋਈ ਹੀਲਾ ਵਸੀਲਾ ਕਰਕੇ ਜ਼ਿੰਦਾ ਰਹਿਣਾ ਪੈਂਦਾ ਹੈ, ਹੁਣ ਇਹ ਮਨੁੱਖ ਨੇ ਸਮਝ ਲਿਆ ਹੈ। ਜੋ ਲੋਕ ਦੂਜਿਆਂ ਦੇ ਟੁਕੜਿਆਂ ਤੇ ਪਲ਼ਣਾ ਚਾਹੁੰਦੇ ਹਨ ਉਹ ਲੋਕਾਂ ਨੂੰ ਹਮੇਸ਼ਾਂ ਗੁੰਮਰਾਹ ਕਰਦੇ ਹਨ।

ਕੈਨੇਡਾ ਵਿੱਚ ਬੀ.ਸੀ ਦੇ ਲੋਕਾਂ ਵਿੱਚ ਇਸ ਤਬਦੀਲੀ ਦਾ ਮੁੱਖ ਕਾਰਣ ਧਰਮਾਂ ਦੁਆਰਾ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਹੋਏ ਤਸ਼ੱਦਦ ਨੂੰ ਦੇਖਿਆ ਜਾ ਸਕਦਾ ਹੈ ਕਿ ਸਰਕਾਰਾਂ ਤੇ ਕੈਥੋਲਿਕ ਚਰਚ ਨੇ ਸਾਂਝੀ ਭਾਈਵਾਲੀ ਵਿੱਚ ਇੱਥੋਂ ਦੇ ਮੂਲ਼ ਨਿਵਾਸੀਆਂ ਦਾ ਖੁਰਾ ਖੋਜ ਮਿਟਾਉਣ ਲਈ ਉਹਨਾਂ ਦੇ ਬੱਚਿਆਂ ਨੂੰ ਹੀ ਮਾਰ ਮੁਕਾਇਆ ਜਾਂ ਜ਼ਿਹਨ ਵਿੱਚ ਡਰ ਬਣਾ ਕੇ ਜੀਣ ਲਈ ਮਜ਼ਬੂਰ ਕੀਤਾ ਹੈ। ਬੇਸ਼ੱਕ ਇਹ ਵੀ ਬਹੁਤੀ ਪੁਰਾਣੀ ਗੱਲ ਨਹੀਂ ਪਰ ਅਜੇ ਵੀ ਧਰਮ ਲੋਕਾਂ ਦੀਆਂ ਜ਼ਿੰਦਗੀਆਂ ਤੇ ਬਹੁਤ ਨਾਂਹ-ਵਾਚਕ ਪ੍ਰਭਾਵ ਪਾ ਰਿਹਾ ਹੈ, ਜਦੋਂ ਲੋਕ ਆਪਣੇ ਆਪਣੇ ਮਜ਼ਹਬਾਂ ਦੇ ਲਈ ਲੜ ਰਹੇ ਹਨ।

ਜਦੋਂ ਅੰਕੜੇ ਇਹ ਦੱਸ ਰਹੇ ਹਨ ਕਿ ਹੁਣ ਅੱਧ ਤੋਂ ਵੱਧ ਲੋਕ ਧਾਰਮਿਕਤਾ ਵਿੱਚ ਵਿਸ਼ਵਾਸ ਨਹੀਂ ਕਰਦੇ ਤਾਂ ਇੱਥੋਂ ਦੀਆਂ ਸਰਕਾਰਾਂ ਨੂੰ ਧਾਰਮਿਕ ਅਦਾਰਿਆਂ ਰਾਹੀਂ ਹੋ ਰਹੀ ਲੁੱਟ ਤੇ ਵਿਚਾਰ ਕਰਨੀ ਚਾਹੀਦੀ ਹੈ ਤੇ ਆਪਣੀਆਂ ਨੀਤੀਆਂ ਵਿੱਚ ਸੋਧ ਕਰਨੀ ਚਾਹੀਦੀ ਹੈ। ਕੈਨੇਡਾ ਵਿੱਚ ਅਜੇ ਵੀ ਬਹੁਤ ਸਾਰੇ ਧਾਰਮਿਕ ਸਕੂਲ ਖੁੱਲ੍ਹੇ ਹਨ ਜੋ ਬੇਸ਼ੱਕ ਪ੍ਰਾਈਵੇਟ ਨਿੱਜੀ ਜਾਇਦਾਦ ਹਨ, ਉਹ ਵਿਦਿਆਰਥੀਆਂ ਤੋਂ ਫੀਸਾਂ ਵੀ ਬਹੁਤ ਲੈਂਦੇ ਹਨ ਤੇ ਆਮ ਲੋਕਾਂ ਦੇ ਟੈਕਸ ਵਿੱਚੋਂ ਵੀ ਵੱਡੀਆਂ ਗਰਾਂਟਾਂ ਹਾਸਲ ਕਰਦੇ ਹਨ। ਇਸੇ ਤਰ੍ਹਾਂ ਬੀ.ਸੀ. ਹਿਊਮਿਨਸਟ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਕੈਥੋਲਿਕ ਹਸਪਤਾਲਾਂ ਨੂੰ ਸਰਕਾਰ ਨੂੰ ਆਪਣੇ ਅਧੀਨ ਕਰਨਾ ਚਾਹੀਦਾ ਹੈ। ਉਹਨਾਂ ਮੁਤਾਬਕ ਸਰਕਾਰ ਦੁਆਰਾ ਬਿਲੀਅਨ ਡਾਲਰ ਧਾਰਮਿਕ ਹੈਲਥ ਕੇਅਰ ਸੁਵਿਧਾਵਾਂ ਲਈ ਦਿੱਤਾ ਜਾਂਦਾ ਹੈ। ਕੋਰਟਾਂ ਵਿੱਚ ਜਾਂ ਸਰਕਾਰੀ ਅਦਾਰਿਆਂ ਵਿੱਚ ਅਰਦਾਸਾਂ ਆਦਿ ਦਾ ਸਿਸਟਮ ਬੰਦ ਹੋਣਾ ਚਾਹੀਦਾ ਹੈ, ਉਹਨਾਂ ਨੂੰ ਨਿਰਪੱਖ ਤੌਰ ਤੇ ਕੰਮ ਕਰਨਾ ਚਾਹੀਦਾ ਹੈ। ਧਰਮ ਹਰ ਇੱਕ ਦਾ ਨਿੱਜੀ ਮਸਲਾ ਹੋਣਾ ਚਾਹੀਦਾ ਹੈ, ਮਨੁੱਖ ਆਪਣੇ ਤੌਰ ਤੇ ਉਹਦੇ ਲਈ ਕੀ ਕਰਦਾ ਹੈ ਕਰੇ, ਪਰ ਸਰਕਾਰਾਂ ਨੂੰ ਸਭ ਦੇ ਹਿਤਾਂ ਬਾਰੇ ਸੋਚਣਾ ਚਾਹੀਦਾ ਹੈ। 2015 ਵਿੱਚ ਸੁਪਰੀਮ ਕੋਰਟ ਨੇ ਪਾਸ ਕੀਤਾ ਸੀ ਕਿ ਸਿਟੀ ਕੌਂਸਲ ਦੀਆਂ ਮੀਟਿੰਗਾਂ ਦੀ ਸ਼ੁਰੂਆਤ ਲਈ ਅਰਦਾਸ (ਪ੍ਰੇਅਰ) ਕਰਨਾ ਅਸੰਵਿਧਾਨਕ ਹੈ। ਮੁਢਲੀ ਰਿਪੋਰਟ ਮੁਤਾਬਕ ਬੀ.ਸੀ.ਐੱਚ.ਏ. ਦੱਸਦੀ ਹੈ ਕਿ ਹੁਣ 11 ਮਿਊਸਪੈਲਟੀਜ਼ ਆਪਣੀ ਪ੍ਰੈਕਟਿਸ ਬਦਲਣ ਵਾਰੇ ਸੋਚ ਰਹੀਆਂ ਹਨ ਜੋ ਕਿ ਸ਼ੁਭ ਸ਼ਗਨ ਹੈ।

ਇੱਥੇ ਬਹੁਤ ਸਾਰੇ ਰੇਡਿਓ, ਟੈਲੀਵਿਜਨ ਕੰਮ ਕਰ ਰਹੇ ਹਨ, ਉਹਨਾਂ ਲਈ ਇਹ ਜ਼ਰੂਰੀ ਹੈ ਕਿ ਕੁੱਝ ਮਿੰਟਾਂ ਲਈ ਉਹਨਾਂ ਨੇ ਰੱਬ ਦਾ ਨਾਂ ਲੈਣਾ ਜ਼ਰੂਰੀ ਹੈ ਜੋ ਕਿ ਗਲਤ ਧਾਰਨਾ ਹੈ ਜੋ ਨਾਸਤਿਕ ਲੋਕ ਹਨ ਉਹਨਾਂ ਤੇ ਇਹ ਠੋਸੀ ਜਾ ਰਹੀ ਹੈ। ਉਂਜ ਵੀ ਅਸੀਂ ਦੇਖਦੇ ਹਾਂ ਕਿ ਧਾਰਮਿਕ ਸਥਾਨਾਂ ਦੇ ਨਾਂ ਤੇ ਲੋਕਾਂ ਨੇ ਛੋਟੇ ਛੋਟੇ ਕਮਰਿਆਂ ਵਿੱਚ ਧਾਰਮਿਕ ਗਰੰਥ ਸ਼ੁਸ਼ੋਭਿਤ ਕਰਕੇ ਸਰਕਾਰੀ ਗਰਾਂਟਾਂ ਨੂੰ ਮੂੰਹ ਮਾਰਨ ਦੇ ਵੱਡੇ ਵੱਡੇ ਕਾਰਜ ਕੀਤੇ ਹੋਏ ਹਨ, ਜਿਨ੍ਹਾਂ ਬਾਰੇ ਸਰਕਾਰ ਨੂੰ ਸੁਚੇਤ ਹੋਣਾ ਚਾਹੀਦਾ ਹੈ। ਸਭਿਆਚਾਰਕ ਤੌਰ ਤੇ ਵੀ ਇਹ ਦੇਖਣ ਲਈ ਮਿਲਦਾ ਹੈ ਕਿ ਕਈ ਗਾਉਣ ਵਾਲੇ ਪ੍ਰੋਗਰਾਮ ਦੀ ਸ਼ੁਰੂਆਤ ਲਈ ਤਾਂ ਰੱਬ ਦੀ ਮਹਿਮਾ ਵਿੱਚ ਗਾਉਣਗੇ, ਬਾਅਦ ਵਿੱਚ ਉਹਨਾਂ ਦਾ ਮਿਆਰ ਬਹੁਤ ਥੱਲੇ ਗਿਰ ਜਾਂਦਾ ਹੈ, ਇਹ ਗੱਲਾਂ ਬਾਰੇ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਤੁਸੀਂ ਪੰਜ ਮਿੰਟ ਲਈ ਕਿਸ ਰੱਬ ਨੂੰ ਪੱਠੇ ਪਾ ਰਹੇ ਹੋ ਜੋ ਉਹਨਾਂ ਮੁਤਾਬਕ ਜਿਸਦੀ ਮਰਜ਼ੀ ਬਿਨ੍ਹਾਂ ਪੱਤਾ ਨਹੀਂ ਹਿੱਲਦਾ। ਅਸਲ ਵਿੱਚ ਹੁਣ ਸਭ ਨੂੰ ਪਤਾ ਹੈ ਕਿ ਹਰ ਚੀਜ਼ ਪੈਸੇ ਨਾਲ ਜਾਂ ਸਾਡੀਆਂ ਆਰਥਿਕ ਲੋੜਾਂ ਨਾਲ ਜੁੜੀ ਹੈ ਪਰ ਰੱਬ ਦੇ ਮੁਖੌਟੇ ਨਾਲ ਕੁੱਝ ਲੋਕਾਂ ਨੂੰ ਅੰਧਵਿਸ਼ਵਾਸ ਵਿੱਚ ਰੱਖਣ ਲਈ ਇਹ ਸਭ ਕੁੱਝ ਕੀਤਾ ਜਾਂਦਾ ਹੈ। ਸਾਨੂੰ ਸਾਡੀ ਸੋਚ ਨੂੰ ਨਿਰਪੱਖ ਬਣਾ ਕੇ ਚੱਲਣਾ ਚਾਹੀਦਾ ਹੈ, ਇਸ ਵਿੱਚ ਹੀ ਮਨੁੱਖਤਾ ਦਾ ਭਲਾ ਹੈ ਤੇ ਸਰਕਾਰਾਂ ਨੂੰ ਵੀ ਗੌਰ ਕਰਨਾ ਚਾਹੀਦਾ ਹੈ ਕਿ ਲੋਕ ਸੁਚੇਤ ਹੋ ਰਹੇ ਹਨ, ਉਹਨਾਂ ਨੇ ਜੋ ਧਰਮ ਦੇ ਨਾਲ ਮਿਲ ਕੇ ਮਨ ਮਰਜ਼ੀਆਂ ਕਰ ਲਈਆਂ ਹਨ, ਉਹਨਾਂ ਦਾ ਅੰਤ ਹੋਣ ਵਾਲਾ ਹੈ ਜਿਸਨੂੰ ਹਾਲਾਤ ਸਾਜ਼ਗਾਰ ਕਰ ਰਹੇ ਹਨ।

*ਜਨਮ ਦਿਵਸ ਮੌਕੇ 1 ਦਸੰਬਰ ਨੂੰ ਵਿਸ਼ੇਸ*

# ਗਦਰੀ ਬਾਬਾ -ਬਾਵਾ ਨਨਕਾਣਾ ਬਿਸ਼ਨ



ਜਸਦੇਵ ਸਿੰਘ ਲਲਤੋਂ
96464-02470



ਬਾਵਾ ਨਨਕਾਣਾ ਬਿਸ਼ਨ

ਆਪ ਦਾ ਜਨਮ 1 ਦਸੰਬਰ 1877 ਨੂੰ ਮਾਤਾ ਜੀ ਬਸੰਤ ਕੌਰ ਦੀ ਕੁੱਖੋਂ ਪਿਤਾ ਜੀ ਸੰਤ ਰਾਮ ਢੁਡੀਕੇ ਦੇ ਘਰੇ ਪਿੰਡ ਕੋਟ ਸੰਤਰਾਮ ਵਿੱਖੇ (ਨਨਕਾਣਾ ਸਾਹਿਬ ਦੇ ਨਾਲ) ਹੋਇਆ। ਇਹ ਪਿੰਡ ਹੁਣ ਨਨਕਾਣਾ ਸਾਹਿਬ ਦੀ (ਪਾਕਿਸਤਾਨ) ਦੀ ਸੰਤਰਾਮ ਕਲੋਨੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮੁਢਲੀ ਸਿਖਿਆ ਦੌਰਾਨ ਆਪ ਨੇ ਗੁਰਮੁਖੀ ਤੇ ਉੜਦੂ ਭਾਸ਼ਾ ਸਿਖੀ। ਰੁਜਗਾਰ ਤੇ ਚੰਗੀ ਜਿੰਦਗੀ ਦੀ ਭਾਲ ਲਈ ਆਪ ਚੁੱਪਚਾਪ ਮਾਤਾ ਜੀ ਦੇ ਰੱਖੇ ਹੋਏ 82 ਰੁਪਏ ਲੈ ਕੇ ਰੇਲ ਗੱਡੀ ਰਾਹੀ ਬਰਮਾ ਪੁੱਜੇ 1895 'ਚ। ਮਿਹਨਤ ਮਜਦੂਰੀ ਕਰਦਿਆਂ ਆਪ ਨੇ ਕਰੀਬ 3 ਸਾਲ ਬਰਮਾ 'ਚ ਬਿਤਾਏ। ਉਸ ਤੋ ਪਿਛੋ ਚੀਨ ਜਾ ਕੇ ਸਭ ਤੋ ਔਖੀ ਭਾਸ਼ਾ ਚੀਨੀ ਦਾ ਸਰਟੀਫਿਕੇਟ ਪਾਸ ਕੀਤਾ ਤੇ ਚੀਨੀ ਪੁਲਿਸ ਵਿਚ 2 ਸਾਲ ਨੌਕਰੀ ਕੀਤੀ। ਇਸ ਤੋ ਬਾਅਦ ਸਿੰਘਾਪੁਰ ਪੁੱਜ ਕੇ 4 ਸਾਲ ਫੌਜੀ ਸਰਵਿਸ ਕੀਤੀ ਤੇ ਪਿੰਡੋਂ ਮੰਗਵਾਈ ਜਰੂਰੀ ਚਿੱਠੀ ਰਾਹੀ ਡਿਸਚਾਰਜ ਹੋ ਕੇ 1904 'ਚ ਸਾਨਫਰਾਂਸਿਸਕੋ (ਅਮਰੀਕਾ) ਵਿਖੇ ਪਹੁੰਚੇ। ਮਜਦੂਰੀ ਕਰਦਿਆਂ ਆਪ ਨੇ ਕਾਫੀ ਡਾਲਰ ਜੋੜੇ ਤੇ ਕੁਝ ਹੋਰ ਸੱਜਣਾਂ ਨਾਲ ਜੁੜ ਕੇ ਇਕ ਹਜ਼ਾਰ ਏਕੜ ਦਾ ਫਾਰਮ ਠੇਕੇ ਤੇ ਲੈ ਕੇ ਸਬਜੀਆਂ ਦੀ ਕਾਸ਼ਤ ਕਰਨ ਤੇ ਘਰ-ਘਰ ਵੇਚਣ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ।ਬਿਸ਼ਨ ਜੀ ਗੁਰਦੁਆਰਿਆਂ ਚ ਹੋਣ ਵਾਲੇ ਭਾਰਤੀਆਂ ਦੇ ਹਫਤਾਵਾਰੀ ਇਕੱਠਾਂ ਵਿਚ ਜਾਂਦੇ, ਜਿਥੇ ਪਰਵਾਸੀਆਂ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਹੱਲ ਬਾਰੇ ਵਿਚਾਰਾਂ ਹੁੰਦੀਆਂ। 1911-12 ਦੌਰਾਨ ਆਪ ਜੀ ਦਾ ਮੇਲ ਭਾਰਤੀ ਕ੍ਰਾਂਤੀਕਾਰੀ ਆਗੂਆਂ-ਲਾਲਾ ਹਰਦਿਆਲ ਤੇ ਸਾਥੀਆਂ ਨਾਲ ਹੋਇਆ। 1913 ਵਿਚ ਗਦਰ ਪਾਰਟੀ (ਹਿੰਦੀ ਪੈਸੀਫਿਕ ਕੋਸਟ ਐਸੋਸੀਏਸ਼ਨ) ਬਣਨ ਉਪਰੰਤ ਆਪ ਗਦਰ ਪਾਰਟੀ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੀ ਲਹਿਰ ਤੇ ਗਦਰ ਅਖਬਾਰ ਦੀਆਂ ਸਾਰੀਆ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਆਪ ਨੇ ਤਨ, ਮਨ ਅਤੇ ਵਿਸ਼ੇਸ਼ ਕਰਕੇ ਧਨ ਨਾਲ ਗਦਰ ਪਾਰਟੀ ਦੀ ਬਹੁਤ ਵੱਡੀ ਸਹਾਇਤਾ ਲਗਾਤਾਰ ਜਾਰੀ ਰੱਖੀ।

1922-23 'ਚ ਜਦੋਂ ਊਧਮ ਸਿੰਘ ਅਮਰੀਕਾ ਪੁੱਜਾ, ਤਾਂ ਆਪ ਨਾਲ ਗਦਰ ਪਾਰਟੀ ਰਾਹੀਂ ਉਸ ਦਾ ਮੇਲਜੋਲ ਬਣਿਆ। ਦੋਨੋਂ ਪੱਕੇ ਮਿੱਤਰ ਬਣ ਗਏ ਤੇ ਮੈਰੀਲੈਂਡ ਵਿਖੇ ਦੋ ਸਾਲ ਇੱਕਠੇ ਰਹੇ। ਮਕਾਨ ਤੇ ਅਮਰੀਕੀ ਪੁਲਿਸ ਦਾ ਛਾਪਾ ਪੈਣ ਉਪਰੰਤ ਊਧਮ ਸਿੰਘ ਸਫਲਤਾ ਨਾਲ ਪਿਛਲੇ ਪਾਸੇ ਦੀ ਬਚ ਨਿਕਲਿਆ। ਆਪ ਨੇ ਊਧਮ ਸਿੰਘ ਦੀ ਪੈਸੇ ਨਾਲ ਭਾਰੀ ਮਦਦ ਕੀਤੀ ਤੇ ਹੋਰ ਸਾਥੀਆਂ ਤੋਂ ਵੀ ਕਰਵਾਈ। ਉਸ ਨੇ ਕੀਮਤੀ ਅਸਲਾ ਖਰੀਦਿਆ, ਗਦਰ ਸਾਹਿਤ ਲਿਆ ਤੇ ਭਾਰਤ ਨੂੰ ਚਾਲੇ ਪਾ ਦਿੱਤੇ। 1927 'ਚ ਊਧਮ ਸਿੰਘ ਅੰਮ੍ਰਿਤਸਰ ਤੋਂ ਫੜੇ ਗਏ ਤੇ1928 ਚ 5 ਸਾਲ ਦੀ ਕੈਦ ਹੋ ਗਈ। ਫੱਕਰ ਸੁਭਾਅ ਵਾਲੇ ਬਿਸ਼ਨ ਜੀ 32 ਸਾਲ ਬਾਅਦ ਪਹਿਲੀ ਵੇਰ ਘਰੇ ਨਨਕਾਣਾ ਸਾਹਿਬ ਪਰਤੇ ਅਤੇ ਅੰਮ੍ਰਿਤਸਰ ਜਾ ਕੇ ਊਧਮ ਸਿੰਘ ਨਾਲ ਮੁਲਾਕਾਤ ਕੀਤੀ। ਬਿਸ਼ਨ ਜੀ ਨੇ ਦੱਸਿਆ ਸੀ ਕਿ 1932 ਵਿਚ ਊਧਮ ਸਿੰਘ ਰਿਹਾਅ ਹੋ ਕਿ ਜੰਮੂ-ਕਸ਼ਮੀਰ ਦੇ ਪਹਾੜਾਂ ਵੱਲ ਨੂੰ ਚਲਾ ਗਿਆ, ਇਕ ਸਾਧੂ ਦਾ ਭੇਸ ਧਾਰ ਕੇ। ਇਥੇ ਉਸ ਦਾ ਮੇਲ ਇਕ ਅਮੀਰ ਆਦਮੀ ਨਾਲ ਹੋਇਆ, ਜਿਸ ਨੇ ਉਸ ਤੋਂ ਪਰਭਾਵਿਤ ਹੋ ਕੇ ਊਧਮ ਸਿੰਘ ਨੂੰ ਬਾਵਾ ਦੇ ਨਾਮ ਹੇਠ ਲਾਹੌਰ ਤੋਂ ਨਵਾਂ ਪਾਸਪੋਰਟ ਜਾਰੀ ਕਰਵਾਇਆ ਤੇ ਵਲੈਤ( ਇੰਗਲੈਂਡ) ਭਿਜਵਾਇਆ। ਬਿਸ਼ਨ ਤੇ ਊਧਮ ਸਿੰਘ ਦਾ ਮੇਲ ਜੋਲ ਚਿੱਠੀ ਪੱਤਰ ਰਾਹੀਂ ਲਗਾਤਾਰ ਬਣਿਆ ਰਿਹਾ।

1936 ਚ ਆਪ ਦੇ ਫੌਜੀ ਭਰਾ ਕਿਸ਼ਨ ਦਾਸ ਦੀ ਪਲੇਗ ਕਾਰਣ ਮੌਤ ਹੋ ਗਈ। ਆਪ ਨਨਕਾਣਾ ਸਾਹਿਬ ਆਏ, ਪਲੇਗ ਦਾ ਇਲਾਜ ਕਰ ਰਹੇ ਅੰਗਰੇਜ਼ ਡਾਕਟਰਾਂ ਦੀ ਟੀਮ (ਜਿਨ੍ਹਾਂ ਨੂੰ ਭਾਸ਼ਾ ਦੀ ਸਮੱਸਿਆ ਸੀ) ਨਾਲ ਰਹਿ ਕੇ 6 ਮਹੀਨੇ ਇਲਾਕੇ ਦੇ ਲੋਕਾਂ ਦੀ ਬੇਹੱਦ ਸੇਵਾ ਕੀਤੀ। ਇਸੇ ਸਮੇਂ ਆਪ ਦਾ ਵਿਆਹ ਬੀਬੀ ਹਰਬੰਸ ਕੌਰ ਨਾਲ ਹੋਇਆ। ਆਪ ਮੁੜ ਅਮਰੀਕਾ ਚੱਲੇ ਗਏ। ਹਰਬੰਸ ਕੌਰ ਸਮੇਤ ਸਾਰਾ ਪਰਿਵਾਰ ਨਨਕਾਣਾ ਸਾਹਿਬ ਹੀ ਰਿਹਾ। ਆਪ 4-4 ਸਾਲ ਬਾਅਦ ਦੇਸ਼ ਆਉਣ ਲੱਗੇ। ਆਪ ਦੇ ਘਰੇ 5 ਧੀਆਂ ਤੇ 1 ਸਪੁੱਤਰ ਨੇ ਜਨਮ ਲਿਆ।

1940 'ਚ ਲੰਡਨ ਵਿਚ ਕੀਤੇ ਜਾਣ ਵਾਲੇ ਸਰ ਮਾਈਕਲ ਓਡਵਾਇਰ ਵਾਲੇ ਕੌਮੀ ਬਦਲੇ ਦੇ ਇਤਿਹਾਸਕ ਸਾਕੇ ਤੋਂ ਥੋੜਾ ਅਰਸਾ ਪਹਿਲਾਂ ਊਧਮ ਸਿੰਘ ਨੇ ਪਰਮ ਮਿੱਤਰ ਹੋਣ ਕਰਕੇ ਆਪ ਨੂੰ ਇਗਲੈਂਡ ਸੱਦਿਆ ਤੇ ਪੂਰੇ 20 ਦਿਨ ਦੋਨਾਂ ਨੇ ਇਕੱਠਿਆਂ ਗੁਜਾਰੇ ਅਤੇ ਵਾਪਸੀ ਮੌਕੇ ਦਸਿਆ ਕਿ ਜੱਲਦੀ ਹੀ ਤੁਹਾਨੂੰ ਅਜੇਹੀ ਨਿਵੇਕਲੀ ਖਬਰ ਮਿਲੇਗੀ ਜਿਸ ਨਾਲ ਮੇਰੀ ਜਿੰਦਗੀ ਦਾ ਵੱਡਾ ਟੀਚਾ ਪੂਰਾ ਹੋ ਜਾਵੇਗਾ। ਜੋ ਕਿ 13 ਮਾਰਚ 1940 ਨੂੰ ਵਾਪਰਿਆ।

ਊਧਮ ਸਿੰਘ ਦੇ ਫੜੇ ਜਾਣ ਤੇ ਬਿਸ਼ਨ ਜੀ ਪਹਿਲ ਕਦਮੀ ਨਾਲ ਅਮਰੀਕਾ ਦੀ ਗਦਰ ਪਾਰਟੀ ਨੇ ਮੁਕੱਦਮਾ ਲੜਣ ਲਈ ਦੋ ਵੱਡੇ ਵਕੀਲ ਖੜ੍ਹੇ ਕੀਤੇ, ਤਾਂ ਜੋ ਊਧਮ ਸਿੰਘ ਨੂੰ ਬਚਾਉਣ ਦਾ ਯਤਨ ਕੀਤਾ ਜਾ ਸਕੇ। ਊਧਮ ਸਿੰਘ ਨੇ ਬਿਸ਼ਨ ਨੂੰ ਆਪਣੇ ਅਸਲੀ ਦਸਤਖਤਾਂ ਵਾਲੀ ਆਖਰੀ ਫੋਟੋ ਲੰਡਨ ਜੇਲ੍ਹ ਵਿਚੋਂ ਡਾਕ ਰਾਹੀਂ ਅਮਰੀਕਾ ਭੇਜੀ, ਜਿਸ ਦੇ ਪਿਛਲੇ ਪਾਸੇ ਲਿਖਿਆ ਹੋਇਆ ਸੀ, ਮੁਹੰਮਦ ਸਿੰਘ ਆਜ਼ਾਦ। ਆਪ ਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ। ਐਮ.ਐਸ.ਆਜ਼ਾਦ। ਜੋ ਕਿ ਪ੍ਰੋ: ਮਲਵਿੰਦਰਜੀਤ ਵੜੈਚ ਨੇ ਲੰਮੀ ਖੋਜ ਉਪਰੰਤ ਉਨ੍ਹਾਂ ਪਾਸੋਂ 1969 ਚ ਪ੍ਰਾਪਤ ਕੀਤੀ ਸੀ।

ਆਪ ਦੇ ਪਿਆਰੇ ਵਤਨ ਤੇ ਵਤਨ ਵਾਸੀਆਂ ਦੇ ਖਿੱਚੇ, ਬਿਸ਼ਨ ਜੀ 1952 ਚ ਅਮਰੀਕਾ ਤੋਂ ਪਰਿਵਾਰ ਪਾਸ ਡਡਹੇੜੀ ਪਿੰਡ ਪਹੁੰਚੇ ਤੇ ਬਾਅਦ ਚ ਪਰਿਵਾਰ ਸਮੇਤ ਮੰਡੀ ਗੋਬਿੰਦਗੜ੍ਹ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਰਹਿਣ ਲੱਗੇ। ਬਾਵਾ ਜੀ ਲਗਾਤਾਰ ਦੇਸ਼ ਭਗਤੀ ਤੇ ਲੋਕ ਸੇਵਾ ਦੇ ਕਾਰਜਾਂ ਵਿਚ ਜੁਟੇ ਰਹੇ। ਆਪ ਦੀ ਪੱਕੀ ਸਮਝ ਸੀ ਕਿ ਦੂਜੀ ਸੰਸਾਰ ਜੰਗ ਪਿਛੋਂ ਬਦਲੀਆਂ ਹੋਈਆਂ ਸੰਸਾਰ-ਹਾਲਤਾਂ ਅੰਦਰ ਤੇ ਭਾਰਤ ਦੀਆਂ ਕੌਮੀ ਆਜ਼ਾਦੀ ਲਹਿਰਾਂ ਦੇ ਭਾਰੀ ਦਬਾਅ ਕਾਰਨ 1947 ਵਿੱਚ ਬੇਸ਼ੱਕ ਅੰਗਰੇਜ਼ਾਂ ਨੂੰ ਇਥੋਂ ਨਿਕਲਨਾ ਪਿਆ, ਪਰੰਤੂ ਦੇਸ਼ ਦੇ ਰਾਜ ਪ੍ਰਬੰਧ 'ਤੇ ਵੱਡੇ ਦਲਾਲ ਸਰਮਾਏਦਾਰ, ਜਾਗੀਰਦਾਰ, ਭਰਿਸ਼ਟ ਅਫਸਰਸ਼ਾਹੀ ਤੇ ਸਾਮਰਾਜੀ ਕੰਪਨੀਆਂ ਅੱਜ ਵੀ ਕਾਬਜ਼ ਹਨ। ਉਹ ਸਮਝਦੇ ਸਨ ਕਿ ਆਜ਼ਾਦੀ ਦੀ ਲਾਲੀ 90% ਕਿਸਾਨਾਂ, ਮਜ਼ਦੂਰਾਂ, ਤਮਾਮ ਕਿਰਤੀਆਂ ਦੇ ਘਰਾਂ 'ਚ ਨਹੀਂ ਪਹੁੰਚੀ। ਇਸ ਤਰਾਂ ਵੱਡੇ ਇਨਕਲਾਬ ਦੀ ਆਸ ਤੇ ਵਿਸ਼ਵਾਸ਼ ਮਨਾਂ ਵਿਚ ਜਿੰਦਾ ਰਖਦੇ ਹੋਏ 16 ਜੂਨ 1975 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ।ਕੌਮੀ ਅਜ਼ਾਦੀ ਤੇ ਨਵੇਂ-ਨਰੋਏ ਅਤੇ ਲੋਕ ਪੱਖੀ ਜਮਹੂਰੀ ਰਾਜ ਪ੍ਰਬੰਧ ਦੀ ਸਥਾਪਨਾ ਲਈ ਕੀਤੇ ਵੱਡੇ ਤਿਆਗ ਤੇ ਭਾਰੀ ਕੁਰਬਾਨੀਆਂ ਬਦਲੇ ਸਦਾ ਯਾਦ ਰਹਿਣਗੇ।



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

# ਕਾਮਾਗਾਟਾ ਮਾਰੂ ਦੁਖਾਂਤ ਦਾ ਖ਼ਲਨਾਇਕ: ਵਿਲੀਅਮ ਚਾਰਲਸ ਹਾਪਕਿਨਸਨ



ਕਾਮਾਗਾਟਾ ਮਾਰੂ ਦਾ ਦੁਖਾਂਤ ਕੈਨੇਡਾ ਦੇ ਇਤਿਹਾਸ ਵਿਚ ਸਦਾ ਕਾਲੇ ਪੰਨਿਆਂ ਵਜੋਂ ਯਾਦ ਰੱਖਿਆ ਜਾਵੇਗਾ। ਇਹ 20 ਵੀਂ ਸਦੀ ਦੇ ਸ਼ੁਰੂ ਵਿੱਚ ਕੈਨੇਡਾ ਲਈ ਸ਼ਰਮਨਾਕ ਘਟਨਾਵਾਂ ਵਿੱਚੋਂ ਇੱਕ ਸੀ ਜਿਸ ਵਿੱਚ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਵਿੱਚੋਂ ਏਸ਼ੀਆਈ ਮੂਲ ਦੇ ਪ੍ਰਵਾਸੀਆਂ ਨੂੰ ਬਾਹਰ ਕੱਢਣ ਲਈ ਅਲਹਿਦਗੀ ਦੇ ਕਾਨੂੰਨਾਂ ਦੀ ਵਰਤੋਂ ਕੀਤੀ ਗਈ ਸੀ। ਬਾਬਾ ਗੁਰਦਿੱਤ ਸਿੰਘ ਦਾ ਚਾਰਟਰ ਕੀਤਾ ਕਾਮਾਗਾਟਾ ਮਾਰੂ ਜਹਾਜ਼ 4 ਅਪ੍ਰੈਲ, 1914 ਨੂੰ ਬ੍ਰਿਟਿਸ਼ ਹਾਂਗਕਾਂਗ ਤੋਂ ਸ਼ੰਘਾਈ, ਚੀਨ ਅਤੇ ਯੋਕੋਹਾਮਾ, ਜਪਾਨ ਤੋਂ ਹੁੰਦੇ ਹੋਏ, ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਲਈ, ਬ੍ਰਿਟਿਸ਼ ਭਾਰਤ ਦੇ ਪੰਜਾਬ ਸੂਬੇ ਤੋਂ 376 ਯਾਤਰੀਆਂ ਨੂੰ ਲੈ ਕੇ ਰਵਾਨਾ ਹੋਇਆ ਸੀ। ਯਾਤਰੀਆਂ ਵਿਚ ਪੰਜਾਬ ਦੇ 337 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਲੋਕ ਸ਼ਾਮਲ ਸਨ। 23 ਜੁਲਾਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ 376 ਮੁਸਾਫਰਾਂ ਨੂੰ ਲੈ ਕੇ ਵੈਨਕੂਵਰ ਦੀ ਬੱਰਾਡ ਇੰਨਲਿੱਟ 'ਤੇ ਪਹੁੰਚਿਆ। ਪਰ ਕੈਨੇਡਾ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਕਰ ਕੇ ਜਹਾਜ਼ ਦੇ ਮੁਸਾਫ਼ਰਾਂ ਨੂੰ ਵੈਨਕੂਵਰ ਦੀ ਬੰਦਰਗਾਹ 'ਤੇ ਉਤਰਨ ਨਹੀਂ ਦਿੱਤਾ ਗਿਆ। ਇਨ੍ਹਾਂ 376 ਯਾਤਰੀਆਂ ਵਿੱਚੋਂ ਸਿਰਫ਼ 24 ਨੂੰ ਕੈਨੇਡਾ ਵਿੱਚ ਲੈਂਡ ਕਰਨ ਦੀ ਆਗਿਆ ਮਿਲੀ, ਪਰ ਬਾਕੀ 352 ਨੂੰ ਕੈਨੇਡਾ ਵਿੱਚ ਉਤਰਨ ਦੀ ਆਗਿਆ ਨਹੀਂ ਦਿੱਤੀ ਗਈ ਸੀ, ਅਤੇ ਜਹਾਜ਼ ਨੂੰ ਕੈਨੇਡਾ ਦੇ ਅਧੀਨ ਹਿੱਸੇ ਦੇ ਪ੍ਰਸ਼ਾਂਤ ਮਹਾਸਾਗਰ ਨੂੰ ਛੱਡਣ ਲਈ ਮਜਬੂਰ ਕੀਤਾ ਗਿਆ ਸੀ। ਇਸ ਜਹਾਜ਼ ਨੂੰ ਕੈਨੇਡਾ ਦੇ ਪਹਿਲੇ ਦੋ ਜਲ ਸੈਨਾ ਦੇ ਸਮੁੰਦਰੀ ਜਹਾਜ਼ਾਂ ਵਿੱਚੋਂ ਇੱਕ ਐਚ. ਐਮ. ਸੀ. ਐਸ. ਰੇਨਬੋ ਦੁਆਰਾ ਕੈਨੇਡਾ ਤੋਂ ਬਾਹਰ ਕੱਢਿਆ ਗਿਆ ਸੀ। ਇਥੇ ਹੀ ਬੱਸ ਨਹੀਂ, ਵਾਪਸ ਮੋੜੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੇ ਕੈਨੇਡਾ ਵਿਚ ਦਾਖ਼ਲੇ ਤੋਂ ਇਨਕਾਰ ਤੋਂ ਬਾਅਦ ਭਾਰਤ ਵਾਪਸ ਜਾਣ ਲਈ ਮਜਬੂਰ ਕੀਤਾ ਗਿਆ। ਕਾਮਾਗਾਟਾ ਮਾਰੂ ਮੁਸਾਫ਼ਿਰਾਂ ਨੂੰ ਲੈ ਕੇ 23 ਜੁਲਾਈ, 1914 ਨੂੰ ਕਲਕੱਤਾ ਦੇ ਬੱਜ ਬੱਜ ਘਾਟ, ਕਲਕੱਤਾ (ਵਰਤਮਾਨ ਕੋਲਕਾਤਾ) ਵਾਪਸ ਪਹੁੰਚਿਆ। ਉਥੇ, ਇੰਡੀਅਨ ਇੰਪੀਰੀਅਲ ਪੁਲਿਸ ਨੇ ਸਮੂਹ ਨੇਤਾਵਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ। ਕੈਨੇਡਾ ਤੋਂ ਮਿਲੀ ਖ਼ੁਫ਼ੀਆ ਜਾਣਕਾਰੀ 'ਤੇ ਅਧਾਰਿਤ ਪੂਰੇ ਦੋ ਮਹੀਨਿਆਂ ਤੋਂ ਭੁੱਖੇ-ਭਾਣੇ, ਮਾਯੂਸ, ਸ਼ਾਂਤਮਈ, ਹਤਾਸ਼ ਮੁਸਾਫ਼ਰਾਂ ਨੂੰ ਬਾਗ਼ੀ ਗਰਦਾਨ ਕੇ ਪੁਲਿਸ ਨੇ ਉਨ੍ਹਾਂ 'ਤੇ ਗੋਲ਼ੀਆਂ ਚਲਾ ਦਿੱਤੀਆਂ, ਜਿਸ ਕਾਰਨ ਮੁਸਾਫ਼ਰਾਂ ਵਿਚੋਂ 22 ਲੋਕਾਂ ਦੀ ਮੌਤ ਹੋ ਗਈ, ਜਦ ਕਿ ਬਾਕੀ ਗ਼ਦਰੀ ਉਥੋਂ ਬਚ ਕੇ ਨਿਕਲ ਗਏ ਅਤੇ ਰੂਪੋਸ਼ ਹੋ ਗਏ।

ਇਸ ਦੁਖਾਂਤ ਦੇ ਮੁੱਖ ਦੋਸ਼ੀ ਤਾਂ ਭਾਵੇਂ ਕੈਨੇਡਾ ਅਤੇ ਭਾਰਤ ਦੀ ਬਰਤਾਨਵੀ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਅਤੇ ਵੈਨਕੂਵਰ ਦੇ ਐਮ. ਪੀ. ਹੈਨਰੀ ਹਰਬਰਟ ਸਟੀਵਨਜ਼ ਵਰਗੇ ਰਾਜਸੀ ਲੀਡਰ ਜ਼ਿੰਮੇਵਾਰ ਸਨ, ਪਰ ਇਸ ਵਿਚ ਛੋਟੇ ਪਿਆਦਿਆਂ ਦੀ ਭੂਮਿਕਾ ਨੂੰ ਵੀ ਘਟਾ ਕੇ ਨਹੀਂ ਦੇਖਿਆ ਜਾ ਸਕਦਾ, ਜਿਨ੍ਹਾਂ ਨੇ ਭਾਰਤੀਆਂ ਖ਼ਿਲਾਫ਼ ਜਾਣਕਾਰੀ ਦਾ ਖ਼ੁਫ਼ੀਆ ਤੰਤਰ ਬਣਾ ਰੱਖਿਆ ਸੀ। ਇਸ ਸਦੀ ਦੇ ਪਹਿਲੇ ਦਹਾਕੇ ਵਿਚ, ਜਦੋਂ ਪੰਜਾਬ ਅਤੇ ਬੰਗਾਲ ਤੋਂ ਲੈ ਕੇ ਵਿਦੇਸ਼ਾਂ ਵਿਚ ਭਾਰਤੀ ਭਾਈਚਾਰਿਆਂ ਵਿਚ ਫੈਲੇ ਗੁਪਤ ਕ੍ਰਾਂਤੀਕਾਰੀ ਸਮਾਜਾਂ ਦੇ ਜਾਲ ਵਿਚ ਤੇਜ਼ੀ ਨਾਲ ਵਾਧਾ ਹੋਇਆ, ਤਾਂ ਨਾਲ਼ ਹੀ ਇਕ ਖੁਫੀਆ ਸੰਗਠਨ ਤੇਜ਼ੀ ਨਾਲ ਵਿਕਸਿਤ ਹੋਇਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿਚ ਭਾਰਤੀ ਰਾਸ਼ਟਰਵਾਦੀਆਂ ਵਿਰੁੱਧ ਸਭ ਤੋਂ ਵੱਧ ਖ਼ੁਫ਼ੀਆ ਕਾਰਵਾਈ ਵੈਨਕੂਵਰ ਇਮੀਗ੍ਰੇਸ਼ਨ ਵਿਭਾਗ ਦੇ ਇਕ ਅਧਿਕਾਰੀ ਵਿਲੀਅਮ ਹਾਪਕਿਨਸਨ ਵਲੋਂ ਕੀਤੀ ਗਈ। ਇਸ ਲੇਖ ਵਿਚ ਅਸੀਂ ਵਿਲੀਅਮ ਹਾਪਕਿਨਸਨ, ਉਸਦੇ ਪਿਛੋਕੜ ਅਤੇ ਉਸਦੇ ਖ਼ੁਫ਼ੀਆ ਤੰਤਰ ਦੀ ਗੱਲ ਕਰਾਂਗੇ।

**ਪਿਛੋਕੜ**

ਹਿਊ ਜਾਹਨਸਟਨ (1*): ਅਨੁਸਾਰ "ਹਾਪਕਿਨਸਨ ਮਿਸ਼ਰਤ ਵੰਸ਼ ਦਾ ਸੀ। ਉਸ ਦੀ ਮੌਤ ਦੇ ਸਮੇਂ, ਇਸ ਬਾਰੇ ਕੁਝ ਭੰਬਲਭੂਸਾ ਸੀ ਕਿ ਹਾਪਕਿਨਸਨ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ। ਉਸ ਨੇ ਇੱਕ ਗੁੰਮਰਾਹਕੁੰਨ ਕਹਾਣੀ ਦੱਸੀ ਸੀ। ਅੰਦਰੂਨੀ ਵਿਭਾਗ ਲਈ ਆਪਣੀ ਨਿੱਜੀ ਡੇਟਾ ਸ਼ੀਟ ਭਰਨ ਵਿੱਚ, ਹਾਪਕਿਨਸਨ ਨੇ ਆਪਣੀ ਜਗ੍ਹਾ ਅਤੇ ਜਨਮ ਮਿਤੀ ਹੱਲ, ਯਾਰਕਸ਼ਾਇਰ, ਇੰਗਲੈਂਡ, 16 ਜੂਨ 1880 ਦਿੱਤੀ, ਪਰ ਉਹ ਸਪੱਸ਼ਟ ਤੌਰ 'ਤੇ ਭਾਰਤ ਵਿੱਚ ਪੈਦਾ ਹੋਇਆ ਸੀ, ਜਿਵੇਂ ਕਿ ਇਲਾਹਾਬਾਦ ਵਿੱਚ ਉਸ ਦਾ ਐਂਗਲੀਕਨ ਬਪਤਿਸਮਾ, ਜੋ ਦਿੱਲੀ ਵਿੱਚ ਰਜਿਸਟਰਡ ਹੈ, ਦਿਖਾਉਂਦਾ ਹੈ। ਉਸ ਦੇ ਮਾਤਾ-ਪਿਤਾ ਵਿਲੀਅਮ ਅਤੇ ਐਗਨੇਸ ਹਾਪਕਿਨਸਨ ਸਨ, ਜੋ ਉਸ ਸਮੇਂ ਇਲਾਹਾਬਾਦ ਵਿੱਚ ਰਹਿੰਦੇ ਸਨ। ਐਗਨੇਸ ਇੱਕ ਭਾਰਤੀ ਜਾਂ ਐਂਗਲੋ-ਇੰਡੀਅਨ ਪਤਨੀ ਦਾ ਯੂਰਪੀਅਨ ਨਾਮ ਹੋ ਸਕਦਾ ਹੈ। ਦੋਵੇਂ ਮਾਪਿਆਂ ਦਾ ਜਨਮ ਭਾਰਤ ਵਿੱਚ ਹੋਇਆ ਸੀ। ਵਿਲੀਅਮ 1841 ਵਿੱਚ ਪੱਛਮੀ ਬੰਗਾਲ ਦੇ ਫੋਰਟ ਵਿਲੀਅਮ (ਕੋਲਕਾਤਾ) ਵਿੱਚ, ਅਤੇ ਐਗਨੇਸ ਦਾ ਲਗਭਗ 1850 ਵਿੱਚ।"

ਅਤੇ ".....ਹਾਪਕਿਨਸਨ ਨੇ 7 ਦਸੰਬਰ 1908 ਨੂੰ ਸਹੁੰ ਚੁੱਕ ਕੇ ਬ੍ਰਿਟਿਸ਼ ਕੋਲੰਬੀਆ ਦੇ ਪੂਰਬੀ ਭਾਰਤੀਆਂ ਦੇ ਹਾਰਕਿਨ ਦੇ ਮੁੜ-ਪ੍ਰਕਾਸ਼ਿਤ ਕੀਤੇ ਇੱਕ ਹਲਫ਼ਨਾਮੇ ਵਿੱਚ ਕਿਹਾ ਸੀ ਕਿ ਉਹ "ਕਲਕੱਤਾ ਸ਼ਹਿਰ ਦਾ ਪੂਰਵ ਬਸ਼ਿੰਦਾ ਸੀ, ਅਤੇ 4 ਸਾਲਾਂ ਤੋਂ ਮੈਟਰੋਪੋਲੀਟਨ ਪੁਲਿਸ ਵਿਚ ਇੰਸਪੈਕਟਰ ਸੀ। ਗਵਰਨਰ ਸਵੇਨ, ਜੋ ਬ੍ਰਿਟਿਸ਼ ਹਾਂਡੂਰਾਸ ਲਈ ਭਾਰਤੀ ਮਜ਼ਦੂਰਾਂ ਦੀ ਭਰਤੀ ਕਰਨ ਲਈ ਬ੍ਰਿਟਿਸ਼ ਕੋਲੰਬੀਆ ਆਇਆ ਸੀ ਅਤੇ ਜਿਸ ਨੇ ਹਾਪਕਿਨਸਨ ਤੋਂ ਬਹੁਤ ਸਾਰੀ ਜਾਣਕਾਰੀ ਲਈ ਸੀ, ਨੇ ਦਸੰਬਰ 1908 ਵਿੱਚ ਰਿਪੋਰਟ ਦਿੱਤੀ ਕਿ ਹਾਪਕਿਨਸਨ ਕੋਲਕਾਤਾ ਪੁਲਿਸ ਫੋਰਸ ਤੋਂ ਛੁੱਟੀ 'ਤੇ ਸੀ। ਉਸਨੇ ਇਹ ਵੀ ਸਿਫਾਰਸ਼ ਕੀਤੀ ਕਿ ਹਾਪਕਿਨਸਨ ਨੂੰ ਕੋਲਕਾਤਾ ਪੁਲਿਸ ਦੇ ਮੁਖੀ ਨਾਲ ਗੱਲਬਾਤ ਵਿੱਚ ਇੱਕ ਡੋਮੀਨੀਅਨ ਪੁਲਿਸ ਅਧਿਕਾਰੀ ਨਿਯੁਕਤ ਕੀਤਾ ਜਾਵੇ।"

ਰਿਚਰਡ ਜੇ. ਪਾਪਿਲਵੈੱਲ (2*) ਨੇ ਲਿਖਿਆ ਹੈ: "ਭਾਵੇਂ ਉਹ ਕੈਨੇਡੀਅਨ ਸਰਵਿਸ ਵਿੱਚ ਸੀ, ਹਾਪਕਿਨਸਨ ਭਾਰਤ ਵਿੱਚ ਪੈਦਾ ਹੋਇਆ ਇੱਕ ਅੰਗਰੇਜ਼ ਸੀ, ਜੋ ਕੈਨੇਡਾ ਵਿੱਚ ਵਾਪਰ ਰਹੀਆਂ ਘਟਨਾਵਾਂ ਦੇ ਭਾਰਤ ਲਈ ਸੰਭਾਵਿਤ ਖ਼ਤਰਿਆਂ ਤੋਂ ਭਲੀ-ਭਾਂਤ ਜਾਣੂ ਸੀ। ਉਸ ਦਾ ਪਿਤਾ 1879 ਵਿਚ ਕਾਬੁਲ ਵਿਚ ਕਤਲ ਕੀਤੇ ਗਏ ਸਰ ਲੁਈਸ ਕੈਵਗਨਰੀ ਦੇ ਫ਼ੌਜੀ ਪਹਿਰੇਦਾਰਾਂ ਵਿਚੋਂ ਇਕ ਸੀ, ਜਿਸ ਕਾਰਨ ਉਹ ਅਤੇ ਉਸ ਦੀ ਮਾਂ ਪੰਜਾਬ ਦੇ ਲਾਹੌਰ ਵਿਚ ਫਸੇ ਹੋਏ ਸਨ। ਉਹ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਚੰਗੀ ਤਰ੍ਹਾਂ ਬੋਲਦਾ ਸੀ। ਉਸ ਨੇ 16 ਸਾਲ ਦੀ ਉਮਰ ਤੋਂ ਪਹਿਲਾਂ ਪੰਜਾਬ ਅਤੇ ਫਿਰ 1901 ਤੋਂ 1907 ਤੱਕ ਕਲਕੱਤਾ ਵਿੱਚ ਭਾਰਤ ਪੁਲਿਸ ਵਿੱਚ ਨੌਕਰੀ ਕੀਤੀ, ਅਤੇ ਸਬ-ਇੰਸਪੈਕਟਰ ਦਾ ਅਹੁਦਾ ਪ੍ਰਾਪਤ ਕੀਤਾ। 1907 ਦੇ ਅੰਤ ਵਿੱਚ ਉਹ ਦੋ ਸਾਲਾਂ ਦੀ ਛੁੱਟੀ 'ਤੇ ਕੈਨੇਡਾ ਚਲਾ ਗਿਆ ਅਤੇ ਵੈਨਕੂਵਰ ਇਮੀਗ੍ਰੇਸ਼ਨ ਵਿਭਾਗ ਵਿਚ ਇੱਕ ਦੁਭਾਸ਼ੀਏ ਵਜੋਂ ਨੌਕਰੀ ਕਰ ਲਈ।"

ਸੋਹਣ ਸਿੰਘ ਪੂੰਨੀ 'ਕਨੇਡਾ ਦੇ ਗਦਰੀ ਯੋਧੇ' (3*) ਵਿਚ (ਪੰਨਾ 32) ਲਿਖਦੇ ਹਨ "...ਤੀਸਰਾ ਧੜਾ ਅੰਗਰੇਜ਼-ਪ੍ਰਸਤਾਂ ਦਾ ਸੀ। ਇਸ ਨੂੰ 'ਇਮੀਗ੍ਰੇਸ਼ਨ ਧੜਾ' ਵੀ ਆਖਿਆ ਜਾਂਦਾ ਸੀ। ਇਸ ਧੜੇ ਦੀ ਅਗਵਾਈ ਹਾਪਕਿਨਸਨ ਨਾਂ ਦਾ ਐਂਗਲੋ-ਇੰਡੀਅਨ ਕਰਦਾ ਸੀ ਜੋ ਕਲਕੱਤੇ ਪੁਲਸ ਦੀ ਨੌਕਰੀ ਕਰਦਾ, 1908 ਦੇ ਸ਼ੁਰੂ ਵਿਚ ਵੈਨਕੂਵਰ ਆਇਆ ਸੀ। ਹਾਪਕਿਨਸਨ ਵੈਨਕੂਵਰ ਇਮੀਗ੍ਰੇਸ਼ਨ ਡੀਪਾਰਟਮੈਂਟ ਨਾਲ ਦੁਭਾਸ਼ੀਏ ਦਾ ਕੰਮ ਕਰਦਾ ਸੀ। ਦਰਅਸਲ ਉਹ ਹਿੰਦੁਸਤਾਨ, ਇੰਗਲੈਂਡ, ਕਨੇਡਾ, ਅਤੇ ਅਮਰੀਕਾ ਦੀਆਂ ਸਰਕਾਰਾਂ ਲਈ ਜਾਸੂਸੀ ਕਰਦਾ ਸੀ।..."

ਸ਼ੈਰਨ ਪੋਲੌਕ, ਆਪਣੇ ਨਾਟਕ 'ਦਾ ਕਾਮਾਗਾਟਾ ਮਾਰੂ ਘਟਨਾ' (4*) ਵਿਚ ਹਾਪਕਿਨਸਨ ਦੇ ਮੂੰਹੋਂ ਕਹਾਉਂਦੀ ਹੈ: "ਮੈਂ ਭਾਰਤ ਨੂੰ ਜਾਣਦਾ ਹਾਂ, ਇਥੋਂ ਦੇ ਲੋਕਾਂ ਨੂੰ ਜਾਣਦਾ ਹਾਂ। ਜਦੋਂ ਮੈਂ ਬੱਚਾ ਸੀ, ਮੇਰੇ ਪਿਤਾ ਜੀ ਪੰਜਾਬ ਵਿਚ ਤਾਇਨਾਤ ਸਨ- ਉਨ੍ਹਾਂ ਨੂੰ ਇਕ ਗ਼ੁਲਾਮ - ਨੌਕਰ ਨੂੰ ਬੁਲਾਉਣ ਲਈ ਸਿਰਫ਼ 'ਕੋਈ ਹੈ' ਹੀ ਕਹਿਣਾ ਪੈਂਦਾ ਸੀ - ਕੋਈ ਗ਼ੁਲਾਮ, ਹਾਂ, ਇਕ ਗ਼ੁਲਾਮ, ਇਕ ਗ਼ੁਲਾਮ ਨੂੰ ਬੁਲਾਉਣ ਲਈ। ਇਕ ਰੁੱਕੇ 'ਤੇ ਆਪਣੇ ਦਸਤਖ਼ਤ ਵਾਲ਼ੇ ਪਹਿਲੇ ਅੱਖਰ ਲਿਖਣ 'ਤੇ, ਅਤੇ ਉਥੇ ਕਸ਼ਮੀਰ ਤੋਂ ਲਿਆਂਦੇ ਮਖ਼ਮਲੀ ਗਲੀਚੇ ਵਿਛ ਜਾਂਦੇ ਸੀ, ਮੁਰਾਦਾਬਾਦ ਤੋਂ ਪਿੱਤਲ ਦੇ ਗਹਿਣੇ, ਜੇਬ ਖਰਚ ਲਈ ਚਾਂਦੀ ਦੇ ਸਿੱਕੇ, ਸਿਗਾਰ, ਇੱਕ ਘੋੜਾ, ਇੱਕ ਕੁੱਤਾ, ਕੁਝ ਵੀ ਜੋ ਉਹ ਚਾਹੁੰਦੇ ਸਨ।"

**ਹਾਪਕਿਨਸਨ ਦੀਆਂ ਖ਼ੁਫ਼ੀਆ ਸਰਗਰਮੀਆਂ ਦਾ ਚਿੱਠਾ:**

(1*) "....1914 ਵਿਚ ਪੁਲਿਸ ਰਿਪੋਰਟਰ ਰਹੇ ਬੀ. ਏ. ਮੈਕੇਲਵੀ ਦੱਸਦੇ ਹਨ ਕਿ ਹਾਪਕਿਨਸਨ ਕਈ ਵਾਰ ਸਿੱਖੀ ਵਾਲਾ ਭੇਸ ਬਣਾ ਕੇ ਦੱਖਣੀ ਵੈਨਕੂਵਰ ਵਿਚ ਇਕ ਝੌਂਪੜੀ ਵਿਚ ਰਹਿੰਦਾ ਸੀ, ਜਿਥੇ ਉਹ (ਖ਼ੁਫ਼ੀਆ) ਜਾਣਕਾਰੀ ਇੱਕਤਰ ਕਰਨ ਲਈ ਕੰਨ ਧਰਤੀ ਨੂੰ ਲਾਈ ਰੱਖਦਾ ਸੀ। ਬੀ.ਏ. ਮੈਕੇਲਵੀ, 'ਮੈਜਿਕ, ਮਰਡਰ ਐਂਡ ਮਿਸਟਰੀ' (ਡੰਕਨ, ਬੀ.ਸੀ.: ਕੋਵੀਚਨ ਲੀਡਰ, 1966), 47. ਇਸ ਸ਼ੱਕੀ ਕਹਾਣੀ ਨੂੰ ਟੈਡ ਫਰਗੂਸਨ, 'ਏ ਵ੍ਹਾਈਟ ਮੈਨਜ਼ ਕੰਟਰੀ: ਐਨ ਐਕਸਰਸਾਈਜ਼ ਇਨ ਕੈਨੇਡੀਅਨ ਪ੍ਰੀਜੂਡਿਸ (ਗਾਰਡਨ ਸਿਟੀ, ਨਿਊਯਾਰਕ: ਡਬਲਡੇਅ, 1975), 157-59 ਵਿੱਚ ਹੋਰ ਵਿਸਤਾਰਿਆ ਗਿਆ ਹੈ। ਹਾਪਕਿਨਸਨ ਦੀ ਮੌਤ ਤੋਂ ਬਾਅਦ ਬੇਲਾ ਸਿੰਘ ਜਿਆਣ ਨੇ ਅਦਾਲਤ ਵਿਚ ਗਵਾਹੀ ਦਿੱਤੀ ਸੀ ਕਿ ਹਾਪਕਿਨਸਨ ਪੁਰਾਣੇ ਕੱਪੜੇ ਪਹਿਨ ਅਤੇ ਪੱਗ ਬੰਨ੍ਹ ਕੇ ਗੁਰਦਵਾਰੇ ਵਿਚ ਕੀਤੀਆਂ ਜਾ ਰਹੀਆਂ ਗੱਲਾਂ ਸੁਣਨ ਲਈ ਜਾਂਦਾ ਸੀ। (ਵੈਨਕੂਵਰ ਡੇਲੀ ਪ੍ਰਾਵਿੰਸ, 6 ਨਵੰਬਰ 1914)। ਸ਼ਾਇਦ, ਸਾਨ ਫਰਾਂਸਿਸਕੋ ਵਿਚ, ਹਾਪਕਿਨਸਨ ਹਰ ਦਿਆਲ ਦੀਆਂ ਮੀਟਿੰਗਾਂ ਵਿਚ ਵੀ ਪੱਗ ਬੰਨ੍ਹ ਕੇ ਜਾਂਦਾ ਸੀ। ਪਰ ਵੈਨਕੂਵਰ ਦੇ ਸਿੱਖਾਂ ਵਿਚ ਉਹ ਏਨਾ ਚੰਗੀ ਤਰ੍ਹਾਂ ਜਾਣਿਆ-ਪਛਾਣਿਆ ਸੀ ਕਿ ਉਸ ਲਈ ਉਨ੍ਹਾਂ ਵਿਚ ਲੰਬੇ ਸਮੇਂ ਤੋਂ ਭੇਸ ਬਦਲੀ ਰੱਖਣਾ ਔਖਾ ਸੀ - ਖ਼ਾਸ ਕਰ ਕੇ ਉਦੋਂ ਜਦੋਂ ਉਹ ਆਪਣੇ 'ਸ਼ਿਕਾਰ' ਕ੍ਰਾਂਤੀਕਾਰੀ ਪਾਰਟੀ ਦੇ ਮੈਂਬਰਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦਾ ਸੀ। ਵੈਨਕੂਵਰ ਦੇ ਸਿੱਖ ਸਾਲਾਂ ਦੌਰਾਨ ਉਸ ਨੂੰ ਦੇਖ ਚੁੱਕੇ ਸਨ ਅਤੇ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਕਿਉਂਕਿ ਉਹ ਦੇਸੀਆਂ ਵਾਂਗ ਪੰਜਾਬੀ ਨਹੀਂ ਬੋਲਦਾ ਸੀ, ਇਸ ਕਰ ਕੇ ਜਿਵੇਂ ਹੀ ਉਸ ਨੇ ਆਪਣਾ ਮੂੰਹ ਖੋਲ੍ਹਣਾ ਸੀ ਤਾਂ ਖੇਡ ਉਦੋਂ ਹੀ ਖ਼ਤਮ ਹੋ ਜਾਣੀ ਸੀ। ਰਹੀਮ ਸਾਨੂੰ ਦੱਸਦਾ ਹੈ ਕਿ ਹਾਪਕਿਨਸਨ ਨੂੰ ਕਿੰਨੀ ਰਾਹਤ ਮਿਲਦੀ ਸੀ ਜਦੋਂ ਉਸਨੂੰ ਪੰਜਾਬੀ ਛੱਡ ਹਿੰਦੀ ਬੋਲਣ ਦਾ ਮੌਕਾ ਮਿਲਦਾ ਸੀ। ਹਿੰਦੁਸਤਾਨੀ (ਵੈਨਕੂਵਰ), 1 ਫਰਵਰੀ 1914, 7। ਸਿੱਖਾਂ ਨੇ ਸਰਕਾਰ ਨੂੰ ਸ਼ਿਕਾਇਤ ਕੀਤੀ ਕਿ ਹਾਪਕਿਨਸਨ ਨੂੰ ਉਨ੍ਹਾਂ ਦੀ ਭਾਸ਼ਾ ਸਮਝ ਨਹੀਂ ਆ ਰਹੀ। 130 ਭਾਰਤੀਆਂ ਦੀ ਪਟੀਸ਼ਨ, ਇਮੀਗ੍ਰੇਸ਼ਨ ਫਾਈਲ 808722 (1), ਆਰ.ਜੀ 76, ਐਨ ਏ ਸੀ। ਹਾਪਕਿਨਸਨ ਨੇ ਪੰਜਾਬੀ ਵਿੱਚ ਲਿਖੀਆਂ ਲਿਖਤਾਂ ਦੇ ਅਨੁਵਾਦ ਲਈ ਦੂਜਿਆਂ ਤੋਂ ਮੱਦਦ ਲਈ। ਹਾਪਕਿਨਸਨ ਟੂ ਕੋਰੀ, 9 ਜੂਨ 1914, ਗਵਰਨਰ ਜਨਰਲ ਦੀਆਂ ਨੰਬਰਬੱਧ ਫਾਈਲਾਂ 332 ਬੀ, ਆਰ ਜੀ 7 ਜੀ 21, ਐਨ ਏ ਸੀ। ਜਦੋਂ ਹਾਪਕਿਨਸਨ ਨੇ ਕਾਮਾਗਾਟਾ ਮਾਰੂ ਯਾਤਰੀਆਂ ਦੀ ਜਾਂਚ ਕੀਤੀ, ਤਾਂ ਵੀ ਉਸ ਨੇ ਸਵਾਲ ਅੰਗਰੇਜ਼ੀ ਵਿੱਚ ਕੀਤੇ ਅਤੇ ਉਸ ਦੇ ਸਹਾਇਕ, ਹੈਰੀ ਗਵਾਈਥਰ ਨੇ ਅਨੁਵਾਦ ਕੀਤਾ। ਜਾਂਚ ਦੇ ਬੋਰਡ ਦੇ ਸਾਰ-ਅੰਸ਼, 25 ਜੂਨ 1914, ਇਮੀਗਰੇਸ਼ਨ ਫਾਈਲ 879545(3), ਜਿਲਦ 601, ਆਰ.ਜੀ 76, ਐਨ ਏ ਸੀ। (ਬਾਬਾ) ਗੁਰਦਿੱਤ ਸਿੰਘ ਸਰਹਾਲੀ ਅਨੁਸਾਰ ਹਾਪਕਿਨਸਨ ਰਿਸ਼ਵਤਖੋਰੀ ਲਈ ਝੋਲੀ-ਅੱਡ ਭ੍ਰਿਸ਼ਟ ਅਧਿਕਾਰੀ ਸੀ, ਜੋ ਪੇਸ਼ਗੀ ਵਜੋਂ ਐ1,000 ਅਤੇ ਲੈਂਡ ਹੋ ਜਾਣ ਤੋਂ ਬਾਅਦ ਐ1,000 ਵਿੱਚ ਯਾਤਰੀਆਂ ਨੂੰ ਉਤਾਰਨ ਲਈ ਰਜ਼ਾਮੰਦ ਸੀ। ਗੁਰਦਿੱਤ ਸਿੰਘ ਕਹਿੰਦੇ ਹਨ ਕਿ ਉਸ ਨੇ ਪੈਸੇ ਦੇ ਦੇਣੇ ਸਨ, ਪਰ ਹਾਪਕਿਨਸਨ ਚਾਹੁੰਦਾ ਸੀ ਕਿ ਉਹ ਸਿੱਖਾਂ ਦੀ ਪਵਿੱਤਰ ਪੁਸਤਕ, ਗੁਰੂ ਗ੍ਰੰਥ ਸਾਹਿਬ ਦੀ ਸਹੁੰ ਚੁੱਕੇ, ਅਤੇ ਕਦੇ ਵੀ ਇਸ ਦਾ ਜ਼ਿਕਰ ਕਿਸੇ ਕੋਲ ਨਾ ਕਰੇ। ਗੁਰਦਿੱਤ ਸਿੰਘ ਨੇ ਕਿਹਾ ਕਿ ਉਹ ਅਜਿਹਾ ਨਹੀਂ ਕਰੇਗਾ। ਬਾਬਾ ਗੁਰਦਿੱਤ ਸਿੰਘ, ਕਾਮਾਗਾਟਾ ਮਾਰੂ ਦੀ ਯਾਤਰਾ, ਜਾਂ ਭਾਰਤ ਦੀ ਗੁਲਾਮੀ ਵਿਦੇਸ਼ (ਕਲਕੱਤਾ, ਐਨ.ਡੀ.) ਪੰਨਾ 1, 50-51। ਜਦੋਂ ਮੈਂ ਕਰਤਾਰ ਸਿੰਘ ਮੱਲ੍ਹੀ ਨਾਲ਼ 25 ਸਤੰਬਰ 1976 ਅਤੇ ਫਿਰ 22 ਜੂਨ, 1977 ਨੂੰ ਇੰਟਰਵਿਊ ਕੀਤੀ ਸੀ ਤਾਂ ਉਸ ਨੇ ਮੈਨੂੰ ਦੱਸਿਆ ਸੀ ਕਿ ਉਸ ਨੇ ਹਾਪਕਿਨਸਨ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਉਹ ਉਨ੍ਹਾਂ ਸਾਰਿਆਂ ਨੂੰ 6,000 ਰੁਪਏ ਵਿਚ ਜਹਾਜ਼ 'ਚੋਂ ਉਤਾਰਨ ਦਾ ਪ੍ਰਬੰਧ ਕਰ ਦੇਵੇਗਾ। ਕਰਤਾਰ ਸਿੰਘ ਮੱਲ੍ਹੀ ਨੇ ਇਹ ਵੀ ਕਿਹਾ ਕਿ ਹਾਪਕਿਨਸਨ ਨੇ ਜਹਾਜ਼ 'ਚੋਂ ਉਤਾਰੇ ਗਏ ਵੀਹ ਜਣਿਆਂ ਤੋਂ ਇੱਕ-ਇੱਕ ਪੌਂਡ ਲਿਆ ਸੀ।

ਕ੍ਰਿਮੀਨਲ ਇੰਟੈਲੀਜੈਂਸ ਬ੍ਰਾਂਚ ਦੁਆਰਾ ਤਿਆਰ ਕੀਤੀਆਂ ਫਾਈਲਾਂ। 1913-14 ਵਿੱਚ, ਹਾਪਕਿਨਸਨ ਨੂੰ ਇੰਡੀਆ ਆਫ਼ਿਸ ਦੁਆਰਾ ਹਰ ਸਾਲ ਐ60 ਅਤੇ ਐ60 ਦੇ ਖ਼ਰਚਿਆਂ ਦਾ ਭੁਗਤਾਨ ਕੀਤਾ ਗਿਆ ਸੀ। ਵੈਨਕੂਵਰ ਵਿਚ ਅਮਰੀਕਾ ਦੇ ਇਮੀਗ੍ਰੇਸ਼ਨ ਦਫਤਰ ਦੇ ਸਬੰਧ ਵਿਚ ਕੰਮ ਕਰਨ ਲਈ ਉਸ ਨੂੰ 25 ਡਾਲਰ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਂਦੀ ਸੀ। ਉਸ ਸਮੇਂ ਉਸ ਨੂੰ ਕੈਨੇਡਾ ਸਰਕਾਰ ਵੱਲੋਂ 125 ਡਾਲਰ ਪ੍ਰਤੀ ਮਹੀਨਾ ਮਿਲਦੇ ਸਨ। ਪ੍ਰਵਾਸ ਫਾਈਲ 808722(1), RG 76, NAC; "ਅੰਦਰੂਨੀ ਵਿਭਾਗ ਦੇ ਖਰਚੇ, ਆਡੀਟਰ ਜਨਰਲ ਦੀ ਰਿਪੋਰਟ, 1913-14" ਦੇਖੋ, ਸੈਸ਼ਨਲ ਪੇਪਰ ਨੰਬਰ 1, ਸੈਸ਼ਨਲ ਪੇਪਰਜ਼ ਆਫ ਦਾ ਡੋਮੀਨੀਅਨ ਆਫ ਕੈਨੇਡਾ, 1915, ਜਿਲਦ 1 (ਓਟਾਵਾ: ਕਿੰਗਜ਼ ਪ੍ਰਿੰਟਰ, 1915)।..."

(2*) "...ਹਾਪਕਿਨਸਨ ਇਹ ਪਤਾ ਲੱਗਣ 'ਤੇ ਗੁੱਸੇ ਹੋਇਆ ਕਿ ਤਾਰਕ ਨਾਥ ਦਾਸ ਨੇ ਵੈਨਕੂਵਰ ਦੇ ਨੇੜੇ ਇੱਕ ਪ੍ਰੈਸ ਸਥਾਪਤ ਕੀਤੀ ਸੀ। ਉਸ ਨੇ 'ਦਾ ਲੰਡਨ ਟਾਈਮਜ਼' ਨੂੰ ਇਸ ਦੀ ਜਾਣਕਾਰੀ ਦਿੱਤੀ। 'ਦਾ ਟਾਈਮਜ਼' ਨੇ ਦਾਸ ਬਾਰੇ ਇੱਕ ਲੇਖ ਛਾਪਿਆ, ਜਿਸ ਦੇ ਨਤੀਜੇ ਵਜੋਂ ਉਹ ਅਮਰੀਕਾ ਭੱਜ ਗਿਆ ਸੀ। ਨਵੰਬਰ 1907 ਦੇ ਸ਼ੁਰੂ ਵਿੱਚ ਕੈਨੇਡਾ ਸਰਕਾਰ ਨੇ ਆਪਣੀ ਅਣਚਾਹੀ ਸਿੱਖ ਆਬਾਦੀ ਨੂੰ ਬ੍ਰਿਟਿਸ਼ ਹਾਂਡੂਰਾਸ ਲਈ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕੀਤੀ। ਕੈਨੇਡੀਅਨਾਂ ਅਤੇ ਭਾਰਤੀਆਂ ਦਾ ਇੱਕ ਵਫ਼ਦ ਉੱਥੇ ਗਿਆ, ਜਿਸ ਵਿੱਚ ਹਾਪਕਿਨਸਨ ਇਸ ਦੇ ਦੁਭਾਸ਼ੀਏ ਵਜੋਂ ਕੰਮ ਕਰ ਰਿਹਾ ਸੀ। ਇਹ ਯੋਜਨਾ ਆਪਸੀ ਰੰਜਿਸ਼ ਕਰ ਕੇ ਅਸਫਲ ਰਹੀ ਅਤੇ ਭਾਰਤੀਆਂ ਨੇ ਹਾਪਕਿਨਸਨ 'ਤੇ ਉਨ੍ਹਾਂ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ।

ਕੈਨੇਡਾ ਦੇ ਗਵਰਨਰ ਜਨਰਲ ਐਲਬਰਟ ਗਰੇ ਅਤੇ ਪ੍ਰਧਾਨ ਮੰਤਰੀ ਸਰ ਵਿਲਫ੍ਰਿਡ ਲਾਰੀਅਰ ਦਾ ਵਿਚਾਰ ਸੀ ਕਿ ਭਾਰਤ ਵਿਚ ਮੌਜੂਦਾ ਅਸ਼ਾਂਤੀ ਕਾਰਨ ਉਨ੍ਹਾਂ ਨੂੰ ਕੈਨੇਡਾ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ, ਜਿਨ੍ਹਾਂ ਨੂੰ ਭਾਰਤ ਵਿਚ 'ਅੰਦੋਲਨਕਾਰੀਆਂ' ਵੱਲੋਂ ਵਰਤਿਆ ਜਾ ਸਕਦਾ ਹੈ। ਉਨ੍ਹਾਂ ਨੇ ਅੰਦਰੂਨੀ ਵਿਭਾਗ ਨੂੰ ਆਦੇਸ਼ ਦਿੱਤਾ ਕਿ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਭਾਰਤੀ ਮਾਮਲਿਆਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੰਦੇ ਰਹਿਣ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਸਮੇਂ ਪ੍ਰਸ਼ਾਂਤ ਤੱਟ (ਪੈਸਿਫ਼ਿਕ ਕੋਸਟ) 'ਤੇ ਭਾਰਤੀ ਅੰਦੋਲਨਕਾਰੀਆਂ ਦੀ ਨਿਗਰਾਨੀ ਵਿਚ ਪਹਿਲ ਕਦਮੀ ਪੂਰੀ ਤਰ੍ਹਾਂ

ਕੈਨੇਡਾ ਵਾਲੇ ਪਾਸੇ ਤੋਂ ਹੋਈ ਸੀ, ਨਾ ਕਿ ਭਾਰਤ ਤੋਂ, ਲੰਡਨ ਦੀ ਬ੍ਰਿਟਿਸ਼ ਸਰਕਾਰ ਦੀ ਤਾਂ ਗੱਲ ਹੀ ਛੱਡੋ।

ਕੈਨੇਡਾ ਦੇ ਅੰਦਰੂਨੀ ਵਿਭਾਗ ਨੇ ਹਾਪਕਿਨਸਨ ਨੂੰ ਸਿੱਖ ਬੇਚੈਨੀ ਦੀ ਜਾਂਚ ਲਈ 'ਵੈਨਕੂਵਰ ਵਿਖੇ ਵਿਸ਼ੇਸ਼ ਡਿਊਟੀ 'ਤੇ ਡੋਮੀਨੀਅਨ ਪੁਲਿਸ ਅਫਸਰ' ਵਜੋਂ ਨਿਯੁਕਤ ਕੀਤਾ। ਕੈਨੇਡਾ ਦੀ ਬੇਨਤੀ 'ਤੇ ਉਸ ਦਾ ਕਲਕੱਤਾ ਪੁਲਿਸ ਨਾਲ ਰਾਬਤਾ ਕਾਇਮ ਕਰ ਗਿਆ। ਹਾਲਾਂਕਿ, 1909 ਦੇ ਦੌਰਾਨ, ਉਸਨੇ ਭਾਰਤੀ ਪੁਲਿਸ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਫਰਵਰੀ ਵਿੱਚ ਅੰਦਰੂਨੀ ਵਿਭਾਗ ਦੁਆਰਾ ਰਸਮੀ ਤੌਰ 'ਤੇ 100 ਡਾਲਰ ਪ੍ਰਤੀ ਮਹੀਨਾ ਦੀ ਤਨਖਾਹ 'ਤੇ ਨਿਯੁਕਤ ਕੀਤਾ ਗਿਆ ਸੀ। ਅਗਲੇ ਦੋ ਮਹੀਨੇ ਉਹ ਅਧਿਕਾਰਤ ਤੌਰ 'ਤੇ ਵੈਨਕੂਵਰ ਵਿਖੇ ਇਮੀਗ੍ਰੇਸ਼ਨ ਵਿਭਾਗ ਦਾ ਮੈਂਬਰ ਰਿਹਾ। ਜਨਵਰੀ 1911 ਤੱਕ ਉਸਨੂੰ ਡੋਮੀਨੀਅਨ ਪੁਲਿਸ ਵਿੱਚ ਕੰਮ ਨਹੀਂ ਮਿਲਿਆ ਸੀ।

1909 ਤੋਂ 1914 ਤੱਕ ਹਾਪਕਿਨਸਨ ਨੇ ਆਪਣੇ ਸਾਰੇ ਮਨਸੂਬਿਆਂ ਲਈ ਪ੍ਰਸ਼ਾਂਤ ਤੱਟ 'ਤੇ ਭਾਰਤ ਦੀ ਖੁਫ਼ੀਆ ਪ੍ਰਣਾਲੀ ਦਾ ਗਠਨ ਕੀਤਾ। ਉਸ ਦੀ ਭੂਮਿਕਾ ਕਈ ਪੱਖਾਂ ਤੋਂ ਅਸੰਗਤ ਸੀ। ਜਦੋਂ ਉਸ ਨੇ ਭਾਰਤ ਸਰਕਾਰ ਵਿਚ ਆਪਣੀਆਂ ਡਿਊਟੀਆਂ ਸੰਭਾਲੀਆਂ ਤਾਂ ਉਹ ਨਾ ਸਿਰਫ ਉਸਦੀ ਭਾਰਤੀ ਅਫ਼ਸਰ ਵਜੋਂ ਨੌਕਰੀ ਜਾਂਦੀ ਰਹੀ, ਸਗੋਂ ਡੁਮੀਨੀਅਨ (ਕੈਨੇਡਾ) ਨੇ ਡੀ.ਸੀ.ਆਈ. (Department of Criminal Intelligence) ਨੂੰ ਅੰਦਰੂਨੀ ਮੰਤਰਾਲੇ ਦੇ ਵਿਸ਼ੇਸ਼ ਏਜੰਟ ਵਜੋਂ ਉਸਦੀ ਨਿਯੁਕਤੀ ਬਾਰੇ ਤੁਰੰਤ ਸੂਚਿਤ ਨਹੀਂ ਕੀਤਾ। ਦਰਅਸਲ, ਡੀ. ਸੀ. ਆਈ ਨੇ ਪਹਿਲਾਂ ਵੀ ਉਸ ਦੀਆਂ ਸੇਵਾਵਾਂ ਠੁਕਰਾ ਦਿੱਤੀਆਂ ਸਨ। ਗਵਰਨਰ-ਜਨਰਲ ਦੇ ਦਫ਼ਤਰ ਵੱਲੋਂ ਉਸ ਦੀਆਂ ਰਿਪੋਰਟਾਂ ਲੰਡਨ ਦੇ ਬਸਤੀਵਾਦੀ ਦਫ਼ਤਰ ਨੂੰ ਭੇਜੀਆਂ ਸਨ, ਨਾ ਕਿ ਸਿੱਧੇ ਤੌਰ 'ਤੇ ਇੰਡਿਆ ਆਫ਼ਿਸ ਨੂੰ। ਇਸ ਤੋਂ ਇਲਾਵਾ, ਹਾਪਕਿਨਸਨ ਦਾ ਮਿਸ਼ਨ ਭਾਵੇਂ ਖੁਫ਼ੀਆ ਸੀ, ਪਰ ਭਾਰਤ ਦੇ ਅੰਦੋਲਨਕਾਰੀਆਂ ਤੋਂ ਪੂਰੀ ਤਰ੍ਹਾਂ ਛੁਪਿਆ ਨਹੀਂ ਸੀ। ਹਾਪਕਿਨਸਨ ਅਤੇ ਤਾਰਕ ਨਾਥ ਦਾਸ ਪਹਿਲਾਂ ਹੀ 1908 ਵਿਚ ਨਿੱਜੀ ਤੌਰ 'ਤੇ ਜਾਣੂ ਸਨ, ਜਦੋਂ ਹਾਪਕਿਨਸਨ ਨੇ ਦਾਸ ਨੂੰ ਅਮਰੀਕੀਆਂ ਨੂੰ ਉਸ ਦੀਆਂ 'ਦੇਸ਼ਧ੍ਰੋਹੀ' ਗਤੀਵਿਧੀਆਂ ਦੀਆਂ ਤੁੱਖਣੀਆਂ ਦੇ ਕੇ ਅਮਰੀਕੀ ਇਮੀਗ੍ਰੇਸ਼ਨ ਸੇਵਾਵਾਂ ਵਿਚ ਭਾਰਤੀ ਦੁਭਾਸ਼ੀਏ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਸੀ। ਬਦਲੇ ਵਿੱਚ ਦਾਸ ਨੇ ਹਾਪਕਿਨਸਨ ਦੇ ਖੁਫ਼ੀਆ ਏਜੰਟ ਬਣਨ ਤੋਂ ਪਹਿਲਾਂ ਹੀ ਇਕ ਕੈਨੇਡੀਅਨ ਅਖ਼ਬਾਰ ਵਿੱਚ ਉਸ ਨੂੰ ਇੱਕ ਖੁਫ਼ੀਆ ਏਜੰਟ ਕਹਿ ਕੇ ਲਾਹ-ਪਾਹ ਕੀਤੀ ਸੀ।

ਭਾਰਤ ਦੇ ਹਿੱਤਾਂ ਵਿੱਚ ਇੱਕ ਕੈਨੇਡੀਅਨ ਏਜੰਟ ਦੀ ਨੌਕਰੀ ਡੀ.ਸੀ.ਆਈ. ਦੀ ਜਾਂਚ ਵਿੱਚ ਸਿੱਧੀ ਸ਼ਮੂਲੀਅਤ ਤੋਂ ਬਚਣ ਦੀ ਨੀਤੀ ਦੇ ਅਨੁਕੂਲ ਸੀ। ਸੰਯੁਕਤ ਰਾਜ ਅਮਰੀਕਾ ਦੇ ਅੰਦਰ ਵਿਆਪਕ ਬ੍ਰਿਟਿਸ਼ ਜਾਂ ਭਾਰਤੀ ਗੁਪਤ ਸੇਵਾਵਾਂ ਦੀਆਂ ਗਤੀਵਿਧੀਆਂ ਦੀ ਖੋਜ ਦੇ ਗੰਭੀਰ ਕੂਟਨੀਤਕ ਨਤੀਜੇ ਹੋਣਗੇ। ਵਾਸ਼ਿੰਗਟਨ ਵਿਚ ਬਰਤਾਨਵੀ ਰਾਜਦੂਤ ਸਰ ਸੀਸਿਲ ਸਪਰਿੰਗ-ਰਾਈਸ ਨੇ ਮਈ 1914 ਵਿਚ ਲਿਖਿਆ ਸੀ ਕਿ ਇਕ ਪ੍ਰਵਾਨਿਤ ਹੋ ਚੁੱਕੇ ਭਾਰਤੀ ਇਨਕਲਾਬੀ ਦੇ ਖ਼ਿਲਾਫ਼ ਸਰਕਾਰੀ ਨੁਮਾਇੰਦਗੀ ਇਕਦਮ ਬਰਤਾਨਵੀ-ਵਿਰੋਧੀ ਜਜ਼ਬੇ ਅਤੇ ਆਇਰਿਸ਼ ਪ੍ਰੈਸ ਨੂੰ ਉਤੇਜਿਤ ਕਰ ਦੇਵੇਗੀ।

ਹਾਪਕਿਨਸਨ ਦੀ ਇਕ-ਮੈਂਬਰੀ ਖੁਫ਼ੀਆ ਏਜੰਸੀ ਨੇ ਕੈਨੇਡੀਅਨ ਡਿਪਾਰਟਮੈਂਟ ਆਫ਼ ਦਾ ਇੰਟੀਰੀਅਰ, ਇੰਡੀਆ ਆਫ਼ਿਸ ਅਤੇ ਭਾਰਤ ਸਰਕਾਰ ਦੀ ਸੰਤੁਸ਼ਟੀ ਲਈ ਕੰਮ ਕੀਤਾ। ਕਿਉਂਕਿ ਉਸ ਨੂੰ 'ਭਾਰਤੀਆਂ ਦਾ ਚੰਗਾ ਗਿਆਨ' ਸੀ, ਅਤੇ ਉਹ ਭਾਰਤੀ ਭਾਸ਼ਾਵਾਂ ਬੋਲਦਾ ਸੀ, ਇਸ ਲਈ ਮੈਟਰੋਪੋਲੀਟਨ ਪੁਲਿਸ ਦੀ ਵਿਸ਼ੇਸ਼ ਸ਼ਾਖਾ ਅਤੇ ਨਿਊ ਯਾਰਕ ਦੀ ਹੋਮ ਆਫ਼ਿਸ ਏਜੰਸੀ ਦੇ ਉਲਟ ਉਸ ਨੂੰ ਭਾਰਤੀ ਹਲਕਿਆਂ ਦੇ ਅੰਦਰ ਸੰਪਰਕ ਬਣਾਉਣਾ ਸੌਖਾ ਲੱਗਦਾ ਸੀ। ਇਸ ਤਰ੍ਹਾਂ ਭਾਰਤ ਨੂੰ ਆਪਣੇ ਸੀਮਤ ਗਿਣਤੀ ਦੇ ਖੁਫ਼ੀਆ ਏਜੰਟਾਂ ਨੂੰ ਕੈਨੇਡਾ ਸਰਕਾਰ ਵੱਲੋਂ ਮੁਆਵਜ਼ੇ ਦੀ ਮੰਗ ਵਰਗੀਆਂ ਪਰੇਸ਼ਾਨ ਕਰਨ ਵਾਲੀਆਂ ਬੇਨਤੀਆਂ ਤੋਂ ਬਚਾਇਆ ਗਿਆ ਸੀ। ਹਾਪਕਿਨਸਨ ਨੇ ਆਪਣੀ ਵਿਸ਼ੇਸ਼ ਏਜੰਟ ਵਜੋਂ ਨਿਯੁਕਤੀ ਤੋਂ ਪਹਿਲਾਂ ਹੀ ਸਿੱਖਾਂ ਵਿੱਚ ਦੋਸਤੀ ਕਾਇਮ ਕਰ ਰੱਖੀ ਸੀ। 1908 ਤੋਂ 1914 ਤੱਕ ਉਸ ਨੇ ਮੁਖ਼ਬਰਾਂ ਦਾ ਇੱਕ ਪੁਖ਼ਤਾ ਪ੍ਰਬੰਧ ਕਾਇਮ ਕੀਤਾ ਜੋ 1914 ਤੱਕ ਸਿੱਖ ਕੌਮ ਅੰਦਰ ਇੱਕ ਮਾਨਤਾ ਪ੍ਰਾਪਤ ਧਿਰ ਬਣ ਗਿਆ। ਇਸ ਗੱਲ ਦੇ ਕੁਝ ਸਬੂਤ ਹਨ ਕਿ ਹਾਪਕਿਨਸਨ ਨੇ ਨਿੱਜੀ ਤੌਰ 'ਤੇ ਭਾਰਤੀ ਹਲਕਿਆਂ ਵਿੱਚ ਘੁਸਪੈਠ ਕੀਤੀ ਸੀ। ਉਸ ਦੇ ਮੁੱਖ ਮੁਖ਼ਬਰ ਬੇਲਾ ਸਿੰਘ ਨੇ 1914 ਵਿੱਚ ਕੈਨੇਡਾ ਦੀ ਇੱਕ ਅਦਾਲਤ ਵਿੱਚ ਐਲਾਨ ਕੀਤਾ ਕਿ ਉਹ (ਹਾਪਕਿਨਸਨ) ਨਕਲੀ ਦਾੜ੍ਹੀ, ਮੁੱਛਾਂ ਅਤੇ ਪੱਗ ਬੰਨ੍ਹ ਕੇ, ਅਤੇ ਪੁਰਾਣੇ ਕੱਪੜੇ ਪਹਿਨ ਕੇ ਗੁਰਦਵਾਰੇ ਜਾਇਆ ਕਰਦਾ ਸੀ।

ਹਾਪਕਿਨਸਨ ਨੇ ਇਮੀਗ੍ਰੇਸ਼ਨ ਇੰਸਪੈਕਟਰ ਦੇ ਤੌਰ 'ਤੇ ਕੰਮ ਕਰਨ ਤੋਂ ਇਲਾਵਾ, ਸਾਮਰਾਜੀ ਖੁਫ਼ੀਆ ਏਜੰਟ ਅਤੇ ਅੰਦਰੂਨੀ ਮੰਤਰਾਲੇ ਦੇ ਏਜੰਟ ਦੀ ਦੋਹਰੀ ਭੂਮਿਕਾ ਨਿਭਾਈ। ਉਹ ਭਾਰਤੀਆਂ ਵਿਚ 'ਦੇਸ਼ਧ੍ਰੋਹ', ਉਨ੍ਹਾਂ ਦੀ ਆਰਥਿਕ ਖ਼ੁਸ਼ਹਾਲੀ, ਅਤੇ ਕੈਨੇਡੀਅਨ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਤੋੜਨ ਦੀਆਂ ਸਾਰੀਆਂ ਕੋਸ਼ਿਸ਼ਾਂ ਬਾਰੇ ਕੈਨੇਡਾ ਦੇ ਗ੍ਰਹਿ ਉਪ ਮੰਤਰੀ ਡਬਲਯੂ. ਡਬਲਯੂ. ਕੋਰੀ ਦੇ ਬਕਾਇਦਾ ਤੌਰ 'ਤੇ ਕੰਨ ਭਰਦਾ ਰਿਹਾ। ਉਸ ਦੀਆਂ ਰਿਪੋਰਟਾਂ ਤੋਂ ਸਪਸ਼ਟ ਹੈ ਕਿ ਕੈਨੇਡੀਅਨ ਨਾਗਰਿਕ ਹੋਣ ਦੇ ਨਾਤੇ ਉਸ ਨੇ ਨਿੱਜੀ ਤੌਰ 'ਤੇ ਆਪਣੇ ਇਸ ਨਵੇਂ ਦੇਸ਼ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਨੂੰ ਮਨਜ਼ੂਰੀ ਦਿੱਤੀ, ਜਿਸ ਵਿਚ ਭਾਰਤ ਸਰਕਾਰ ਕੁੱਝ ਢਿੱਲ ਦੇਣਾ ਚਾਹੁੰਦੀ ਸੀ।

ਹਾਲਾਂਕਿ ਉਸ ਨੂੰ ਡੀ.ਸੀ. ਆਈ. ਤੋਂ ਕੋਈ ਸਿੱਧੇ ਨਿਰਦੇਸ਼ ਨਹੀਂ ਮਿਲੇ, ਪਰ ਲੱਗਦਾ ਹੈ ਕਿ ਹਾਪਕਿਨਸਨ ਨੇ ਬਾਕਾਇਦਾ ਤੌਰ 'ਤੇ ਭਾਰਤੀ ਪੁਲਿਸ ਨਾਲ ਸੰਪਰਕ ਕੀਤਾ। ਉਸ ਨੇ ਰਿਪੋਰਟ ਦਿੱਤੀ ਕਿ ਤਾਰਕ ਨਾਥ ਦਾਸ ਦੇ ਸਾਥੀ ਜੀ.ਡੀ. ਕੁਮਾਰ ਨੇ ਇਕ ਮੀਟਿੰਗ ਕੀਤੀ, ਜਿਸ ਵਿਚ ਉਸ ਨੇ ਹਾਪਕਿਨਸਨ ਦੀ ਨਿਖੇਧੀ ਕੀਤੀ ਕਿ ਪੁਲਿਸ ਨੇ ਭਾਰਤ ਵਿਚ ਮੀਟਿੰਗ ਵਿਚਲੇ ਸਰੋਤਿਆਂ ਦੇ ਰਿਸ਼ਤੇਦਾਰਾਂ ਦੇ ਘਰਾਂ ਦੀਆਂ ਜੋ ਤਲਾਸ਼ੀਆਂ ਲਈਆਂ ਹਾਪਕਿਨਸਨ ਉਨ੍ਹਾਂ ਲਈ ਜ਼ਿੰਮੇਵਾਰ ਹੈ। ਹਾਪਕਿਨਸਨ ਨੂੰ 'ਬੇਵਫ਼ਾ' ਸਿੱਖਾਂ ਨੇ ਹੋਰ ਵੀ ਨਫ਼ਰਤ ਕੀਤੀ ਜਦ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਜੂਨ 1910 ਦੀ ਵੈਨਕੂਵਰ ਵਿਚ ਇਕ ਮੀਟਿੰਗ ਵਿਚ ਉਸ ਨੂੰ ਸਿੱਖ ਇਮੀਗ੍ਰੇਸ਼ਨ ਸਮੱਸਿਆਵਾਂ ਅਤੇ ਸਿੱਖ ਔਰਤਾਂ ਨੂੰ ਕੈਨੇਡਾ ਤੋਂ ਬਾਹਰ ਰੱਖਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ।

ਕੈਨੇਡਾ ਅੰਦਰ ਮੁਖ਼ਬਰਾਂ ਨੂੰ ਸੁਰੱਖਿਅਤ ਕਰਨ ਵਿੱਚ ਆਪਣੀ ਮੁਹਾਰਤ ਦੇ ਬਾਵਜੂਦ, ਹਾਪਕਿਨਸਨ ਨੇ 1911 ਦੇ ਅੰਤ ਵਿੱਚ ਘੋਰ ਨਿਰਾਸ਼ ਮਹਿਸੂਸ ਕੀਤਾ ਕਿਉਂਕਿ ਉਹ ਸੰਯੁਕਤ ਰਾਜ ਅਮਰੀਕਾ ਦੇ ਅੰਦਰ (ਖੁਫ਼ੀਆ) ਸਰਗਰਮੀਆਂ ਕਰਨ ਲਈ ਲੋੜੀਂਦੇ ਭਰੋਸੇਯੋਗ ਭਾਰਤੀ ਬੰਦੇ ਲੱਭਣ ਵਿੱਚ ਅਸਮਰੱਥ ਰਿਹਾ ਸੀ। ਉਸ ਦੀ ਮੁੱਖ ਫ਼ੌਰੀ ਚਿੰਤਾ ਤਾਰਕ ਨਾਥ ਦਾਸ ਨੂੰ ਅਮਰੀਕੀ ਨਾਗਰਿਕਤਾ ਅਪਣਾਉਣ ਤੋਂ ਰੋਕਣਾ ਸੀ ਮਤੇ ਉਹ ਇਸ ਰੁਤਬੇ ਦਾ ਫ਼ਾਇਦਾ ਉਠਾ ਕੇ ਭਾਰਤ ਵਾਪਸ ਜਾ ਕੇ ਜਾਰਜ ਪੰਜਵੇਂ ਦੀ ਆਉਣ ਵਾਲੀ ਤਾਜਪੋਸ਼ੀ ਵਿੱਚ ਅੜਿੱਕਾ ਪੈਦਾ ਕਰ ਦੇਵੇ। 1911 ਦੀ ਪੱਤਝੜ ਵਿੱਚ ਹਾਪਕਿਨਸਨ ਨੇ ਯੂ.ਐਸ. ਪੈਸੀਫਿਕ ਕੋਸਟ ਦਾ 19 ਦਿਨਾਂ ਦਾ ਦੌਰਾ ਕੀਤਾ। ਸਾਨ ਫਰਾਂਸਿਸਕੋ ਵਿੱਚ ਉਹ ਦਾਸ ਦੀਆਂ ਗਤੀਵਿਧੀਆਂ ਬਾਰੇ ਵਿਚਾਰ ਵਟਾਂਦਰੇ ਲਈ ਅਮਰੀਕੀ ਇਮੀਗ੍ਰੇਸ਼ਨ ਸੇਵਾ ਦੇ ਇੰਸਪੈਕਟਰ ਏਨਜ਼ਵਰਥ ਨੂੰ ਮਿਲਿਆ। ਏਨਜ਼ਵਰਥ ਨੇ ਆਪਣੀ ਹੈਰਾਨੀ ਕਬੂਲ ਕੀਤੀ ਕਿ ਬ੍ਰਿਟਿਸ਼ ਸਰਕਾਰ ਨੇ ਬਰਕਲੇ ਯੂਨੀਵਰਸਿਟੀ ਵਿੱਚ ਭਾਰਤੀ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਵੱਲ ਕਦੇ ਧਿਆਨ ਨਹੀਂ ਦਿੱਤਾ। ਹਾਪਕਿਨਸਨ ਨੂੰ ਖ਼ਾਸ ਤੌਰ 'ਤੇ ਉਦੋਂ ਤਕਲੀਫ਼ ਹੋਈ ਜਦੋਂ ਉਸ ਨੂੰ ਪਤਾ ਲੱਗਾ ਕਿ ਪ੍ਰਸ਼ਾਂਤ ਮਹਾਸਾਗਰ ਦੇ ਤੱਟ 'ਤੇ ਰਹਿੰਦੇ ਭਾਰਤੀਆਂ ਨੂੰ ਵਿਸਫੋਟਕਾਂ ਦਾ ਵਿਆਪਕ ਗਿਆਨ ਸੀ, ਅਤੇ ਉਨ੍ਹਾਂ ਵਿਚੋਂ ਕੁਝ ਬੰਗਾਲ ਦੀਆਂ ਕ੍ਰਾਂਤੀਕਾਰੀ ਸੁਸਾਇਟੀਆਂ ਨਾਲ ਸਬੰਧ ਰੱਖਦੇ ਸਨ।

ਹਾਪਕਿਨਸਨ ਦੁਆਰਾ ਪੇਸ਼ ਕੀਤੀ ਗਈ ਰਿਪੋਰਟ ਦਾ ਤੱਤ-ਸਾਰ ਸਾਨ ਫਰਾਂਸਿਸਕੋ ਵਿੱਚ ਹਾਲ ਹੀ ਵਿੱਚ ਨਿਯੁਕਤ ਕੀਤੇ ਗਏ ਬ੍ਰਿਟਿਸ਼ ਕੌਂਸਲ-ਜਨਰਲ, ਅਲੈਗਜ਼ੈਂਡਰ ਕਾਰਨੇਗੀ ਰੌਸ ਕੋਲ ਪੁਜਾ। ਜਵਾਬ ਵਿਚ ਉਸ ਨੇ ਹਾਪਕਿਨਸਨ ਦੀ ਆਪਣੇ ਦਫ਼ਤਰ ਦੀ ਬਦਖੋਈ ਬਾਰੇ ਕਿਹਾ ਕਿ ਉਸ ਦਾ ਅਮਲਾ ਏਨਾ ਛੋਟਾ ਸੀ ਕਿ ਉਹ ਭਾਰਤੀਆਂ ਵਿਚ ਵਿਸਤ੍ਰਿਤ ਛਾਣਬੀਣ ਨਹੀਂ ਕਰ ਸਕਦਾ ਸੀ। ਉਸ ਨੇ ਕਿਹਾ, 'ਜਿਵੇਂ ਮਿਸਟਰ ਹਾਪਕਿਨਸਨ ਕਹਿੰਦਾ ਹੈ ਕਿ ਉਸ ਦੀਆਂ ਪੁੱਛਗਿੱਛਾਂ ਸਤਹੀ ਕਿਸਮ ਦੀਆਂ ਸਨ...। ਇਹ ਬਦਕਿਸਮਤੀ ਵਾਲੀ ਗੱਲ ਜਾਪਦੀ ਹੈ ਕਿ ਜਦੋਂ ਉਸ ਨੇ ਕੌਂਸਲੇਟ ਵਿਖੇ ਫ਼ੋਨ ਕੀਤਾ ਤਾਂ ਉਹ ਕੋਈ ਵੀ ਸਬੂਤ ਪੇਸ਼ ਕਰਨ ਵਿੱਚ ਅਸਮਰੱਥ ਰਿਹਾ ਜੋ ਇਹ ਦਰਸਾਉਂਦਾ ਹੋਵੇ ਕਿ ਉਹ ਕਿਸੇ ਵੀ ਕਿਸਮ ਦਾ ਸਰਕਾਰੀ ਅਫ਼ਸਰ ਸੀ...'

ਪਰ ਹਾਪਕਿਨਸਨ ਦੇ 1911 ਦੇ ਅਮਰੀਕਾ ਜਾਣ ਦੇ ਮਿਸ਼ਨ ਦੇ ਸਕਾਰਾਤਮਕ ਨਤੀਜੇ ਨਿਕਲੇ। ਸੀਆਟਲ ਵਿਚ, ਇਕ ਅਮਰੀਕੀ ਇਮੀਗ੍ਰੇਸ਼ਨ ਇੰਸਪੈਕਟਰ, ਹੰਟਰ, ਸਹੁੰ ਚੁੱਕ ਕੇ ਇਹ ਦੱਸਣ ਲਈ ਸਹਿਮਤ ਹੋ ਗਿਆ ਕਿ ਉਹ ਤਾਰਕ ਨਾਥ ਦਾਸ ਬਾਰੇ ਕੀ ਜਾਣਦਾ ਸੀ। ਦਾਸ ਨੂੰ 1914 ਤੱਕ ਯੂ. ਐੱਸ. ਨਾਗਰਿਕ ਅਪਣਾਉਣ ਦੀ ਆਗਿਆ ਨਹੀਂ ਦਿੱਤੀ ਗਈ ਸੀ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਹਾਪਕਿਨਸਨ ਨੇ ਸੰਯੁਕਤ ਰਾਜ ਅਮਰੀਕਾ ਦੇ ਅੰਦਰ ਮੁਖ਼ਬਰਾਂ ਦਾ ਇੱਕ ਨੈੱਟਵਰਕ ਸ਼ੁਰੂ ਕੀਤਾ ਸੀ। ਇਸ ਸਮੇਂ ਤੋਂ ਬਾਅਦ ਪ੍ਰਸ਼ਾਂਤ ਮਹਾਸਾਗਰ ਦੇ ਤੱਟ 'ਤੇ ਭਾਰਤੀ ਅੰਦੋਲਨਕਾਰੀ ਕਦੇ ਵੀ ਬਰਤਾਨਵੀ ਮੁਖ਼ਬਰਾਂ ਤੋਂ ਖਹਿੜਾ ਨਹੀਂ ਛੁਡਾ ਸਕਣਗੇ।

ਹਾਪਕਿਨਸਨ ਦੇ ਮੁਖ਼ਬਰ ਵਿਆਪਕ ਤੌਰ 'ਤੇ ਵੱਖਰੇ ਪਿਛੋਕੜਾਂ ਤੋਂ ਆਏ ਸਨ। ਸਾਨ ਫਰਾਂਸਿਸਕੋ ਪਹੁੰਚਣ 'ਤੇ, ਹਾਪਕਿਨਸਨ ਨੇ ਸਥਾਨਕ ਮੰਦਰ ਦੇ ਪ੍ਰਧਾਨ ਸਵਾਮੀ ਤ੍ਰਿਗੁਣਾਤੀਤਾ ਨੂੰ ਬੁਲਾਇਆ, ਜਿਸ ਨੂੰ ਦਾਸ ਨੇ ਇਕ ਵਾਰ ਧਮਕੀ ਦਿੱਤੀ ਸੀ ਅਤੇ ਉਸ ਦੇ ਇਕ ਪਿੱਠੂ ਦੀ ਕੁੱਟ-ਮਾਰ ਕੀਤੀ ਸੀ। ਹਾਪਕਿਨਸਨ ਨੇ ਉਸ ਨੂੰ ਸੁਰੱਖਿਆ ਦੀ ਪੇਸ਼ਕਸ਼ ਕੀਤੀ, ਅਤੇ ਇਸ ਤਰ੍ਹਾਂ ਉਸ ਨੂੰ ਭਾਰਤੀ ਭਾਈਚਾਰੇ ਦੇ ਇੱਕ ਬਹੁਤ ਹੀ ਵਧੀਆ ਮੈਂਬਰ ਦਾ ਸਮਰਥਨ ਪ੍ਰਾਪਤ ਹੋ ਗਿਆ।

ਹਾਪਕਿਨਸਨ ਜਨਵਰੀ 1913 ਵਿਚ ਜਦ ਸਾਨ ਫਰਾਂਸਿਸਕੋ ਵਾਪਸ ਆਇਆ ਤਾਂ ਰੌਸ ਨੇ ਬਰਕਲੇ ਯੂਨੀਵਰਸਿਟੀ ਦੇ ਦੋ ਭਾਰਤੀ ਵਿਦਿਆਰਥੀਆਂ, ਸੁਰੇਂਦਰ ਨਾਥ ਗੁਹਾ ਅਤੇ ਐਡਵਰਡ ਪਾਂਡਿਅਨ ਨਾਲ ਉਸ ਦੀ ਜਾਣ-ਪਛਾਣ ਕਰਵਾਈ, ਜਿਨ੍ਹਾਂ ਨੇ ਸਵੈ-ਇੱਛਾ ਨਾਲ ਰਿਪੋਰਟਾਂ ਦਿੱਤੀਆਂ ਕਿ ਦਸੰਬਰ 1912 ਦੇ ਅੰਤ ਵਿਚ ਹਰ ਦਿਆਲ ਨੇ ਵਾਇਸਰਾਏ ਲਾਰਡ ਹਾਰਡਿੰਗ ਦੇ ਹਾਲ ਹੀ ਵਿਚ ਹੋਏ ਕਤਲ ਦੀ ਕੋਸ਼ਿਸ਼ ਦਾ ਜਸ਼ਨ ਮਨਾਉਣ ਲਈ ਯੂਨੀਵਰਸਿਟੀ ਵਿਚ ਰਾਤ ਦੇ ਖਾਣੇ ਦੀ ਦਾਅਵਤ ਦਿਤੀ ਸੀ। ਇਸ ਘਟਨਾ ਨੇ ਦਿੱਲੀ ਅਤੇ ਲੰਡਨ ਦੇ ਬਰਤਾਨਵੀ ਅਧਿਕਾਰੀਆਂ ਨੂੰ ਅਮਰੀਕਾ ਵਿਚਲੇ ਭਾਰਤੀ ਅੰਦੋਲਨ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਗੰਭੀਰ ਨਜ਼ਰੀਏ ਨਾਲ ਦੇਖਣ ਲਈ ਪ੍ਰੇਰਿਆ।

1913 ਵਿਚ ਪ੍ਰਸ਼ਾਂਤ ਮਹਾਸਾਗਰ ਦੇ ਤੱਟ 'ਤੇ ਭਾਰਤੀ ਅੰਦੋਲਨਕਾਰੀ ਵਧੇਰੇ ਬੇਰੋਕ-ਟੋਕ ਅਤੇ ਬਿਹਤਰ ਢੰਗ ਨਾਲ ਸੰਗਠਿਤ ਹੋ ਗਏ ਸਨ। ਇਹ ਮੁੱਖ ਤੌਰ 'ਤੇ ਇਸ ਲਈ ਸੀ ਕਿਉਂਕਿ ਹਰ ਦਿਆਲ ਨੇ ਉਨ੍ਹਾਂ ਨੂੰ ਕਰਿਸ਼ਮਈ ਅਗਵਾਈ ਪ੍ਰਦਾਨ ਕੀਤੀ ਸੀ। ਉਹ ਉੱਤਰੀ ਅਮਰੀਕਾ ਦੇ ਪਹਿਲੇ ਭਾਰਤੀ ਨੇਤਾ ਸਨ ਜਿਨ੍ਹਾਂ ਨੇ ਇਹ ਦੇਖਿਆ ਕਿ ਅਮਰੀਕਾ ਅਤੇ ਕੈਨੇਡਾ ਦੇ ਘੱਟ ਪੜ੍ਹੇ-ਲਿਖੇ ਸਿੱਖ ਜਨਤਕ ਸਮਰਥਨ ਅਤੇ ਫੰਡ ਮੁਹੱਈਆ ਕਰਵਾ ਸਕਦੇ ਹਨ, ਜਿਸ ਦੀ ਜਲਾਵਤਨੀ ਵਿਚ ਰਾਸ਼ਟਰਵਾਦੀ ਲਹਿਰ ਨੂੰ ਲੋੜ ਸੀ। ਕੈਨੇਡੀਅਨ ਇਮੀਗ੍ਰੇਸ਼ਨ ਦੇ ਕਦੇ ਨਾ ਝੁਕਣ ਵਾਲੇ ਨਿਰਦਈ ਕਾਨੂੰਨ ਨੇ, ਜਿਸ ਨੇ ਸਿੱਖਾਂ ਦੇ ਮਨਾਂ ਵਿੱਚ ਸਾਮਰਾਜ ਨੂੰ ਬਦਨਾਮ ਕਰ ਦਿੱਤਾ ਸੀ, ਉਸ ਦੇ ਉਦੇਸ਼ ਨੂੰ ਹੋਰ ਬਲ ਬਖ਼ਸ਼ਿਆ। ਹਿੰਦੂ ਬੁੱਧੀਜੀਵੀਆਂ ਅਤੇ ਸਿੱਖ ਕਿਸਾਨਾਂ ਨੂੰ ਇਕਮੁੱਠ ਕਰਨ ਦੀ ਦਿਸ਼ਾ ਵਿਚ ਪਹਿਲਾ ਵੱਡਾ ਕਦਮ ਉਦੋਂ ਚੁੱਕਿਆ ਗਿਆ ਜਦੋਂ ਮਈ 1913 ਵਿਚ ਹਿੰਦੂ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ ਦਾ ਗਠਨ ਕੀਤਾ ਗਿਆ। ਪੱਤਝੜ ਰੁੱਤ ਤੱਕ, ਹਰ ਦਿਆਲ ਨੇ ਇੱਕ ਕ੍ਰਾਂਤੀਕਾਰੀ ਪਾਰਟੀ ਦੇ ਨਾਲ ਮਿਲ ਕੇ ਸਾਨ ਫਰਾਂਸਿਸਕੋ ਵਿੱਚ ਇੱਕ ਕ੍ਰਾਂਤੀਕਾਰੀ ਅਖ਼ਬਾਰ ਸ਼ੁਰੂ ਕੀਤਾ ਸੀ, ਜਿਸ ਦਾ ਨਾਮ ਉਸ ਨੇ 'ਗ਼ਦਰ' ਅਖ਼ਬਾਰ ਤੋਂ ਲਿਆ ਸੀ। ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਤੱਕ, 'ਗ਼ਦਰ' ਜੋ ਕਈ ਭਾਰਤੀ ਭਾਸ਼ਾਵਾਂ ਵਿੱਚ ਛਾਪਿਆ ਜਾਂਦਾ ਸੀ, ਸਾਰੇ ਬ੍ਰਿਟਿਸ਼ ਸਾਮਰਾਜ ਅੰਦਰ ਭੇਜਿਆ ਜਾ ਰਿਹਾ ਸੀ।

ਪ੍ਰਸ਼ਾਂਤ ਤੱਟ 'ਤੇ ਭਾਰਤੀ ਅੰਦੋਲਨ ਦੇ ਵਧਦੇ 'ਵਾਇਰਸ' ਦੇ ਨਾਲ-ਨਾਲ ਹਾਪਕਿਨਸਨ ਦੀ ਖੁਫ਼ੀਆ ਜਾਣਕਾਰੀ ਪ੍ਰਦਾਨ ਕਰਨ ਦੀ ਯੋਗਤਾ ਨੂੰ ਮਜ਼ਬੂਤ ਕੀਤਾ ਗਿਆ ਸੀ। 1913 ਵਿਚ ਉਸ ਨੂੰ ਵਿਦੇਸ਼ ਦਫ਼ਤਰ ਅਤੇ ਭਾਰਤੀ ਅਧਿਕਾਰੀਆਂ ਨੇ ਵਧੇਰੇ ਸਹਾਇਤਾ ਦਿੱਤੀ, ਜਦੋਂ ਉਸ ਦੀਆਂ ਆਪਣੀਆਂ ਕੋਸ਼ਿਸ਼ਾਂ ਨਾਲ ਉਸ ਨੇ ਮੁਖ਼ਬਰਾਂ ਅਤੇ ਯੂ. ਐੱਸ. ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਸੰਪਰਕ ਵਧਾ ਦਿੱਤਾ ਜੋ ਉਸ ਨੇ 1911 ਵਿਚ ਸ਼ੁਰੂ ਕੀਤਾ ਸੀ। 12 ਫਰਵਰੀ 1913 ਨੂੰ ਵਿਦੇਸ਼ ਦਫ਼ਤਰ ਨੇ ਰਾਸ ਨੂੰ ਹਾਪਕਿਨਸਨ ਨੂੰ ਸਹਿਯੋਗ ਦੇਣ ਦਾ ਹੁਕਮ ਦਿੱਤਾ। ਰੌਸ ਹੁਣ ਤੱਕ ਹਾਪਕਿਨਸਨ ਦੇ ਭਾਰਤੀਆਂ ਅਤੇ ਭਾਰਤ ਬਾਰੇ ਗਹਿਰੇ ਗਿਆਨ ਤੋਂ ਸੰਤੁਸ਼ਟ ਹੋ ਗਿਆ ਸੀ, ਅਤੇ ਉਨ੍ਹਾਂ ਵਫ਼ਾਦਾਰ ਭਾਰਤੀਆਂ ਨੂੰ, ਜਿਨ੍ਹਾਂ ਨੇ ਸਵੈ-ਇੱਛਾ ਨਾਲ ਜਾਣਕਾਰੀ ਦਿੱਤੀ ਸੀ, ਉਸ ਦੇ ਸੰਪਰਕ ਵਿਚ ਰੱਖਿਆ।

ਜਨਵਰੀ 1913 ਵਿਚ ਹਾਪਕਿਨਸਨ ਨੇ ਸਿਆਟਲ ਵਿਚ ਦੋ ਮੀਟਿੰਗਾਂ ਵਿਚ ਹਿੱਸਾ ਲਿਆ ਜਿਸ ਵਿਚ ਹਰ ਦਿਆਲ ਨੇ ਅਰਾਜਕਤਾ ਦੇ ਵਿਸ਼ੇ 'ਤੇ ਭਾਸ਼ਣ ਦਿੱਤੇ। ਸਾਨ ਫਰਾਂਸਿਸਕੋ ਅਤੇ ਸਿਆਟਲ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਹਾਪਕਿਨਸਨ ਦਾ ਰਿਸ਼ਤਾ 1913 ਵਿੱਚ ਬਹੁਤ ਨਜ਼ਦੀਕੀ ਵਾਲਾ ਹੋ ਗਿਆ। ਵਾਸ਼ਿੰਗਟਨ ਅਧਿਕਾਰੀਆਂ ਵੱਲੋਂ ਅਮਰੀਕਾ ਵਿਚ ਭਾਰਤੀ ਅੰਦੋਲਨਕਾਰੀਆਂ ਨੂੰ ਕੰਟਰੋਲ ਕਰਨ ਨੀਤੀ ਨਾਲੋਂ ਬਰਤਾਨੀਆ ਦੀ ਨੀਤੀ ਨਾਲ ਉਨ੍ਹਾਂ ਦਾ ਜ਼ਿਆਦਾ ਲਗਾਓ ਸੀ। ਹਾਪਕਿਨਸਨ ਦੇ ਉਨ੍ਹਾਂ ਨਾਲ ਨਿੱਜੀ ਸੰਪਰਕਾਂ ਨੇ ਬ੍ਰਿਟਿਸ਼ ਨੂੰ ਵਿਦੇਸ਼ ਵਿਭਾਗ ਨਾਲ ਸੰਪਰਕ ਕੀਤੇ ਬਗ਼ੈਰ ਅਮਰੀਕੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਬਣਾਇਆ। ਹਾਪਕਿਨਸਨ 'ਤੇ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇੰਨਾ ਭਰੋਸਾ ਕੀਤਾ ਕਿ 1913 ਵਿਚ ਉਨ੍ਹਾਂ ਨੇ ਉਸ ਨੂੰ ਵੈਨਕੂਵਰ ਵਿਖੇ ਅਧਿਕਾਰਤ ਹਿੰਦੂ ਦੁਭਾਸ਼ੀਏ ਵਜੋਂ ਨਿਯੁਕਤ ਕੀਤਾ, ਅਤੇ ਉਸ ਨੂੰ ਸਰਹੱਦੋਂ ਪਾਰ ਮਿਸ਼ਨਾਂ 'ਤੇ ਆਪਣੇ ਮੁਖ਼ਬਰਾਂ ਨੂੰ ਭੇਜਣ ਦੀ ਆਗਿਆ ਦਿੱਤੀ। ਸਾਨ ਫਰਾਂਸਿਸਕੋ ਦੇ ਅਧਿਕਾਰੀਆਂ ਨੇ ਹਰ ਦਿਆਲ ਨੂੰ ਸੰਯੁਕਤ ਰਾਜ ਤੋਂ ਹਟਾਉਣ ਲਈ ਹਾਪਕਿਨਸਨ ਦੀਆਂ ਕੋਸ਼ਿਸ਼ਾਂ ਦੀ ਵੀ ਸਹਾਇਤਾ ਕੀਤੀ। ਸਿਆਟਲ ਇਮੀਗ੍ਰੇਸ਼ਨ ਸਟੇਸ਼ਨ ਦੇ ਸਹਾਇਕ ਕਮਿਸ਼ਨਰ ਨੇ ਉਸ ਨਾਲ ਵਾਅਦਾ ਕੀਤਾ ਕਿ ਜੇ ਉਸ ਨੂੰ ਹਰ ਦਿਆਲ ਨੂੰ ਅਰਾਜਕਤਾਵਾਦ ਦੇ ਮੁਆਮਲੇ ਵਿਚ ਫਸਾਉਣ ਵਾਲੇ ਦਸਤਾਵੇਜ਼ ਦਿੱਤੇ ਜਾਣ, ਤਾਂ ਇਮੀਗ੍ਰੇਸ਼ਨ ਵਿਭਾਗ ਉਸ ਦੇ ਮਾਮਲੇ ਦੀ ਜਾਂਚ ਦੇਸ਼ ਨਿਕਾਲੇ ਦੇ ਨਜ਼ਰੀਏ ਨਾਲ ਕਰੇਗਾ। ਹਾਪਕਿਨਸਨ ਨੂੰ ਸਾਨ ਫਰਾਂਸਿਸਕੋ ਦੇ ਡਾਕਘਰ ਦੇ ਅੰਦਰ ਇਕ ਕਲਰਕ ਦੀ ਨਿਯੁਕਤੀ ਕਰਨ ਦੀ ਆਗਿਆ ਵੀ ਦਿੱਤੀ ਗਈ ਸੀ, ਤਾਂ ਜੋ ਉਹ ਹਰ ਦਿਆਲ ਦੀ ਡਾਕ ਨੂੰ ਰੋਕ ਸਕੇ। ਜਦੋਂ ਹਰ ਦਿਆਲ ਨੇ ਜਨਵਰੀ ਵਿਚ ਸਿਆਟਲ ਵਿਚ ਅਰਾਜਕਤਾਵਾਦ ਬਾਰੇ ਆਪਣਾ ਭਾਸ਼ਣ ਦਿੱਤਾ ਸੀ ਤਾਂ ਹਾਪਕਿਨਸਨ ਦੀ ਬੇਨਤੀ 'ਤੇ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀ ਉਸ ਵਿਚ ਸ਼ਾਮਲ ਹੋਏ ਸਨ।

ਆਖ਼ਰਕਾਰ ਹਾਪਕਿਨਸਨ ਨੇ ਹਰ ਦਿਆਲ ਦੇ ਦੇਸ਼ ਨਿਕਾਲੇ ਲਈ ਵਾਸ਼ਿੰਗਟਨ ਪ੍ਰਸ਼ਾਸਨ ਦੀ ਮਨਜ਼ੂਰੀ ਹਾਸਲ ਕਰ ਲਈ ਕਿਉਂਕਿ ਉਹ ਉਸ ਨੂੰ ਹੋਰ ਭਾਰਤੀ ਰਾਸ਼ਟਰਵਾਦੀਆਂ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਸਮਝਦਾ ਸੀ। ਹਰ ਦਿਆਲ ਵਿਦੇਸ਼ਾਂ ਵਿਚ ਚੰਦ ਕੁ ਭਾਰਤੀ ਅੰਦੋਲਨਕਾਰੀਆਂ ਵਿਚੋਂ ਇਕ ਸੀ ਜਿਨ੍ਹਾਂ ਲਈ 'ਅਰਾਜਕਤਾਵਾਦੀ' ਸ਼ਬਦ ਸਿਰਫ਼ ਬਰਤਾਨਵੀ ਹਕੂਮਤ ਦਾ ਸ਼ਬਦ ਹੀ ਨਹੀਂ ਸੀ, ਸਗੋਂ ਵਿਸ਼ਵ ਸੰਗਠਨਾਂ ਦੇ ਉਦਯੋਗਿਕ ਕਾਮਿਆਂ ਦੇ ਸਮਰਥਨ ਵਿਚ ਉਸ ਦੇ ਆਪਣੇ ਭਾਸ਼ਣਾਂ 'ਤੇ ਆਧਾਰਿਤ ਇੱਕ ਯਥਾਰਥਕ ਬਿਆਨ ਸੀ। ਇਸ ਤੋਂ ਇਲਾਵਾ, ਉਸ ਦੇ ਸਮਰਥਕ ਕਦੇ ਕਦੇ ਅਮਰੀਕੀ ਅਧਿਕਾਰੀਆਂ ਨੂੰ ਧਮਕੀ ਦਿੰਦੇ ਸਨ ਕਿ ਜੇ ਉਸ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਤਾਂ ਉਹ ਹਿੰਸਾ ਕਰਨਗੇ।

ਅਪਰੈਲ 1913 ਤੱਕ ਹਾਪਕਿਨਸਨ ਨੇ ਦਾਅਵਾ ਕੀਤਾ ਕਿ ਉਸ ਦੇ ਕਹਿਣ ਦੀ ਦੇਰ ਸੀ ਕਿ ਯੂ. ਐੱਸ. ਇਮੀਗ੍ਰੇਸ਼ਨ ਅਧਿਕਾਰੀ ਹਰ ਦਿਆਲ ਦੇ ਦੇਸ਼ ਨਿਕਾਲੇ ਨੂੰ ਰੱਦ ਕਰ ਦੇਣਗੇ। ਭਾਵੇਂ ਹਰ ਦਿਆਲ ਅਮਰੀਕੀ ਨਜ਼ਰਾਂ ਵਿਚ ਇਕ ਖ਼ਾਸ ਮਾਮਲਾ ਸੀ, ਪਰ ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਵਿਦੇਸ਼ ਵਿਭਾਗ ਨੇ ਬਰਤਾਨਵੀ ਇੱਛਾਵਾਂ ਦਾ ਐਨਾ ਅਨੁਕੂਲ ਹੁੰਗਾਰਾ ਭਰਿਆ ਹੁੰਦਾ ਜੇ ਪੱਛਮੀ ਤੱਟ 'ਤੇ ਸਥਾਨਕ ਅਮਰੀਕੀ ਅਫ਼ਸਰਾਂ ਦੀ ਹਮਾਇਤ ਹਾਸਲ ਕਰਨ ਅਤੇ ਉਸ ਦੇ ਖਿਲਾਫ਼ ਮੁਕੱਦਮੇ ਨੂੰ ਪੂਰੀ ਤਨਦੇਹੀ ਨਾਲ ਘੜਨ ਵਿਚ ਹਾਪਕਿਨਸਨ ਦਾ ਹੁਨਰ ਨਾ ਹੁੰਦਾ। ਕੇਸ ਦੀ ਸਫਲਤਾ ਲਈ ਮਹੱਤਵਪੂਰਨ ਹੈ ਕਿ ਹਾਪਕਿਨਸਨ ਦੀ ਕੈਨੇਡਾ ਵਿੱਚ ਅਧਿਕਾਰਤ ਹੈਸੀਅਤ ਹੈ। ਕਿਉਂਕਿ ਉਹ ਭਾਰਤ ਸਰਕਾਰ ਦਾ ਏਜੰਟ ਨਹੀਂ ਸੀ, ਇਸ ਲਈ ਨਾ ਤਾਂ ਭਾਰਤੀ ਅੰਦੋਲਨਕਾਰੀ ਅਤੇ ਨਾ ਹੀ ਅਮਰੀਕੀ ਪ੍ਰਸ਼ਾਸਨ ਦੇ ਅੰਦਰ ਉਨ੍ਹਾਂ ਦੇ ਸਾਥੀ ਆਸਾਨੀ ਨਾਲ ਉਸ ਨੂੰ 'ਦਮਨਕਾਰੀ ਬਸਤੀਵਾਦੀ ਨਿਜ਼ਾਮ' ਦੇ ਗੁੰਡੇ ਵਜੋਂ ਪੇਸ਼ ਕਰ ਸਕੇ ਸਨ।

ਹਾਪਕਿਨਸਨ ਨੇ ਹਰ ਦਿਆਲ ਦੇ ਖਿਲਾਫ਼ ਮੁਹਿੰਮ ਨੂੰ ਭਾਰਤ ਸਰਕਾਰ 'ਤੇ ਨਿਰਭਰਤਾ ਤੋਂ ਮੁਕੰਮਲ ਤੌਰ 'ਤੇ ਮੁਕਤ ਰੱਖ ਕੇ ਉਲੀਕਿਆ ਅਤੇ ਸਥਾਪਤ ਕੀਤਾ ਸੀ। ਪਰੰਤੂ ਅਮਰੀਕੀਆਂ ਨੂੰ ਪਤਾ ਨਹੀਂ ਸੀ, ਹਾਪਕਿਨਸਨ ਨੂੰ ਆਖ਼ਰਕਾਰ 1913 ਵਿੱਚ ਭਾਰਤ ਸਰਕਾਰ ਨੇ ਮੁਸਤੈਦੀ ਨਾਲ ਸਮਰਥਨ ਦਿੱਤਾ। ਇੱਕ ਜੂਨੀਅਰ ਅਧਿਕਾਰੀ ਦੀ ਹੈਸਿਅਤ ਵਿਚ ਹਰ ਦਿਆਲ ਦੇ ਦੇਸ਼ ਨਿਕਾਲੇ ਦਾ ਨਿਬੇੜਾ ਕਰਨ ਦਾ ਸਵਾਲ ਬਹੁਤ ਮਹੱਤਵਪੂਰਨ ਮੁੱਦਾ ਸੀ। ਇਹ ਖ਼ਾਸ ਤੌਰ 'ਤੇ ਇਸ ਲਈ ਸੀ ਕਿ ਦਸੰਬਰ 1912 ਵਿਚ ਲਾਰਡ ਹਾਰਡਿੰਗ ਦੇ ਕਤਲ ਦੀ ਕੋਸ਼ਿਸ਼ ਵਿਚ ਹਰ ਦਿਆਲ ਦੀ ਸ਼ਮੂਲੀਅਤ ਬਾਰੇ ਭਾਰਤ ਦੇ ਅਧਿਕਾਰੀਆਂ ਨੂੰ ਪਤਾ ਲੱਗ ਗਿਆ ਸੀ। ਇਸ ਨੇ ਭਾਰਤ ਦੇ ਅਧਿਕਾਰੀਆਂ ਦੁਆਰਾ ਹਾਪਕਿਨਸਨ ਨੂੰ ਇੱਕ ਏਜੰਟ ਵਜੋਂ ਨੌਕਰੀ ਦੇਣ ਬਾਰੇ ਵਿਚਾਰ ਵਟਾਂਦਰੇ ਨੂੰ ਤੇਜ਼ ਕਰ ਦਿੱਤਾ। ਅਪਰੈਲ ਵਿੱਚ ਹਾਪਕਿਨਸਨ ਨੇ 'ਵੈਨਕੂਵਰ ਵਿੱਚ ਆਪਣੀ ਪਦਵੀ ਨੂੰ ਤਸੱਲੀਬਖ਼ਸ਼ ਆਧਾਰ 'ਤੇ ਸਥਾਪਤ ਕਰਨ ਲਈ' ਲੰਡਨ ਦੀ ਯਾਤਰਾ ਕੀਤੀ। ਇੰਡੀਆ ਆਫ਼ਿਸ ਵਿਖੇ ਵਾਲਿੰਗਰ ਨੇ ਉਸ ਨੂੰ ਭਾਰਤੀ ਅੰਦੋਲਨ ਦੀ ਵਿਸ਼ਵ ਵਿਆਪੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਵਾਲਿੰਗਰ 'ਹਾਪਕਿਨਸਨ ਤੋਂ ਬਹੁਤ ਪ੍ਰਭਾਵਿਤ' ਸੀ। ਡਾਇਰੈਕਟਰ ਆਫ਼ ਕ੍ਰਿਮੀਨਲ ਇੰਟੈਲੀਜੈਂਸ ਨੂੰ ਉਸ ਦੀਆਂ ਰਿਪੋਰਟਾਂ ਵੱਡਮੁੱਲੀਆਂ ਜਾਪੀਆਂ। ਨਤੀਜੇ ਵਜੋਂ, ਅਪ੍ਰੈਲ ਵਿੱਚ ਗ੍ਰਹਿ ਵਿਭਾਗ ਨੇ ਹਾਪਕਿਨਸਨ ਨੂੰ ਇੱਕ ਰਿਟੇਨਰ ਵਜੋਂ ਇੱਕ ਸਾਲ ਵਿੱਚ 60 ਪੌਂਡ ਦਾ ਭੱਤਾ ਦਿੱਤਾ ਅਤੇ ਜਾਣਕਾਰੀ ਇਕੱਤਰ ਕਰਨ 'ਤੇ ਖਰਚੇ ਲਈ ਇੱਕ ਸਾਲ ਵਿੱਚ 60 ਪੌਂਡ ਦਾ ਹੋਰ ਭੱਤਾ ਦਿੱਤਾ। ਇਹ ਪੈਸਾ ਡਿਪਾਰਟਮੈਂਟ ਆਫ਼ ਕ੍ਰਿਮੀਨਲ ਇੰਟੈਲੀਜੈਂਸ ਦੇ ਸੀਕ੍ਰੇਟ ਸਰਵਿਸ ਫੰਡ ਵਿੱਚੋਂ ਅਦਾ ਕੀਤਾ ਗਿਆ ਸੀ। ਨਤੀਜੇ ਵਜੋਂ ਡੀ. ਸੀ. ਆਈ. ਨੂੰ ਹਾਪਕਿਨਸਨ ਤੋਂ ਵੱਡੀ ਗਿਣਤੀ ਵਿੱਚ ਰਿਪੋਰਟਾਂ ਮਿਲਣੀਆਂ ਸ਼ੁਰੂ ਹੋ ਗਈਆਂ, ਇਸ ਤਰ੍ਹਾਂ ਵਾਲਿੰਗਰ ਦੀ ਮਿਹਰਬਾਨੀ ਨਾਲ, ਕ੍ਰਿਮੀਨਲ ਇੰਟੈਲੀਜੈਂਸ ਦਾ ਡਾਇਰੈਕਟਰ ਹਾਪਕਿਨਸਨ ਨੂੰ ਖੁਫ਼ੀਆ ਕਾਰਵਾਈ ਬਾਰੇ ਸਿਫ਼ਾਰਸ਼ ਕਰਨ ਅਤੇ ਮਸ਼ਵਰਾ ਦੇਣ ਦੇ ਯੋਗ ਹੋ ਗਿਆ ਸੀ।

ਉੱਤਰੀ ਅਮਰੀਕਾ ਵਿਚ ਖੁਫ਼ੀਆ ਤੰਤਰ ਅਤੇ ਭਾਰਤ ਵਿਚਕਾਰ ਸਬੰਧਾਂ ਵਿਚ ਸੁਧਾਰ ਭਾਰਤ ਸਰਕਾਰ ਦੇ ਵਾਲਿੰਗਰ ਨੂੰ ਉਸ ਦੇ ਮਿਸ਼ਨ 'ਤੇ ਯੂਰਪ ਭੇਜਣ ਤੋਂ ਠੀਕ

ਤਿੰਨ ਸਾਲ ਬਾਅਦ ਹੋਇਆ। 1913 ਤੋਂ ਪਹਿਲਾਂ ਅਮਰੀਕੀ ਖ਼ੁਫ਼ੀਆ ਜਾਣਕਾਰੀ ਉੱਪਰ ਉਸ ਦਾ ਅਜਿਹਾ ਕੰਟਰੋਲ ਸਿਰਫ਼ ਨਿਊ ਯਾਰਕ ਦੀ ਹੋਮ ਆਫ਼ਿਸ ਏਜੰਸੀ ਤੋਂ ਸੂਚਨਾ ਪ੍ਰਾਪਤ ਕਰਨ ਤਕ ਹੀ ਸੀਮਤ ਸੀ। ਵਾਲਿੰਗਰ ਨੂੰ ਹਾਪਕਿਨਸਨ ਦੇ ਸੰਪਰਕ ਵਿਚ ਲਿਆ ਕੇ, ਭਾਰਤ ਸਰਕਾਰ ਸੁਚੇਤ ਤੌਰ 'ਤੇ ਅਜੇ ਇਕ ਪੁਖ਼ਤਾ ਸਾਮਰਾਜੀ ਖ਼ੁਫ਼ੀਆ ਪ੍ਰਣਾਲੀ ਦੀ ਸਿਰਜਣਾ ਵੱਲ ਨਹੀਂ ਵਧ ਰਹੀ ਸੀ ਜੋ ਡੀ. ਸੀ. ਆਈ. ਏਜੰਟਾਂ ਦੇ ਵਿਭਿੰਨ ਪਰ ਵਿਸ਼ਵ-ਵਿਆਪੀ ਨੈੱਟਵਰਕ ਨੂੰ ਨਿਯੰਤਰਿਤ ਕਰਦੀ ਸੀ। ਭਾਵੇਂ ਡੀ. ਸੀ. ਆਈ. ਏਜੰਟਾਂ ਦੀ ਖ਼ੁਫ਼ੀਆ ਜਾਣਕਾਰੀ ਪੂਰੀ ਤਰ੍ਹਾਂ ਭਾਰਤੀਆਂ ਅਤੇ ਉਨ੍ਹਾਂ ਦੀਆਂ ਸਾਜ਼ਿਸ਼ਾਂ ਨਾਲ ਸਬੰਧਤ ਸੀ, ਪਰ ਯੂਰਪ ਮਹਾਂਦੀਪ ਵਿਚ ਵਾਲਿੰਗਰ ਦੀ ਖ਼ੁਫ਼ੀਆ ਪ੍ਰਣਾਲੀ ਬਰਤਾਨੀਆ ਦੀ ਬਦੇਸ਼ੀ ਖ਼ੁਫ਼ੀਆ ਏਜੰਸੀ, ਸੀਕ੍ਰੇਟ ਸਰਵਿਸਿਜ਼ ਬਿਊਰੋ, ਜਿਸ ਦੀ ਸਥਾਪਨਾ 1909 ਵਿਚ ਕੀਤੀ ਗਈ ਸੀ, ਨਾਲੋਂ ਘੱਟ ਨਹੀਂ ਸੀ। ਇਸ ਤੋਂ ਇਲਾਵਾ, ਉੱਤਰੀ ਅਮਰੀਕਾ ਤੋਂ ਭਾਰਤੀ ਖ਼ੁਫ਼ੀਆ ਜਾਣਕਾਰੀ ਦੀ ਗੁਣਵੱਤਾ ਬਰਤਾਨਵੀ ਖ਼ੁਫ਼ੀਆ ਸੇਵਾ ਦੇ ਮੁਕਾਬਲੇ ਨਿਸਚੇ ਹੀ ਬਿਹਤਰ ਸੀ। ਡੀ.ਸੀ.ਆਈ. ਦਾ ਇਰਾਦਾ ਆਪਣੀ ਸ਼ਾਹੀ ਭੂਮਿਕਾ ਨੂੰ ਬਰਕਰਾਰ ਰੱਖਣ ਦਾ ਨਹੀਂ ਸੀ। ਇਸਨੇ ਵਾਲਿੰਗਰ ਅਤੇ ਹਾਪਕਿਨਸਨ ਦੋਹਾਂ ਨੂੰ ਥੋੜ੍ਹੀ-ਮਿਆਦ ਦੇ ਆਧਾਰ 'ਤੇ ਨੌਕਰੀ 'ਤੇ ਰੱਖਿਆ; ਜਿਵੇਂ ਕਿ ਨਿਊ ਯਾਰਕ ਵਿੱਚ ਹੋਮ ਆਫ਼ਿਸ ਏਜੰਸੀ ਦੇ ਮਾਮਲੇ ਵਿੱਚ। ਉਹਨਾਂ ਦੇ ਕੰਮ ਦੀ ਨਿਰੰਤਰਤਾ ਅਤੇ ਸਬਸਿਡੀ ਦੀ ਸਾਂਭ-ਸੰਭਾਲ ਦੀ ਹਰ ਸਾਲ ਗ੍ਰਹਿ ਵਿਭਾਗ ਦੁਆਰਾ ਸਮੀਖਿਆ ਕੀਤੀ ਜਾਣੀ ਸੀ। ਭਾਰਤ ਸਰਕਾਰ ਸੰਯੁਕਤ ਰਾਜ ਅਮਰੀਕਾ ਵਿਚ (ਖ਼ੁਫ਼ੀਆ) ਏਜੰਟਾਂ ਨੂੰ ਨੌਕਰੀ ਦੇਣ ਬਾਰੇ ਇੰਨੀ ਹੱਥਾਂ ਪੈਰਾਂ 'ਚ ਆਈ ਫਿਰਦੀ ਸੀ ਕਿ ਇਸ ਨੇ ਹਾਪਕਿਨਸਨ ਦੇ ਕੰਮਾਂ ਦੀ ਜਾਸੂਸੀ ਕਰਨ ਦਾ ਪ੍ਰਸਤਾਵ ਵੀ ਦਿੱਤਾ। ਮਈ 1913 ਵਿਚ ਕ੍ਰਿਮੀਨਲ ਇੰਟੈਲੀਜੈਂਸ ਦੇ ਡਾਇਰੈਕਟਰ ਨੇ ਕਿਸੇ ਅਜਿਹੇ ਵਿਅਕਤੀ ਨਾਲ ਰਾਬਤਾ ਕਾਇਮ ਕਰਨ ਦਾ ਸੁਝਾਅ ਦਿੱਤਾ ਜੋ ਉਸ ਦੀ ਜਾਂਚ ਕਰਨ ਲਈ ਅਮਰੀਕਾ ਜਾ ਰਿਹਾ ਸੀ।

ਭਾਰਤੀ ਖ਼ੁਫ਼ੀਆ ਪ੍ਰਣਾਲੀ ਦਾ ਐਡਹਾਕ ਖ਼ਾਸਾ ਵਾਲਿੰਗਰ ਅਤੇ ਹਾਪਕਿਨਸਨ ਦੇ ਵਿਚਕਾਰ ਸਬੰਧਾਂ ਦੁਆਰਾ ਦਰਸਾਇਆ ਗਿਆ ਸੀ। ਆਪਣੇ ਉੱਚੇ ਦਰਜੇ ਦੇ ਬਾਵਜੂਦ, ਵਾਲਿੰਗਰ ਨੇ ਹਾਪਕਿਨਸਨ ਦੇ ਮੁਖੀ ਵਜੋਂ ਨਹੀਂ, ਸਗੋਂ ਉਸ ਦੇ ਸਲਾਹਕਾਰ ਵਜੋਂ ਕੰਮ ਕੀਤਾ। ਉਹ ਦੋਵੇਂ ਆਦਮੀ ਅਜੇ ਵੀ ਵੱਖੋ ਵੱਖਰੇ ਨਜ਼ਰੀਏ ਦੀ ਪੂਰਤੀ ਕਰਦੇ ਸਨ। ਜੂਨ ਵਿੱਚ ਹਾਪਕਿਨਸਨ ਨੇ ਡੀ. ਸੀ. ਆਈ. ਦਾ ਇੱਕ ਗੁਪਤ ਸਰਕੂਲਰ ਕੈਨੇਡਾ ਸਰਕਾਰ ਨੂੰ ਭੇਜਿਆ। ਵਾਲਿੰਗਰ ਨੇ ਸ਼ਿਕਾਇਤ ਕੀਤੀ ਕਿ ਉਸ ਨੂੰ ਅਜਿਹਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਕਿਉਂਕਿ ਦਸਤਾਵੇਜ਼ ਖ਼ੁਫ਼ੀਆ ਅਤੇ ਭਾਰਤ ਸਰਕਾਰ ਦੀ ਜਾਇਦਾਦ ਸੀ। ਹਾਪਕਿਨਸਨ ਨੇ ਵਾਲਿੰਗਰ ਨੂੰ ਜਵਾਬ ਦਿੱਤਾ ਕਿ ਉਸਨੇ ਡੀ.ਸੀ.ਆਈ. ਦੇ ਫ਼ਾਰਮੂਲੇ ਨੂੰ ਇਸ ਨਜ਼ਰੀਏ ਨਾਲ ਪ੍ਰਸਾਰਿਤ ਕੀਤਾ ਸੀ ਕਿ ਕੈਨੇਡੀਅਨ ਸਰਕਾਰ ਨੂੰ ਕਿਸੇ ਵੀ ਸਰੋਤ ਤੋਂ ਪ੍ਰਾਪਤ ਹੋਈ ਸਾਰੀ ਜਾਣਕਾਰੀ ਦੇ ਸੰਪਰਕ ਵਿੱਚ ਰੱਖਿਆ ਜਾ ਸਕੇ। ਪਰ ਉਨ੍ਹਾਂ ਦਾ ਰਿਸ਼ਤਾ ਆਮ ਤੌਰ 'ਤੇ ਸੁਚਾਰੂ ਢੰਗ ਨਾਲ ਕੰਮ ਕਰਦਾ ਸੀ।

ਵਾਲਿੰਗਰ ਨੇ ਹਾਪਕਿਨਸਨ ਨੂੰ ਨਿਰਦੇਸ਼ ਦਿੱਤੇ ਕਿ ਉਹ ਅਮਰੀਕੀ ਅਧਿਕਾਰੀਆਂ ਨੂੰ ਹਰ ਦਿਆਲ ਨੂੰ ਦੇਸ਼ ਨਿਕਾਲਾ ਦੇਣ ਲਈ ਕਹਿਣ। ਉਨ੍ਹਾਂ ਨੇ ਫਰਵਰੀ 1914 ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਉਹ ਤੁਰੰਤ ਹੀ ਜ਼ਮਾਨਤ ਦੀ ਉਲੰਘਣਾ ਕਰ ਕੇ ਸਵਿਟਜ਼ਰਲੈਂਡ ਭੱਜ ਗਿਆ। ਇਸ ਨੇ ਪਹਿਲਾਂ ਤਾਂ ਉੱਤਰੀ ਅਮਰੀਕਾ ਦੀ ਗ਼ਦਰ ਪਾਰਟੀ ਨੂੰ ਕਮਜ਼ੋਰ ਜ਼ਰੂਰ ਕਰ ਦਿੱਤਾ, ਪਰ ਇਕ ਸ਼ਕਤੀਸ਼ਾਲੀ ਨੇਤਾ ਦੀ ਘਾਟ ਬਾਅਦ ਵਿਚ ਉਨ੍ਹਾਂ ਦੇ ਮਕਸਦ ਲਈ ਤਬਾਹਕੁੰਨ ਸਾਬਤ ਹੋਣ ਵਾਲੀ ਬਣਨੀ ਸੀ।

ਭਾਰਤ ਦੇ ਵਿਦੇਸ਼ ਮੰਤਰੀ ਲਾਰਡ ਕ੍ਰੀਵ ਨੇ ਅਪ੍ਰੈਲ 1914 ਵਿਚ ਵਾਇਸਰਾਏ ਲਾਰਡ ਹੋਰਡਿੰਗਜ਼ ਨੂੰ ਚਿੱਠੀ ਲਿਖ ਕੇ ਦਲੀਲ ਦਿੱਤੀ ਸੀ ਕਿ ਪ੍ਰਸ਼ਾਂਤ ਮਹਾਸਾਗਰ ਦੇ ਤੱਟ ਲਈ ਇਕ ਬਿਹਤਰ ਖ਼ੁਫ਼ੀਆ ਸੰਗਠਨ ਦੀ ਲੋੜ ਹੈ। ਕੈਨੇਡਾ ਦੇ ਗਵਰਨਰ-ਜਨਰਲ, ਡਿਊਕ ਆਫ ਕਨਾਟ ਨੇ ਮਈ ਵਿੱਚ ਕੋਲੋਨੀਅਲ ਆਫ਼ਿਸ ਨੂੰ ਸੂਚਿਤ ਕੀਤਾ ਸੀ ਕਿ, ਭਾਵੇਂ ਕਿ ਹਾਪਕਿਨਸਨ 'ਇੱਕ ਤਕੜਾ ਅਤੇ ਸ਼ਾਨਦਾਰ ਅਧਿਕਾਰੀ' ਸੀ, "ਫਿਰ ਵੀ, ਇਹ ਬਹੁਤ ਹੀ ਅਣਇੱਛਤ ਹੈ ਕਿ ਇਹ ਕੰਮ ਇਕੱਲੇ ਵਿਅਕਤੀ ਦੀ ਹੋਂਦ 'ਤੇ ਨਿਰਭਰ ਹੋਵੇ। ਸਭ ਤੋਂ ਪਹਿਲਾਂ, ਮਿਸਟਰ ਹਾਪਕਿਨਸਨ ਨੇ ਸਾਨ ਫਰਾਂਸਿਸਕੋ ਤੋਂ ਨਿਊਯਾਰਕ ਅਤੇ ਕੈਨੇਡੀਅਨ ਤੋਂ ਮੈਕਸੀਕੋ ਸਰਹੱਦਾਂ ਤੱਕ ਪੂਰੇ ਦੇਸ਼ ਨੂੰ ਕਵਰ ਕਰਨਾ ਹੈ। ਦੂਸਰਾ, ਸਮੁੱਚਾ ਪ੍ਰਬੰਧ-ਜੇ ਇਸ ਨੂੰ ਪ੍ਰਬੰਧ ਕਿਹਾ ਜਾ ਸਕਦਾ ਹੈ- ਇਕ ਮਨੁੱਖ ਉੱਤੇ ਨਿਰਭਰ ਕਰ ਰਿਹਾ ਹੈ। ਜੇ ਮਿਸਟਰ ਹਾਪਕਿਨਸਨ ਨੂੰ ਕੁਝ ਵੀ ਹੋ ਗਿਆ, ਤਾਂ ਇਹ ਸਾਰਾ ਧੰਦਾ ਹੀ ਢਹਿ-ਢੇਰੀ ਹੋ ਜਾਵੇਗਾ।"

ਕੈਨੇਡਾ ਸਿਸਟਮ ਵਿੱਚ ਕਿਸੇ ਵੀ ਸੁਧਾਰ ਲਈ ਮੁਆਵਜ਼ਾ ਦੇਣ ਲਈ ਤਿਆਰ ਨਹੀਂ ਸੀ। ਗਵਰਨਰ-ਜਨਰਲ ਨੇ ਦਲੀਲ ਦਿੱਤੀ ਕਿ ਹਾਪਕਿਨਸਨ ਦੀ ਵਾਪਸ ਭਾਰਤੀ ਪੁਲਿਸ ਵਿਚ ਬਦਲੀ ਕੀਤੀ ਜਾਣੀ ਚਾਹੀਦੀ ਹੈ। ਉਸ ਨੇ ਮਹਿਸੂਸ ਕੀਤਾ ਕਿ ਉਸ ਦਾ ਕੰਮ ਕੈਨੇਡੀਅਨ ਹਿੱਤਾਂ ਦੀ ਬਜਾਏ ਸਾਮਰਾਜੀ ਸੀ; ਫਿਰ ਵੀ ਭਾਰਤ ਦੁਆਰਾ ਉਸ ਨੂੰ ਦਿੱਤੀਆਂ ਗਈਆਂ ਸਬਸਿਡੀਆਂ ਦੇ ਬਾਵਜੂਦ, ਹਾਪਕਿਨਸਨ ਦੀ ਤਨਖ਼ਾਹ ਦਾ ਵੱਡਾ ਹਿੱਸਾ ਅਤੇ ਸੰਯੁਕਤ ਰਾਜ ਅਮਰੀਕਾ ਦੀਆਂ ਉਸ ਦੀਆਂ ਮਹਿੰਗੀਆਂ ਯਾਤਰਾਵਾਂ ਦੇ ਖਰਚੇ ਕੈਨੇਡੀਅਨ ਫੰਡਾਂ ਤੋਂ ਪੂਰੇ ਕੀਤੇ ਗਏ ਸਨ। ਡਿਊਕ ਆਫ਼ ਕਨਾਟ ਦੀ ਮੁੱਖ ਚਿੰਤਾ ਇਹ ਖ਼ਤਰਾ ਸੀ ਕਿ ਇਸ ਖਰਚੇ ਬਾਰੇ ਕੈਨੇਡੀਅਨ ਸੰਸਦ ਦੇ ਮੈਂਬਰਾਂ ਨੂੰ ਪਤਾ ਲੱਗ ਸਕਦਾ ਹੈ, ਅਤੇ ਅਜਿਹੀਆਂ ਸ਼ਿਕਾਇਤਾਂ ਦਾ ਕਾਰਨ ਬਣ ਸਕਦਾ ਹੈ ਜੋ ਹਾਪਕਿਨਸਨ ਦੇ ਕੰਮ ਨਾਲ ਬੁਰੀ ਤਰ੍ਹਾਂ ਸਮਝੌਤਾ ਕਰ ਸਕਦੀਆਂ ਹਨ। ਵਾਲਿੰਗਰ ਨੇ ਭਾਰਤੀ ਦਫ਼ਤਰ ਨੂੰ ਗਵਰਨਰ ਜਨਰਲ ਦੀ ਸਲਾਹ ਨਾ ਲੈਣ ਲਈ ਮਨਾ ਲਿਆ। ਉਸ ਨੇ ਦਲੀਲ ਦਿੱਤੀ ਕਿ 'ਮਿਸਟਰ ਹਾਪਕਿਨਸਨ ਦਾ ਭਾਰਤ ਸਰਕਾਰ ਨੂੰ ਸਥਾਈ ਤਬਾਦਲਾ ਮਿਸਟਰ ਹਾਪਕਿਨਸਨ ਦੀ ਸਮਰੱਥਾ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗਾ। ਉਹ ਹੁਣ, ਆਪਣੇ ਬਹੁ-ਪੱਖੀ ਅਹੁਦਿਆਂ ਕਾਰਨ ... ਆਪਣੇ ਆਪ ਨੂੰ ਸ਼ੱਕ ਦੇ ਘੇਰੇ ਤੋਂ ਬਾਹਰ ਰੱਖ ਕੇ ਸਾਡੇ ਲਈ ਸੂਖ਼ਮ ਕੰਮ ਕਰਨ ਦੇ ਸਮਰੱਥ ਹੈ। ਅਗਰ ਉਸ ਨੂੰ ਇਨ੍ਹਾਂ ਅਹੁਦਿਆਂ ਤੋਂ ਹਟਾ ਦਿੱਤਾ ਜਾਂਦਾ ਹੈ ਤਾਂ ਉਹ ਨਿਸ਼ਾਨੇ 'ਤੇ ਆ ਜਾਵੇਗਾ।'

ਅਗਸਤ 1914 ਵਿਚ ਕੈਨੇਡਾ ਦੇ ਅੰਦਰੂਨੀ ਉਪ ਮੰਤਰੀ ਡਬਲਿਊ. ਡਬਲਿਊ. ਕੋਰੀ ਨੇ ਲੰਡਨ ਵਿਚ ਵਾਲਿੰਗਰ ਅਤੇ ਮੈਲਕਮ (ਬਾਅਦ ਵਿਚ ਸਰ ਮੈਲਕਮ) ਸੇਟਨ ਨਾਲ ਮੁਲਾਕਾਤ ਕੀਤੀ, ਜੋ ਕਿ ਨਿਆਂਇਕ ਅਤੇ ਜਨਤਕ ਵਿਭਾਗ ਦਾ ਸਕੱਤਰ ਸੀ। ਉਸ ਨੇ ਇੰਡੀਆ ਆਫ਼ਿਸ ਨੂੰ ਯਕੀਨ ਦਿਵਾਇਆ ਕਿ ਗ਼ਦਰ ਪਾਰਟੀ ਦੀ ਵਧ ਰਹੀ ਸ਼ਕਤੀ ਕਾਰਨ ਪੈਸੀਫਿਕ ਕੋਸਟ ਇੰਟੈਲੀਜੈਂਸ ਸਿਸਟਮ ਦਾ ਕੁਝ ਵਿਸਤਾਰ ਜ਼ਰੂਰੀ ਸੀ। ਉਸ ਨੇ ਇਹ ਮਹਿਸੂਸ ਨਹੀਂ ਕੀਤਾ ਕਿ ਹਾਪਕਿਨਸਨ ਅਮਰੀਕਾ ਅਤੇ ਕੈਨੇਡਾ ਵਿਚ ਇਕ ਏਜੰਸੀ ਦਾ ਇਕਲੌਤਾ ਇੰਚਾਰਜ ਬਣਾਏ ਜਾਣ ਦੇ ਯੋਗ ਸੀ, ਭਾਵੇਂ ਕਿ ਉਸ ਨੇ ਉਸ ਦੀ 'ਵਧੀਆ ਨਿਗਰਾਨੀ ਹੇਠ ਇਕ ਬਹੁਤ ਹੀ ਢੁਕਵੇਂ ਕਾਮੇ' ਵਜੋਂ ਸਿਫਾਰਸ਼ ਕੀਤੀ ਸੀ। ਪੰਜ ਸਾਲਾਂ ਤੋਂ ਹਾਪਕਿਨਸਨ, ਬੇਸ਼ੱਕ, ਇਕ-ਆਦਮੀ ਵਾਲੀ ਏਜੰਸੀ ਬਣਿਆ ਰਿਹਾ ਸੀ। ਉਹ ਇੱਕ ਜੂਨੀਅਰ ਅਧਿਕਾਰੀ ਸੀ, ਜਿਸਦੀ ਉਮਰ ਸਿਰਫ਼ 35 ਸਾਲ ਸੀ। ਇਸ ਤੋਂ ਇਲਾਵਾ, ਉਸ ਕੋਲ ਸ਼ਾਇਦ ਉਸ ਕਿਸਮ ਦੀ ਸੁਸਾਇਟੀ ਦੀ ਘਾਟ ਸੀ ਜਿਸ ਨੂੰ ਸੀਨੀਅਰ ਸੇਵਾ ਅਧਿਕਾਰੀਆਂ ਦੇ ਤੰਤਰ ਦਾ ਇਕ ਜ਼ਰੂਰੀ ਹਿੱਸਾ ਸਮਝਿਆ ਜਾਂਦਾ ਸੀ।

ਵਾਲਿੰਗਰ ਨਿਸਚੇ ਹੀ ਗਲਤ ਸੀ ਜਦੋਂ ਉਸਨੇ ਕਿਹਾ ਕਿ ਹਾਪਕਿਨਸਨ ਦੇ 'ਬਹੁ-ਪੱਖੀ ਫਰਜ਼ਾਂ' ਨੇ ਉਸਨੂੰ ਸੁਰਖ਼ੀਆਂ ਤੋਂ ਦੂਰ ਰੱਖਿਆ। ਇੰਟੈਲੀਜੈਂਸ ਏਜੰਟ ਵਜੋਂ ਅਤੇ ਇਮੀਗ੍ਰੇਸ਼ਨ ਅਧਿਕਾਰੀ ਵਜੋਂ ਉਸਦੇ ਫਰਜ਼ਾਂ ਵਿਚਕਾਰ ਟਕਰਾਅ ਅੰਤ ਵਿੱਚ ਉਸ ਲਈ ਘਾਤਕ ਸਾਬਿਤ ਹੋਇਆ। 23 ਮਈ, 1914 ਨੂੰ ਸਿੰਗਾਪੁਰ ਤੋਂ ਇਕ ਸਿੱਖ ਉੱਦਮੀ ਗੁਰਦਿੱਤ ਸਿੰਘ ਨੇ ਕੈਨੇਡੀਅਨ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਚੁਣੌਤੀ ਦਿੱਤੀ ਅਤੇ ਕਾਮਾਗਾਟਾ ਮਾਰੂ ਜਹਾਜ਼ ਵਿਚ ਏਸ਼ੀਆਈ ਬੰਦਰਗਾਹਾਂ ਤੋਂ 376 ਸਿੱਖਾਂ ਨੂੰ ਨਾਲ ਲੈ ਕੇ ਵੈਨਕੂਵਰ ਪਹੁੰਚਿਆ। ਉਨ੍ਹਾਂ ਨੂੰ ਉਤਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਅਤੇ 23 ਜੁਲਾਈ ਨੂੰ ਉਸ ਨੂੰ ਵਾਪਸ ਮੋੜ ਦਿੱਤਾ ਗਿਆ। ਇਮੀਗ੍ਰੇਸ਼ਨ ਆਫ਼ਿਸ ਵਿੱਚ ਦੁਭਾਸ਼ੀਏ ਵਜੋਂ, ਹਾਪਕਿਨਸਨ ਨੇ ਗੁਰਦਿੱਤ ਸਿੰਘ ਨਾਲ ਗੱਲਬਾਤ ਨੂੰ ਸੁਭਾਵਿਕ ਤੌਰ 'ਤੇ ਸੰਭਾਲਿਆ। ਉਸ ਨੇ ਦੰਗਾਕਾਰੀ ਕੈਨੇਡੀਅਨਾਂ ਨੂੰ ਰੋਕਣ ਲਈ ਯਤਨ ਕੀਤਾ। ਹਾਪਕਿਨਸਨ ਨੇ ਕਾਮਾਗਾਟਾ ਮਾਰੂ ਉੱਪਰ ਸਵਾਰ ਭਾਰਤੀਆਂ ਨੂੰ ਭੁੱਖਾ ਰੱਖ ਕੇ ਉਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਉਨ੍ਹਾਂ ਦੀ ਯੋਜਨਾ ਨੂੰ ਰੋਕ ਦਿੱਤਾ। ਜਦੋਂ ਕੈਨੇਡੀਅਨਾਂ ਨੇ ਆਖ਼ਰਕਾਰ 19 ਜੁਲਾਈ ਨੂੰ ਪਹੁ ਫੁੱਟਣ ਤੋਂ ਪਹਿਲਾਂ ਹੀ ਜਹਾਜ਼ 'ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ, ਤਾਂ ਹਾਪਕਿਨਸਨ ਨੇ ਹਮਲੇ ਤੋਂ 15 ਮਿੰਟ ਪਹਿਲਾਂ ਸਿੱਖਾਂ ਨਾਲ ਗੱਲਬਾਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਸਮੁੰਦਰੀ ਜਹਾਜ਼ ਵਿਚ ਚੜ੍ਹਨ ਦੀ ਕੋਸ਼ਿਸ਼ ਕਾਮਾਗਾਟਾ ਮਾਰੂ ਤੋਂ ਮਿਜ਼ਾਈਲਾਂ (ਕੋਲਿਆਂ) ਦੀ ਬੁਛਾੜ ਹੋਣ ਕਰ ਕੇ ਬੁਰੀ ਤਰ੍ਹਾਂ ਅਸਫ਼ਲ ਹੋ ਗਈ। ਇਸ ਮਾਮਲੇ ਦੌਰਾਨ ਹਾਪਕਿਨਸਨ ਜਨਤਕ ਤੌਰ 'ਤੇ ਸ਼ਰੇਆਮ ਨੰਗਾ ਹੋ ਗਿਆ। ਇਕ ਪੱਤਰਕਾਰ ਨੇ ਦਾਅਵਾ ਕੀਤਾ ਕਿ ਸਿੱਖ ਵਿਸ਼ੇਸ਼ ਤੌਰ 'ਤੇ ਉਸ ਨੂੰ ਨਿਸ਼ਾਨਾ ਬਣਾ ਰਹੇ ਸਨ ਜਦੋਂ ਉਹ ਧੱਕੇ ਨਾਲ ਜਹਾਜ਼ ਵਿਚ ਚੜ੍ਹਨ ਵਾਲਿਆਂ 'ਤੇ ਗੋਲੀਆਂ ਚਲਾਉਂਦੇ ਸਨ। ਇਹ ਕਿਹਾ ਗਿਆ ਸੀ ਕਿ ਹਾਪਕਿਨਸਨ ਗੰਭੀਰ ਸੱਟ ਤੋਂ ਉਦੋਂ ਹੀ ਬਚਿਆ ਜਦੋਂ ਕਿਸੇ ਨੇ ਉਸ ਦੇ ਇਮੀਗ੍ਰੇਸ਼ਨ ਅਧਿਕਾਰੀ ਵਾਲੀ ਟੋਪੀ ਲਾਹ ਲਈ। ਕਾਮਾਗਾਟਾ ਮਾਰੂ ਵੈਨਕੂਵਰ ਤੋਂ ਉਦੋਂ ਹੀ ਰਵਾਨਾ ਹੋਇਆ ਜਦੋਂ ਜੰਗੀ ਬੇੜੇ ਨੂੰ ਲਿਆਂਦਾ ਗਿਆ।

ਵੈਨਕੂਵਰ ਵਿਚ ਕਾਮਾਗਾਟਾ ਮਾਰੂ ਦੇ ਦੋ ਮਹੀਨੇ ਦੇ ਇੰਤਜ਼ਾਰ ਨੇ ਵੈਨਕੂਵਰ ਸਿੱਖ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਗ਼ਦਰ ਪਾਰਟੀ ਨੂੰ ਵੱਡਾ ਹੁਲਾਰਾ ਦਿੱਤਾ। ਸਿੱਖਾਂ ਦੇ ਬਦਲੇ ਦੀ ਭਾਵਨਾ ਦਾ ਪਹਿਲਾ ਸ਼ਿਕਾਰ ਹਾਪਕਿਨਸਨ ਦੇ ਵਫ਼ਾਦਾਰ ਸਿੱਖ ਸਨ, ਜਿਨ੍ਹਾਂ ਦੀ ਅਗਵਾਈ ਬੇਲਾ ਸਿੰਘ ਕਰ ਰਿਹਾ ਸੀ। ਪਟਿਆਲੇ ਦਾ ਹਰਨਾਮ ਸਿੰਘ ਮ੍ਰਿਤਕ ਪਾਇਆ ਗਿਆ ਸੀ, ਜਿਸ ਦਾ ਗਲ਼ਾ ਕੱਟਿਆ ਹੋਇਆ ਸੀ। 3 ਸਤੰਬਰ ਨੂੰ ਉਸ ਦੇ ਧੜੇ ਦੇ ਇਕ ਹੋਰ ਅਰਜਨ ਸਿੰਘ ਨੂੰ ਸਿੱਖ ਗੁਰਦਵਾਰੇ, ਜੋ ਵੈਨਕੂਵਰ ਦੇ ਸਿੱਖਾਂ ਵਿਚ 'ਬਗ਼ਾਵਤ' ਦਾ ਕੇਂਦਰ ਸੀ, ਦੀ ਕਮੇਟੀ ਦੇ ਇਕ ਮੈਂਬਰ ਨੇ ਗੋਲੀ ਮਾਰ ਦਿੱਤੀ ਸੀ।...."

**ਹਾਪਕਿਨਸਨ ਦਾ ਕਤਲ:**

ਮੁਖ਼ਬਰ ਅਕਸਰ ਚੂਹਿਆਂ ਤੇ ਚੋਰਾਂ ਦੀ ਤਰ੍ਹਾਂ ਹਨੇਰੀ, ਲੁਕਵੀਂ, ਲਾਹਣਤ ਭਰੀ ਜ਼ਿੰਦਗੀ ਬਤੀਤ ਕਰਦੇ ਹਨ। ਉਨ੍ਹਾਂ ਦਾ ਕਾਲ਼ ਉਡੀਕ ਰਿਹਾ ਹੁੰਦਾ ਹੈ। ਵਕਤੀ ਤੌਰ 'ਤੇ ਭਾਵੇਂ ਉਹ ਆਯਾਸ਼ੀ, ਅਮੀਰੀ, ਧਨ-ਦੌਲਤ, ਤੇ ਸਰਕਾਰੇ-ਦਰਬਾਰੇ ਪੁੱਛ-ਪਰਤੀਤ ਦੀਆਂ ਸਹੂਲਤਾਂ ਦਾ ਆਨੰਦ ਮਾਣਦੇ ਹਨ ਪਰ ਅੰਤ ਵਿਚ ਕੁੱਤੇ ਦੀ ਮੌਤ ਹੀ ਮਰਦੇ ਹਨ। ਅਜਿਹਾ ਕੁੱਝ ਹੀ ਹਾਪਕਿਨਸਨ ਦੀ ਹੋਣੀ ਵਿਚ ਲਿਖਿਆ ਗਿਆ ਸੀ। ਉਸ ਦੇ ਗੁਨਾਹਾਂ ਦੀ ਪੰਡ ਭਾਰੀ ਹੋ ਚੁੱਕੀ ਸੀ। ਉਸਨੇ ਅਯਾਸ਼ੀ ਦਾ ਜੀਵਨ ਜੀਵਿਆ ਤੇ ਆਪਣੀਆਂ ਖ਼ੁਫ਼ੀਆ ਕਰਤੂਤਾਂ ਕਰ ਕੇ ਬੇਅੰਤ ਬੇਕਸੂਰ, ਨਿਰਦੋਸ਼ ਭਾਰਤੀਆਂ ਨੂੰ ਮਰਵਾਇਆ, ਭਾਰਤੀ ਲੋਕਾਂ ਵਿਚ ਫੁੱਟ ਪੁਆਈ ਤੇ ਗ਼ਦਰ ਨੂੰ ਢਾਹ ਲਾਈ। ਉਸਦੀਆਂ ਕਰਤੂਤਾਂ ਦੀ ਸਜ਼ਾ ਉਸਨੂੰ ਮਿਲਣੀ ਹੀ ਸੀ।

(3*)"....4 ਅਗਸਤ, 1914 ਨੂੰ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਗ਼ਦਰ ਪਾਰਟੀ ਦਾ ਹੁਕਮ ਮੰਨਦਿਆਂ ਕਨੇਡਾ ਦੇ ਗ਼ਦਰੀ ਵੀ ਦੇਸ਼ ਨੂੰ ਜਾਣ ਲੱਗੇ। ਗ਼ਦਰ ਪਾਰਟੀ ਦੀਆਂ ਸਰਗਰਮੀਆਂ ਨੂੰ ਤਾਰਪੀਡੋ ਕਰਨ ਲਈ ਹਾਪਕਿਨਸਨ ਦੀ ਸ਼ਹਿ 'ਤੇ ਬੇਲਾ ਸਿੰਘ ਜਿਆਣ ਨੇ 5 ਸਤੰਬਰ, 1914 ਨੂੰ ਕਨੇਡਾ ਦੀ ਗ਼ਦਰ ਪਾਰਟੀ ਦੇ ਮੁੱਖ ਲੀਡਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਭਾਈ ਬਦਨ ਸਿੰਘ ਨੂੰ ਗੁਰਦੁਆਰੇ ਵਿੱਚ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਜਿਆਣ ਉੱਤੇ ਵੈਨਕੂਵਰ 'ਚ, ਬੀ. ਸੀ. ਦੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਮੁਕੱਦਮਾ ਚੱਲ ਰਿਹਾ ਸੀ। ਕੁਝ ਦਿਨ ਪਹਿਲਾਂ ਹਾਪਕਿਨਸਨ ਨੇ ਗਵਾਹੀ ਦੇ ਕੇ, 'ਸਰਕਾਰ-ਪ੍ਰਸਤ ਟੋਲੇ' ਨਾਲ ਸੰਬੰਧਤ ਇੱਕ ਹਿੰਦੁਸਤਾਨੀ ਨੂੰ ਕਤਲ ਦੇ ਕੇਸ 'ਚੋਂ ਬਰੀ ਕਰਵਾਇਆ ਸੀ ਤੇ ਹੁਣ ਉਹ ਬੇਲਾ ਸਿੰਘ ਦੇ ਹੱਕ ਵਿੱਚ ਜਿਊਰੀ ਅੱਗੇ ਗਵਾਹੀ ਦੇਣ ਜਾ ਰਿਹਾ ਸੀ। 21 ਅਕਤੂਬਰ, 1914 ਦਾ ਦਿਨ ਸੀ। ਸਵੇਰ ਦੇ ਦਸ ਵੱਜ ਕੇ ਬਾਰਾਂ ਮਿੰਟ ਹੋਏ ਸਨ। ਹਾਪਕਿਨਸਨ ਕੋਰਟ ਰੂਮ 'ਚ ਦਾਖ਼ਲ ਹੋਣ ਵਾਲੇ ਦਰਵਾਜ਼ੇ ਦੇ ਬਿਲਕੁਲ ਕੋਲ ਬਰਾਂਡੇ ਵਿੱਚ ਕੰਧ ਨਾਲ ਢੋਅ ਲਾਈ ਖੜ੍ਹਾ ਸੀ। ਭਾਈ ਮੇਵਾ ਸਿੰਘ ਬਰਾਂਡੇ ਵਿੱਚੋਂ ਦੀ ਤੁਰਦੇ ਹੋਏ ਹਾਪਕਿਨਸਨ ਦੇ ਨੇੜੇ ਪੁੱਜ ਗਏ। ਉਨ੍ਹਾਂ ਨੇ ਦੋਨੋਂ ਹੱਥ ਆਪਣੀ ਪਤਲੂਨ ਦੀਆਂ ਜੇਬਾਂ ਚ ਪਾਏ ਹੋਏ ਸਨ। ਹਾਪਕਿਨਸਨ ਦੇ ਕੋਲ ਪੁੱਜ ਕੇ ਉਨ੍ਹਾਂ ਨੇ ਆਪਣਾ ਪਸਤੌਲ ਕੱਢਿਆ ਤੇ ਇਕ ਕਦਮ ਅੱਗੇ ਵਧ ਕੇ ਸੱਜੇ ਹੱਥ ਨਾਲ ਉਸ ਦੇ ਗੋਲ਼ੀ ਮਾਰੀ। ਹਾਪਕਿਨਸਨ ਨੇ ਭਾਈ ਮੇਵਾ ਸਿੰਘ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ ਪਰ ਮੇਵਾ ਸਿੰਘ ਨੇ ਕਾਹਲ਼ੀ ਨਾਲ ਉਸ ਦੇ ਹੋਰ ਗੋਲ਼ੀਆਂ ਮਾਰ ਦਿੱਤੀਆਂ। ਗੋਲ਼ੀਆਂ ਲੱਗਣ ਨਾਲ ਹਾਪਕਿਨਸਨ ਗੋਡਿਆਂ ਭਾਰ ਹੋ ਗਿਆ ਤੇ ਉਹਨੇ ਮੇਵਾ ਸਿੰਘ ਦੇ ਪੱਟ ਫੜ ਲਏ। ਭਾਈ ਮੇਵਾ ਸਿੰਘ ਨੇ ਸੱਜੇ ਹੱਥ ਵਿੱਚ ਫੜ੍ਹੇ ਰੀਵਾਲਵਰ ਦੀ ਹੱਥੀ ਹਾਪਕਿਨਸਨ ਦੇ ਸਿਰ ਵਿੱਚ ਕਈ ਵਾਰ ਮਾਰੀ। ਇਸ ਤੋਂ ਬਾਅਦ ਉਨ੍ਹਾਂ ਸੱਜੇ ਹੱਥ ਵਿੱਚ ਫੜ੍ਹਿਆ ਰੀਵਾਲਵਰ ਥੱਲੇ ਸੁੱਟ ਦਿੱਤਾ ਅਤੇ ਖੱਬੇ ਹੱਥ ਵਿੱਚ ਫੜ੍ਹੇ ਰੀਵਾਲਵਰ ਨੂੰ ਸੱਜੇ ਹੱਥ ਵਿੱਚ ਫੜ ਕੇ ਹਾਪਕਿਨਸਨ ਦੇ ਹੋਰ ਗੋਲ਼ੀਆਂ ਮਾਰੀਆਂ। ਕੋਰਟ ਰੂਮ ਵਿੱਚ ਹਾਜ਼ਰ ਬਹੁਤ ਸਾਰੇ ਬੰਦਿਆਂ ਨੇ ਕਤਲ ਹੁੰਦਾ ਵੇਖਿਆ ਸੀ। ਪਰ ਉਹ ਡਰ ਨਾਲ ਸਹਿਮ ਗਏ ਸਨ। ਉਨ੍ਹਾਂ ਬਾਹਰ ਆਉਣ ਦਾ ਹੌਸਲਾ ਨਾ ਕੀਤਾ ਤੇ ਮਲਕੜੇ ਜਿਹੇ ਕੋਰਟ ਰੂਮ ਦਾ ਦਰਵਾਜ਼ਾ ਬੰਦ ਕਰ ਲਿਆ।

ਹਾਪਕਨਿਸਨ ਦੇ ਚਾਰ ਗੋਲ਼ੀਆਂ ਲੱਗੀਆਂ ਸਨ। ਇੱਕ ਗੋਲ਼ੀ ਉਸ ਦੇ ਖੱਬੇ ਪੱਟ ਦੇ ਹੇਠਲੇ ਹਿੱਸੇ ਵਿਚ ਅੰਦਰਲੇ ਪਾਸਿਉਂ ਵੜ ਕੇ ਬਾਹਰ ਨਿਕਲ ਗਈ ਸੀ। ਦੂਜੀ ਗੋਲ਼ੀ ਉਸ ਦੀ ਪਿੱਠ ਵਿੱਚ ਖੱਬੇ ਪਾਸੇ ਵੱਜੀ ਸੀ। ਇਨ੍ਹਾਂ ਦੋ ਗੋਲ਼ੀਆਂ ਨਾਲ ਉਸ ਦੇ ਸਰੀਰ ਦੇ ਕਿਸੇ ਖਾਸ ਅੰਗ ਦਾ ਨੁਕਸਾਨ ਨਹੀਂ ਸੀ ਹੋਇਆ। ਪਰ ਦੋ ਗੋਲ਼ੀਆਂ ਹਾਪਕਿਨਸਨ ਲਈ ਜਾਨ-ਲੇਵਾ ਸਾਬਤ ਹੋਈਆਂ। ਇਨ੍ਹਾਂ 'ਚੋਂ ਇੱਕ ਗੋਲ਼ੀ ਉਸ ਦੇ ਸੱਜੇ ਪਾਸੇ, ਛਾਤੀ ਦੇ ਹੇਠਲੇ ਹਿੱਸੇ ਵਿਚ ਛੇਵੀਂ ਪੱਸਲੀ ਕੋਲ਼ ਵੱਜੀ ਸੀ। ਇਹ ਗੋਲੀ ਸੱਜੇ ਫੇਫੜੇ ਵਿਚ ਦੀ ਲੰਘ, ਦਿਲ ਨੂੰ ਪਾੜ ਕੇ, ਛਾਤੀ ਦੇ ਖੱਬੇ ਪਾਸੇ ਤੀਜੀ ਪੱਸਲੀ, ਕੋਲ਼ ਜਾ ਫਸੀ ਸੀ। ਚੌਥੀ ਗੋਲ਼ੀ ਹਾਪਕਿਨਸਨ ਦੀ ਪਿੱਠ ਵਿਚ ਸੱਜੇ ਪਾਸੇ ਵੱਜੀ ਸੀ। ਇਹ ਗੋਲ਼ੀ ਸੱਜੇ ਫੇਫੜੇ ਨੂੰ ਪਾੜ ਕੇ ਛਾਤੀ ਦੇ ਖੱਬੇ ਹਿੱਸੇ 'ਚ ਜਾ ਫਸੀ ਸੀ। ਹਾਪਕਿਨਸਨ ਥਾਂ 'ਤੇ ਹੀ ਮਰ ਗਿਆ ਸੀ। ਮੇਵਾ ਸਿੰਘ ਨੇ ਹਾਪਕਿਨਸਨ ਦਾ ਕਤਲ 'ਪਬਲਿਕ ਪਲੇਸ' ਉੱਤੇ ਕੀਤਾ ਸੀ। ਕਤਲ ਕਰ ਕੇ ਉਨ੍ਹਾਂ ਨੇ ਦੌੜਨ ਦੀ ਕੋਸ਼ਿਸ਼ ਨਹੀਂ ਸੀ ਕੀਤੀ ਅਤੇ ਆਰਾਮ ਨਾਲ ਰੀਵਾਲਵਰ ਸਫਾਈ ਕਰਨ ਵਾਲੇ ਕਾਮੇ ਨੂੰ ਫੜਾਉਂਦਿਆਂ ਬੋਲੇ ਸੀ, "ਆਈ ਸ਼ੂਟ, ਆਈ ਗੋ ਸਟੇਸ਼ਨ।" ਪੁਲਸ ਆਉਣ 'ਤੇ ਮੇਵਾ ਸਿੰਘ ਨੇ ਬਿਨਾਂ ਕਿਸੇ ਵਿਰੋਧ ਦੇ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਸੀ।

ਹਾਪਕਿਨਸਨ ਦੀ ਮੌਤ ਬਾਰੇ ਵੈਨਕੂਵਰ ਤੋਂ ਔਟਵਾ, ਔਟਵਾ ਤੋਂ ਲੰਡਨ ਅਤੇ ਲੰਡਨੋਂ ਦਿੱਲੀ ਨੂੰ ਤਾਰਾਂ ਖੜਕਾਈਆਂ ਗਈਆਂ। ਕਨੇਡਾ ਦੇ ਗਵਰਨਰ ਜਨਰਲ, ਲੰਡਨ ਬੈਠੇ ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ ਅਤੇ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਹਾਰਡਿੰਗ ਨੂੰ ਸੂਚਿਤ ਕੀਤਾ ਗਿਆ। ਹਿੰਦੁਸਤਾਨੀਆਂ ਦੇ ਦੁਸ਼ਮਣ, ਵੈਨਕੂਵਰ ਤੋਂ ਕਨਜ਼ਰਵੇਟਿਵ ਪਾਰਟੀ ਦੇ ਐੱਮ. ਪੀ., ਐੱਚ. ਐੱਚ. ਸਟੀਵਨਜ਼ ਨੇ ਉਸੇ ਦਿਨ ਪ੍ਰਧਾਨ ਮੰਤਰੀ ਬੋਰਡਨ ਨੂੰ ਲਿਖ ਕੇ ਸਲਾਹ ਦਿੱਤੀ ਕਿ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਕਨੇਡਾ 'ਚੋਂ ਜ਼ਬਰਦਸਤੀ ਡੀਪੋਰਟ ਕਰ ਦੇਣਾ ਚਾਹੀਦਾ ਹੈ।

ਕਨੇਡੀਅਨ ਸਰਕਾਰ ਵੱਲੋਂ ਵੈਨਕੂਵਰ ਵਿੱਚ ਹਾਪਕਿਨਸਨ ਦਾ ਬਹੁਤ ਵੱਡਾ ਜਨਾਜ਼ਾ ਕੱਢਿਆ ਗਿਆ। ਪੁਲੀਸ, ਫਾਇਰਮੈਂਨ. ਇਮੀਗੇਸ਼ਨ-ਕਸਟਮ ਅਧਿਕਾਰੀ ਅਤੇ ਅਮਰੀਕਨ ਇਮੀਗੇਸ਼ਨ ਡੀਪਾਰਟਮੈਂਟ ਅਤੇ ਸੀ. ਪੀ. ਆਰ. ਦੇ ਸੈਂਕੜੇ ਮੁਲਾਜ਼ਮ ਜਨਾਜ਼ੇ ਨਾਲ਼ ਚੱਲ ਰਹੇ ਸਨ। ਜਨਾਜ਼ੇ 'ਚ ਦੋ ਹਜ਼ਾਰ ਤੋਂ ਵੱਧ ਬੰਦੇ ਸ਼ਾਮਲ ਸਨ। ਰਸਤੇ ਵਿੱਚ ਹਰ ਹਿੰਦੁਸਤਾਨੀ ਦੇ ਪਿੱਛੇ ਇੱਕ ਬਿਨ ਵਰਦੀਓਂ ਪੁਲਸੀਆ ਖੜ੍ਹਾ ਸੀ। ਪੁਲਸ ਨੂੰ ਡਰ ਸੀ ਕਿ ਹਿੰਦੁਸਤਾਨੀ ਆਵਾਸੀ ਇਮੀਗੇਸ਼ਨ ਮਹਿਕਮੇ ਦੇ ਹੈੱਡ ਰੀਡ ਅਤੇ ਪੁਲਸ ਦੇ ਆਪਣੇ ਚੀਫ਼ ਨੂੰ ਵੀ ਗੋਲ਼ੀ ਮਾਰਨ ਦੀ ਕੋਸ਼ਿਸ਼ ਕਰਨਗੇ। ਮੈਲਕਮ ਰੀਡ ਨੇ ਅਸਲ ਵਿੱਚ ਹਾਪਕਿਨਸਨ ਦੇ ਨਾਲ਼ ਹੀ ਮਾਰਿਆ ਜਾਣਾ ਸੀ। 21 ਅਕਤੂਬਰ ਵਾਲੇ ਦਿਨ ਉਹਨੇ ਇਮੀਗੇਸ਼ਨ ਦਫਤਰ ਤੋਂ ਹਾਪਕਿਨਸਨ ਨਾਲ਼ ਕਚਹਿਰੀ ਨੂੰ ਜਾਣਾ ਸੀ ਪਰ ਉਹ ਆਪਣੇ ਦਫਤਰ 'ਚ ਲੇਟ ਪੁਜਾ ਸੀ। ਹਾਪਕਿਨਸਨ ਉਸ ਨੂੰ ਉਡੀਕ ਉਡੀਕ ਕੇ ਇਕੱਲਾ ਹੀ ਚਲਾ ਗਿਆ ਸੀ। ਇਸ ਤਰ੍ਹਾਂ ਕਿਸਮਤ ਮੈਲਕਮ ਰੀਡ ਨੂੰ ਬਚਾ ਗਈ ਸੀ।

ਕਨੇਡੀਅਨ ਅਧਿਕਾਰੀਆਂ ਨੂੰ ਪੂਰਾ ਯਕੀਨ ਸੀ ਕਿ ਹਾਪਕਿਨਸਨ ਨੂੰ ਮਾਰਨ ਦਾ ਕੰਮ ਇਕੱਲੇ ਮੇਵਾ ਸਿੰਘ ਦਾ ਨਹੀਂ ਸੀ। ਉਹ ਸੋਚਦੇ ਸੀ ਕਿ ਮੇਵਾ ਸਿੰਘ ਕੋਲੋਂ ਹਾਪਕਿਨਸਨ ਨੂੰ ਗੋਲ਼ੀ ਮਰਵਾਉਣ 'ਚ ਅਸਲ ਵਿੱਚ 'ਸ਼ੋਅਰ ਕਮੇਟੀ' ਵਾਲੇ ਗ਼ਦਰੀ ਲੀਡਰਾਂ ਦਾ ਹੱਥ ਸੀ। ਇਸ ਲਈ ਪੁਲਸ ਨੇ ਹੁਸੈਨ ਰਹੀਮ, ਭਾਈ ਬਲਵੰਤ ਸਿੰਘ, ਸੋਹਣ ਲਾਲ, ਕਰਤਾਰ ਸਿੰਘ ਨਵਾਂ ਚੰਦ ਅਤੇ ਭਾਈ ਮਿੱਤ ਸਿੰਘ ਪੰਡੋਰੀ ਨੂੰ, ਮੇਵਾ ਸਿੰਘ ਨੂੰ ਉਕਸਾ ਕੇ ਉਸ ਕੋਲੋਂ ਹਾਪਕਿਨਸਨ ਦਾ ਕਤਲ ਕਰਵਾਉਣ ਦੇ ਦੋਸ਼ ਵਿੱਚ ਚਾਰਜ ਕਰ ਲਿਆ। ਹਾਪਕਿਨਸਨ ਦੇ ਪਾਲਤੂ ਬੰਦੇ ਨੱਥਾ ਸਿੰਘ, ਨੈਣਾ ਸਿੰਘ, ਗੰਗਾ ਰਾਮ, ਪਰਤਾਪ ਸਿੰਘ, ਭਗਤ ਸਿੰਘ, ਠਾਕਰ ਸਿੰਘ, ਬੇਲਾ ਸਿੰਘ ਅਤੇ ਡਾਕਟਰ ਰਘੂਨਾਥ ਸਿੰਘ, ਮੁਕੱਦਮੇ ਵਿੱਚ ਗਵਾਹਾਂ ਵਜੋਂ ਗ਼ਦਰੀਆਂ ਦੇ ਵਿਰੁੱਧ ਭੁਗਤੇ। ਪਰ ਇਨ੍ਹਾਂ ਗਵਾਹਾਂ ਦੇ ਬਿਆਨ ਆਪੋ ਵਿੱਚ ਮਿਲਦੇ ਨਾ ਹੋਣ ਕਾਰਨ ਜੱਜ ਨੇ ਗ਼ਦਰੀ ਲੀਡਰਾਂ ਨੂੰ ਬਰੀ ਕਰ ਦਿੱਤਾ। ਦਰਅਸਲ ਹਾਪਕਿਨਸਨ ਨੂੰ ਕਤਲ ਕਰਨ ਦਾ ਫੈਸਲਾ ਇਕੱਲੇ ਮੇਵਾ ਸਿੰਘ ਦਾ ਨਹੀਂ ਸੀ। ਕਨੇਡਾ ਦੀਆਂ ਬਹੁਤੀਆਂ ਅਖ਼ਬਾਰਾਂ ਨੇ ਇਹ ਹੀ ਲਿਖਿਆ ਸੀ ਕਿ ਇਹ ਕਤਲ ਗਦਰੀ ਲੀਡਰਾਂ ਦੀ ਸਲਾਹ ਨਾਲ ਅਤੇ ਉਨ੍ਹਾਂ ਦੀ ਪਲੈਨ ਅਨੁਸਾਰ ਹੋਇਆ ਸੀ। ਇਨ੍ਹਾਂ ਅਖਬਾਰਾਂ ਅਨੁਸਾਰ ਹਾਪਕਿਨਸਨ ਨੂੰ ਕਤਲ ਕਰਨ ਦਾ ਫੈਸਲਾ ਵੈਨਕੂਵਰ ਦੇ ਗਦਰੀ ਲੀਡਰਾਂ ਨੇ ਸਾਂਝੇ ਤੌਰ 'ਤੇ ਕੀਤਾ ਸੀ। ਤੇ ਗਦਰੀਆਂ ਦੇ ਇਸ ਫੈਸਲੇ ਪਿੱਛੇ ਹਾਪਕਿਨਸਨ ਦੇ ਘਿਨਾਉਣੇ ਕੰਮਾਂ ਦੀ ਲੰਮੀ ਲਿਸਟ ਸੀ।..."

(ਸ਼ਹੀਦ) ਭਾਈ ਮੇਵਾ ਸਿੰਘ ਨੇ ਹਾਪਕਿਨਸਨ ਦਾ ਕਤਲ ਕਿਉਂ ਕੀਤਾ? ਇਸ ਦਾ ਵੇਰਵਾ ਸ਼ਹੀਦ ਭਾਈ ਮੇਵਾ ਸਿੰਘ ਦਾ ਇਕਬਾਲੀਆ ਬਿਆਨ ਅਗਲੇ ਅੰਕ ਵਿਚ ਦਿੱਤਾ ਜਾਵੇਗਾ।

ਧੰਨਵਾਦ ਸਹਿਤ ਰੈਫ਼ਰੈਂਸ / ਹਵਾਲੇ:

(1*) Hugh J. M. Johnston ÒThe Voyage of the Komagata Maru: The Sikh Challenge to CanadaÕs Colour Bar Expanded and Fully Revised Edition;

(2*) Richard J. Popplewell ÒIntelligence and Imperial Defence British Intelligence and the Defence of the Indian Empire 1904-1924, 2015;

(3*) ਸੋਹਣ ਸਿੰਘ ਪੂੰਨੀ "ਕਨੇਡਾ ਦੇ ਗਦਰੀ ਯੋਧੇ" ਜਨਵਰੀ 2011; and

(4*) Sharon Pollock's Play "The Komagata Maru Incidence"

# ਮਜਦੂਰ ਜਮਾਤ ਦੇ ਆਗੂ ਤੇ ਅਧਿਆਪਕ - ਫਰੈਡਰਿਕ ਏਂਗਲਜ

ਅੱਜ ਤੋਂ 202 ਸਾਲ ਪਹਿਲਾਂ (28 ਨਵੰਬਰ 1820) ਜਰਮਨੀ 'ਚ ਫਰੈਡਰਿਕ ਏਂਗਲਜ ਦਾ ਜਨਮ ਹੋਇਆ ਸੀ। ਮਜਦੂਰ ਜਮਾਤ ਦੇ ਆਗੂ ਤੇ ਅਧਿਆਪਕ, ਕਾਰਲ ਮਾਰਕਸ ਦੇ ਅਜੀਜ ਦੋਸਤ, ਵਿਗਿਆਨਕ ਸਮਾਜਵਾਦ ਦਾ ਮੁੱਢ ਬੰਨਣ ਤੇ ਹੋਰ ਸਿਧਾਂਤਕ ਕੰਮਾਂ ਵਿੱਚ ਮਾਰਕਸ ਦੇ ਮਦਦਗਾਰ ਹੋਣਾ ਏਂਗਲਜ ਦੀ ਮੁੱਖ ਪਛਾਣ ਹੈ। ਪਰ ਉਹਨਾਂ ਦੀ ਸਮੁੱਚੀ ਸਖਸੀਅਤ ਤੇ ਜੀਵਨ ਬਹੁਤ ਵੰਨ-ਸੁਵੰਨਾ, ਰੌਚਕ ਤੇ ਲਾਮਿਸਾਲ ਹੈ।

ਭਰ ਜਵਾਨੀ ਇੱਕ ਅਖਾਬਰ ਲਈ ਲਿਖਦੇ ਸਮੇਂ ਮਾਰਕਸ ਤੇ ਏਂਗਲਜ ਦੇ ਵਿਚਾਰਾਂ ਦੀ ਨੇੜਤਾ ਕਾਰਨ 1844 'ਚ ਉਹਨਾਂ ਵਿਚਕਾਰ ਇੱਕ ਲਾਮਿਸਾਲ ਦੋਸਤੀ ਦਾ ਮੁੱਢ ਬੰਨ੍ਹਿਆ ਗਿਆ। ਗਿਆਨ ਪੱਖੋਂ ਗੱਲ ਕਰੀਏ ਤਾਂ ਉਹ ਇੱਕ ਦਾਰਸਨਿਕ, ਅਰਥ-ਸਾਸਤਰੀ, ਸਮਾਜ-ਵਿਗਿਆਨੀ ਇਤਿਹਾਸਕਾਰ, ਭਾਸਾ-ਸ਼ਾਸਤਰੀ, ਸਾਹਿਤ ਅਲੋਚਕ, ਅਨੁਵਾਦਕ ਤੇ ਪੱਤਰਕਾਰ ਸਨ। ਇਸ ਤੋਂ ਬਿਨਾਂ ਭੌਤਿਕ ਵਿਗਿਆਨ, ਰਸਾਣਿਕ ਵਿਗਿਆਨ, ਗਣਿਤ, ਖਗੋਲ ਵਿਗਿਆਨ ਆਦਿ ਜਿਹੇ ਕੁਦਰਤੀ ਵਿਗਿਆਨਾਂ ਬਾਰੇ ਉਹਨਾਂ ਦੀ ਜਾਣਕਾਰੀ ਦਾ ਖੇਤਰ ਵੀ ਬਹੁਤ ਵਿਸਾਲ ਸੀ ਜਿਸਦਾ ਸਬੂਤ ਉਹਨਾਂ ਦੀ ਲਿਖਤ 'ਕੁਦਰਤ ਦਾ ਦਵੰਦ' ਵਿੱਚੋਂ ਮਿਲਦਾ ਹੈ। ਜੀਵ ਵਿਗਿਆਨ ਦੇ ਪਿਤਾਮਾ ਡਾਰਵਿਨ ਦੀਆਂ ਕਿਤਾਬਾਂ ਦੇ ਪਹਿਲੇ ਪਾਠਕ ਤੇ ਉਸਦੇ ਮਹੱਤਵ ਉੱਪਰ ਜੋਰ ਦਾ ਕੰਮ ਵੀ ਏਂਗਲਜ ਨੇ ਕੀਤਾ। ਇੱਕ ਵਾਰ ਸਮੁੰਦਰੀ ਜਹਾਜ ਦੇ ਮਹੀਨਾ ਭਰ ਲੰਮੇ ਸਫਰ ਦੌਰਾਨ ਉਹਨਾਂ ਜਹਾਜਰਾਨੀ ਹੀ ਸਿੱਖ ਲਈ। 28 ਸਾਲ ਦੀ ਉਮਰੇ ਹੰਗਰੀ ਦੀ ਜੰਗ ਬਾਰੇ ਉਹ ਜਾਣਕਾਰੀ ਭਰਪੂਰ ਲਿਖਦੇ ਤੇ ਸਹੀ ਭਵਿੱਖਬਾਣੀ ਕਰਦੇ ਜਿਸਤੋਂ ਲੋਕ ਸੋਚਦੇ ਸਨ ਕਿ ਇਹ ਕੋਈ ਹੰਗਰੀ ਦਾ ਫੌਜੀ ਜਰਨੈਲ ਲਿਖ ਰਿਹਾ ਹੈ। ਇਹੋ ਦੂਰ-ਅੰਦੇਸੀ ਉਹਨਾਂ ਨੇ 1870 ਦੀ ਫਰਾਂਸ-ਪਰਸੀਆ ਜੰਗ ਸਮੇਂ ਵਿਖਾਈ ਜਿਸ ਕਾਰਨ ਉਹਨਾਂ ਦਾ ਨਾਮ 'ਜਨਰਲ' ਪੈ ਗਿਆ।

ਉਹ ਤਕਰਬੀਨ 22 ਭਾਸ਼ਾਵਾਂ ਜਾਣਦੇ ਸਨ। ਪਰ ਉਹ ਕੋਈ ਖੁਸਕ ਵਿਦਵਾਨ ਜਾਂ ਕਿਤਾਬੀ ਕੀੜਾ ਨਹੀਂ ਸਨ। ਏਂਗਲਜ ਖੁਸ-ਮਿਜਾਜ, ਮਖੌਲੀਆ ਤੇ ਸੌਕੀਨ ਸੁਭਾਅ ਦੇ ਮਾਲਕ ਸਨ। ਸਫਾਈ ਤੇ ਸਲੀਕਾ, ਘੋੜ ਸਵਾਰੀ, ਸ਼ਿਕਾਰ ਕਰਨਾ, ਦੋਸਤਾਂ ਦੀ ਸੰਗਤ ਮਾਨਣਾ ਉਹਨਾਂ ਦੀ ਸਖਸੀਅਤ ਦਾ ਅਨਿੱਖੜਵਾਂ ਹਿੱਸਾ ਸਨ। ਉਹਨਾਂ ਦੇ ਦੋਸਤਾਂ/ਸਮਕਾਲੀਆਂ ਵੱਲੋਂ ਚਿਤਰੀ ਉਹਨਾਂ ਦੀ ਸਖਸੀਅਤ ਵੱਲ ਕੋਈ ਵੀ ਖਿੱਚੇ ਬਿਨਾਂ ਨਹੀਂ ਰਹਿ ਸਕਦਾ। 1848 ਦੇ ਇਨਕਲਾਬ, ਕਮਿਊਨਿਸਟ ਲੀਗ, ਪਹਿਲੀ ਇੰਟਨੈਸਲਨ ਸਮੇਤ ਮਜਦੂਰ ਜਮਾਤ ਦੇ ਅਨੇਕਾਂ ਸੰਘਰਸਾਂ ਵਿੱਚ ਵੀ ਉਹ ਮੋਹਰੀ ਕਤਾਰ ਵਿੱਚ ਰਹੇ।



ਜਦੋਂ ਮਾਰਕਸ ਉੱਪਰ ਆਰਥਿਕ ਤੰਗੀ ਦਾ ਬੋਝ ਪਿਆ ਤਾਂ ਮਾਰਕਸ ਦੀ ਆਪਣੇ ਨਾਲੋਂ ਵੱਧ ਕਾਬਲੀਅਤ ਨੂੰ ਪਛਾਣਦੇ ਹੋਏ ਮਾਰਕਸ ਪਰਿਵਾਰ ਦਾ ਖਰਚਾ ਚੁੱਕਣ ਲਈ ਏਂਗਲਜ ਮਾਨਚੈਸਟਰ ਵਿੱਚ ਟਿਕ ਗਏ ਅਤੇ ਕਪਾਹ ਦੀ ਇੱਕ ਮਿੱਲ ਦੇ ਦਫਤਰ ਵਿੱਚ ਕਲਰਕ ਦਾ ਕੰਮ ਕਰਨ ਲੱਗੇ। ਇਸ "ਵਪਾਰਕ ਗੁਲਾਮੀ" ਵਿੱਚ ਉਸ ਨੇ ਵੀਹ ਵਰ੍ਹੇ ਕੁਰਬਾਨ ਕੀਤੇ। ਇਸ ਬਾਰੇ ਨਾ ਉਹਨਾਂ ਕਦੇ ਕੋਈ ਸ਼ਿਕਾਇਤ ਕੀਤੀ ਤੇ ਨਾ ਹੀ ਕਦੇ ਕੋਈ ਅਫਸੋਸ ਕੀਤਾ।

ਉਹ ਮਾਰਕਸ ਦੇ ਸਿਧਾਂਤਕ ਕੰਮਾਂ ਵਿੱਚ ਉਹ ਲਗਭਗ ਬਰਾਬਰ ਦੇ ਭਾਈਵਾਲ ਸਨ। ਕਿਸੇ ਨੁਕਤੇ ਨੂੰ ਲੋਕਾਂ ਸਾਹਮਣੇ ਲਿਜਾਣ ਤੋਂ ਪਹਿਲਾਂ ਦੋਵੇਂ ਦੋਸਤ ਆਪਸ ਵਿੱਚ ਵਿਚਾਰਦੇ ਤੇ ਇੱਕ ਦੀ ਸਹਿਮਤੀ ਤੋਂ ਬਿਨਾਂ ਦੂਜਾ ਉਹਨਾਂ ਨੂੰ ਜਨਤਕ ਨਾ ਕਰਦਾ। ਜਿੱਥੇ ਮਾਰਕਸਵਾਦ ਦੀਆਂ ਅਨੇਕਾਂ ਅਹਿਮ ਕਿਰਤਾਂ ਇਹਨਾਂ ਦੋਵਾਂ ਦੋਸਤਾਂ ਦੇ ਨਾਮ ਹਨ ਉੱਥੇ ਕਿਸੇ ਇੱਕ ਦੇ ਨਾਮ ਹੇਠ ਛਪੀਆਂ ਲਿਖਤਾਂ ਵਿੱਚ ਵੀ ਦੂਸਰੇ ਦੇ ਸਲਾਹ-ਮਸਵਰਿਆਂ ਤੇ ਪੜਚੋਲ ਦਾ ਅਹਿਮ ਯੋਗਦਾਨ ਰਿਹਾ ਹੈ। ਵਿਚਾਰਕ ਸਮਝ ਹੀ ਨਹੀਂ ਦੋਵਾਂ ਦੀ ਸਿਆਸੀ ਤੇ ਨਿੱਜੀ ਜ਼ਿੰਦਗੀ ਵੀ ਆਪਸ ਵਿੱਚ ਇੰਨੀ ਗੁੰਦੀ ਹੋਈ ਹੈ ਕਿ ਮਾਰਕਸ ਤੇ ਏਂਗਲਜ ਵਿੱਚੋਂ ਇੱਕ ਦੇ ਜ਼ਿਕਰ ਬਿਨਾਂ ਦੂਜੇ ਦਾ ਜੀਵਨ ਅਧੂਰਾ ਹੈ। ਇਸ ਲਈ 'ਮਾਰਕਸਵਾਦ' ਵੀ ਅਸਲ ਵਿੱਚ ਮਾਰਕਸ ਤੇ ਏਂਗਲਜ, ਦੋ ਵਿਅਕਤੀਆਂ, ਦੀ ਦੇਣ ਹੈ।

1883 ਵਿੱਚ ਮਾਰਕਸ ਦੇ ਚਲਾਣੇ ਤੋਂ ਮਗਰੋਂ ਦੋਵਾਂ ਦੋਸਤਾਂ ਦੇ ਸਾਂਝੇ ਕਾਜ ਦੀ ਅਨੇਕਾਂ ਅਹਿਮ ਜ਼ਿੰਮੇਵਾਰੀਆਂ ਏਂਗਲਜ ਦੇ ਮੋਢਿਆਂ ਉੱਤੇ ਆਣ ਪਈਆਂ। ਏਂਗਲਜ ਕੌਮਾਂਤਰੀ ਮਜਦੂਰ ਜਮਾਤ ਦੀ ਲਹਿਰ ਦਾ ਮਾਨਤਾ-ਪ੍ਰਾਪਤ ਮੁਖੀ ਬਣ ਗਏ ਤੇ ਉਹਨਾਂ ਨੇ ਸੰਸਾਰ ਭਰ ਦੀਆਂ ਕਮਿਊਨਿਸਟ ਪਾਰਟੀਆਂ ਨੂੰ ਲੋੜੀਂਦੀ ਸੇਧ ਦਿੱਤੀ, ਕਮਿਊਨਿਟ ਲਹਿਰ ਨੂੰ ਮੁਖਾਤਿਬ ਹੋਏ ਅਨੇਕਾਂ ਸਵਾਲਾਂ ਦੇ ਜੁਆਬ ਦਿੱਤੇ। ਨਾਲ ਹੀ ਮਾਰਕਸ ਦੀ ਵਡਮੁੱਲੀ ਲਿਖਤ ਸਰਮਾਇਆ ਦੇ ਪਹਿਲਾ ਭਾਗ ਛਪਣ ਪਿੱਛੋਂ ਬਾਕੀ ਤਿੰਨ ਭਾਗਾਂ ਦੇ ਖਰੜਿਆਂ ਦਾ ਸੰਪਾਦਨ ਕਰਕੇ ਕਿਤਾਬ ਦੇ ਰੂਪ ਵਿੱਚ ਛਾਪਣ ਦਾ ਕੰਮ ਬਾਕੀ ਸੀ। ਇਹਨਾਂ ਵਿੱਚ ਅਨੇਕਾਂ ਥਾਂ ਲੋੜੀਂਦੇ ਵਿਸਥਾਰ ਦੇਣ, ਕੁੱਝ ਸੋਧਾਂ ਕਰਨ ਦੀ ਲੋੜ ਸੀ ਅਤੇ ਏਂਗਲਜ ਹੀ ਇੱਕੋ-ਇੱਕ ਅਜਿਹੇ ਇਨਸਾਨ ਸਨ ਜੋ ਮਾਰਕਸ ਦੇ ਚਿੰਤਨ ਦੇ ਭਾਈਵਾਲ ਹੋਣ ਕਾਰਨ ਇਸ ਵਿਚਲੇ ਵਿਚਾਰਾਂ ਨੂੰ ਸਟੀਕਤਾ ਨਾਲ ਸਮਝ ਸਕਦੇ ਸਨ ਤੇ ਇਸ ਕੰਮ ਨੂੰ ਮੁਕਾ ਸਕਦੇ ਸਨ। ਮਾਰਕਸ ਦੇ 'ਸਰਮਾਇਆ' ਨੂੰ ਪੂਰਾ ਕਰਨ ਦਾ ਕੰਮ ਵੀ ਏਂਗਲਜ ਨੇ ਕੀਤਾ।

ਮਾਰਕਸ ਨਾਲ ਕੀਤੇ ਕੰਮਾਂ ਤੋਂ ਬਿਨਾਂ 'ਇੰਗਲੈਂਡ ਵਿੱਚ ਮਜਦੂਰ ਜਮਾਤ ਦੀ ਹਾਲਤ', 'ਡਿਊਹਰਿੰਗ ਵਿਰੁੱਧ', 'ਕੁਦਰਤ ਦਾ ਦਵੰਦ', 'ਇੰਗਲੈਂਡ ਤੇ ਫਰਾਂਸ 'ਚ ਕਿਸਾਨੀ ਦਾ ਸਵਾਲ', 'ਜਰਮਨੀ ਵਿੱਚ ਇਨਕਲਾਬ ਤੇ ਉਲਟ ਇਨਕਲਾਬ', 'ਸੋਸਲਿਜਮ: ਵਿਗਿਆਨਕ ਤੇ ਕਾਲਪਨਿਕ', 'ਫਿਊਰਬਾਖ ਤੇ ਕਲਾਸਿਕੀ ਜਰਮਨ ਦਰਸਨ ਦਾ ਅੰਤ' ਤੇ 'ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉੱਤਪਤੀ' ਜਿਹੀਆਂ ਏਂਗਲਜ ਦੀਆਂ ਆਪਣੀਆਂ ਵੀ ਕਈ ਵਡਮੁੱਲੀਆਂ ਲਿਖਤਾਂ ਹਨ।

5 ਅਗਸਤ 1895 ਦੀ ਰਾਤ 11 ਵਜੇ ਲਗਭਗ 75 ਵਰ੍ਹੇ ਦੀ ਉਮਰ ਭੋਗਣ ਮਗਰੋਂ ਏਂਗਲਜ ਨੇ ਆਖਰੀ ਸਾਹ ਲਿਆ। ਆਖਰੀ ਸਾਹ ਤੱਕ ਉਹਨਾਂ ਨੇ ਮਨੁੱਖਤਾ ਦੀ ਗੁਲਾਮੀ ਤੋਂ ਮੁਕਤੀ ਦੇ ਕਾਜ ਪ੍ਰਤੀ ਸਮਰਪਣ ਤੇ ਮਾਰਕਸ ਦੀ ਦੋਸਤੀ ਦੀਆਂ ਜ਼ਿੰਮੇਵਾਰੀਆਂ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ। ਆਪਣੀ ਪੂਰੀ ਜ਼ਿੰਦਗੀ ਮਜਦੂਰ ਜਮਾਤ ਦੇ ਲੇਖੇ ਲਾ ਕੇ ਉਹ ਯੁਗਾਂ ਲਈ ਸਤਿਕਾਰ ਦੇ ਹੱਕਦਾਰ ਹੋ ਗਏ।

ਇਸ ਬਹੁ-ਪੱਖੀ ਸ਼ਖ਼ਸੀਅਤ ਦਾ ਜੀਵਨ ਬਾਰੇ ਇਸ ਸੰਖੇਪ ਚਰਚਾ ਦਾ ਅੰਤ ਇਹਨਾਂ ਸਬਦਾਂ ਨਾਲ ਹੀ ਸਭ ਤੋਂ ਵੱਧ ਢੁਕਵਾਂ ਹੈ ਜੋ ਉਹਨਾਂ ਖੁਦ ਮਾਰਕਸ ਬਾਰੇ ਉਹਨਾਂ ਦੀ ਕਬਰ 'ਤੇ ਕਹੇ ਸਨ, "ਹੋਰ ਸਭ ਕੁੱਝ ਤੋਂ ਪਹਿਲਾਂ ਇੱਕ ਇਨਕਲਾਬੀ ਸਨ ਜਿਸਦਾ ਉਦੇਸ ਸਰਮਾਏਦਾਰਾ ਸਮਾਜ ਤੇ ਇਸਤੋਂ ਪੈਦਾ ਹੋਣ ਵਾਲੀਆਂ ਸੰਸਥਾਵਾਂ ਨੂੰ ਢਹਿ-ਢੇਰੀ ਕਰਨ ਤੇ ਮਜਦੂਰ ਜਮਾਤ ਨੂੰ ਅਜਾਦ ਕਰਨ ਵਿੱਚ ਹਿੱਸਾ ਪਾਉਣਾ ਸੀ .... ਉਹਨਾਂ ਦਾ ਕੰਮ ਤੇ ਉਹਨਾਂ ਦਾ ਨਾਂ ਯੁੱਗਾਂ-ਯੁੱਗਾਂ ਤੱਕ ਅਮਰ ਰਹੇਗਾ।"

ਲਲਕਾਰ 'ਚੋਂ ਧੰਨਵਾਦ ਸਹਿਤ



HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family

Call: 416.209.6363
Hardeep Atwal
Sr. Financial Advisor

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca
Hiring AZ drivers and owner operator

Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਸੁਪਰੀਮ ਕੋਰਟ ਨੂੰ ਸਵਾਲ

# ਵਿਅਕਤੀ ਦੀ ਸੁਤੰਤਰਤਾ ਜ਼ਰੂਰੀ ਹੈ ਜਾਂ ਸਰਕਾਰ ਦਾ ਰੁਤਬਾ ?

-ਪ੍ਰੋਫੈਸਰ ਅਪੂਰਵਾਨੰਦ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਆਨੰਦ ਤੇਲਤੁੰਬੜੇ ਨੂੰ ਬੰਬੇ ਹਾਈ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਜ਼ਮਾਨਤ ਦੇ ਦਿੱਤੀ ਹੈ। ਦੂਜੇ ਪਾਸੇ, ਸੁਪਰੀਮ ਕੋਰਟ ਨੇ ਗੌਤਮ ਨਵਲਖਾ ਨੂੰ ਤਲੋਜਾ ਜੇਲ੍ਹ ਵਿੱਚੋਂ ਬਾਹਰ ਕੱਢ ਕੇ ਘਰ ਵਿਚ ਨਜ਼ਰਬੰਦ ਰੱਖਣ ਦੇ ਹੁਕਮ ਦਿੱਤੇ ਹਨ। ਜਿਸ ਦਲੀਲ ਨਾਲ ਆਨੰਦ ਨੂੰ ਜ਼ਮਾਨਤ ਮਿਲੀ ਹੈ, ਉਸੇ ਦਲੀਲ ਨਾਲ ਗੌਤਮ ਨੂੰ ਵੀ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਪਰ ਉਸ ਦੀ ਉਮਰ ਅਤੇ ਸਿਹਤ ਨੂੰ ਦੇਖਦੇ ਹੋਏ ਅਦਾਲਤ ਨੇ ਉਸ ਉੱਪਰ ਮਹਿਜ਼ ਰਹਿਮ ਕਰਨ ਦੀ ਇਜਾਜ਼ਤ ਖ਼ੁਦ ਨੂੰ ਦਿੱਤੀ ਹੈ।

ਬੰਬੇ ਹਾਈ ਕੋਰਟ ਦੇ ਜਸਟਿਸ ਗਡਕਰੀ ਅਤੇ ਜਾਦਵ ਦੇ ਬੈਂਚ ਦਾ ਇਹ ਫ਼ੈਸਲਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸੇ ਬੈਂਚ ਨੇ ਹਾਲ ਹੀ ਵਿਚ ਇਸੇ ਕੇਸ ਵਿਚ ਜੋਤੀ ਜਗਤਾਪ ਅਤੇ ਹਨੀ ਬਾਬੂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਦੋਵਾਂ ਕੇਸਾਂ ਵਿਚ, ਅਦਾਲਤ ਨੇ ਸਰਕਾਰੀ ਪੱਖ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਦੋ ਤਰੀਕੇ ਜਾਂ ਦੋ ਵੱਖੋ-ਵੱਖਰੇ ਰਵੱਈਏ ਦਿਖਾਏ। ਆਨੰਦ ਨੂੰ ਜ਼ਮਾਨਤ ਨਾ ਦੇਣ ਦੀ ਸਰਕਾਰੀ ਪੱਖ ਜਾਂ ਭਾਰਤੀ ਸਟੇਟ ਦੀ ਅਪੀਲ ਅਦਾਲਤ ਨੇ ਰੱਦ ਕਰ ਦਿੱਤੀ। ਉਸਨੇ ਉਨ੍ਹਾਂ ਉੱਪਰ ਲਗਾਏ ਗਏ ਦੋਸ਼ਾਂ ਦੀ ਜਾਂਚ ’ਚ ਦੇਖਿਆ ਕਿ ਸਰਕਾਰੀ ਪੱਖ ਦੋਸ਼ਾਂ ਨੂੰ ਸਾਬਤ ਕਰਨ ਲਈ ਨਾ ਤਾਂ ਪੁਖਤਾ ਸਬੂਤ ਦੇ ਪਾ ਰਿਹਾ ਹੈ ਅਤੇ ਨਾ ਹੀ ਉਸ ਦੀਆਂ ਦਲੀਲਾਂ ਵਿਚ ਕੋਈ ਦਮ ਹੈ।

**ਭੀਮਾ ਕੋਰੇਗਾਓਂ**: ਜ਼ਰਾ ਚੇਤੇ ਕਰੋ ਕਿ ਆਨੰਦ, ਗੌਤਮ, ਹਨੀ ਬਾਬੂ, ਜੋਤੀ ਜਗਤਾਪ ਜੇਲ੍ਹ ਵਿਚ ਕਿਉਂ ਹਨ। 1 ਜਨਵਰੀ, 2018 ਨੂੰ ਮਹਾਰਾਸ਼ਟਰ ਦੇ ਪੁਣੇ ਨੇੜੇ ਭੀਮਾ ਕੋਰੇਗਾਓਂ ਵਿਚ ਹਜ਼ਾਰਾਂ ਦਲਿਤ ਪੇਸ਼ਵਿਆਂ ਵਿਰੁੱਧ ਅੰਗਰੇਜ਼ੀ ਫ਼ੌਜ ਦੀ ਮਹਾਰ ਟੁਕੜੀ ਦੀ ਜਿੱਤ ਦੇ ਦੋ ਸੌ ਸਾਲਾਨਾ ਜਸ਼ਨ ਮਨਾਉਣ ਲਈ ਉੱਥੇ ਜੁੜੇ ਸਨ। ਇਕ ਸ਼ਾਮ ਪਹਿਲਾਂ ਸ਼ਨੀਵਾਰ ਵਾੜਾ ਵਿਚ ਹੋਏ ‘ਐਲਗਾਰ ਪ੍ਰੀਸ਼ਦ’ ਨਾਂ ਦੇ ਇਕੱਠ ਵਿਚ ਬਹੁਤ ਸਾਰੇ ਲੋਕਾਂ ਨੇ ਜੋ ਭਾਸ਼ਣ ਦਿੱਤੇ ਅਤੇ ਗੀਤ ਗਾਏ, ਉਨ੍ਹਾਂ ਵਿਚ ਸਰਕਾਰ ਦੀ ਆਲੋਚਨਾ ਹੋਣੀ ਹੀ ਸੀ।

ਇਸ ਪਿੱਛੋਂ ਭੀਮਾ ਕੋਰੇਗਾਓਂ ਸਮਾਗਮ ’ਚ ਹਿੱਸਾ ਲੈ ਰਹੇ ਲੋਕਾਂ ’ਤੇ ਹਮਲਾ ਕੀਤਾ ਗਿਆ। ਇਕ ਵਿਅਕਤੀ ਦੀ ਜਾਨ ਚਲੀ ਗਈ ਅਤੇ ਕਈ ਜ਼ਖ਼ਮੀ ਹੋਏ। ਭੀੜ ਨੂੰ ਹਿੰਸਾ ਲਈ ਉਕਸਾਉਣ ਦੇ ਦੋਸ਼ੀ ਦੋ ਸਥਾਨਕ ਅਤੇ ਪ੍ਰਭਾਵਸ਼ਾਲੀ ਹਿੰਦੂਤਵੀ ਆਗੂ ਸੰਭਾਜੀ ਭਿੜੇ ਅਤੇ ਮਿਲਿੰਦ ਏਕਬੋਟੇ ਸਨ। ਉਨ੍ਹਾਂ ਵਿਰੁੱਧ ਪੁਲਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਗਈ। ਪਰ ਅੱਜ ਤੱਕ ਉਨ੍ਹਾਂ ਉੱਪਰ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਬਾਦ ਮਹਾਰਾਸ਼ਟਰ ਵਿਚ ਦਲਿਤਾਂ ਨੇ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤੇ।

“ਐਲਗਾਰ ਪ੍ਰੀਸ਼ਦ’ ਖ਼ਿਲਾਫ਼ ਜਾਂਚ: ਪੁਲਿਸ ਨੇ ਹਿੰਸਾ ਦੀ ਜਾਂਚ ਵਿਚ ਦਿਲਚਸਪੀ ਲੈਣ ਦੀ ਬਜਾਏ ‘ਐਲਗਾਰ ਪ੍ਰੀਸ਼ਦ’ ਵਿਰੁੱਧ ਜਾਂਚ ਸ਼ੁਰੂ ਕਰ ਦਿੱਤੀ। ਇਲਜ਼ਾਮ ਇਹ ਲਗਾਇਆ ਕਿ ‘ਐਲਗਾਰ ਪ੍ਰੀਸ਼ਦ’ ਵਿਚ ਦਿੱਤੇ ਭੜਕਾਊ, ਸਰਕਾਰ ਵਿਰੋਧੀ ਅਤੇ ਫੁੱਟ ਪਾਊ ਭਾਸ਼ਣਾਂ ਅਤੇ ਗੀਤਾਂ ਕਾਰਨ ਹਿੰਸਾ ਭੜਕੀ। ਇਹ ਅਜੀਬ ਦਲੀਲ ਸੀ। ਜੇਕਰ ਦਲਿਤਾਂ ਨੇ ਭਾਸ਼ਣਾਂ ਜਾਂ ਗੀਤਾਂ ਤੋਂ ਉਤੇਜਿਤ ਹੋ ਕੇ ਹਿੰਸਾ ਕੀਤੀ ਹੁੰਦੀ ਤਾਂ ਵੀ ਇਸ ਦੋਸ਼ ’ਤੇ ਵਿਚਾਰ ਕੀਤਾ ਜਾ ਸਕਦਾ ਸੀ। ਪਰ ਹਿੰਸਾ ਤਾਂ ਦਲਿਤਾਂ ਉੱਪਰ ਕੀਤੀ ਗਈ। ਤਾਂ ਕੀ ਪੁਲਿਸ ਇਹ ਕਹਿਣਾ ਚਾਹੁੰਦੀ ਹੈ ਕਿ ਇਨ੍ਹਾਂ ਭਾਸ਼ਣਾਂ ਅਤੇ ਗੀਤਾਂ ਨੂੰ ਸੁਣ ਕੇ ਹਿੰਦੂਤਵੀ ਕਾਰਕੁਨ ਭੜਕ ਗਏ ਅਤੇ ਇਸ ਕਾਰਨ ਉਨ੍ਹਾਂ ਨੇ ਹਿੰਸਾ ਕੀਤੀ?



ਯਾਨੀ ਕਿ ਦਲਿਤਾਂ ਨੂੰ ਹੀ ਉਨ੍ਹਾਂ ਉੱਪਰ ਹੋਈ ਹਿੰਸਾ ਲਈ ਜ਼ਿੰਮੇਵਾਰ ਠਹਿਰਾਇਆ ਗਿਆ! ਜਿਵੇਂ ਔਰਤਾਂ ਨੂੰ ਅਕਸਰ ਕਿਹਾ ਜਾਂਦਾ ਹੈ ਕਿ ਉਹ ਆਪਣੇ ਕੱਪੜਿਆਂ, ਹਾਵ-ਭਾਵ ਨਾਲ ਮਰਦਾਂ ਨੂੰ ਆਪਣੇ ਉੱਪਰ ਹਿੰਸਾ ਲਈ ਉਕਸਾਉਂਦੀਆਂ ਹਨ?

**“ਵਿਆਪਕ ਮਾਓਵਾਦੀ ਸਾਜ਼ਿਸ਼”**: ਪੁਲਿਸ ਇੱਥੇ ਨਹੀਂ ਰੁਕੀ। ਇਸ ਨੇ ਐਲਗਾਰ ਪ੍ਰੀਸ਼ਦ ਦੇ ਆਯੋਜਨ ਨੂੰ ਹਿੰਸਾ ਪਿਛਲੀ ਸਾਜ਼ਿਸ਼ ਦਾ ਹਿੱਸਾ ਮੰਨਦੇ ਹੋਏ ਆਪਣੀ ਅਖੌਤੀ ਜਾਂਚ ਸ਼ੁਰੂ ਕੀਤੀ। ਪੁਲਿਸ ਜਾਂਚ ਦਾ ਘੇਰਾ ਵਧਾਉਂਦੀ ਗਈ ਅਤੇ ਇਸ ਨੇ ਦਾਅਵਾ ਕੀਤਾ ਕਿ ਇਸ ਦੀ ਜਾਂਚ ’ਚ ਇਕ ਮੁਲਕ-ਵਿਆਪੀ “ਵਿਆਪਕ ਮਾਓਵਾਦੀ ਸਾਜ਼ਿਸ਼” ਸਾਹਮਣੇ ਆਈ ਹੈ ਜਿਸ ਦੇ ਇਰਾਦੇ ਭਿਆਨਕ ਸਨ। ਇਹ ਸਰਕਾਰ ਨੂੰ ਦਹਿਸ਼ਤਜ਼ਦਾ ਕਰਨਾ ਚਾਹੁੰਦੀ ਸੀ, ਸਾਜ਼ਿਸ਼ ਘਾੜਿਆਂ ਦਾ ਇਰਾਦਾ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦਾ ਸੀ, ਇਹ ਖ਼ੁਲਾਸਾ ਪੁਲਿਸ ਨੇ ਆਪਣੀ “ਛਾਣਬੀਣ” ਰਾਹੀਂ ਕੀਤਾ!

**ਸ਼ਹਿਰੀ ਨਕਸਲੀ**: ਇਸ ‘ਸਾਜ਼ਿਸ਼ ਦੇ ਦਿਮਾਗਾਂ’ ਦੀ ਖੋਜ ਕਰਦੇ ਹੋਏ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਨੂੰ ਅੱਜਕੱਲ੍ਹ ਦੀ ਸਰਕਾਰੀ ਬੋਲੀ ਵਿਚ ਮਾਓਵਾਦੀ ਜਾਂ ਸ਼ਹਿਰੀ ਨਕਸਲੀ ਕਿਹਾ ਜਾਂਦਾ ਹੈ। ਅਸੀਂ ਆਮ ਤੌਰ ’ਤੇ ਸਰਕਾਰ ਦੀ ਬੋਲੀ ’ਤੇ ਸਵਾਲ ਨਹੀਂ ਉਠਾਉਂਦੇ। ਇਸ ਲਈ ਮੀਡੀਆ ਦੇ ਵੱਡੇ ਹਿੱਸੇ ਨੇ ਮੰਨ ਲਿਆ ਕਿ ਆਦਿਵਾਸੀਆਂ ਦੇ ਹੱਕਾਂ ਲਈ ਲੜਨ ਵਾਲੇ ਫਾਦਰ ਸਟੈਨ ਸਵਾਮੀ, ਸੁਧਾ ਭਾਰਦਵਾਜ, ਅੰਗਰੇਜ਼ੀ ਦੇ ਪ੍ਰੋਫੈਸਰ ਹਨੀ ਬਾਬੂ, ਦਲਿਤ ਵਿਦਵਾਨ ਡਾ. ਆਨੰਦ ਤੇਲਤੁੰਬੜੇ, ਕਲਾਕਾਰ ਜੋਤੀ ਜਗਤਾਪ, ਕਵੀ ਅਤੇ ਸਿਆਸੀ ਕਾਰਕੁਨ ਵਰਾਵਰਾ ਰਾਓ, ਪੱਤਰਕਾਰ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਗੌਤਮ ਨਵਲੱਖਾ ਸਮੇਤ ਗ੍ਰਿਫ਼ਤਾਰ ਕੀਤੇ 16 ਜਣੇ ਸ਼ਹਿਰੀ ਨਕਸਲੀ ਹਨ।

**ਰੋਨਾ ਵਿਲਸਨ ਤੋਂ ‘ਬਰਾਮਦ ਚਿੱਠੀ’**: ਪੁਣੇ ਪੁਲਿਸ ਨੇ ਲੋਕਾਂ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਕਿ ਇਹ ਸਾਰੇ ਲੋਕ ਪ੍ਰਧਾਨ ਮੰਤਰੀ ਨੂੰ ਕਤਲ ਕਰਨ ਬਾਰੇ ਵੀ ਸੋਚ ਰਹੇ ਸਨ। ਇਸ ਦੇ ਸਬੂਤ ਵਜੋਂ ਦਿੱਲੀ ਤੋਂ ਕਾਰਕੁਨ ਰੋਨਾ ਵਿਲਸਨ ਦੇ ਕੰਪਿਊਟਰ ’ਚੋਂ ‘ਬਰਾਮਦ ਹੋਈ’ ਇਕ ਐਸੀ ਚਿੱਠੀ ਪੇਸ਼ ਕੀਤੀ ਗਈ ਜਿਸ ਉੱਪਰ ਲਿਖਣ ਵਾਲੇ ਦੇ ਦਸਤਖ਼ਤ ਨਹੀਂ ਸਨ ਅਤੇ ਜਿਸ ਨੂੰ ਪੜ੍ਹ ਕੇ ਸਧਾਰਣ ਬੁੱਧੀ ਵਾਲਾ ਵਿਅਕਤੀ ਵੀ ਸਮਝ ਸਕਦਾ ਹੈ ਕਿ ਪੁਲਿਸ ਨੇ ਇਹ ਜਾਅਲੀ ਸਬੂਤ ਘੜਿਆ ਹੈ। ਇਸ ਚਿੱਠੀ ਦੀ ਮਦਦ ਨਾਲ ਆਨੰਦ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਆਨੰਦ ਉੱਪਰ ਪੁਲਿਸ ਦਾ ਇਲਜ਼ਾਮ ਇਹ ਹੈ ਕਿ ਉਹ ਮਾਓਵਾਦੀਆਂ ਦਾ ਵੱਡਾ ਬੁੱਧੀਜੀਵੀ ਹੈ, ਐਲਗਾਰ ਪ੍ਰੀਸ਼ਦ ਦੇ ਪਿੱਛੇ ਉਸੇ ਦਾ ਦਿਮਾਗ ਸੀ, ਉਹ ਮਾਓਵਾਦੀ ਪਾਰਟੀ ਦੇ ਸੀਨੀਅਰ ਨੇਤਾ ਮਿਲਿੰਦ ਤੇਲਤੁੰਬੜੇ ਨਾਲ ਮਿਲ ਕੇ ਸਾਜ਼ਿਸ਼ ਰਚ ਰਿਹਾ ਸੀ। ਮਾਓਵਾਦੀ ਪਾਰਟੀ ਉਨ੍ਹਾਂ ਨੂੰ ਪੈਸੇ ਦੇ ਕੇ ਬਦੇਸ਼ਾਂ ਵਿਚ ਸੈਮੀਨਾਰਾਂ ਵਗੈਰਾ ’ਚ ਭੇਜਦੀ ਸੀ, ਜਿੱਥੋਂ ਉਹ ਖ਼ਤਰਨਾਕ ਅਧਿਐਨ ਸਮੱਗਰੀ ਲਿਆ ਕੇ ਮਾਓਵਾਦੀਆਂ ਨੂੰ ਦਿੰਦਾ ਸੀ।

ਪੁਲਸ ਨੇ ਆਨੰਦ ਉੱਪਰ ਇਹ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਹ ਦਹਿਸ਼ਤਵਾਦੀ ਸਰਗਰਮੀਆਂ ’ਚ ਸ਼ਾਮਲ ਸੀ। ਉਸ ਦੇ ਵਿਰੁੱਧ ਸਭ ਤੋਂ ਸਖ਼ਤ ਦਹਿਸ਼ਤਵਾਦ ਵਿਰੋਧੀ ਕਾਨੂੰਨ ਯੂ.ਏ.ਪੀ.ਏ. ਦੀਆਂ ਸਭ ਤੋਂ ਕਰੜੀਆਂ ਧਾਰਾਵਾਂ ਲਗਾਈਆਂ ਗਈਆਂ। ਇਸ ਦਾ ਮਤਲਬ ਇਹ ਸੀ ਕਿ ਉਸ ਨੂੰ ਕਿਸੇ ਵੀ ਤਰ੍ਹਾਂ ਜ਼ਮਾਨਤ ਨਹੀਂ ਮਿਲ ਸਕਦੀ ਸੀ।

ਯੂ.ਏ.ਪੀ.ਏ. ਦੀ ਵਰਤੋਂ ਦਹਿਸ਼ਤਵਾਦੀ ਹਿੰਸਾ ਦਾ ਮੁਕਾਬਲਾ ਕਰਨ ਦੇ ਨਾਂ ’ਤੇ ਕੀਤੀ ਜਾਂਦੀ ਹੈ। ਇਸੇ ਕਰਕੇ ਬਾਕੀ ਜੁਰਮਾਂ ਨਾਲੋਂ ਇਸ ਵਿਚ ਵੱਖਰਾ ਰਵੱਈਆ ਅਪਣਾਇਆ ਜਾਂਦਾ ਹੈ। ਦੋਸ਼ੀ ਪੂਰੀ ਤਰ੍ਹਾਂ ਬੇਵੱਸ ਹੁੰਦਾ ਹੈ। ਅਦਾਲਤ ਨੂੰ ਜ਼ਮਾਨਤ ਦੇ ਪੜਾਅ ’ਤੇ ਪੁਲਿਸ ਦੇ ਦਾਅਵਿਆਂ ਦੀ ਸਚਾਈ ਦੀ ਜਾਂਚ ਕਰਨ ਦੀ ਮਨਾਹੀ ਹੈ। ਭਾਵ ਪੁਲਿਸ ਜੋ ਕਹਿ ਰਹੀ ਹੈ ਅਦਾਲਤ ਨੂੰ ਉਸੇ ਨੂੰ ਮੰਨਣਾ ਪਵੇਗਾ। ਭਾਵ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ ਤੱਕ, ਜਿਸ ਨੂੰ ਦਸ ਸਾਲ ਲੱਗ ਸਕਦੇ ਹਨ, ਦੋਸ਼ੀ ਸਿਰਫ਼ ਲਾਏ ਗਏ ਦੋਸ਼ਾਂ ਦੇ ਆਧਾਰ ’ਤੇ ਜੇਲ੍ਹ ਵਿਚ ਸੜਨ ਲਈ ਮਜਬੂਰ ਹਨ।

ਬੰਬੇ ਹਾਈ ਕੋਰਟ ਦੇ ਉਪਰੋਕਤ ਬੈਂਚ ਨੇ ਵੱਖਰਾ ਰਵੱਈਆ ਅਪਣਾਇਆ। ਬੈਂਚ ਨੇ ਆਨੰਦ ਖ਼ਿਲਾਫ਼ ਪੁਲੀਸ ਦੇ ਦੋਸ਼ਾਂ ਦੀ ਬਾਰੀਕੀ ਨਾਲ ਜਾਂਚ ਕੀਤੀ। ਉਸ ਨੇ ਕਿਹਾ ਕਿ ਕਿਉਂਕਿ ਦੋਸ਼ ਦਹਿਸ਼ਤਗਰਦੀ ਦੇ ਹਨ, ਇਸ ਲਈ ਜ਼ਰੂਰੀ ਹੈ ਇਹ ਹਰ ਤਰ੍ਹਾਂ ਦੀ ਜਾਂਚ ’ਤੇ ਪੂਰੇ ਉੱਤਰਨ। ਜਦੋਂ ਕਾਨੂੰਨ ਇੰਨਾ ਸਖ਼ਤ ਹੋਵੇ ਕਿ ਮੁਲਜ਼ਮ ਬਿਨਾਂ ਦੋਸ਼ ਸਾਬਤ ਕੀਤੇ ਸਾਲਾਂਬੱਧੀ ਜੇਲ੍ਹ ਵਿਚ ਰਹਿਣ ਲਈ ਸਰਾਪੇ ਹੋਣ ਤਾਂ ਉਨ੍ਹਾਂ ਦੀ ਸਚਾਈ ਦੀ ਜਾਂਚ ਵੀ ਓਨੀ ਹੀ ਸਖ਼ਤ ਹੋਣੀ ਚਾਹੀਦੀ ਹੈ। ਆਖ਼ਿਰਕਾਰ ਸਵਾਲ ਵਿਅਕਤੀ ਦੀ ਸੁਤੰਤਰਤਾ ਦਾ ਹੈ। ਸਟੇਟ ਦੇ ਸਾਰੇ ਅਦਾਰਿਆਂ ਨੂੰ ਇਸ ਦੀ ਰੱਖਿਆ ਲਈ ਕੰਮ ਕਰਨਾ ਪਵੇਗਾ। ਉਸ ਸੁਤੰਤਰਤਾ ਨਾਲ ਬਿਨਾਂ ਕਿਸੇ ਜਾਇਜ਼ ਕਾਰਨ ਦੇ ਸਮਝੌਤਾ ਨਹੀਂ ਕੀਤਾ ਜਾ ਸਕਦਾ।

**ਕਿੱਥੇ ਹਨ ਸਬੂਤ?**

ਆਨੰਦ ਮਰਹੂਮ ਮਾਓਵਾਦੀ ਆਗੂ ਮਿਲਿੰਦ ਦਾ ਭਰਾ ਹੈ ਪਰ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਹ ਖ਼ੁਦ ਮਾਓਵਾਦੀ ਹੈ। ਜੇ ਪੁਲਿਸ ਦੀ ਇਹ ਗੱਲ ਵੀ ਮੰਨ ਲਈ ਜਾਵੇ ਕਿ ਉਹ ਮਾਓਵਾਦੀ ਪਾਰਟੀ ਨਾਲ ਸਬੰਧਤ ਹੈ, ਹਾਲਾਂਕਿ ਪੁਲਿਸ ਇਸ ਦਾ ਕੋਈ ਸਬੂਤ ਪੇਸ਼ ਨਹੀਂ ਕਰ ਸਕੀ, ਫਿਰ ਵੀ ਇਹ ਸਬੂਤ ਨਹੀਂ ਹੈ ਕਿ ਉਹ ਕਿਸੇ ਹਿੰਸਕ ਕਾਰਵਾਈ ਵਿਚ ਸ਼ਾਮਲ ਸੀ। ਨਾ ਮਿਲਿੰਦ ਨਾਲ ਉਸ ਦੀਆਂ ਮਿਲਣੀਆਂ ਦਾ ਕੋਈ ਸਬੂਤ ਪੇਸ਼ ਕੀਤਾ ਗਿਆ। ਨਾ ਇਸ ਦਾ ਕੋਈ ਸਬੂਤ ਹੈ ਕਿ ਮਾਓਵਾਦੀ ਪਾਰਟੀ ਉਸ ਨੂੰ ਪੈਸੇ ਦਿੰਦੀ ਸੀ।

**ਉਮਰ ਖ਼ਾਲਿਦ ਕੇਸ**: ਇਸ ਬੈਂਚ ਨੇ ਪੁਲੀਸ ਵੱਲੋਂ ਪੇਸ਼ ਕੀਤੀਆਂ ਤਜਵੀਜ਼ਾਂ ’ਤੇ ਮੋਹਰ ਲਾਉਣ ਤੋਂ ਇਨਕਾਰ ਕਰ ਦਿੱਤਾ। ਇਸ ਬੈਂਚ ਨੇ ਉਹ ਨਹੀਂ ਕੀਤਾ ਜੋ ਦਿੱਲੀ ਦੀ ਅਦਾਲਤ ਨੇ ਉਮਰ ਖ਼ਾਲਿਦ ਦੀ ਜ਼ਮਾਨਤ ਦੀ ਅਰਜੀ ਨੂੰ ਰੱਦ ਕਰਨ ਲਈ ਕੀਤਾ ਸੀ। ਦਿੱਲੀ ਹਾਈ ਕੋਰਟ ਨੇ ਕਿਹਾ ਕਿ ਉਮਰ ਖ਼ਾਲਿਦ ਨੇ ‘ਇਨਕਲਾਬ’ ਜਾਂ ‘ਕ੍ਰਾਂਤੀਕਾਰੀ’ ਵਰਗੇ ਭਿਆਨਕ ਸ਼ਬਦਾਂ ਦੀ ਵਰਤੋਂ ਕੀਤੀ ਜਿਨ੍ਹਾਂ ’ਚੋਂ ਖ਼ੂਨ-ਖਰਾਬੇ ਦੀ ਬੂ ਆਉਂਦੀ ਹੈ। ਪੁਲਿਸ ਤੋਂ ਸੌ ਕਦਮ ਅੱਗੇ ਜਾ ਕੇ ਅਦਾਲਤ ਨੇ ਬਿਨਾਂ ਕਿਸੇ ਸਬੂਤ ਦੇ ਉਮਰ ਨੂੰ ਖ਼ੂੰਖ਼ਾਰ ਸ਼ਖ਼ਸ ਦੀ ਤਰ੍ਹਾਂ ਪੇਸ਼ ਕੀਤਾ। ਯਾਨੀ ਅਦਾਲਤ ਨੇ ਹੀ ਉਮਰ ’ਤੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ।

ਦਿੱਲੀ ਪੁਲਿਸ ਕੋਲ ਕੋਈ ਸਬੂਤ ਨਹੀਂ ਹੈ ਕਿ ਦਿੱਲੀ ਹਿੰਸਾ ਲਈ ਉਮਰ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਹੈ। ਪਰ ਅਦਾਲਤ ਨੇ ਪੁਲਿਸ ਤੋਂ ਸਬੂਤ ਮੰਗਣ ਦੀ ਬਜਾਏ ਖ਼ੁਦ ਹੀ ਸਬੂਤ ਤਜਵੀਜ਼ ਕਰਨੇ ਸ਼ੁਰੂ ਕਰ ਦਿੱਤੇ। ਕਿ ਸਿਰਫ਼ ਇਨਕਲਾਬੀ ਇਸਤਕਬਾਲ ਜਾਂ ਕ੍ਰਾਂਤੀਕਾਰੀ ਸ਼ੁਭਕਾਮਨਾਵਾਂ ਕਹਿਣਾ ਹੀ ਸਾਬਤ ਕਰਦਾ ਹੈ ਕਿ ਉਮਰ ਦਾ ਇਰਾਦਾ ਖ਼ੂਨ-ਖਰਾਬਾ ਕਰਾਉਣਾ ਸੀ। ਇਸ ਤੋਂ ਬਾਦ ਉਮਰ ਕੋਲ ਕਿਹੜੀ ਦਲੀਲ ਬਾਕੀ ਰਹਿ ਜਾਂਦੀ ਹੈ?

ਬੰਬੇ ਅਦਾਲਤ ਨੇ ਅਜਿਹਾ ਨਹੀਂ ਕੀਤਾ। ਉਸ ਨੂੰ ਪੁਲਿਸ ਦੀ ਮਦਦ ਕਰਨ ਲਈ ਕੋਈ ਕਾਲਪਨਿਕ ਕਹਾਣੀ ਘੜਨ ਵਿਚ ਦਿਲਚਸਪੀ ਨਹੀਂ ਸੀ। ਹਾਲਾਂਕਿ, ਜਿਵੇਂ ਅਸੀਂ ਪਹਿਲਾਂ ਲਿਖਿਆ ਹੈ, ਉਸੇ ਅਦਾਲਤ ਨੇ ਕੁਝ ਦਿਨ ਪਹਿਲਾਂ ਜੋਤੀ ਜਗਤਾਪ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਿਚ ਦਿੱਲੀ ਅਦਾਲਤ ਵਰਗਾ ਹੀ ਰੁਖ਼ ਅਪਣਾਇਆ। ਜੋਤੀ ਨੇ ਆਪਣੇ ਗੀਤਾਂ ’ਚ ਸਰਕਾਰ ’ਤੇ ਵਿਅੰਗ ਕੱਸਿਆ ਸੀ, ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਸੀ, ਇਹ ਉਸ ਦੇ ਦਿਮਾਗ ਦੇ ਦਹਿਸ਼ਤਵਾਦੀ ਹੋਣ ਦਾ ਚੋਖਾ ਸਬੂਤ ਸੀ!

ਆਨੰਦ ਦੀ ਤਰ੍ਹਾਂ ਹੀ ਪ੍ਰੋਫੈਸਰ ਹਨੀ ਬਾਬੂ ਦੇ ਖ਼ਿਲਾਫ਼ ਵੀ ਕੋਈ ਸਬੂਤ ਨਹੀਂ ਹੈ। ਪਰ ਦੋਵਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

ਇਸ ਦਾ ਮਤਲਬ ਇਹੀ ਹੈ ਕਿ ਸਾਡੀਆਂ ਅਦਾਲਤਾਂ ਇਸ ਅਤਿ-ਰਾਸ਼ਟਰਵਾਦੀ ਸਮੇਂ ’ਚ ਵਿਅਕਤੀ ਦੀ ਸੁਤੰਤਰਤਾ ਨਾਲੋਂ ਰਾਜ ਦੇ ਰੁਤਬੇ ਦੀ ਰਾਖੀ ਕਰਨ ਲਈ ਵਧੇਰੇ ਫ਼ਿਕਰਮੰਦ ਹਨ। ਇਹ ਸੰਵਿਧਾਨ ਨਹੀਂ, ਸਰਕਾਰ ਦੀ ਸੁਰੱਖਿਆ ਨੂੰ ਆਪਣੀ ਜ਼ਿੰਮੇਵਾਰੀ ਸਮਝੀ ਬੈਠੀਆਂ ਹਨ। ਇਸ ਲਈ ਆਨੰਦ ਨੂੰ ਜ਼ਮਾਨਤ ਦੇਣ ਸਮੇਂ ਯੂ.ਏ.ਪੀ.ਏ. ਦੀ ਵਰਤੋਂ ਦੇ ਪੁਲਿਸ ਦੇ ਦਾਅਵਿਆਂ ਦੀ ਜਾਂਚ ਕਰਨ ਲਈ ਉਸ ਨੇ ਜੋ ਸਖ਼ਤ ਕਸੌਟੀ ਅਪਣਾਈ ਹੈ, ਉਹ ਅਪਵਾਦ ਬਣ ਕੇ ਨਾ ਰਹਿ ਜਾਵੇ, ਇਸ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ।

ਜ਼ਮਾਨਤ ਦੇ ਬਾਵਜੂਦ ਆਨੰਦ ਜੇਲ੍ਹ ਵਿਚ ਹੈ। ਕਿਉਂਕਿ ਸਟੇਟ ਇਸ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ ’ਚ ਜਾਣਾ ਚਾਹੁੰਦਾ ਹੈ। ਸਟੇਟ ਨੂੰ ਉੱਥੇ ਉਮੀਦ ਹੈ ਕਿਉਂਕਿ ਪ੍ਰੋਫੈਸਰ ਸਾਈਬਾਬਾ ਨੂੰ ਬੰਬੇ ਅਦਾਲਤ ਦੁਆਰਾ ਬਰੀ ਕੀਤੇ ਜਾਣ ਤੋਂ ਬਾਦ ਸੁਪਰੀਮ ਕੋਰਟ ਨੇ ਤੁਰੰਤ ਉਸ ਆਦੇਸ਼ ਉੱਪਰ ਰੋਕ ਲਗਾ ਦਿੱਤੀ ਸੀ। ਆਨੰਦ ਦੀ ਜ਼ਮਾਨਤ ਦੇ ਮਾਮਲੇ ਵਿਚ ਵੀ ਸੁਪਰੀਮ ਕੋਰਟ ਅਜਿਹਾ ਹੀ ਕਰੇਗੀ, ਸਟੇਟ ਇਹ ਮੰਨ ਕੇ ਚੱਲ ਰਿਹਾ ਹੈ।

ਲਿਹਾਜ਼ਾ ਇਸ ਹਫ਼ਤੇ ਸਾਨੂੰ ਇਕ ਵਾਰ ਫਿਰ ਪਤਾ ਲੱਗੇਗਾ ਕਿ ਸਾਡੀ ਸੁਪਰੀਮ ਕੋਰਟ ਦੀ ਨਜ਼ਰ ’ਚ ਅੱਜ ਵਿਅਕਤੀ ਦੀ ਸੁਤੰਤਰਤਾ ਦੀ ਕੀਮਤ ਕਿੰਨੀ ਹੈ।

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign
call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

# ਦੇਸ਼ ਨੂੰ ਨਿਗਲ ਰਿਹਾ ਹੈ ਬੇਰੁਜ਼ਗਾਰੀ ਦਾ ਦੈਂਤ





ਡੰਗ ਅਤੇ ਚੋਭਾਂ



ਗੁਰਮੀਤ ਸਿੰਘ ਪਲਾਹੀ
98158-02070


ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 71 ਹਜ਼ਾਰ ਨੌਕਰੀਆਂ ਦੇਣ ਦੀ ਪ੍ਰੈੱਸ ਵਿੱਚ ਵੱਡੀ ਚਰਚਾ ਹੈ। ਇਵੇਂ ਲੱਗਦਾ ਹੈ ਜਿਵੇਂ ਪ੍ਰਧਾਨ ਮੰਤਰੀ ਭਾਰਤ ਵਿੱਚ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਬਹੁਤ ਸੰਜੀਦਾ ਹਨ । ਸਾਲ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਤੋ ਪਹਿਲਾਂ ਪ੍ਰਧਾਨ ਮੰਤਰੀ ਦੀ ਪਾਰਟੀ ਭਾਜਪਾ ਨੇ ਨੌਜਵਾਨਾਂ ਲਈ ਪ੍ਰਤੀ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਚਨ ਕੀਤਾ ਸੀ। ਪਰ ਪਿਛਲੇ 7-8 ਸਾਲਾਂ ਵਿੱਚ ਮੋਦੀ ਸਰਕਾਰ ਨੇ ਕਿੰਨੀਆਂ ਨੌਕਰੀਆਂ ਦਿੱਤੀਆਂ ਹਨ, ਉਹ ਕਿਸੇ ਤੋਂ ਲੁੱਕਿਆ ਛੁਪਿਆ ਨਹੀਂ। ਭਾਰਤ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦਾ ਦੈਂਤ ਨਿਗਲ ਰਿਹਾ ਹੈ। ਪਿਛਲੇ ਸਾਲਾਂ 'ਚ ਸਰਕਾਰ ਵਲੋਂ 14 ਕਰੋੜ ਨੌਕਰੀਆਂ ਦਿੱਤੀਆਂ ਜਾਣੀਆਂ ਸਨ ਪਰ ਇਹ ਗਿਣਤੀ ਤਾਂ ਏਨੇ ਸਾਲਾਂ ਚ ਮਸਾਂ ਕੁਝ ਲੱਖ ਹੀ ਬਣਦੀ ਹੈ। ਭਾਰਤ ਸਰਕਾਰ ਨੇ ਲੋਕ ਸਭਾ 'ਚ ਦੱਸਿਆ ਸੀ ਕਿ 2014 ਤੋਂ 2022 ਤੱਕ 7.22 ਲੱਖ ਲੋਕਾਂ ਨੂੰ ਨੌਕਰੀ ਦਿੱਤੀ ਗਈ ਹੈ, ਜਦਕਿ ਇਹਨਾਂ ਨੌਕਰੀਆਂ ਲਈ 22 ਕਰੋੜ ਤੋਂ ਵੀ ਜ਼ਿਆਦਾ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਹਨ। ਰੁਜ਼ਗਾਰ ਸਿਰਜਨ ਦੀ ਪ੍ਰਕਿਰਿਆ ਇੰਨੀ ਚਿੰਤਾਜਨਕ ਹੈ ਕਿ ਦੇਸ਼ ਦੇ ਅਰਥਚਾਰੇ 'ਚ ਗਿਰਾਵਟ ਕਾਰਨ ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਬੇਰੁਜ਼ਗਾਰੀ ਦੇਸ਼ ਦੇ ਹਰੇਕ ਸੂਬੇ 'ਚ ਫੰਨ ਫਲਾਈ ਬੈਠੀ ਹੈ, ਪਰ ਪੰਜਾਬ, ਹਰਿਆਣਾ 'ਚ ਬੇਰਜ਼ੁਗਾਰੀ ਦੀ ਦਰ ਰਾਸ਼ਟਰੀ ਬੇਰੁਜ਼ਗਾਰੀ ਦੀ ਦਰ ਤੋਂ ਵੱਧ ਹੈ। ਸਿੱਟੇ ਵਜੋਂ ਖ਼ਾਸ ਕਰਕੇ ਨੌਜਵਾਨਾਂ 'ਚ ਨਿਰਾਸ਼ਾ ਹੈ। ਬਿਨ੍ਹਾਂ ਸ਼ੱਕ ਕਰੋਨਾ ਕਾਰਨ ਦੇਸ਼ ਦੇ ਹਾਲਾਤ ਖ਼ਰਾਬ ਹੋਏ। ਲੋਕਾਂ ਦੇ ਰੁਜ਼ਗਾਰ ਖੁੱਸ ਗਏ। ਉਹਨਾ ਦੀ ਆਮਦਨ 'ਚ ਕਮੀ ਆਈ ਹੈ। ਪਰ ਸਰਕਾਰ ਵਲੋਂ ਬੇਰਜ਼ੁਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਹੋਏ। ਮੋਦੀ ਸਰਕਾਰ ਜਦੋਂ ਵੀ ਚੋਣਾਂ ਆਉਂਦੀਆਂ ਹਨ, ਵੱਡੇ-ਵੱਡੇ ਦਮਗਜੇ ਮਾਰਦੀ ਹੈ, ਲੋਕਾਂ ਨੂੰ ਭਰਮਾਉਂਦੀ ਹੈ ਅਤੇ ਵੋਟਾਂ ਪ੍ਰਾਪਤ ਕਰਕੇ ਫਿਰ ਸੁਸਰੀ ਵਾਂਗਰ ਸੌਂ ਜਾਂਦੀ ਹੈ।

2021-22 ਦੇ ਬਜ਼ਟ ਵਿੱਚ 1.97 ਲੱਖ ਕਰੋੜ ਰੁਪਏ ਪੰਜ ਸਾਲਾਂ ਦੇ ਸਮੇਂ ਲਈ ਉਤਪਾਦਨ ਅਧਾਰਿਤ ਸਹਾਇਤਾ (ਪੀ.ਐਲ.ਆਈ.) ਸ਼ੁਰੂ ਕੀਤੀ ਗਈ ਹੈ, ਇਸ ਨਾਲ ਕਿਹਾ ਜਾ ਰਿਹਾ ਸੀ ਕਿ ਨਵੇਂ ਰੁਜ਼ਗਾਰ ਪੈਦਾ ਹੋਣਗੇ, ਪਰ ਇਹ ਰਾਸ਼ੀ 140 ਕਰੋੜ ਆਬਾਦੀ ਦੀ ਵੱਡੀ ਵਰਕ ਫੋਰਸ ਲਈ ਕੀ ਕਾਫ਼ੀ ਹੈ ?

ਅਸਲ ਵਿੱਚ ਮੋਦੀ ਸਰਕਾਰ ਜਿਸ ਢੰਗ ਨਾਲ ਦੇਸ਼ ਦੀ ਸਰਕਾਰ ਨੂੰ ਕਾਰਪੋਰੇਟਾਂ (ਧੰਨ ਕੁਬੇਰਾਂ) ਹੱਥ ਵੇਚ ਰਹੀ ਹੈ, ਉਸ ਨਾਲ ਸਰਕਾਰੀ ਨੌਕਰੀਆਂ ਘੱਟ ਰਹੀਆਂ ਹਨ ਅਤੇ ਵੱਡੇ ਧੰਨ ਕੁਬੇਰ ਨਵੀਆਂ ਨੌਕਰੀਆਂ ਪੈਦਾ ਕਰਨ ਦੀ ਥਾਂ ਟੈਕਨੌਲੋਜੀ ਅਧਾਰਤ ਕੰਮ ਕਰਨ 'ਤੇ ਕੰਮ ਕਰ ਰਹੇ ਹਨ, ਜਿਥੇ ਨੌਕਰੀਆਂ ਨਿੱਤ ਦਿਨ ਘੱਟ ਰਹੀਆਂ ਹਨ। ਨਿੱਜੀਕਰਨ ਜ਼ੋਰਾਂ 'ਤੇ ਹੈ। ਰੇਲਵੇ, ਬੈਂਕਾਂ ਦਾ ਨਿੱਜੀਕਰਨ ਹੋ ਰਿਹਾ ਹੈ, ਹੋਰ ਸਰਕਾਰੀ ਅਦਾਰੇ ਬੰਦ ਕੀਤੇ ਜਾ ਰਹੇ ਹਨ। ਪੇਂਡੂ ਰੁਜ਼ਗਾਰ ਦੀ ਵੱਡੀ ਸਕੀਮ "ਮਗਨਰੇਗਾ" ਲਈ ਹਰ ਸਾਲ ਫੰਡ ਘਟਾਏ ਜਾ ਰਹੇ ਹਨ। ਸਰਕਾਰੀ ਅਸਾਮੀਆਂ ਖ਼ਾਲੀ ਪਈਆਂ ਹਨ, ਭਰੀਆਂ ਨਹੀਂ ਜਾ ਰਹੀਆਂ। ਤਦ ਫਿਰ ਨੌਜਵਾਨਾਂ ਨੂੰ ਰੁਜ਼ਗਾਰ ਕਿਵੇਂ ਮਿਲੇਗਾ ?

ਇੰਜ ਜਾਪਦਾ ਹੈ ਕਿ ਸਰਕਾਰੀ ਖ਼ਜ਼ਾਨੇ ਦੀਆਂ ਕੁੰਜੀਆਂ "ਕਾਰਪੋਰੇਟਾਂ" ਨੂੰ ਫੜਾਕੇ ਸਰਕਾਰ ਦੇਸ਼ ਵਾਸੀਆਂ ਖ਼ਾਸ ਕਰਕੇ ਨੌਜਵਾਨਾਂ ਨੂੰ ਧੰਨ ਕੁਬੇਰਾਂ ਦੀ ਗੁਲਾਮੀ ਦੇ ਰਾਹ ਤੋਰਨਾ ਚਾਹੁੰਦੀ ਹੈ ਤਾਂ ਕਿ ਉਹਨਾਂ ਦੀ ਸੋਚ ਖੁੰਡੀ ਕੀਤੀ ਜਾ ਸਕੇ ਅਤੇ ਉਹ ਆਜ਼ਾਦੀ ਦਾ ਸੁਪਨਾ ਵੀ ਨਾ ਲੈ ਸਕਣ। ਨੌਜਵਾਨਾਂ ਨੂੰ ਮਜ਼ਬੂਰ ਕਰਕੇ ਜਾਂ ਝਾਂਸੇ ਦੇ ਕੇ ਵਿਦੇਸ਼ਾਂ ਦੇ ਰਾਹ ਪਾਇਆ ਜਾ ਰਿਹਾ ਹੈ। ਪੰਜਾਬ ਇਸਦੀ ਵੱਡੀ ਉਦਾਹਰਨ ਹੈ, ਜਿਥੋਂ ਦੇ ਲੱਖਾਂ ਨੌਜਵਾਨ "ਪੜ੍ਹਾਈ" ਦੇ ਨਾਮ ਉਤੇ ਪ੍ਰਦੇਸੀ ਹੋਕੇ ਰੁਜ਼ਗਾਰ ਭਾਲਣ ਵਿਦੇਸ਼ਾਂ 'ਚ ਜਾ ਰਹੇ ਹਨ। ਉਂਜ ਵੀ ਸਰਕਾਰ ਇਹ ਪ੍ਰਚਾਰ ਕਰਦੀ ਹੈ ਕਿ ਨੌਜਵਾਨ ਰਾਜਨੀਤੀ 'ਚ ਹਿੱਸਾ ਨਾ ਲੈਣ। ਅਸਲ 'ਚ ਉਹਨਾ ਨੂੰ ਅਕਲ ਦੇ ਅੰਨੇ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸਲ ਮੁੱਦਾ ਤਾਂ ਇਹ ਹੈ ਕਿ ਦੇਸ਼ 'ਚ ਰਾਸ਼ਟਰਵਾਦ ਦੇ ਨਾਮ ਉਤੇ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਅਜੰਡਾ ਲਾਗੂ ਕੀਤਾ ਜਾਵੇ ਅਤੇ ਬੇਰਜ਼ੁਗਾਰ ਨੌਜਵਾਨਾਂ ਦੀ ਫੌਜ ਫਿਰਕੂ ਤਾਕਤਾਂ ਦੀ ਮਜ਼ਬੂਤੀ ਲਈ ਵਰਤੀ ਜਾਵੇ। ਇਸ ਕੰਮ ਵਿੱਚ ਧੰਨ ਕੁਬੇਰਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ। ਨੌਜਵਾਨਾਂ ਨੂੰ ਚੰਗੀ ਤਾਲੀਮ ਨਹੀਂ ਮਿਲ ਰਹੀ, ਤਾਲੀਮ ਨਿੱਤ-ਦਿਨ ਨਿਕੰਮੀ ਅਤੇ ਫਜ਼ੂਲ ਹੁੰਦੀ ਜਾ ਰਹੀ ਹੈ। ਇਹੋ ਜਿਹੇ ਹਾਲਾਤਾਂ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੀ ਖ਼ਤਮ ਕੀਤੀਆਂ ਜਾ ਰਹੀਆਂ ਹਨ ਅਤੇ ਨੌਜਵਾਨਾਂ ਨੂੰ ਸਿਰਫ਼ ਵੱਡੇ ਧੰਨ ਕੁਬੇਰਾਂ ਲਈ ਲੇਬਰ ਕਰਨ ਜੋਗੇ ਬਣਾਈ ਰੱਖਿਆ ਜਾ ਰਿਹਾ ਹੈ।

ਹਾਕਮਾਂ ਦਾ ਨੌਜਵਾਨ ਲਈ ਹੇਜ ਵੱਡਾ ਹੈ, ਪਰ ਉਹਨਾ ਦੇ ਪੱਲੇ ਕੁਝ ਨਹੀਂ ਪਾਇਆ ਜਾ ਰਿਹਾ। ਨੌਕਰੀਆਂ ਦੇਣਾ ਤਾਂ ਸਿਰਫ਼ ਝਾਂਸਾ ਹੈ, ਅਸਲੋਂ ਬੇਰੁਜ਼ਗਾਰੀ ਦਾ ਦੈਂਤ ਉਹਨਾ ਦੁਆਲੇ ਛੱਡਿਆ ਜਾ ਰਿਹਾ ਹੈ। ਸਿੱਟੇ ਵਜੋਂ ਗਰੀਬੀ ਵਧ ਰਹੀ ਹੈ, ਮਜ਼ਦੂਰਾਂ ਦਾ ਸੋਸ਼ਣ ਵੱਧ ਰਿਹਾ ਹੈ। ਅਪਰਾਧ ਵੱਧ ਰਹੇ ਹਨ, ਰਾਜਸੀ ਅਸਥਿਰਤਾ 'ਚ ਵਾਧਾ ਹੋ ਰਿਹਾ ਹੈ, ਲੋਕ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਰਹੇ ਹਨ।

ਵਿਸ਼ਵ ਵਪਾਰ ਸੰਗਠਨ ਅਨੁਸਾਰ ਵਿਸ਼ਵ ਪੱਧਰ 'ਤੇ ਮੰਦੀ ਦਾ ਰੁਝਾਨ ਹੈ। 2022 'ਚ ਵਿਸ਼ਵ ਵਪਾਰ 'ਚ ਵਾਧੇ ਦੀ ਦਰ 3.5 ਫ਼ੀਸਦੀ ਰਹੇਗੀ ਜਦਕਿ 2023 ਵਿੱਚ ਇਹ ਇੱਕ ਫ਼ੀਸਦੀ ਤੱਕ ਸਿਮਟ ਜਾਏਗੀ। ਇਸਦਾ ਪ੍ਰਭਾਵ ਭਾਰਤ 'ਤੇ ਪਵੇਗਾ। ਭਾਰਤ ਵਿਚੋਂ ਐਕਸਪੋਰਟ (ਨਿਰਯਾਤ) ਘਟੇਗਾ ਅਤੇ ਇਹ ਘਾਟਾ ਰੋਜ਼ਗਾਰ ਬਜ਼ਾਰ ਵਿੱਚ ਵੱਡਾ ਅਸਰ ਪਾਏਗਾ।

ਰੁਜ਼ਗਾਰ ਅੰਕੜਿਆਂ ਅਨੁਸਾਰ ਅਕਤੂਬਰ 2022 ਵਿੱਚ ਭਾਰਤ 'ਚ ਨੌਕਰੀਆਂ ਘਟੀਆਂ ਹਨ, ਬੇਰਜ਼ੁਗਾਰੀ ਦਰ ਉੱਪਰ ਉੱਠੀ ਹੈ, ਖ਼ਾਸ ਤੌਰ 'ਤੇ ਪੇਂਡੂ ਖਿੱਤੇ 'ਚ, ਖ਼ਾਸ ਕਰਕੇ ਗ਼ੈਰ-ਖੇਤੀ ਖੇਤਰ 'ਚ ਵੱਡਾ ਵਾਧਾ ਬੇਰਜ਼ੁਗਾਰੀ ਦਰ 'ਚ ਵੇਖਣ ਲਈ ਮਿਲਿਆ ਹੈ। ਇਹ ਸਥਿਤੀ ਚਿੰਤਾ ਵਧਾਉਂਦੀ ਹੈ। ਅਕਤੂਬਰ 2022 'ਚ ਬੇਰੁਜ਼ਗਾਰੀ ਦਰ 7.8 ਫ਼ੀਸਦੀ ਹੋ ਗਈ, ਜੋ ਸਤੰਬਰ 2022 'ਚ 6.4 ਫ਼ੀਸਦੀ ਸੀ। ਅਕਤੂਬਰ 2022 'ਚ 78 ਲੱਖ ਨੌਕਰੀਆਂ ਘਟੀਆ ਪਰੰਤੂ ਬੇਰੁਜ਼ਗਾਰਾਂ ਦੀ ਸੰਖਿਆ 56 ਲੱਖ ਹੀ ਵਧੀ ਅਰਥਾਤ 22 ਲੱਖ ਲੋਕ ਬਜ਼ਾਰ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਨਿਰਾਸ਼ ਹੋ ਕੇ ਘਰਾਂ ਵੱਲ ਚਾਲੇ ਪਾ ਗਏ।

ਨਵੰਬਰ 2021 ਵਿੱਚ ਖੇਤੀ ਖੇਤਰ ਵਿੱਚ 16.4 ਕਰੋੜ ਲੋਕਾਂ ਦਾ ਰੁਜ਼ਗਾਰ ਸੀ ਜੋ ਸਤੰਬਰ 2022 ਵਿੱਚ ਇਹ 13.4 ਕਰੋੜ ਰਹਿ ਗਿਆ। ਭਾਵੇਂ ਕਿ ਅਕਤੂਬਰ 2022 ਵਿੱਚ ਇਹ 13.96 ਕਰੋੜ ਹੋ ਗਿਆ। ਪਰੰਤੂ ਪਿਛਲੇ ਚਾਰ ਸਾਲਾਂ ਵਿੱਚ ਅਕਤੂਬਰ ਮਹੀਨੇ 'ਚ ਇਹ ਅੰਕੜਾ ਸਭ ਤੋਂ ਘੱਟ ਰਿਹਾ। ਇਸੇ ਤਰ੍ਹਾਂ ਸੇਵਾ ਖੇਤਰ 'ਚ ਅਕਤੂਬਰ 2022 'ਚ 79 ਲੱਖ ਨੌਕਰੀਆਂ ਖ਼ਤਮ ਹੋ ਗਈਆਂ, ਜਿਹਨਾ ਵਿੱਚ 46 ਲੱਖ ਪੇਂਡੂ ਖੇਤਰ ਅਤੇ 33 ਲੱਖ ਹੋਰ ਖੇਤਰਾਂ ਵਿੱਚੋਂ ਸਨ। ਇਸਦਾ ਸਿੱਧਾ ਅਸਰ ਪੇਂਡੂ ਭਾਰਤ ਦੀ ਖਰੀਦਦਾਰੀ ਦੀ ਸਮਰੱਥਾ ਤੇ ਪੈਂਦਾ ਹੈ। ਦੇਸ਼ ਦੀ ਲਗਭਗ 70 ਫ਼ੀਸਦੀ ਆਬਾਦੀ ਪੇਂਡੂ ਹੈ।

ਉਦਯੋਗਿਕ ਖੇਤਰ ਦੀ ਹਾਲਤ ਵੀ ਰੁਜ਼ਗਾਰ ਦੇ ਮਾਮਲੇ 'ਚ ਚੰਗੀ ਨਹੀਂ ਹੈ। ਅਕਤੂਬਰ 2022 'ਚ 53 ਲੱਖ ਨੌਕਰੀਆਂ ਖ਼ਤਮ ਹੋ ਗਈਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਨਿਰਮਾਣ ਖੇਤਰ ਵਿੱਚ ਸੀ। ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਘਰੇਲੂ ਬਜ਼ਾਰ ਵਿੱਚ ਮੰਗ ਘੱਟ ਰਹੀ ਹੈ ਅਤੇ ਮਹਿੰਗਾਈ ਦੀ ਉੱਚੀ ਦਰ ਇਸ ਮੰਗ ਨੂੰ ਹੋਰ ਹੇਠਾਂ ਲਿਆ ਰਹੀ ਹੈ। ਇਮਪੋਰਟ ਅਤੇ ਐਕਸਪੋਰਟ ਵਿੱਚ ਵਿਰੋਧੀ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਇੱਕ ਪਾਸੇ ਐਕਸਪੋਰਟ ਘੱਟਣ ਨਾਲ ਨੌਕਰੀਆਂ ਘੱਟ ਰਹੀਆਂ ਹਨ ਅਤੇ ਦੂਜੇ ਪਾਸੇ ਇਮਪੋਰਟ ਕਾਰਨ ਪੂੰਜੀ ਨਿਵੇਸ਼ ਪ੍ਰਭਾਵਿਤ ਹੋ ਰਿਹਾ ਹੈ। ਇਹੋ ਜਿਹੀ ਹਾਲਤ ਵਿੱਚ ਨੌਕਰੀਆਂ ਆਖ਼ਰ ਕਿਥੋਂ ਆਉਣ ?

ਸਰਕਾਰ ਨੇ ਕਾਰਪੋਰੇਟ ਟੈਕਸ ਵਿੱਚ ਕਟੌਤੀ ਕੀਤੀ, ਉਤਪਾਦਨ ਅਧਾਰਤ ਉਤਸ਼ਾਹਿਤ ਰਾਸ਼ੀ ਜਾਰੀ ਵੀ ਕੀਤੀ ਪਰ ਨਿੱਜੀ ਖੇਤਰ ਵਾਲੇ ਆਪਣੇ ਪੂੰਜੀ ਨਿਵੇਸ਼ ਕਰਨ ਲਈ ਅੱਗੇ ਨਹੀਂ ਵਧੇ। ਕਿਉਂਕਿ ਨਿੱਜੀ ਖੇਤਰ ਵਿੱਚ ਨਿਵੇਸ਼ ਦਾ ਸਿਧਾਂਤ ਸਿੱਧਾ ਮੁਨਾਫ਼ਾ ਹੈ। ਨਿੱਜੀ ਖੇਤਰ ਨੂੰ ਜੇਕਰ ਆਪਣੀ ਲਾਗਤ 'ਚ ਵਾਪਸੀ ਨਹੀਂ ਦਿਖੇਗੀ ਤਾਂ ਉਹ ਆਪਣੀ ਪੂੰਜੀ ਕਿਉਂ ਲਗਾਉਣਗੇ ਅਤੇ ਜਦ ਤੱਕ ਚੰਗਾ ਨਿਵੇਸ਼ ਨਹੀਂ ਹੋਏਗਾ ਤਾਂ ਰੁਜ਼ਗਾਰ ਦੀ ਉਮੀਦ ਕਿਥੋਂ ਜਾਗੇਗੀ ? ਕਿਥੋਂ ਨੌਕਰੀਆਂ ਮਿਲਣਗੀਆਂ ? ਕੀ ਨਿਵੇਸ਼ ਤੋਂ ਬਿਨ੍ਹਾਂ ਨੌਕਰੀਆਂ ਦੀ ਆਸ ਕੀਤੀ ਜਾ ਸਕਦੀ ਹੈ ? ਕੀ ਰੇਗਿਸਤਾਨ ਵਿੱਚ ਪਾਣੀ ਤੋਂ ਬਿਨ੍ਹਾਂ ਪਿਆਸ ਬੁਝਾਉਣ ਦਾ ਸੁਪਨਾ ਲਿਆ ਜਾ ਸਕਦਾ ਹੈ। ਕਹਿਣ ਨੂੰ ਭਾਰਤ ਸਰਕਾਰ ਵਲੋਂ ਕਈ ਯੋਜਨਾਵਾਂ ਜਿਹਨਾ ਵਿੱਚ ਪ੍ਰਧਾਨ ਮੰਤਰੀ ਰੁਜ਼ਗਾਰ ਪ੍ਰੋਤਸਾਹਨ ਯੋਜਨਾ ਪੀ.ਐਮ.ਆਰ.ਪੀ. ਵਾਈ. ਸ਼ੁਰੂ ਕੀਤੀ ਗਈ ਹੈ ਤਾਂ ਕਿ ਰੁਜ਼ਗਾਰ ਸਿਰਜਿਆ ਜਾਵੇ।




SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

We Provide Following Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor

2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com
Desjardins Financial Security Independent Network · CPP · BMO · GREAT-WEST · RBC Royal Bank · Equitable Life of Canada · iA Financial Group · Manulife Financial · Canada Life · Foresters · ivari

SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ

A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220


PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

# ਅੰਮ੍ਰਿਤ, ਆਤਮਾ ਨਾਲੋਂ ਖੰਡੇ ਬਾਟੇ ਪਾਹੁਲ ਦਾ ਬੁਨਿਆਦੀ ਫਰਕ !



**ਸਮਰਜੀਤ ਸਿੰਘ ਅਜ਼ਾਦ**

ਮਨੁੱਖ ਇਕ ਸਮਾਜਿਕ ਚੇਤਨ ਪ੍ਰਾਣੀ ਹੈ। ਮੁੱਢਕਦੀਮ ਤੋਂ ਲੈਕੇ ਹੁਣ ਤੱਕ ਮਨੁੱਖ ਮਰਨਾ ਨਹੀਂ ਚਾਹੁੰਦਾ। ਮੌਤ ਦਾ ਖੌਫ ਉਸ ਲਈ ਹਰ ਵਕਤ ਚਿੰਤਾ ਦਾ ਵਿਸਾ ਸੀ । ਮਾਨਵੀ ਸਮਾਜ ਦੇ ਬੁੱਧੀਮਾਨ ਮੌਤ ਤੋਂ ਹਮੇਸਾਂ ਹਮੇਸਾਂ ਬਚਣ ਲਈ ਪਾਏਦਾਰ ਹੱਲ ਲਭਣ ਲੱਗੇ। ਅਜਿਹਾ ਹੱਲ ਜਿਸ ਨਾਲ ਸਦੀਵੀ ਭੈਮੁਕਤ ਹੋਇਆ ਜਾਵੇ । ਜੰਗਲੀ ਯੁੱਗ ਅੰਦਰ ਮੌਤ ਹਰ ਥਾਂ ਦਿਖਾਈ ਦਿੰਦੀ ਸੀ। ਮਨੁੱਖ ਕੁਦਰਤੀ ਸਕਤੀਆਂ (ਅੱਗ, ਤੁਫਾਨ, ਮੀਂਹ ਹਨੇਰੀ, ਅਸਮਾਨੀ ਬਿਜਲੀ, ਭੁਚਾਲ, ਰੇਗਿਸਤਾਨ, ਸਮੁੰਦਰ ਤੇ ਜੰਗਲੀ ਮਾਰਖੋਰੇ ਜਾਨਵਰ ਆਦਿ) ਤੋਂ ਡਰਦਾ ਸੀ। ਉਨ੍ਹਾਂ ਨੂੰ ਦੇਵਤੇ ਮੰਨਕੇ ਉਨ੍ਹਾਂ ਨੂੰ ਖੁਸ਼ ਕਰਨ ਲਈ ਪੂਜਾ ਕਰਨ ਲੱਗਿਆ-ਅਗਨ ਦੇਵਤਾ, ਪਵਨ ਦੇਵਤਾ, ਜਲ ਦੇਵਤਾ ,ਸੂਰਜ ਚੰਦ ਦੇਵਤਾ ਆਦਿ। ਅਜੇਹਾ ਕਰਨ ਦੇ ਬਾਵਜੂਦ ਮੌਤ ਆਉਣੀ ਅਟਲ ਸੀ

**ਅੰਮ੍ਰਿਤ ਦੀ ਖੋਜ** : ਉਸ ਨੂੰ ਜੀਵਕਾ ਲਈ ਇਕ ਥਾਂ ਤੋਂ ਦੂਜੇ ਥਾਂ ਜਾਣਾ ਪੈਂਦਾ ਸੀ। ਲੰਬੇ ਪੈਂਡਿਆਂ ਸਮੇਂ ਰੇਗਸਤਾਨ ਵਿੱਚ ਪਾਣੀ ਵਗੈਰ ਮੌਤਾਂ ਹੋਣੀਆਂ ਸੁਭਾਵਕ ਸਨ। ਪਾਣੀ ਵਗੈਰ ਬੇਹੋਸ ਹੋਏ ਪ੍ਰਾਣੀ ਨੂੰ ਮਰਿਆ ਸਮਝਣਾ ਸੁਭਾਵਿਕ ਸੀ। ਪਿਆਸ ਨਾਲ ਅੱਧਮੋਏ ਬੰਦੇ ਦਾ ਤੜਫਨਾ। ਮਾਰੂਥਲ ਵਿੱਚ ਪਾਣੀ ਹੋਰ ਵੱਧ ਦੁਰਲੱਭ ਸੀ। ਸੋ ਜਦੋਂ ਬੇਹੋਸ ਪ੍ਰਾਣੀ ਦੇ ਮੂੰਹ ਸਿਰ ਉਪਰ ਪਾਣੀ ਛਿੜਕਿਆ ਜਾਂਦਾ ਉਹ ਬੇਹੋਸੀ ਤੋਂ ਪਰਤ ਆਉਂਦਾ। ਪਿਆਸੇ ਨੂੰ ਪਾਣੀ ਪਿਲਾਇਆ ਜਾਂਦਾ ਉਹ ਠੀਕ ਹੋ ਜਾਂਦਾ। ਸਾਦਮੁਰਾਦੇ ਬੁੱਧੀਮਾਨਾਂ ਨੇ ਸੋਚਿਆ ਕਿ ਪਾਣੀ ਹੀ ਇਕ ਅੰਮ੍ਰਿਤ ਹੈ ਜੋ ਮਿਰਤੂ ਤੋਂ ਜੀਵਤ ਕਰਦਾ ਹੈ। ਤੜਫਦੇ ਮਨੁੱਖ ਜਾਂ ਪਸੂ ਦੇ ਪ੍ਰਾਣ ਬਚਾਉਂਦਾ ਹੈ। ਆਬ ਜਲ (ਦਰਿਆਈ ਪਾਣੀ) ਅਮਰ ਹੋਣ ਦਾ ਢੰਗ ਲਭ ਲਿਆ। ਅੰਮ੍ਰਿਤ ਖੋਜ ਦੀਆਂ ਦੰਦ ਕਥਾਵਾਂ ਬਣਾਈਆਂ ਗਈਆਂ। 'ਅਸੁਰਾਂ ਨੇ ਮੌਤ ਤੋਂ ਬਚਣ ਲਈ ਸੇਸ ਨਾਗ ਦਾ ਵਲਾਵਾਂ ਪਾਕੇ ਸਮੁੰਦਰ ਰਿੜਕਕੇ ਅੰਮ੍ਰਿਤ ਕੱਢ ਲਿਆ। ਜਦੋਂ ਪੀਣ ਲਗੇ ਆਪਸ ਵਿੱਚ ਲੜ ਪਏ। ਦੇਵਤਿਆਂ ਨੇ ਲੜਾਈ ਦਾ ਫਾਇਦਾ ਉਠਾਕੇ ਅੰਮ੍ਰਿਤ ਦਾ ਰਿੜਕਣਾ ਖੋਹਕੇ ਪੀਕੇ ਅਮਰ ਹੋ ਗਏ 'ਕਥਾ ਨੂੰ ਜਾਨਿਆ ਜਾਂਦਾ ਹੈ। ਕਰੀਬ ਦੋ ਹਜਾਰ ਸਾਲ ਪਹਿਲਾਂ ਜੌਹਨ ਨੇ ਯਸੂ ਮਸੀਹ ਨੂੰ ਅਰਬ ਵਿੱਚ ਜਾਰਡਨ ਦੇ ਦਰਿਆ ਵਿੱਚ ਬਿੱਠਾਕੇ ਪਵਿੱਤਰ ਜਲ ਰਾਹੀਂ ਬਾਪਤਾਸਾ (Baptist) ਦਿੱਤਾ ਸੀ। ਹੁਣ ਵੀ ਚਰਚਾਂ ਵਿੱਚ ਅੰਮ੍ਰਿਤ ਜਾਂ ਪਵਿੱਤਰ ਜਲ ਸਿਰ ਮੂੰਹ ਉੱਤੇ ਛਿੜਕ ਕੇ ਬੱਪਤਾਸਾ ਦੇਣ ਦੀ ਰਸਮ ਹੈ। ਉਹ ਰਸਮ ਪੂਰੀ ਕਰਕੇ ਚਰਚ ਦਾ ਮੈਂਬਰ ਬਣਾਕੇ ਉਸਦਾ ਨਵਾਂ ਨਾਮ ਰੱਖਿਆ ਜਾਂਦਾ ਹੈ। ਅਨੇਕਾਂ ਦੰਦ ਕਥਾਵਾਂ ਹਨ ਸੰਤਾਂ ਮਹੰਤਾਂ ਰਾਹੀ ਅੰਮ੍ਰਿਤ ਜਲ ਦਾ ਛਿੜਕਾਅ ਕਰਕੇ ਬਿਮਾਰੀਆਂ ਦੂਰ ਕਰਨ ਦੀਆਂ। ਗੰਗਾ ਸਾਗਰ ਦਾ ਜਲ ਅੰਮ੍ਰਿਤ ਸਮਝਿਆ ਜਾਣ ਲਗਿਆ । ਸੋ ਅੰਮ੍ਰਿਤੁ ਜਲ ਰਾਹੀਂ ਅਮਰ ਹੋਣ ਦੀ ਖੋਜ ਸੰਪੂਰਨ ਕਰ ਲਈ ਗਈ ਸੀ। ਲੇਕਿਨ ਜਿਉਂ ਜਿਉਂ ਸਮਾਜਿਕ ਵਿਕਾਸ ਦੇ ਨਾਲ ਵਿਗਿਆਨਕ ਖੋਜਾਂ ਤੇ ਕਾਢਾਂ ਦਾ ਵਿਕਾਸ ਹੋਇਆ ਮਨੁੱਖੀ ਬੁੱਧੀ ਨੇ ਵਿਕਾਸ ਕੀਤਾ। ਸੰਕਾਵਾਦੀ ਬੁੱਧੀਮਾਨ ਉਠ ਖੜੇ ਹੋਏ ਕਹਿਣ ਲਗੇ ਫੇਰ ਪਵਿੱਤਰ ਪਾਣੀ (holy water) ਵਰਤਣ ਵਾਲੇ ਮਨੁੱਖ ਕਿਉਂ ਮਰਦੇ ਹਨ ? ਮਨੁੱਖਾਂ ਨੂੰ ਬੇਸੁਰਤ ਤੇ ਮਰੇ ਮਨੁੱਖ ਦਾ ਬੁਨਿਆਦੀ ਫਰਕ ਸਮਝ ਆ ਗਿਆ ਸੀ। ਫੇਰ ਵੀ ਅੰਮ੍ਰਿਤ ਦੀ ਮਨੌਤ ਪੁਰਾਣੀ ਨਵੀ ਬਾਈਬਲ ਤੇ ਧਰਮ ਗ੍ਰੰਥਾਂ ਵਿੱਚ ਮੌਜੂਦ ਹੈ। ਇਸ ਤਰ੍ਹਾਂ ਹਿੰਦੂ ਧਰਮ ਵਿੱਚ ਗੰਗਾ ਜਲ ਨੂੰ ਅੰਮ੍ਰਿਤ ਜਾਨਿਆ ਜਾਂਦਾ ਹੈ। ਅਠਾਰਵੀਂ ਸਦੀ ਦੌਰਾਨ ਜਰਮਨੀ ਦੇ ਫਿਲਾਸਫਰ ਲੁਡਵਿੱਗ ਫਿਊਰਬਾਖ ਨੇ ਆਪਣੀ ਕਿਤਾਬ "ਇਸਾਈਅਤ ਦਾ ਸਾਰਤੱਤ" ਦੀ ਭੂਮਿਕਾ ਵਿੱਚ ਸਵਾਲ ਖੜਾ ਕੀਤਾ ਕਿ ਆਮ ਪਾਣੀ ਤੇ ਪੱਵਿਤਰ ਪਾਣੀ ਵਿਚਕਾਰ ਬੁਨਿਆਦੀ ਫਰਕ ਦੱਸਿਆ ਜਾਵੇ। ਪਵਿੱਤਰ ਪਾਣੀ ਤੋਂ ਪਹਿਲਾਂ ਵੀ ਮਨੁੱਖ ਨਦੀਆਂ ਦਰਿਆਵਾਂ ਤਲਾਬਾਂ ਦਾ ਪਾਣੀ ਪੀਕੇ ਤੇ ਭੋਜਨ ਖਾਕੇ ਜੀਵਨ ਬਸਰ ਕਰਦਾ ਆ ਰਿਹਾ ਹੈ। ਪੁਜਾਰੀ ਸਿਰਫ ਆਸਥਾ ਦਾ ਸਹਾਰਾ ਲੈਕੇ ਪਵਿੱਤਰ ਜਲ ਜਾਂ ਅੰਮ੍ਰਿਤ ਜਲ ਦੀ ਅਮਰਤਾ ਨੂੰ ਸਾਬਤ ਨਾਂ ਕਰ ਸਕੇ। ਉਨ੍ਹਾਂ ਦੀ ਆਸਤਾ ਕਾਇਮ ਰਹਿਣ ਦੇ ਬਾਵਜੂਦ ਆਮ ਲੋਕਾਂ ਵਿੱਚ ਪਵਿੱਤਰ ਜਲ ਛਕਣ ਨਾਲ ਅਮਰ ਹੋਣ ਦਾ ਭਰਮ ਟੁਟ ਗਿਆ। ਧਰਮ ਪੰਥ ਲਈ ਨਵੀਂ ਬਿਪਤਾ ਪੈਦਾ ਹੋ ਗਈ । ਉਸਦਾ ਨਵਾਂ ਹੱਲ ਲੱਭਿਆ ਜਾਣ ਲਗਿਆ। ਮੂਸਾ ਭੱਜਿਆ ਮੌਤ ਤੋਂ ਅਗੇ ਮੌਤ ਖੜੀ ਦਾ ਸੰਕਲਪ ਪੈਦਾ ਹੋ ਗਿਆ ਧਾਰਮਿਕ ਵਿਚਾਰਵਾਨਾਂ ਨੇ ਇਸ ਦਾ ਹੱਲ ਵੀ ਪਹਿਲਾਂ ਹੀ ਕੱਢ ਰਖਿਆ ਸੀ (ਪੁਰਾਣੀ ਬਾਈਬਲ ਦਾ ਲਿਖਾਰੀ ਮੂਸਾ ਜਾ ਮਾਓਸ) ਪ੍ਰਾਚੀਨ ਰੋਮ ਤੇ ਯੂਨਾਨ ਦੇ ਫਲਸਫੇ ਵਿੱਚ ਇਸ ਦਾ ਹੱਲ ਪਿਆ ਮਿਲ ਗਿਆ!

**ਆਤਮਾ ਪਰਮਾਤਮਾ ਦੀ ਖੋਜ:** ਪ੍ਰਾਚੀਨ ਯੂਨਾਨੀ ਅਤੇ ਰੋਮਨ ਫਲਸਫਾ ਅਮਰਤਾ ਅਤੇ ਮੌਤ ਬਾਰੇ ਮਹੱਤਵਪੂਰਨ ਵਿਚਾਰਾਂ ਦੀ ਚਰਚਾ ਕਰਦਾ ਹੈ, ਇਹ ਕਾਫੀ ਹੱਦ ਤੱਕ ਹੋਮਰ, ਐਮਪੀਡੋਕਲਸ, ਪਲੈਟੋ, ਅਰਸਤੂ, ਐਪੀਕੁਰਸ, ਸ਼ੁਰੂਆਤੀ ਸਟੋਇਕਸ, ਫਿਲੋਡੇਮਸ, ਸਿਸੇਰੋ, ਸੇਨੇਕਾ, ਐਪੀਕੇਟਸ ਅਤੇ ਮਾਰੁਕਸ ਔਰੇਲੀਅਸ ਨਾਲ ਜੁੜਿਆ ਹੋਇਆ ਹੈ। ਪ੍ਰਾਚੀਨ ਯੂਨਾਨੀਆਂ ਲਈ ਅਮਰਤਾ ਦੇਵਤਿਆਂ ਨਾਲ ਨੇੜਿਓਂ ਜੁੜੀ ਹੋਈ ਹੈ। ਇਹ ਪ੍ਰਾਚੀਨ ਫਲਸਫਾ ਪੂਰਵ ਈਸਵੀ ਪੈਦਾ ਹੋਇਆ ਸੀ । ਕਰੀਬ 470 or 428 ਰੋਮਨ ਤੇ ਯੂਨਾਨੀ ਫਲਸਫੇ 348 BC347) ਸੁਕਰਾਤ ਪਲੈਟੋ ਅਰਸਤੂ ਤੋਂ ਲੈਕੇ ਹੈਲੰਸਕੀ ਫਲਸਫੇ ਦਾ ਮੁੱਢ ਬੱਝਾ ਸੀ। ਪੁਰਾਣੀ ਬਾਇਬਲ ਵਿਚ ਅਰਸਤੂ ਤੇ ਪਲੈਟੋ ਦੇ ਅਧਿਆਤਮਿਕ ਵਿਚਾਰਾਂ ਨੂੰ ਆਵਦੀ ਭਾਸਾ ਵਿੱਚ ਸਮੋਇਆ ਗਿਆ। ਨਵੀਂ ਬਾਇਬਲ ਵਿਚ ਅਰਸਤੂ ਸਟੌਕਇਇਸਟ, (ਸਭਨਾਂ ਵੰਨਗੀ ਦੇ ਫਲਸਫਿਆਂ ਦਾ ਮਿਲਗੋਭਾ) ਫਿਲੋ ਤੇ ਸੈਨਿਕਾ ਦੇ ਆਤਮਾ ਪਰਮਾਤਮਾ ਸੰਕਲਪ ਦੇ ਫਲਸਸਫੇ ਨੂੰ ਵਿਸੇਸ ਰੂਪ ਵਿਚ ਦਰਜ ਕੀਤਾ। ਯਾਦ ਰਹੇ ਸੈਨਿਕਾ ਨੀਰੋ ਦਾ ਅਧਿਆਪਕ ਸੀ। ਪਹਿਲਾਂ ਉਸ ਨੇ ਕੋਲਾਈਡਸ ਨਿਰੋ ਬਾਦਸਾਹ ਦੀ ਮਦਦ ਕੀਤੀ। ਨੀਰੋ ਨੂੰ ਰੋਮ ਦੇ ਕੋਲਾਈਡਸ ਬਾਦਸਾਹ ਨੇ ਗੋਦ ਲਿਆ ਸੀ। ਨੀਰੋ ਉਸ ਨੂੰ ਮਾਰਕੇ ਸਹਿਨਸਾਹ ਬਣ ਗਿਆ। ਨੀਰੋ ਦੀ ਮਤ੍ਰੇਈ ਮਾਂ ਦਖਲ ਅੰਦਾਜੀ ਕਰਦੀ ਸੀ ਫੇਰ ਸੈਨਿਕ ਨੇ ਬੁਰੂਸ ਸੈਨਾਪਤੀ ਨਾਲ ਮਿਲਕੇ ਉਸ ਨੂੰ ਮਰਵਾ ਦਿੱਤਾ। ਬੁਰੂਸ ਦੇ ਮਰਨ ਤੋਂ ਬਾਅਦ ਨੀਰੋ ਨਾਲ ਅਣਬਣ ਹੋ ਗਈ। ਸੈਨਕਾ ਨੀਰੋ ਨੂੰ ਕਤਲ ਕਰਨ ਦੀ ਸਾਜਿਸ ਕਰਨ ਦਾ ਦੋਸੀ ਪਾਇਆ ਗਿਆ। ਪਤਾ ਲਗਣ ਉਪਰੰਤ ਨਿਰੋ ਨੇ ਉਸ ਨੂੰ ਖੁਦਕੁਸੀ ਕਰਨ ਦਾ ਹੁਕਮ ਦਿੱਤਾ। ਸੈਨਿਕਾ ਖੁਦਕਸੀ ਕਰਕੇ ਮਰ ਗਿਆ ਸੀ। ਬਾਦ ਵਿੱਚ ਪਤਾ ਲਗਿਆ ਕਿ ਉਹ ਅੰਦਰਖਾਤੇ ਇਸਾਈਆਂ ਦੀ ਮਦਦ ਕਰਦਾ ਸੀ। ਇਸਾਈ ਪਾਦਰੀ ਸੇਂਟ ਪਾਲ ਨਾਲ ਉਸ ਦੇ ਸਬੰਧ ਸਨ। ਉਸ ਨੂੰ ਅਨੇਕਾਂ ਖੱਤ ਨਕਲੀ ਨਾਮ ਹੇਠ ਲਿਖੇ ਗਏ ਸਨ ਜੋ ਪਕੜੇ ਗਏ ਸੀ। ਉਨ੍ਹਾਂ ਦੀ ਪਹਿਚਾਣ ਸੈਨਕਾ ਦੀਆਂ ਹੱਥ ਲਿਖਤਾਂ ਤੋਂ ਹੋ ਗਈ ਸੀ। ਪਰਾਣੀ ਤੇ ਨਵੀਂ ਅੰਜੀਲ ਵਿੱਚ ਰੱਬ ਆਤਮਾ ਤੇ ਅੰਮ੍ਰਿਤ ਦਾ ਸੰਕਲਪ ਸਾਮਲ ਕਰ ਲਿਆ ਗਿਆ ਸੀ।

ਇਸ ਦੇ ਨਾਲ ਇੰਡੀਆ ਵਿੱਚ ਵੀ ਆਤਮਾ ਪਰਮਾਤਮਾ ਦੀ ਖੋਜ ਹੋ ਚੁਕੀ ਸੀ। ਮੁੰਡਕਾ ਉਪਨਿਸਦ ਵਿੱਚ ਆਤਮਾ ਤੇ ਈਸਵਰ ਦਾ ਸੰਕਲਪ ਤੇ ਬਰਿਹਦਰਣ ਉਪਿਨਸਦ ਦੇ ਕਰਤਾ ਯੱਗਵਿਲਕਯਾ ਨੇ ਆਤਮਾ ਦੀ ਖੋਜ ਕੀਤੀ

**ਆਤਮਾ ਦਾ ਸੰਕਲਪ** :- यस्मिन्योः पृथिवी चान्तरिक्षमोतंमनः सह प्राणैश्च सर्वैः ।

तमेवैकं जानथ आत्मानमन्या

वाचो विमुञ्चामृतस्यैष सेतुः ।।5।। ਮੁੰਡਕ ਉਪਨਿਸਦ ਵਿਚੋਂ "ਤੁਸੀਂ ਉਸ ਨੂੰ ਇਕੱਲੇ ਆਪਣੇ ਆਪ ਨੂੰ ਜਾਣਦੇ ਹੋ, ਅਤੇ ਹੋਰ ਸਬਦ ਅਮਰਤਾ ਦੇ ਪੁਲ ਹਨ। ਜਿਸ ਵਿੱਚ ਸਵਰਗ " ਧਰਤੀ" ਅਤੇ ਅਕਾਸ) ਆਦਿ ਸਭ ਪ੍ਰਾਣ ਮਨ ਨਾਲ ਜੁੜੇ ਹਨ। ਉਹ ਇੱਕ ਆਤਮਾ ਹੈ- ਆਤਮਾ ਕੇਵਲ ਤੁਸੀਂ ਜਾਣਦੇ ਹੋ। ਹੋਰ ਸਾਰੇ ਬਚਨਃ ਵਾਦ ਵਿਮੁਚਤ ਨੇ ਇਸ ਤਰਾਂ ਇਹ ਅੰਮ੍ਰਿਤਸਃ ਅਮਰਤਾ ਦਾ ਪੁਲ ਹੈ। 'ਜਾਣੋ ਸਿਰਫ ਇੱਕ ਆਤਮਾ, ਜਿਸ ਦੁਆਰਾ ਆਕਾਸ, ਧਰਤੀ ਮਨ ਸਾਰੇ ਪ੍ਰਾਣਾਂ ਨਾਲ ਜੁੜੇ ਹੋਏ ਹਨ। ਹੋਰ ਸਾਰੀਆਂ (ਵਿਅਰਥ) ਗੱਲਾਂ ਕਰਦੇ ਹਨ। ਇਹ "ਅਮਰਤਾ ਦੀ ਪ੍ਰਾਪਤੀ ਦਾ ਪੁਲ ਹੈ।"

ਆਤਮਾ ਹਿੰਦੂ ਸੰਸਕ੍ਰਿਤੀ ਫਿਲਾਸਫੀ ਦਾ ਅਧਿਆਤਮਿਕ ਸੰਕਲਪ ਹੈ, ਜਿਸ ਦੀ ਚਰਚਾ ਉਹਨਾਂ ਦੇ ਗ੍ਰੰਥਾਂ ਵਿੱਚ ਕੀਤੀ ਜਾਂਦੀ ਹੈ। ਹਿੰਦੂ ਧਰਮ ਦੇ ਪ੍ਰਮੁੱਖ ਆਰਥੋਡਾਕਸ ਸਕੂਲ-ਉਪਨਿਸਦ ਆਤਮਾ ਦੀ ਖੋਜ ਦਾ ਪ੍ਰਮੁੱਖ ਸਰੋਤ ਹਨ। ਵੇਦਾਂ ਵਿੱਚ ਆਤਮਾ ਪਰਮਾਤਮਾ ਦਾ ਕੋਈ ਜ਼ਿਕਰ ਨਹੀਂ ਹੈ। ਉਸ ਤੋਂ ਬਾਅਦ ਸਾਂਖਯ, ਯੋਗ, ਨਿਆ, ਵੈਸੇਸਿਕ, ਮੀਮਾਂਸਾ, ਵੇਦਾਂਤ ਤੇ ਜੈਨ ਧਰਮ ਵੀ ਇਸ ਆਧਾਰ ਨੂੰ ਸਵੀਕਾਰ ਕਰਦਾ ਹੈ, ਇਸ ਦੇ ਉਲਟ, ਬੁੱਧ ਧਰਮ ਅਤੇ ਚਾਰਵਾਕ ਦੋਵੇਂ ਇਸ ਗੱਲ ਤੋਂ ਇਨਕਾਰ ਕਰਦੇ ਹਨ।

ਇਸ ਖੋਜ ਨਾਲ ਇਕ ਵਾਰ ਧਰਮਾਂ ਦੀਆਂ ਨੀਹਾਂ ਨੂੰ ਮਜਬੂਤ ਕੀਤਾ ਗਿਆ। ਈਸਾਈਅਤ ਦੇ ਕੁੱਝ ਔਲੀਈਏ ਰੂਹਾਂ ਨੂੰ ਆਮ ਲੋਕਾਂ ਨੂੰ ਦਿਖਾਉਣ ਦੇ ਢਕਵੰਝ ਕਰਨ ਲਗੇ ਉਨ੍ਹਾਂ ਦਾ ਪਰਦਾਫਾਸ ਤਰਕਵਾਦੀਆਂ ਵਲੋਂ ਕੀਤਾ ਗਿਆ । ਬਨੌਟੀ ਬਣਾਈਆਂ ਰੂਹਾਂ ਉਪਰ ਇੰਗਲੈਂਡ ਫਰਾਂਸ ਵਿੱਚ ਛਾਪੇਮਾਰੀ ਹੋਣ ਲਗੀ। ਪਦਾਰਥਵਾਦੀ ਫਲਾਸਫਰਾਂ ਨੇ ਸਵਾਲ ਖੜੇ ਕੀਤੇ ਕਿ ਮਨੁੱਖ ਅੰਦਰ ਮਨੁੱਖੀ ਰੂਹ ਘੁਸੇੜਣ ਦੇ ਕੀ ਅਰਥ ਹਨ ? ਇਹ ਰੂਹਾਂ ਜਾਂ ਆਤਮਾਵਾਂ ਦੇ ਸੰਕਲਪ ਬਾਈਬਲ ਵਿਚ ਅਸਲ ਵਿੱਚ ਯੂਰਪੀਅਨ ਮਹਾਂ ਕਾਵ "ਇਲਾਦ" ਅਤੇ "ਓਡਸੀ " ਵਿਚੋਂ ਲਏ ਗਏ ਹਨ। ਜੋ 800 ਤੋਂ 600 ਪੂਰਵ ਈਸਵੀ ਪੁਰਾਣੇ ਹਨ। ਮਨੁੱਖ ਕਦੇ ਮਰਦਾ ਨਹੀਂ। ਮਰਨ ਤੋਂ ਬਾਅਦ ਉਸ ਦੀ ਰੂਹ ਜਾਂ ਆਤਮਾ ਜੀਵਤ ਰਹਿੰਦੀ ਉਹ ਮੁੜਕੇ ਮਨੁੱਖੀ ਜਾਮਾ ਸਰੀਰ ਧਾਰਨ ਕਰਦੀ ਹੈ। ਹਿੰਦੂ ਧਰਮ ਗ੍ਰੰਥਾਂ ਵਿੱਚ ਅਵਤਾਰਵਾਦ ਆਤਮਾਵਾਂ ਦਾ ਉੱਚਤਮ ਰੂਪ ਹੈ। ਮੈਡੀਕਲ ਸਾਇੰਸ ਨੇ ਪਦਾਰਥਵਾਦੀ ਫਲਸਫਰਾਂ ਦੀ ਧਾਰਨਾ ਨੂੰ ਪੱਕਾ ਕਰ ਦਿੱਤਾ ਕਿ ਜਾਨਵਰਾਂ ਤੇ ਮਨੁੱਖੀ ਸਰੀਰਾਂ ਦੀ ਚੀਰਫਾੜ ਤੇ ਐਕਸਰਿਆਂ ਰਾਹੀ ਦੇਖਣ ਤੋਂ ਪਤਾ ਲਗਦਾ ਹੈ ਕਿ ਆਤਮਾ ਜਾਂ ਰੂਹ ਨਾਂ ਦਾ ਨਾਂ ਕੋਈ ਅੰਗ ਨਹੀਂ ਹੈ ਅਤੇ ਨਾਂ ਕੋਈ ਜਿਸਮ ਵਿੱਚ ਸਥਾਨ ਹੈ ਤੇ ਨਾਂ ਕੋਈ ਰੂਹ ਜਾਂ ਆਤਮਾ ਦੇ ਅੰਦਰ ਘੁਸਣ ਜਾਂ ਬਾਹਰ ਆਉਣ ਦਾ ਰਸਤਾ ਹੈ। ਮਨੁੱਖੀ ਜੀਵਨ ਪ੍ਰੀਕ੍ਰਿਆ ਤੋਂ ਵਗੈਰ ਇਹਨਾਂ ਦਾ ਸਰੀਰ ਵਿੱਚ ਕੋਈ ਵਿਸੇਸ ਕਾਰਜ ਨਹੀਂ ਹੈ। ਮਨੁੱਖੀ ਦੇਹਾਂ ਵਿਚੋਂ ਨਿਕਲੀਆਂ ਰੂਹਾਂ ਤੇ ਆਤਮਾਵਾਂ ਦਾ ਬ੍ਰਹਿਮੰਡ ਵਿੱਚ ਕੋਈ ਸਥਾਨ ਨਹੀਂ ਲਭਿਆ ਜਿਥੇ ਉਡਕੇ ਜਾਂਦੀਆਂ ਹੋਣ! ਸਾਡੇ ਸੌਰ ਮੰਡਲ ਵਿਚ ਧਰਤੀ ਤੋਂ ਆਤਮਾਵਾਂ ਨੂੰ ਜਮਦੂਤ ਲਿਜਾਂਦੇ ਕਿਤੇ ਮੈਕਰੋ ਦੂਰਬੀਨਾਂ ਦੀ ਨਜਰ ਨਹੀਂ ਪਏ ਜਿਨ੍ਹਾਂ ਰਾਹੀਂ ਹਜਾਰਾਂ ਗਲੈਕਸੀਆਂ ਦੀ ਖੋਜ ਕੀਤੀ ਜਾ ਚੁੱਕੀ ਹੈ।

**ਖੰਡੇਬਾਟੇ ਦਾ ਪਾਹੁਲ** :- ਦਸਵੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰਬਾਣੀ ਨੂੰ ਸਨਮੁੱਖ ਰਖਕੇ ਖੰਡੇ ਬਾਟੇ ਦਾ ਪਹੁਲ ਤਿਆਰ ਕੀਤਾ ਸੀ। ਉਸ ਦਾ ਮੁੱਖ ਮਕਸਦ ਉਕਾ ਹੀ ਕਿਸੇ ਸੱਚ ਖੰਡ ਪਹੁੰਚਾਉਣ ਜਾਂ ਅੰਮ੍ਰਿਤ

(ਬਾਕੀ ਸਫ਼ਾ 28 'ਤੇ)

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.

Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney

VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

KRAFTSMAN ELECTRIC LTD.
K ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# ਮਜ਼ਦੂਰਾਂ ਦੀਆਂ ਲਾਸ਼ਾਂ ਉੱਪਰ ਰਚਿਆ ਜਾ ਰਿਹਾ ਆਲਮੀ ਫੁੱਟਬਾਲ ਕੱਪ ਦਾ ਜਸ਼ਨ

**ਰਵਿੰਦਰ ਕੌਰ**

ਹਰ ਚਾਰ ਸਾਲਾਂ ਬਾਅਦ ਹੋਣ ਵਾਲ਼ਾ ਫੁੱਟਬਾਲ ਫੀਫਾ ਸੰਸਾਰ ਕੱਪ ਇਸ ਵਾਰ ਅਰਬ ਦੇਸ਼ ਕਤਰ ਵਿੱਚ ਹੋ ਰਿਹਾ ਹੈ। ਇਹ “ਇਤਿਹਾਸ ਦਾ ਸਭ ਤੋਂ ਮਹਿੰਗਾ ਵਿਸ਼ਵ ਕੱਪ” ਹੋਵੇਗਾ। ਇਸ ਵਿਸ਼ਵ ਕੱਪ ਲਈ ਬੁਨਿਆਦੀ ਢਾਂਚੇ ਅਤੇ ਹੋਰ ਪ੍ਰੋਜੈਕਟਾਂ ਲਈ ਕਤਰ ਦਾ ਅੰਦਾਜਨ 220 ਅਰਬ ਡਾਲਰ ਦਾ ਬਜਟ ਹੈ। ਦੁਨੀਆਂ ਵਿੱਚ ਅਬਾਦੀ ਦਾ ਇੱਕ ਹਿੱਸਾ ਅਜਿਹਾ ਹੈ ਜੋ ਇਸ ਦੀ ਬੇਸਬਰੀ ਨਾਲ਼ ਉਡੀਕ ਕਰ ਰਿਹਾ ਹੈ। ਇਸ ਅਬਾਦੀ ਵਿੱਚੋਂ ਛੋਟਾ ਜਿਹਾ ਹਿੱਸਾ ਅਜਿਹਾ ਹੈ ਜੋ ਮੈਚ ਦੇਖਣ, ਸਟੇਡੀਅਮ ਨੇੜੇ ਰਹਿਣ ਲਈ ਲੱਖਾਂ, ਕਰੋੜਾਂ ਰੁਪਏ ਖਰਚਦਾ ਹੈ।

ਇਸ ਦੀ ਠਾਠ-ਬਾਠ, ਚੈਨਲਾਂ ’ਤੇ ਪ੍ਰਸਾਰਣ, ਮਹਿੰਗੇ ਹੋਟਲਾਂ ਦੀ ਸਜ-ਧਜ ਅੱਖਾਂ ਚੁੰਧਿਆਂ ਦੇਣ ਵਾਲ਼ੀ ਹੁੰਦੀ ਹੈ। ਮੀਡੀਆ ਵਿੱਚ ਜ਼ੋਰ-ਸ਼ੋਰ ਨਾਲ਼ ਇਹ ਦਿਖਾਇਆ ਜਾ ਰਿਹਾ ਹੈ ਕਿ ਇਸ ਮੁਕਾਬਲੇ ਲਈ ਕਿੰਨੇ ਆਧੁਨਿਕ ਸਟੇਡੀਅਮ ਉਸਾਰੇ ਗਏ ਹਨ, ਖਿਡਾਰੀਆਂ, ਪ੍ਰਬੰਧਕਾਂ ਤੇ ਦਰਸ਼ਕਾਂ ਲਈ ਕਿਹੋ ਜਿਹੇ ਆਲੀਸ਼ਾਨ ਹੋਟਲ ਖੜ੍ਹੇ ਕੀਤੇ ਗਏ ਹਨ। ਪਰ ਇਹਨਾਂ ਖ਼ਬਰਾਂ ਵਿੱਚ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਜਾਂਦਾ ਕਿ ਇਹਨਾਂ ਆਧੁਨਿਕ ਸਟੇਡੀਅਮਾਂ, ਹੋਟਲਾਂ ਤੇ ਹੋਰ ਇਮਾਰਤਾਂ ਦੀ ਉਸਾਰੀ ਕਰਦੇ ਹੋਏ ਹਜ਼ਾਰਾਂ ਮਜ਼ਦੂਰ ਆਪਣੀ ਜਾਨ ਗਵਾ ਚੁੱਕੇ ਹਨ। ਅਮਰੀਕੀ ਅਖ਼ਬਾਰ ‘ਦ ਗਾਰਡੀਅਨ’ ਮੁਤਾਬਕ ਇਹਨਾਂ ਮੌਤਾਂ ਦੀ ਗਿਣਤੀ 6500 ਤੋਂ ਉੱਪਰ ਹੈ। ਕਿਧਰੇ ਵੀ ਇਹ ਚਰਚਾ ਨਹੀਂ ਹੋ ਰਹੀ ਕਿ ਆਲਮੀ ਫੁੱਟਬਾਲ ਕੱਪ ਦੇ ਜਸ਼ਨ ਮਨਾਉਣ ਲਈ ਮਜ਼ਦੂਰਾਂ ਤੋਂ ਅਣਮਨੁੱਖੀ ਹਾਲਤਾਂ ਵਿੱਚ ਕੰਮ ਲੈਂਦੇ ਹੋਏ ਉਹਨਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ। ਇਹ ਮਜ਼ਦੂਰ ਕਿੱਥੋਂ ਆਏ, ਇਹਨਾਂ ਕੀ ਖੱਟਿਆ ਕੀ ਗਵਾਇਆ, ਇਹ ਹੁਣ ਕਿੱਥੇ ਗਏ ਕਿਸੇ ਨੂੰ ਇਹਨਾਂ ਗੱਲਾਂ ਦੀ ਕੋਈ ਫਿਕਰ ਨਹੀਂ ਹੈ। ਕਿਉਂਕਿ ਇਹ ਸਰਮਾਏਦਾਰਾ ਸਮਾਜ ਦਾ ਦਸਤੂਰ ਬਣ ਚੁੱਕਾ ਹੈ ਕਿ ਧਨਾਢਾਂ ਦੀ ਅੱਯਾਸ਼ੀ ਲਈ ਮਜ਼ਦੂਰਾਂ ਦਾ ਲਹੂ ਪਾਣੀ ਤੋਂ ਵੀ ਸਸਤਾ ਕਰਕੇ ਵਹਾਇਆ ਜਾਂਦਾ ਹੈ। ਅਸੀਂ ਸੰਵੇਦਨਸ਼ੀਲ ਪਾਠਕਾਂ ਨਾਲ਼ ਇਸ ਜਸ਼ਨ ਲਈ ਬਲੀ ਚਾੜ੍ਹੇ ਗਏ ਮਜ਼ਦੂਰਾਂ ਦੀ ਦਾਸਤਾਨ ਬਿਆਨ ਕਰ ਰਹੇ ਹਾਂ।

ਕਤਰ ਵਿੱਚ ਫੁੱਟਬਾਲ ਦੇ ਵਿਸ਼ਵ ਕੱਪ ਲਈ 2017 ਤੋਂ ਤਿਆਰੀਆਂ ਚੱਲ ਰਹੀਆਂ ਸਨ। ਦੋਹਾ ਦੇ ‘ਲੁਸੈਲ ਸਟੇਡੀਅਮ’ ਵਿੱਚ ਇਸ ਵਾਰ ਮੈਚ ਖੇਡੇ ਜਾਣੇ ਹਨ ਉਸ ਦੀ ਤਿਆਰੀ ’ਤੇ ਲਗਭਗ 76.7 ਕਰੋੜ ਡਾਲਰ ਖਰਚ ਕੀਤੇ ਗਏ ਹਨ। ਇਹ ਸਟੇਡੀਅਮ 2017 ਵਿੱਚ ਬਣਨਾ ਸ਼ੁਰੂ ਹੋਇਆ ਸੀ ਅਤੇ 2021 ਵਿੱਚ ਪੂਰਾ ਹੋਇਆ। ਕਤਰ ਵਿੱਚ ਉਸਾਰੀ ਦੇ ਕੰਮ ਕਰਨ ਲਈ ਕਾਮੇ ਭਾਰਤ, ਪਾਕਿਸਤਾਨ, ਨੇਪਾਲ, ਬੰਗਲਾਦੇਸ਼, ਸ਼੍ਰੀਲੰਕਾ ਤੇ ਹੋਰ ਦੇਸ਼ਾਂ ਤੋਂ ਆਉਂਦੇ ਹਨ। ਕਤਰ ਵਿੱਚ ਲਗਭਗ 20 ਲੱਖ ਪ੍ਰਵਾਸੀ ਮਜ਼ਦੂਰ ਹਨ, ਜੋ ਕਿ ਕਤਰ ਦੇਸ਼ ਦੀ ਕੁੱਲ ਮਜ਼ਦੂਰ ਅਬਾਦੀ ਦਾ ਲਗਭਗ 95 ਫੀਸਦੀ ਹੈ ਅਤੇ ਇਸਦੀ ਪੂਰੀ ਅਬਾਦੀ ਦਾ ਦੋ ਤਿਹਾਈ ਹਿੱਸਾ ਬਣਦਾ ਹੈ। ਕਤਰ ਵਿੱਚ ਉਸਾਰੀ ਅਤੇ ਹੋਰ ਕੰਮਾਂ ਲਈ ਸਰਕਾਰ ਦੁਆਰਾ ‘ਇੱਕ ਪ੍ਰਵਾਸੀ ਮਜ਼ਦੂਰ ਭਰਤੀ ਪ੍ਰਣਾਲ਼ੀ’ ਲਾਗੂ ਕੀਤੀ ਜਾਂਦੀ ਹੈ। ਜਿਸਨੂੰ ‘ਕਾਫਲਾ’ (‘ਸਪਾਂਸਰਸ਼ਿਪ’ ਲਈ ਅਰਬੀ ਸ਼ਬਦ) ਕਿਹਾ ਜਾਂਦਾ ਹੈ, ਇਸ ਪ੍ਰਣਾਲ਼ੀ ਦੀ ਵਰਤੋਂ ਫਾਰਸੀ ਖਾੜੀ ਰਾਜਾਂ ਜਿਵੇਂ ਕਿ ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਵਿੱਚ ਕੀਤੀ ਜਾਂਦੀ ਹੈ। ਇਸ ਪ੍ਰਣਾਲ਼ੀ ਵਿੱਚ ਮਜ਼ਦੂਰ ਠੇਕੇਦਾਰ ਰਾਹੀਂ ਕੰਮ ਕਰਨ ਲਈ ਆਉਂਦੇ ਹਨ, ਕਾਫਲਾ ਮਜ਼ਦੂਰ ਪੂਰੀ ਤੌਰ ’ਤੇ ਆਪਣੇ ਠੇਕੇਦਾਰਾਂ ਦੇ ਰਹਿਮ ’ਤੇ ਹੁੰਦੇ ਹਨ। ਮਜ਼ਦੂਰਾਂ ਦਾ ਪਾਸਪੋਰਟ ਠੇਕੇਦਾਰ ਕੋਲ਼ ਹੀ ਰਹਿੰਦਾ ਹੈ, ਮਜ਼ਦੂਰ ਆਪਣੇ ਮਾਲਕ ਠੇਕੇਦਾਰ ਦੀ ਮਨਜੂਰੀ ਤੋਂ ਬਿਨਾਂ ਨੌਕਰੀ ਨਹੀਂ ਬਦਲ ਸਕਦੇ। ਮਜ਼ਦੂਰ ਮਾੜੇ ਹਾਲਤਾਂ ਵਿੱਚ ਕੰਮ ਕਰਨ ਲਈ, ਮਾਰੂਥਲ ਦੇ ਤਪਦੇ ਸੂਰਜ ਦੇ ਹੇਠਾਂ ਜਿਸਮ ਝੋਕਣ ਲਈ, ਗੁੰਝਲ਼ਦਾਰ ਜੀਵਨ ਜਿਊਣ ਲਈ ਮਜ਼ਬੂਰ ਹਨ। ਇਹ ਪ੍ਰਵਾਸੀ ਕਾਮੇ ਅਕਸਰ ਵਿਦੇਸ਼ਾਂ ਵਿੱਚ ਕੰਮ ਕਰਨ ਲਈ ਮੋਟੀਆਂ ਫੀਸਾਂ ਦਾ ਭੁਗਤਾਨ ਕਰਦੇ ਹਨ। ‘ਦਿ ਗਾਰਡੀਅਨ’ ਦੀ ਰਿਪੋਰਟ ਅਨੁਸਾਰ ਔਸਤ ਇੱਕ ਕਾਮੇ ਨੂੰ 300,000 ਬੰਗਲਾਦੇਸ਼ੀ ਟਕੇ ਦਾ ਭੁਗਤਾਨ ਕਰਨਾ ਪਿਆ ਜਿਹੜਾ ਲਗਭਗ 2,900 ਡਾਲਰ ਦੇ ਬਰਾਬਰ ਹੈ। ਇਹ ਇਹਨਾਂ ਮਜ਼ਦੂਰਾਂ ਲਈ ਵੱਡੀ ਰਕਮ ਹੈ ਤੇ ਉਹ ਕਰਜ਼ਾ ਚੱਕ ਕੇ ਇਹ ਫੀਸਾਂ ਤਾਰਦੇ ਹਨ, ਇਸ ਉਮੀਦ ਨਾਲ਼ ਕਿ ਇਹਨਾਂ ਅਰਬ ਮੁਲਕਾਂ ਵਿੱਚ ਉਹ ਚੰਗੀ ਕਮਾਈ ਕਰਕੇ ਚੰਗੀ ਤਰ੍ਹਾਂ ਆਪਣਾ ਪਰਿਵਾਰ ਪਾਲਣਗੇ। ਕਤਰ ਵਿੱਚ ਭਰਤੀ ਫੀਸਾਂ ਦੀ ਵਸੂਲੀ ਗੈਰ-ਕਨੂੰਨੀ ਹੈ ਪਰ ਇਸ ਦੇਸ਼ ਦੇ ਲੋਟੂ ਹਾਕਮ ਤੇ ਸਰਕਾਰਾਂ ਦੀ ਸਹਿਮਤੀ ਨਾਲ਼ ਹੀ ਠੱਗੀ ਦਾ ਕੰਮ ਹੁੰਦਾ ਹੈ। ਸਟੇਡੀਅਮ ਬਣਾਉਣ ਵਾਲ਼ਿਆਂ ਦੀ ਔਸਤ ਤਨਖਾਹ ਲਗਭਗ 1,000 ਕਤਰੀ ਰਿਆਲ (ਲਗਭਗ ਡਾਲਰ 275) ਪ੍ਰਤੀ ਮਹੀਨਾ ਹੈ। ਇਹ ਲਗਭਗ ਪ੍ਰਤੀ ਘੰਟਾ 1 ਡਾਲਰ ਦੀ ਉਜਰਤ ਦੇ ਬਰਾਬਰ ਹੈ। ਪਾਕਿਸਤਾਨ, ਕੀਨੀਆ ਅਤੇ ਨੇਪਾਲ ਵਰਗੇ ਦੇਸਾਂ ਦੇ ਸੁਰੱਖਿਆ ਗਾਰਡਾਂ ਦਾ ਕਹਿਣਾ ਹੈ ਕਿ ਉਹ 12 ਘੰਟੇ ਦੀ ਸ਼ਿਫਟ ਵਿੱਚ ਮਿਹਨਤ ਕਰਦੇ ਹਨ ਅਤੇ ਮਹੀਨੇ ਵਿੱਚ 30 ਦਿਨ ਕੰਮ ਕਰਦੇ ਹਨ। ਕੀਨੀਆ ਦੇ ਇੱਕ ਸੁਰੱਖਿਆ ਗਾਰਡ ਨੇ ਕਿਹਾ ਕਿ, ਕਾਫਾਲਾ ਏਜੰਟ ਮਜ਼ਦੂਰਾਂ ਨੂੰ ਕਤਰ ਵਿੱਚ ਉਡਾਣ ਭਰਨ ਤੋਂ ਬਾਅਦ ਮਿਲ਼ਣ ਵਾਲ਼ੀ ਤਨਖਾਹ ਬਾਰੇ ਝੂਠ ਬੋਲਦੇ ਹਨ। ਉਸਨੇ ਕਿਹਾ ਕਿ “ਇਹ ਇੱਕ ਜਾਲ਼ ਹੈ, ਕਿਉਂਕਿ ਤੁਹਾਨੂੰ ਕੀਨੀਆ ਵਿੱਚ ਇੱਕ ਗੱਲ ਅਤੇ ਕਤਰ ਵਿੱਚ ਦੂਜੀ ਗੱਲ ਦੱਸੀ ਜਾਂਦੀ ਹੈ”। ਬਹੁਤ ਸਾਰੇ ਮਜ਼ਦੂਰ ਆਪਣੇ ਕਰਜੇ ਮੋੜਨ ਤੋਂ ਅਸਮਰੱਥ ਹੁੰਦੇ ਹਨ। ਕਰਜ਼ਿਆਂ ਦਾ ਦਬਾਅ ਮਜ਼ਦੂਰਾਂ ਦੀ ਖੁਦਕੁਸ਼ੀ ਦਾ ਕਾਰਨ ਬਣਦਾ ਹੈ, ਇੱਕ ਨੇਪਾਲੀ ਮਜ਼ਦੂਰ ਮਹਿਮਦ ਨਦਾਫ ਮਨਸੂਰ ਧੁਨੀਆ ਆਪਣੇ ਕੰਮ ਵਾਲ਼ੀ ਥਾਂ ’ਤੇ ਹੀ ਰੱਸੇ ਨਾਲ਼ ਲਟਕ ਗਿਆ ਸੀ।

ਉੱਥੋਂ ਦੇ ਪ੍ਰਸ਼ਾਸਨ ਦੀ ਬੇਸ਼ਰਮੀ ਇਹ ਹੈ ਕਿ ਪਰਵਾਸੀ ਮਜ਼ਦੂਰਾਂ ਦੀਆਂ ਮੌਤਾਂ ’ਤੇ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਸਗੋਂ ਕਈ ਮਜ਼ਦੂਰਾਂ ਦੇ ਪਰਿਵਾਰ ਤੋਂ ਲਾਸ਼ਾਂ ਮੰਗਵਾਉਣ ਲਈ ਵੀ ਪੈਸੇ ਮੰਗੇ ਗਏ ਹਨ। ‘ਇੰਡੀਅਨ ਐਕਸਪ੍ਰੈਸ’ ਅਖ਼ਬਾਰ ਦੀ ਖ਼ਬਰ ਮੁਤਾਬਕ ਕਤਰ ’ਚ ਮਾਰੇ ਗਏ ਤੇਲੰਗਾਨਾ ਦੇ 40 ਸਾਲਾ ਰਜਿੰਦਰ ਪ੍ਰਭੂ ਦੇ ਪਰਿਵਾਰ ਤੋਂ ਉਸਦੀ ਲਾਸ਼ ਲਈ 5 ਲੱਖ ਰੁਪਏ ਮੰਗੇ ਗਏ ਸਨ। ਪਰਿਵਾਰ ਮੁਤਾਬਕ ਉਸਨੂੰ 2500 ਕਤਰੀ ਰਿਆਲ (ਕਰੀਬ 57,000 ਰੁਪਏ) ਦੀ ਤਨਖਾਹ ਦਾ ਵਾਅਦਾ ਕਰਕੇ ਕਤਰ ਦੀ ਇੱਕ ਕੰਪਨੀ ਨੇ 2016 ਵਿੱਚ ਭਰਤੀ ਕੀਤਾ ਸੀ, ਪਰ ਕੰਮ ’ਤੇ ਲੱਗਣ ਤੋਂ ਬਾਅਦ ਉਸਨੂੰ 1000 ਕਤਰੀ ਰਿਆਲ (ਕਰੀਬ 23,000 ਰੁਪਏ) ਮਹੀਨਾ ਹੀ ਦਿੱਤੇ ਗਏ।

ਹੁਣ ਜਦੋਂ ਵਿਸ਼ਵ ਕੱਪ ਦੀ ਉਸਾਰੀ ਦੇ ਕੰਮ ਮੁਕੰਮਲ ਹੋ ਗਏ ਹਨ, ਓਦੋਂ ਹਜ਼ਾਰਾਂ ਪ੍ਰਵਾਸੀ ਮਜ਼ਦੂਰਾਂ ਦੇ ਇਕਰਾਰਨਾਮੇ ਰੱਦ ਕਰ ਦਿੱਤੇ ਗਏ ਹਨ ਅਤੇ ਬਹੁਤ ਸਾਰੇ ਮਾਮਲਿਆਂ ਵਿੱਚ ਬਿਨਾਂ ਤਨਖਾਹ ਦੇ ਘਰ ਵਾਪਸ ਭੇਜ ਦਿੱਤਾ ਗਿਆ ਹੈ। ਕਿਉਂਕਿ ਹੁਣ ਕਤਰ ਦੀ ਸਰਕਾਰ “ਦੇਸ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਵਿੱਚ (ਵੱਧ ਤੋਂ ਵੱਧ) ਕਟੌਤੀ” ਕਰਨ ਦੀ ਆਪਣੀ ਯੋਜਨਾ ਨੂੰ ਲਾਗੂ ਕਰ ਰਹੀ ਹੈ। ਪ੍ਰਸ਼ਾਸਕੀ ਵਿਕਾਸ, ਕਿਰਤ ਅਤੇ ਸਮਾਜਿਕ ਮਾਮਲਿਆਂ ਦੇ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ, 21 ਸਤੰਬਰ 2022 ਤੋਂ 18 ਜਨਵਰੀ 2023 ਦੇ ਅਰਸੇ ਦੌਰਾਨ ਗੈਰ-ਜਰੂਰੀ ਪ੍ਰਵਾਸੀ ਮਜ਼ਦੂਰਾਂ ਨੂੰ ਘਟਾਉਣ ਲਈ, ਸਾਰੇ ਠੇਕੇਦਾਰ ਮਜ਼ਦੂਰਾਂ ਲਈ ਇੱਕ ਯੋਜਨਾ ਤਿਆਰ ਕਰਨਗੇ! ਜਦੋਂ ਇਹਨਾਂ ਮੁਨਾਫ਼ੇ ਦੇ ਸੌਦਾਗਰਾਂ ਨੂੰ ਮਜ਼ਦੂਰਾਂ ਦੀ ਕੋਈ ਲੋੜ ਨਹੀਂ ਰਹਿੰਦੀ ਓਦੋਂ ਉਹਨਾਂ ਨੂੰ ਦੁੱਧ ਵਿੱਚੋਂ ਮੱਖੀ ਵਾਂਗੂੰ ਬਾਹਰ ਕੱਢ ਕੇ ਮਾਰਦੇ ਹਨ। ਮਜ਼ਦੂਰਾਂ ਨੂੰ ਇਨਸਾਨ ਵਜੋਂ ਚਿਤਵਿਆ ਹੀ ਨਹੀਂ ਜਾਂਦਾ!

ਪਰ ਇਸ ਫੁੱਟਬਾਲ ਕੱਪ ਦੇ ਪ੍ਰਬੰਧਕ ਇਸ ਕਾਰੇ ਉੱਪਰ ਬੇਸ਼ਰਮੀ ਨਾਲ਼ ਪਰਦਾ ਪਾਉਣ ਲੱਗੇ ਹੋਏ ਹਨ। ਇੱਕ ਪ੍ਰੈੱਸ ਕਾਨਫਰੰਸ ਦੌਰਾਨ, ‘ਫੀਫਾ’ ਦੇ ਪ੍ਰਧਾਨ ਇਨਫੈਂਟੀਨੋ ਨੇ ਕਤਰ ਦੇ “ਜ਼ਮੀਨੀ ਸੁਧਾਰਾਂ” ਦੀ ਪ੍ਰਸੰਸਾ ਕੀਤੀ ਜੋ “ਹਜ਼ਾਰਾਂ ਕਾਮਿਆਂ ਦੇ ਜੀਵਨ ਨੂੰ ਬਿਹਤਰੀ ਲਈ ਬਦਲ ਰਹੇ ਹਨ।” ਉਸਨੇ ਇਸ ਆਲਮੀ ਫੁੱਟਬਾਲ ਕੱਪ ਨੂੰ “ਸ਼ਾਂਤੀ ਅਤੇ ਏਕਤਾ” ਦਾ ਸੁਨੇਹਾਦੱਸਿਆ ਹੈ। ਪਰ ਸੱਚਾਈ ਇਹ ਹੈ ਕਿ ਇਹ ਫੁੱਟਬਾਲ ਕੱਪ ਹਜ਼ਾਰਾਂ ਮਜ਼ਦੂਰਾਂ ਦੀ ਅੰਨ੍ਹੀ ਲੁੱਟ ਤੇ ਸੈਂਕੜੇ ਲਾਸ਼ਾਂ ਉੱਪਰ ਮਨਾਇਆ ਜਾ ਰਿਹਾ ਜਸ਼ਨ ਹੈ। ਇਸ ਜਸ਼ਨ ਵਿੱਚ ਅਮੀਰਜ਼ਾਦੇ ਇੱਕ-ਇੱਕ ਮੈਚ ਦੀ ਟਿਕਟ ਲਈ ਕਰੀਬ 5,000 ਡਾਲਰ ਖਰਚ ਕੇ “ਸ਼ੌਕ” ਪੂਰੇ ਕਰਨਗੇ।

ਲੁੱਟ, ਜਬਰ ਉੱਪਰ ਟਿਕੇ ਤੇ ਮੁਨਾਫੇ ਕੇਂਦਰਤ ਮੌਜੂਦਾ ਸਰਮਾਏਦਾਰਾ ਪ੍ਰਬੰਧ ਵਿੱਚ ਕਤਰ ਉਹ ਮਾਰੂਥਲ ਹੈ ਜਿੱਥੇ ਪਿੰਡੇ ਨੂੰ ਲੂੰਹਦਾਂ ਤਪਦਾ ਸੂਰਜ ਹੈ, ਜਿਸ ਵਿੱਚ ਮਜ਼ਦੂਰ ਉਸਾਰੀ ਦਾ ਕੰਮ ਕਰਦੇ ਹਨ, ਜਿਸ ਕਾਰਨ ਮਾਨਸਿਕ ਦਬਾਅ, ਹੱਡ ਗਾਲ਼ਣ ਵਾਲ਼ਾ ਸਰੀਰਕ ਕੰਮ, ਛੋਟੀ ਉਮਰੇ ਮੌਤ ਦਾ ਕਾਰਨ ਬਣ ਜਾਂਦਾ ਹੈ। ਮਜ਼ਦੂਰਾਂ ਦੀਆਂ ਭਿਆਨਕ ਕੰਮ ਹਾਲਤਾਂ ਬਦਲਣ ਲਈ, ਚੰਗੇ ਜੀਵਨ ਪੱਧਰ ਲਈ, ਲੁੱਟ ਦੇ ਹਰ ਰੂਪ ਨੂੰ ਖਤਮ ਕਰਨ ਲਈ ਇੱਕੋ-ਇੱਕ ਰਾਹ ਜਥੇਬੰਦ ਹੋ ਕੇ ਸੰਘਰਸ਼ਾਂ ਦੇ ਰਾਹ ਪੈਣਾ ਹੀ ਹੈ। ਕਤਰ ਵਰਗੇ ਜਾਂ ਹੋਰ ਦੇਸ਼ਾਂ ਵਿੱਚ ਜਿੱਥੇ ਮਜ਼ਦੂਰ ਕੰਮ ਦੀ ਭਾਲ ਵਿੱਚ ਪ੍ਰਵਾਸ ਕਰਦੇ ਹਨ। ਉੱਥੇ ਅਲੱਗ-ਅਲੱਗ ਦੇਸ਼ਾਂ ਦੇ ਮਜ਼ਦੂਰਾਂ ਨੂੰ ਧਾਰਮਿਕ, ਕੌਮੀ, ਨਸਲੀ, ਜਾਤੀ ਭੇਦਭਾਵ ਤੋਂ ਉੱਪਰ ਉੱਠ ਕੇ ਇੱਕਜੁਟ ਹੋ ਕੇ ਕੌਮਾਂਤਰੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਆਪਣੇ ਹੱਕਾਂ ਦੀ ਲੜਾਈ ਲਾਜ਼ਮੀ ਹੀ ਲੜਨੀ ਚਾਹੀਦੀ ਹੈ।

ਲਲਕਾਰ ’ਚੋਂ ਧੰਨਵਾਦ ਸਹਿਤ







# ਕਿਸਾਨ ਧਰਨਿਆਂ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਦੇ ਮਾਇਨੇ

ਬੇਰੁਜ਼ਗਾਰ ਅਧਿਆਪਕਾਂ ਨੇ 28 ਅਕਤੂਬਰ 2021 ਤੋਂ ਜਲੰਧਰ ਬੱਸ ਸਟੈਂਡ ਦੇ ਵਿੱਚ ਸੜਕੀ ਆਵਾਜਾਈ ਰੋਕੇ ਬਗੈਰ ਪੱਕਾ ਧਰਨਾ ਸ਼ੁਰੂ ਕੀਤਾ ਜੋ ਚੋਣ ਜਾਬਤਾ ਲੱਗ ਜਾਣ ਕਾਰਨ 10 ਜਨਵਰੀ 2021 ਨੂੰ ਚੁੱਕਣਾ ਪਿਆ ਸੀ।

ਕਹਿਣ ਦਾ ਭਾਵ ਡੀਸੀ ਦਫਤਰਾਂ, ਮੰਤਰੀਆਂ, ਵਿਧਾਇਕਾਂ ਦੇ ਘਰ ਘੇਰ ਕੇ ਪੱਕੇ ਧਰਨੇ ਲਾ-ਲਾ ਕੇ ਪੰਜਾਬ ਦੇ ਲੋਕਾਂ ਨੇ ਵੇਖੇ ਹੋਏ ਹਨ ਪਰ ਸਰਕਾਰਾਂ ਐਨੀਆਂ ਜਿਆਦਾ ‘ਬੋਲੀਆਂ’ ਹੋ ਚੁੱਕੀਆਂ ਹਨ ਕਿ ਉਹਨਾਂ ਨੂੰ ਛੇਤੀ ਕੀਤਿਆਂ ਕੁੱਝ ਸੁਣਾਈ ਹੀ ਨਹੀਂ ਦੇ ਰਿਹਾ ਹੈ।

ਅਗਲੀ ਹੈਰਾਨੀ ਇਸ ਗੱਲ ਦੀ ਵੀ ਹੋ ਰਹੀ ਹੈ ਕਿ ਉਸ ਪਾਰਟੀ ਦਾ ਲੀਡਰ ਧਰਨਿਆਂ ’ਤੇ ਟੋਟਕੇ ਛੱਡ ਰਿਹਾ ਹੈ ਜਿਸ ਪਾਰਟੀ ਦਾ ਜਨਮ ਹੀ ਧਰਨਿਆਂ ਵਿੱਚੋਂ ਹੋਇਆ ਹੈ। ਆਮ ਆਦਮੀ ਪਾਰਟੀ ਦਾ ਜਨਮ ਭ੍ਰਿਸ਼ਟਾਚਾਰ ਖਿਲਾਫ ਅਨਾ ਹਜ਼ਾਰੇ ਦੀ ਅਗਵਾਈ ਹੇਠ ਲੱਗੇ ਧਰਨੇ ਵਿੱਚੋਂ ਹੋਇਆ ਹੈ ਤੇ ਆਪਣੇ ਜਨਮ ਦਾ ਬਾਅਦ ਵੀ ‘ਆਪ’ ਧਰਨੇ ਲਾਉਂਦੀ ਰਹੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਮੇਡੀ ਦੌਰਾਨ ਇੱਕ ਦੋ ਵਾਰ ਅਧਿਆਪਕਾਂ ਦੇ ਧਰਨਿਆਂ ਬਾਰੇ ਹਲਕੀਆਂ ਟਿੱਪਣੀਆਂ ਕਰਨ ਤੋਂ ਬਗੈਰ ਭਗਵੰਤ ਮਾਨ ਨੇ ਸਾਰੀ ਉਮਰ ਹੱਕੀ ਧਰਨਿਆਂ ਨੂੰ ਪ੍ਰਮੋਟ ਕੀਤਾ ਹੈ ਤੇ ਖੁਦ ਵੀ ਕਈ ਵਾਰ ਕਿਸਾਨ ਧਰਨਿਆਂ ਵਿੱਚ ਹਾਜ਼ਰੀ ਭਰੀ ਹੈ ਪਰ ਹੁਣ ਸੱਤਾ ਦੀ ਕੁਰਸੀ ਮਿਲਣ ਤੋਂ ਬਾਅਦ ਭਗਵੰਤ ਮਾਨ ਨੇ ਇਸ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਹਨ।

ਸੱਤਾ ਵਿੱਚ ਆਉਣ ਤੋਂ ਪਹਿਲਾਂ ‘ਆਪ’ ਆਗੂ ਦਾਅਵਾ ਕਰਦੇ ਸਨ ਕਿ ਇੱਕ ਵਾਰ ਸਰਕਾਰ ਬਣ ਲੈਣ ਦਿਓ ਫਿਰ ਲੋਕਾਂ ਦੇ ਸਾਰੇ ਮਸਲੇ ਹੱਲ ਕਰ ਦਿੱਤੇ ਜਾਣਗੇ ਤੇ ਪੰਜਾਬ ਵਿੱਚ ਕੋਈ ਧਰਨਾ ਨਹੀਂ ਲੱਗੇਗਾ ਪਰ ਪਿਛਲੇ ਅੱਠ ਮਹੀਨਿਆਂ ਦੌਰਾਨ ਬੇਰੁਜ਼ਗਾਰਾਂ ਦੀਆਂ ਦਰਜ਼ਨਾਂ ਜਥੇਬੰਦੀਆਂ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿੱਚ ਧਰਨੇ ਲਾ ਚੁੱਕੇ ਹਨ।ਹਰੀ ਸਿਆਹੀ ਵਾਲਾ ਪੈੱਨ ਪੰਜਾਬ ਦੇ ਵੱਡੀ ਗਿਣਤੀ ਬੇਰੁਜ਼ਗਾਰਾਂ ਦੀ ਜਿੰਦਗੀ ਨਹੀਂ ਸੁਧਾਰ ਸਕਿਆ ਹੈ।

ਪਿਛਲੇ ਦਿਨੀਂ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਨੰਬਰਦਾਰਾਂ ਨੇ ਆਪਣੀਆਂ ਮੰਗਾਂ ਸਬੰਧੀ ਧਰਨਾ ਦਿੱਤਾ ਸੀ ਤੇ ਜਦ ਧਰਨਾ ਦੇਣ ਉਪਰੰਤ ਉਹ ਘਰ

(ਸਫ਼ਾ 7 ਦੀ ਬਾਕੀ)

ਚਲੇ ਗਏ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਨੰਬਰਦਾਰ ਯੂਨੀਅਨ ਆਗੂਆਂ ਖਿਲਾਫ ਪੁਲਿਸ ਨੇ ਕੇਸ ਦਰਜ਼ ਕਰ ਲਿਆ ਹੈ।

ਇੱਕ ਪਾਸੇ ਮੁੱਖ ਮੰਤਰੀ ਸਾਹਿਬ ਸੜਕਾਂ ਰੋਕਣ ਦੀ ਬਜਾਏ ਮੰਤਰੀਆਂ ਦੇ ਘਰਾਂ ਅੱਗੇ ਧਰਨੇ ਲਾਉਣ ਦੀ ਸਲਾਹ ਦੇ ਰਹੇ ਹਨ ਪਰ ਦੂਜੇ ਪਾਸੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨੇ ’ਤੇ ਬੈਠੇ ਬੇਰੁਜ਼ਗਾਰਾਂ ਦੀ ਰਾਤ ਨੂੰ ਜ਼ਬਰੀ ਬੱਸ ਭਰ ਕੇ ਲੱਗਭੱਗ 100 ਕਿਲੋਮੀਟਰ ਦੂਰ ਉਤਾਰ ਆਏ ਸਨ।ਜਦਕਿ ਉਹ ਬੇਰਜ਼ੁਗਾਰ ਸਿਰਫ ਸ਼ਾਂਤਮਈ ਧਰਨਾ ਹੀ ਦੇ ਰਹੇ ਸਨ।

ਜਗਜੀਤ ਸਿੰਘ ਡੱਲੇਵਾਲ ਹੁਰਾਂ ਵੱਲੋਂ ਬਣਾਏ ਗਏ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਨਾਲ ਕਿਸੇ ਦੇ ਮੱਤਭੇਦ ਹੋ ਸਕਦੇ ਹਨ, ਉਹਨਾਂ ਵੱਲੋਂ ਬਾਕੀ ਕਿਸਾਨ ਜਥੇਬੰਦੀਆਂ ਤੋਂ ਪਹਿਲਾਂ ਕਾਹਲੀ-ਕਾਹਲੀ ਦਿੱਤੇ ਜਾ ਰਹੇ ਵਧਵੇਂ ਸੱਦਿਆਂ ਨਾਲ ਕਿਸੇ ਦੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ ਪਰ ਸਰਕਾਰ ਨੂੰ ਇਸ ਗੱਲ ’ਤੇ ਸਾਂਝੇ ਰੂਪ ਵਿੱਚ ਟੋਕਿਆ ਜਾਣਾ ਚਾਹੀਦਾ ਹੈ ਕਿ ਉਹ ਮਸਲਾ ਹੱਲ ਕਰਨ ਵੱਲ ਤੁਰਨ ਦੀ ਬਜਾਏ ਉਲਟਾ ਮਸਲਾ ਉਠਾਉਣ ਦੇ ਢੰਗ ਨੂੰ ਨਿਸ਼ਾਨਾ ਬਣਾਏ। ਗੱਲ ਸਹੇ ਦੀ ਨਹੀਂ ਹੈ ਬਲਕਿ ਗੱਲ ਪਹੇ ਦੀ ਹੈ।

ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਕਿਸਾਨ ਜਥੇਬੰਦੀਆਂ ਦੇ ਧਰਨੇ ਕਾਰਨ ਕਈ ਮਹੀਨੇ ਸਿੰਘੂ ਬਾਰਡਰ ਦਿੱਲੀ ’ਤੇ ਸੜਕੀ ਆਵਾਜਾਈ ਰੁਕੀ ਰਹੀ ਤੇ ਉਸ ਸਮੇਂ ‘ਆਪ’ ਆਗੂ ਉਸ ਧਰਨੇ ਦੀ ਹਮਾਇਤ ਕਰਦੇ ਸਨ ਤੇ ਹੁਣ ਜਦ ਸੂਬੇ ਵਿੱਚ ਖੁਦ ਦੀ ਸਰਕਾਰ ਬਣੀ ਤਾਂ ਇਸ ਤਰ੍ਹਾਂ ਦਾ ਰੁੱਖ ਅਖਤਿਆਰ ਕਰ ਲਿਆ ਹੈ।

ਮੁੱਖ ਮੰਤਰੀ ਸਾਹਿਬ ਦੇ ਬਿਆਨ ਤੋਂ ਲੱਗਭੱਗ ਇੱਕ ਮਹੀਨਾਂ ਪਹਿਲਾਂ ਇਹਨਾਂ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਫੁਰਮਾਨ ਜਾਰੀ ਕੀਤਾ ਸੀ ਕਿ ਉਹ ਧਰਨੇ ਲਾਉਣ ਵਾਲੀਆਂ ਅਧਿਆਪਕ ਯੂਨੀਅਨਾਂ ਨਾਲ ਮੀਟਿੰਗ ਨਹੀਂ ਕਰਨਗੇ। ਉਨ੍ਹਾਂ ਕਿਹਾ ਸੀ ਕਿ ਉਹ ਸਿੱਖਿਆ ਵਿਭਾਗ ਨੂੰ ਧਰਨਾ ਮੁਕਤ ਵਿਭਾਗ ਬਨਾਉਣਗੇ। ਆਪਣੀ ਹੱਕੀ ਮੰਗ ਲਈ ਟੈਂਕੀ ’ਤੇ ਚੜ੍ਹੀ ਬੇਰੁਜ਼ਗਾਰ ਪੀਟੀਆਈ ਅਧਿਆਪਕਾ ਬਾਰੇ ਉਹਨਾਂ ਕਿਹਾ ਸੀ ਕਿ ਟੈਂਕੀ ਤੋਂ ਉਤਰਨ ’ਤੇ ਹੀ ਗੱਲਬਾਤ ਹੋਵੇਗੀ। ਸੋ ਪਹਿਲਾਂ ਬੇਰੁਜ਼ਗਾਰ ਅਧਿਆਪਕਾਂ ਨੂੰ ਪਾਣੀ ਵਾਲੀ ਟੈਂਕੀਆਂ ’ਤੇ ਚੜ੍ਹ-ਚੜ੍ਹ ਸਮਰਥਨ ਦੇਣ ਵਾਲੇ ਇਹਨਾਂ ਆਗੂਆਂ ਵਿੱਚ ਆਈ ਸਿਫਤੀ ਤਬਦੀਲੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ।


ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਸੜਕੀ ਤੇ ਰੇਲ ਆਵਾਜਾਈ ਠੱਪ ਕਰਨ ਨਾਲ ਆਮ ਰਾਹਗੀਰਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਇਸ ਸਭ ਲਈ ਸਿਰਫ ਧਰਨਾਕਾਰੀਆਂ ਨੂੰ ਦੋਸ਼ੀ ਠਹਿਰਾ ਦੇਣਾ ਵੀ ਠੀਕ ਨਹੀਂ ਹੈ ਕਿਉਂਕਿ ਸਰਕਾਰ ਵੱਲੋਂ ਮਸਲਾ ਹੱਲ ਨਾ ਕਰਨ ’ਤੇ ਪੀੜਤ ਧਿਰ ਸੰਘਰਸ਼ ਲਈ ਨਿੱਕਲਦੀ ਹੈ।ਚੱਕਾ ਜਾਮ ਕਰਨ ਤੋਂ ਪਹਿਲਾਂ ਸੰਘਰਸ਼ ਦੇ ਕਈ ਪੜਾਅ ਹੁੰਦੇ ਹਨ ਇਸ ਲਈ ਕਿਸਾਨ ਜਥੇਬੰਦੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਚੱਕਾ ਜਾਮ ਨੂੰ ਵਿਸ਼ੇਸ਼ ਹਾਲਤਾਂ ਵਿੱਚ ਹਕੂਮਤ ’ਤੇ ਦਬਾਅ ਬਨਾਉਣ ਲਈ ਵਰਤਣ ਪਰ ਮੁੱਖ ਜਿੰਮੇਬਾਰੀ ਸਰਕਾਰ ਦੀ ਹੀ ਬਣਦੀ ਹੈ ਕਿ ਉਹ ਲੋਕਾਂ ਦੇ ਮਸਲੇ ਹੱਲ ਕਰਨ ਨੂੰ ਤਰਜ਼ੀਹ ਦੇਵੇ ਤੇ ਅਜਿਹਾ ਮਹੌਲ ਹੀ ਨਾ ਪੈਦਾ ਹੋਣ ਦੇਵੇ ਕਿ ਲੋਕ ਚੱਕਾ ਜਾਮ ਦੇ ਰਾਹ ਪੈਣ। ਜਾਮ ਲੱਗਣ ਦੀ ਸੂਰਤ ਵਿੱਚ ਸਰਕਾਰ ਦੀ ਜਿੰਮੇਬਾਰੀ ਬਣਦੀ ਹੈ ਕਿ ਉਹ ਲੋਕਾਂ ਲਈ ਬਦਲਵੇਂ ਪ੍ਰਬੰਧ ਕਰੇ।

# Flush With Cash: The provinces are richer than they think

**This is a remarkable story of economic recovery from the depths of the COVID-19 lockdown impacts. The next chapter will be written by the provinces as they decide what to do with their unexpected budget surpluses.**



David Macdonald




**Executive summary -** In March 2022 we published a report predicting that most provinces would be in fiscal surplus territory by the end of the 2021–22 fiscal year or not long afterward. This report examines those predictions, drawing on the most recently available provincial fiscal projections to date and finds that almost all provinces in Canada are no longer in the red—in fact, they're flush with cash.

It's a remarkable story of economic recovery from the depths of the COVID-19 lockdown impacts. It's also reflective of higher inflation and record-breaking corporate profits, which contribute to higher government revenues.

Just before the pandemic hit, the provinces, combined, recorded an $18.2 billion deficit in the 2019–20 fiscal year. Initial projections of the impact of the pandemic on provincial finances were doomsday scenarios, with projected combined provincial deficits hitting $93.2 billion in the 2020–21 fiscal year.

The actual combined deficit in the provinces, once all was said and done in 2020–21, was still larger than the year before, at $48.2 billion. But it was much less than initial forecasts due, for the most part, to better than expected revenues and generous federal fiscal transfers as well as business and income supports in the early stages of COVID-19.

The initial combined deficit projections for 2021–22 was $72.1 billion, but the actuals show a surplus of $2.2 billion. Similarly, the initial combined provincial deficit projections for this fiscal year (2022–23) were $48.5 billion, but that has now been transformed into a $7.1 billion surplus.

Today, it's a good news story: 10 out of 10 provinces either have seen surpluses since the pandemic started or are projecting surpluses within their planning horizon. The result of these surpluses is that nine out of 10 provinces are projecting that they will have a larger fiscal balance at their disposal than before the pandemic. The exception to this rule is Newfoundland and Labrador which is going to see surpluses for as far as the eye can see, but just not as high as in 2019–20.

**Fiscal projections, by province-** B.C. had a surplus last year and this fiscal year, in contrast to its pre-pandemic financial situation, when it declared a small deficit of $322 million in 2019–20;

Alberta is now projecting surpluses for as far as the eye can see, in contrast to its pre-pandemic deficit of $12.2 billion in 2019–20;

Saskatchewan now estimates that its deficit will actually be a surplus of over $1 billion in 2022–23. The projected surplus this year (2022–23) is in contrast to Saskatchewan's pre-pandemic deficit of $319 million in 2019–20, which is showing no lingering budget effects of the pandemic;

Manitoba's balanced budget projection for 2022–23 mirrors its pre-pandemic budget balance, when it declared a minor $5 million surplus. By this year, any lingering financial effects of the pandemic on the province were gone;

The actuals for 2021–22 show Ontario recorded a more than $2 billion surplus, in contrast to its $8.7 billion pre-pandemic deficit in 2019–20. Additional spending in this province will likely create an $8.3 billion deficit in 2022–23, but 2021–22 already showed that the province had shaken off the pandemic's fiscal effects;

Quebec has already projected that it will be in surplus in the next fiscal year (2023–24), although that could easily be this year, as it hasn't yet released its fall update. The $2.2 billion surplus projected for 2024–25 would be higher than the $2.1 billion surplus in 2019–20;

New Brunswick is in the unusual position that every year during the pandemic, and going forward, the province has recorded or projected a surplus. In every other province, at least the pandemic's first year caused a provincial deficit. Surpluses since 2019–20 meant that while the pandemic may have affected other provinces' fiscal bottom line, it had no tangible effect on the aggregate finances of New Brunswick;

Just before the pandemic began, Nova Scotia recorded a $2 million surplus in 2019–20. Last year, the province recorded a surplus of $351 million (2021–22). In that sense, the impact of the pandemic on the province's finances had been eliminated by the end of last year. The province's deficit will remain at or under one per cent of the province's gross domestic product through the rest of its planning horizon;

P.E.I. projected a deficit of $112 million for the 2021–22 fiscal year in its 2021 budget. The Public Accounts have subsequently transformed the deficit into a surprise $84 million surplus. While the province is projecting a deficit of $93 million in this fiscal year (2022–23), this might also disappear once the fall update is released.

Newfoundland and Labrador initially projected a doomsday deficit of $587 million in 2022–23 and substantially increased university tuition to try and decrease it. However, major underestimations of both economic growth in the province and oil prices led to a huge swing from deficit to a $479 million surplus this year, completely undercutting the rationale for austerity measures. Despite large surpluses for as far as the eye can see, these aren't quite as big as the $1.1 billion surplus in 2019–20, therefore Newfoundland and Labrador is the only province not experiencing or projecting a better budget balance compared to pre-pandemic.

The provinces now have the financial resources to properly index provincial cash transfers to inflation, to index social assistance to inflation, and limit the increase in the prices of rent. This is coming as no surprise to provinces that are already using surpluses, sometimes on poorly targeted short-term measures like cash transfers or tax cuts. There are no more financial excuses to avoid action on these fronts, only political ones.

**Introduction-**This report updates Disappearing Act: The state of provincial deficits in Canada, which was published in March 2022.1 In that report, we predicted that most provinces would be in fiscal surplus territory by the end of 2022 or not long afterward. The most recently available provincial fiscal projections at the time of the original report were too pessimistic, despite substantial revisions from initial deficit estimates for 2021–22 and 2022–23. This report incorporates the spring 2022 provincial budgets as well as public accounts data for the 2021–22 fiscal year, in many cases, in order to provide updated projections of provincial finances. It also includes summer and fall fiscal 2022 updates, where those are available.

This report provides the actuals for the fiscal year ending March 2022 (2021–22) but its main focus is on projections for the 2022–23 fiscal year.

As with the previous report, this one uses the provinces' own estimates of the state of their revenues, expenditures, deficits and net debt. Some provinces include "risk adjustments" to their final deficits. These large round numbers are meant to signify confidence bounds on the downside concerning deficit estimates in the future. These risk adjustments are neither universal nor consistently the same value; they are removed from this report in order to make for fairer cross-provincial comparisons. See Table 4 for a reconciliation.

The latest figures presented here are directly from provincial documents, unless otherwise noted. They'll include all new expenditures or tax cuts that are planned to date.

**Provincial deficits become surpluses, in the aggregate-** Updated provincial reporting shows the short-lived impact of the COVID-19 pandemic on provincial finances. Just before the pandemic hit, the provinces, combined, recorded an $18.2 billion deficit in the 2019–20 fiscal year (although some pandemic expenses did end up in the 2019–20 operating expenses). Initial projections of the impact of the pandemic on provincial finances were doomsday scenarios, with projected combined provincial deficits hitting $93.2 billion in the 2020–21 fiscal year. As shown in Figure 1, the actual combined deficit in the provinces, once all was said and done in 2020–21, was still larger than the year before, at $48.2 billion. But it was much less than initially forecast. The major drivers that brought the combined deficit from $93 billion down to $48 billion in 2020–21 included overly pessimistic tax revenue decline projections, overestimation of the cost of pandemic programs, and the absence of factoring in larger federal transfers (in that order).2

In 2021–22, there were similar substantial deficit revisions of initial 2021 budget projections and the final actuals as reported in several provinces' public accounts. The initial 2021–22 combined deficit projection in the 2021 spring budgets was a whopping $72.1 billion. In the spring 2022 budgets, the combined deficit for 2021–22 was revised substantially, to $23.5 billion—closer to pre-pandemic

deficits but still higher. However, between the spring and the fall of 2022, this $23.5 billion deficit for the 2021–22 year was completely erased. Suddenly, projections of a combined $2.2 billion surplus replaced those doomsday deficits.

The provinces made even further revisions in the 2022–23 fiscal year, particularly in the past six months. Initially, the 2021 provincial budgets projected a combined deficit of $48.5 billion in 2022–23. This was revised significantly downward to $25.1 billion in the spring 2022 provincial budgets. However, between April and September 2022, there have been another $31 billion in deficit projection revisions. Even that $25.1 billion spring deficit projection has been transformed into an estimated $7.1 billion surplus for 2022–23.

When examining Figure 1, it is now clear that while the pandemic resulted in more than double the estimated provincial deficits in its first year, it had no lasting impact on provincial finances. Most provinces are now flush with cash. In fact, in the second and third years of the pandemic, provincial finances are in better shape than they were pre-pandemic, registering aggregate provincial surpluses in 2021–22 and 2022–23 instead of the aggregate deficit of $18.2 billion they had pre-pandemic.

It's worth examining the drivers of these major revisions in the current fiscal year (2022–23). The biggest difference between initial projections and the latest ones has been major underestimations of own-source revenues, which includes tax revenue, resource revenue, and revenue from Crown corporations. This was also the major driving force in the revisions of the 2021–22 deficits.3

Firstly, provincial revenues are going up because higher inflation drives higher tax revenues. As the price of goods rises, the revenue from the sales taxes charged on those goods also rises. Much higher corporate profits and higher wages due to a tight labour market also result in higher personal and corporate income taxes paid. Secondly, oil prices have been higher than forecast. While this squeezes consumers, it boosts provincial government coffers that are reliant on revenue from resource extraction, notably in Alberta and Newfoundland and Labrador. These surprises from taxation and oil extraction amounted to $80.3 billion in 2022–23, completely erasing the initial projected deficits of $47.6 billion.

However, the provinces also unexpectedly received an additional $11.3 billion in federal transfers in 2022–23 compared to their initial estimates in 2021. This included mostly federal COVID-19 mitigation measures that weren't fully incorporated into spring 2021 budgets, such as: funding for backlogs in one-time surgery and procedures, re-profiled funds from the Safe Restart agreements, additional long-term care funding, and new funding for the national child care plan.

Besides the federal direct transfers to the provinces, the broader federal spending package is indirectly responsible for higher provincial tax revenues due to the booming recovery in Canada's economy. In 2020–21, the federal government transferred over $200 billion to Canadian companies and individuals, plus another $64 billion the following year through programs like the wage subsidy and Canada Emergency Response Benefit (CERB). This extraordinary level of federal support during the COVID-19 lockdown facilitated the rapid return to economic growth in 2021–22, which supported provincial finances.

Ignoring changes in spending in 2022–23, the provinces would have actually declared an incredible combined surplus of $44 billion. However, the provinces spent most of those unexpected revenue gains: expenditures were $37.5 billion higher than initially budgeted, leaving a combined surplus of $6.6 billion in Figure 2. This excludes Manitoba and Newfoundland and Labrador, since neither province made detailed projections for the 2022–23 year in their 2021 budgets (all other provinces did). If we include them, the combined projected surplus across all provinces in 2022–23 is $7.1 billion.

**Good news story, province by province-**The previous section examines provincial balances in the aggregate. This section looks at each province individually.

As shown in Table 1, 10 out of 10 provinces either have surpluses now or are projecting surpluses within their planning horizon. The result of these surpluses is that nine out of 10 provinces are projecting that they will have a larger budget balance at their disposal now than before the pandemic. Despite seeing surpluses for as far as the eye can see, Newfoundland and Labrador won't approach the $1.1 billion surplus it recorded in 2019–20 making it the only province not to exceed its pre-pandemic budget balance.

**British Columbia-**B.C.'s initial spring 2021 budget projections for the 2022–23 fiscal year was a $4.7 billion deficit. This was updated, only slightly, in the 2022 spring budget to $4.5 billion.

However, in the six months following the 2022 spring budget, there was a substantial revision. The first 2022 quarterly report reversed the 2022–23 projected deficit, turning it into a surplus of $1.7 billion. The surplus for 2021–22 was also substantially revised, from $517 million in the 2022 spring budget to the much larger surplus of $1.3 billion in the final public accounts.

Therefore, B.C. is projecting a surplus for last year and for this fiscal year, in contrast to its pre-pandemic financial situation, when it declared a small deficit of $322 million in 2019–20.

These figures remove only the "Forecast Allowance" (as reconciled in Table 4). However the province maintains a variety of other fiscal padding measures that provide the province with even more budgetary flexibility than suggested here.4

**Alberta-**Alberta had by the far the biggest swing in its budget balance of any province for the 2022–23 fiscal year. Initially, the 2021 budget estimated the deficit would reach almost $11 billion in 2022–23. But by the spring of 2022, that estimated deficit was reversed and replaced with a $511 million surplus projection.

However, even that surplus projection was pessimistic. The most recent data from the province's First Quarter Update is now estimating a surplus of over a $13 billion in the 2022–23 fiscal year. This $24 billion surprise shifts provincial projections from an $11 billion deficit to $13 billion surplus in only a year's time. This shift is being driven by sky-high oil prices and tax revenue increases.

The province has also adjusted the results for last fiscal year (2021–22), shifting from its initial projected deficit of $18 billion to a surplus of $4 billion—a $22 billion difference.

Alberta is now projecting surpluses for as far as the eye can see, in contrast to its pre-pandemic deficit of $12.2 billion in 2019–20.

**Saskatchewan-**In its spring 2021 budget, Saskatchewan initially projected a deficit of $1.7 billion for this fiscal year (2022–23). In the spring budget of 2022, the province revised its estimates to project a deficit of $463 million in 2022–23, but even that revision was pessimistic. The province's first quarter financial report now estimates that the deficit will actually be a surplus of over $1 billion in 2022–23.

The projected surplus this year (2022–23) is in contrast to Saskatchewan's pre-pandemic deficit of $319 million in 2019–20, showing no lingering budget effects of the pandemic.

**Manitoba-**Manitoba's projected deficit for 2022–23 was initially estimated at $374 million in the province's 2021 budget. This was revised downward to $348 million in Manitoba's spring 2022 budget.

However, in only six months, that deficit projection has been completely reversed, resulting in a balanced budget projection, with a rounding error deficit of $2 million in 2022–23. As noted above, this is after removing the $200 million "contingency" line, as was done for all provinces (see Appendix).

The balanced budget projection for 2022–23 mirrors Manitoba's posted pre-pandemic budget balance, when it declared a minor $5 million surplus. By this year, any lingering financial effects of the pandemic on the province were gone. These deficit figures include the cost of substantial tax cuts issued by the province, like the education property tax rebate, worth $350 million a year, which often goes to wealthy Manitobans.5

**Ontario-**After Alberta, Ontario saw the second largest swing in its financial estimates. In its 2021 budget, the province projected a deficit of over $26 billion in the 2022–23 fiscal year (not including "risk adjustments," as noted above and reconciled in the Appendix). This was revised downward to $18.9 billion in the spring of 2022 with the published, but not passed, spring budget (the provincial election was called immediately after the budget was tabled).

Following the provincial election, the re-elected Ontario government re-introduced its 2022 budget and passed it in August. Its fiscal update revised the projected 2022–23 deficit down to $17.8 billion, similar to the April 2022 figure.

However, the August 2022 update was almost certainly out of date by the time it was published. The public accounts for the 2021–22 year were published in September 2022, revealing a massive discrepancy between what was projected in the spring of 2022 and what actually happened. The spring 2022 budget that was tabled, but never passed, projected a $13.5 billion deficit for 2021–22. That turned out to be off base: the projected deficit was reversed to a projected $2.1 surplus in the September actuals. The public accounts were only for 2021–22, and not for 2022–23, since the fiscal year isn't over yet.

It appears that the August update hadn't incorporated the rapidly increasing revenue picture. The actual own-source revenue from last year (2021–22) came in at $154.5 billion. However, the own-source revenue from this year (2022–23) is projected to be lower, at $150 billion. This simply doesn't make sense. Unless there is a major recession or a massive unannounced tax cut, revenue isn't going to drop year to year.

The 2022 budget projected nominal GDP growth in 2022–23, at 6.7 per cent. The August 2022 update raised that to 9 per cent in 2022–23. There is no estimate of negative GDP growth driving down provincial revenues. It's unclear why the August update improperly updated the projections for 2022–23, although the update does show a minor uptick in revenues.

To roughly correct for the figures not being properly updated, this report adjusts own-source revenues in 2022–23 to account for the difference in 2021–22 revenues between the September 2022 actuals and the April 2022 estimates ($154.5-$143.9=$10.6); the net of the difference in own-source revenues between the August 2022 projection and the April 2022 projection for 2022–23 is -$1.2 billion ($148.8-$150=-$1.2).

Had the deficit figures been properly updated in August, the deficit projection for 2022–23 wouldn't have been $17.8 billion, it would have been roughly $8.3 billion (the deficit projection that is used elsewhere in this report), or potentially even less. This accounts for the improvement in revenues that were included ($1.2 billion), but also incorporates the unanticipated projected revenue of $10.6 billion from 2021–22 ($17.8-($10.6-$1.2)=$8.3).

At this level, the deficit in 2022–23 would be slightly smaller than the pre-pandemic deficit of $8.7 billion recorded in 2019–20. Hopefully the upcoming second quarter fiscal update will provide a proper update on revenues and a more accurate picture of the deficit in 2022–23.

Nonetheless, the actuals for 2021–22 show the province recorded a more than $2 billion surplus, in contrast to its $8.7 billion pre-pandemic deficit in 2019–20.

**Quebec-**In its 2021 budget, la belle province initially projected a deficit of $3.4 billion for 2022–23. That was revised downward to a small deficit of $505 million in the spring 2022 budget. Quebec's fall fiscal update wasn't released at the time of publication. If other provinces' revisions are any indication, that deficit is likely to be further revised downward and possibly transformed into a surplus.

Despite any further revisions to this year's situation, next year's budget (2023–24) is already projected to be in surplus. The $2.2 billion surplus projected for 2024–25 would be higher than the $2.1 billion surplus in 2019–20.

**Nova Scotia-**The province's 2021 budget projected a deficit of $218 million for the 2022–23 fiscal year. The spring 2022 budget revised that deficit to be $507 million and the September first quarter fiscal update remained at roughly the same level, at $554 million.

Nova Scotia is one of only two provinces that saw an increase in its deficit in the fall 2022 update. The province registered over $900 million in additional unanticipated revenue, similar to other provinces. However, the province also increased its

program expenditures by over $1 billion, so the net result was a slightly higher deficit than initially anticipated.

Just before the pandemic began, the province recorded a $2 million surplus in 2019–20. Last year, the province recorded a surplus of $351 million (2021–22). In that sense, the impact of the pandemic on the province's finances had been alleviated by the end of last year.

**New Brunswick-**New Brunswick's 2021 budget initially projected an almost $300 million deficit for the 2022–23 fiscal year. By the spring 2022 budget, that changed to an estimated $35 million surplus. The fiscal update this fall saw this estimated surplus grow to $136 million for 2022–23.

The deficit for last year (2021–22) was initially projected at $245 million. However, the final public accounts showed a $777 million surplus—a $1 billion swing in the province's budget balance.

New Brunswick is in the unusual position that every year during the pandemic, and going forward, the province has recorded or projected a surplus. In every other province, at least the pandemic's first year caused a provincial deficit.

Surpluses since 2019–20 meant that while the pandemic may have affected other provinces' fiscal bottom line, it had no tangible effect on the aggregate finances of New Brunswick.

**Prince Edward Island -** In its 2021 budget, Prince Edward Island projected a deficit for last year (2021–22) of $112 million. In the final public accounts, own source revenues came in $200 million higher transforming that deficit into a surprise $84 million surplus. As of last year, the province experienced both a surplus and bested its $22 million surplus pre-pandemic (2019–20).

With the major revisions in the 2021-22 public accounts, there is now good reason to believe that the spring 2022 projections for 2022–23 are out of date. The own source revenues for 2021–22 at $1,619 million are above the 2022–23 figure of $1,556 million from the 2022 budget by $63 million. Revenues won't shrink when there is economic growth year to year. As such the 2022–23 deficit will almost certainly shrink by at least $63 million, but likely more, to account for stronger economic growth than expected. When the fall update for P.E.I. is published it will likely show the deficit for 2022–23 transformed into a small surplus.

**Newfoundland and Labrador-**In its 2021 budget, Newfoundland and Labrador's initial projection for the 2022–23 deficit was $587 million. This projection was reduced to $351 million in the 2022 spring budget. In only six months, that figure was transformed from a deficit into a $479 million surplus. Although longer-term budget balance projections were included in the fall update, this likely sets the province up for surpluses for as far as the eye can see. Newfoundland and Labrador's earlier budget estimates dramatically underestimated record economic growth and sky high oil prices in 2022 and revenues in 2022–23 came in $1.3 billion higher than expected. Recent austerity measures put in place due to the expected deficit, particularly in the form of much higher university tuition, now have little reason to be pursued.

**Conclusion -** The pandemic revealed plenty of problems with provincial health care systems, from a shortage of nurses to atrocious long-term care to lack of surge capacity to deal with major crises. Many of these problems were a result of chronic underfunding, which has been exposed by COVID-19 over the past two years. While government underfunding has been driven by ideology, there is no financial excuse for the provinces to ignore these chronic issues any longer. The provinces almost universally are in a stronger fiscal position than they were pre-pandemic. The money is there to fix glaring problems and to strengthen Canada's public services to withstand further crises.

The provinces are flush with cash. While inflation has weighed heavily on Canadians, it has buoyed provincial and federal finances. Both the cost of goods and corporate profits have skyrocketed due to inflation, yielding higher government revenues through the tax system. The provinces should use some of this inflation windfall to better protect lower-income households and bolster income supports. The provinces now have the financial resources to properly index provincial cash transfers to inflation, to index social assistance to inflation, and limit the increase in the prices of rent. This is coming as no surprise to provinces who are already using surpluses, sometimes on poorly targeted short-term measures like cash transfers or tax cuts. There are no more financial excuses to avoid action on these fronts, only political ones.

# Feminist Leadership makes all the difference in CUPE strike

**The labour movement is a women's movement. Bringing a feminist perspective to labour makes it stronger.**

Every activist I know was pleasantly surprised by the powerful response of the labour movement to the Ontario government's nuclear attack on CUPE education workers—suspending the constitutionally-protected right to strike using the notwithstanding clause—not to mention the public response to it. Not since the Days of Action in the 1990s has the labour movement in Ontario stood up united to oppose government action. Not since then have we felt the power of organized labour to make change.

There has been much discussion as to why, and how, the fightback happened. I would like to argue that the increasing presence of feminist leadership is a major factor. The presidents of the Canadian Labour Congress (CLC), the Ontario Federation of Labour (OFL), the Ontario Public Service Employees Union (OPSEU), Unifor and the Toronto Labour Council are all feminist women. The President of CUPE Ontario is a gay feminist man. And of course the amazing leader of the CUPE education workers, Laura Walton, is a grassroots activist who provided the most sophisticated, effective, democratic and honest leadership I've ever seen in the labour movement—while dressed as Rosie the Riveter in the press conference where she announced the strike notice.

Feminism has played a special role in the Canadian labour movement. It's no accident that the OFL organized an emergency demonstration the day after the U.S. Supreme court decision striking down Roe V Wade, which protected the right to abortion in the United States. At its 1982 convention, the OFL voted to support the then-illegal Morgentaler abortion clinic, a key factor in the later victory when Supreme Court struck down Canada's law which heavily restricted abortion access. Labour supported feminist mobilizations and helped to defend the clinic against anti-choice violence. At that same convention they adopted affirmative action on their Executive Board for women.

In the chapter on union feminists in my book Ten Thousand Roses: The Making of a Feminist Revolution, Judy D'Arcy, a former National President of CUPE says that "the role of women in the Canadian labour movement is recognized all over the world. The union women organizing around affirmative action and choice were women who saw themselves as feminists. They saw themselves as active in the women's movement."

**Organizers have always argued that there needs to be a critical mass to transform an organization.**

Blocked from power by sexist men, union women organized both inside and outside the labour movement to gain more power and voice. With the expansion of the public sector throughout the 60's and 70's—jobs overwhelmingly worked by women—women became a larger part of the labour movement. In Ontario and Saskatchewan, feminists inside the labour movement set up organizations that included union and non-union women to organize for greater representation and support for feminist issues inside organized labour.

Ontario Working Women (OWW) organized feminists from outside the labour movement to walk the picket lines of female-dominated workplaces—especially in the garment industry—and trained union women to speak and work in a very patriarchal system. In Ontario there was split in OWW and some of the women focused on forming a women's committee in the OFL—the same committee that later won the fight for affirmative action.

The late Deidre Gallagher tells the story in Ten Thousand Roses. "The fight to set up the OFL women's committee was pretty heavy. We organized in all the different unions—AutoWorkers, Steel, and CUPE. Both Auto and Steel supported us and so did Cliff Pilkey, who was the OFL president at the time. We put forward a motion, but it was blocked on the floor. So the issue had to be decided by the executive, which had only one woman and she was anti-feminist. They had a huge showdown around it, but the motion finally passed by one vote with Pilkey as the deciding vote."

There have always been female labour leaders, but they were usually isolated in a very patriarchal union structure. Grace Hartman and Madeleine Parent were union leaders




who played a major role in the formation of the National Action Committee on the Status of Women, Canada's largest and most influential women's group during the rise of second wave feminism. Nancy Riche, Secretary-Treasurer of the CLC was also very active on feminist issues.

But organizers have always argued that there needs to be a critical mass to transform an organization.

Some people argue women are less likely to get into ego battles the way male trade union leaders often do. I have my doubts about that, but what is clear to me is that feminists have learned how to unite across difference when the issue is important, and to work together.

While we have achieved a critical mass of women in labour leadership, there is still a long way to go in terms of racialized people's leadership. Of the prominent labour leaders at CUPE's monumental press conference announcing victory over Ontario's strikebreaking legislation, there were only a few people of colour.

June Veecock talks about being one of very few Black women at the 1986 OFL convention—where Julie Davis, a strong feminist, was the first woman elected as the executive vice-president of the OFL. "Women were feeling great about that, but I talked about how only white women were making gains....There were incremental changes that we got through the Coalition of Black Trade Unionists." In the labour movement today, there are a few racialized union leaders—but it's important to increase their numbers to make the kind of difference we are seeing today for women.

It's been forty years since feminists in the labour movement turned their attention to building representation and strength in the labour movement. We are finally reaping the benefits.

ਕਰਮਜੀਤ ਮਾਣੂੰਕੇ
84377 50551

# ਲੱਗੀ ਨਜ਼ਰ ਪੰਜਾਬ ਨੂੰ ਕੋਈ ਸੱਦੋ ਜੋਗੀ



ਪੰਜਾਬ ਦੀ ਹੰਭੀ, ਯੱਭੀ, ਹਾਰੀ ਵਿਦੇਸ਼ਾਂ ਨੂੰ ਗਈ ਜਵਾਨੀ ਦੇ ਮਰਨ ਦੀਆਂ ਖਬਰਾਂ ਮਿਲ ਰਹੀਆਂ। ਪਿਛਲੇ ਮਹੀਨੇ 'ਚ ਦਿਲ ਦਾ ਦੌਰਾ ਪੈਣ ਕਾਰਨ ਦਰਜਨਾਂ ਮਰੇ। ਖਬਰਾਂ ਰੁਕ ਨੀ ਰਹੀਆਂ ਜਾਰੀ ਹਨ। ਮਾਪਿਆਂ ਨੇ ਤੋਰਿਆ ਕਿ ਚਲ ਚਿੱਟੇ ਤੋਂ ਬਚਣਗੇ। ਪਰ ਕੈਨੇਡਾ 'ਚ ਫੜੀ 3 ਕਰੋੜ ਡਾਲਰ ਨਸ਼ੇ ਦੀ ਖੇਪ ਦੇ ਸਮੱਗਲਰਾਂ ਵਿੱਚ 2 ਜਾਂ 3 ਪੰਜਾਬੀ ਸਨ।

ਮਾਛੀਵਾੜੇ ਦੇ ਜੰਗਲਾਂ ਦਾ ਇਤਿਹਾਸ ਬਣਾਉਣ ਵਾਲਿਆਂ ਨੂੰ ਮੈਕਸੀਕੋ ਦੇ ਜੰਗਲਾਂ 'ਚ ਰੋਲਿਆ ਜਾ ਰਿਹਾ। ਇੱਕ ਨਵੀਂ ਕਿਸਮ ਦੀ ਸਰਸਾ ਤੈਰਨੀ ਪੈ ਰਹੀ ਹੈ। ਜਿਸ ਦਾ ਦੂਜਾ ਕੰਢਾਂ ਆ ਹੀ ਨਹੀਂ ਰਿਹਾ। ਹੁਣ ਇਸ ਸਰਸਾ 'ਚ ਸਾਡਾ ਇਤਿਹਾਸ ਹੀ ਨਹੀਂ ਬਲਕਿ ਅਸੀਂ ਇਤਿਹਾਸ ਦੇ ਸਿਰਜਣਹਾਰ ਖੁਦ ਰੁੜ ਰਹੇ ਹਾਂ।

2019 ਦਾ ਡਾਟਾ ਬੋਲਦਾ। ਪੰਜਾਬ 'ਚ ਆਈਲਟਸ ਸੈਂਟਰਾਂ ਦੀ ਗਿਣਤੀ 17500 ਸੀ। 2021 ਤੱਕ 22 ਲੱਖ ਭਾਰਤੀ ਦੇਸ਼ ਛੱਡ ਗਏ, ਜਿੰਨਾਂ ਵਿੱਚ ਆਂਧਰਾ ਪਰਦੇਸ਼ ਨਾਲ ਪੰਜਾਬ ਦਾ ਮੋਹਰੀ ਨਾਮ ਆਇਆ ਹੈ। ਪੰਜਾਬ ਦੇ ਨਵੇਂ ਹੁਕਮਰਾਨਾਂ ਦਾ ਦਾਅਵਾ ਸੀ ਕਿ ਕਿਸੇ ਨੂੰ ਆਈਲਟਸ ਕਰਨ, ਬਾਹਰ ਜਾਣ ਦੀ ਲੋੜ ਨੀ ਪੈਣੀ। ਪਰ ਆਈਲਟਸ ਸੈਂਟਰਾਂ ਦੀ ਭੀੜ, ਹੱਥੀਂ ਵੀਜੇ ਚੁਕੀ ਫਿਰਦੀ ਨੌਜਵਾਨੀ ਪਹਿਲਾਂ ਵਾਂਗ ਹੀ ਦਿਖਦੀ ਹੈ।

ਪੰਜਾਬੀ ਨੌਜਵਾਨ ਖਾਸ ਕਰ ਦੋ ਤਰਾਂ ਦੇ ਪਰਿਵਾਰਾਂ ਚੋਂ ਆਉਂਦਾ। ਇੱਕ ਕਿਸਾਨ ਤੇ ਦੂਜਾ ਮਜਦੂਰ। ਕਿਸਾਨੀ ਪਰਿਵਾਰ ਵਾਲੇ ਕੈਨੇਡਾ, ਆਸਟਰੇਲੀਆਂ, ਅਮਰੀਕਾ, ਜਰਮਨ, ਫਰਾਂਸ ਦਾ ਰੁਖ ਕਰਦੇ ਨੇ। ਮਜਦੂਰ ਪਰਿਵਾਰਾਂ ਵਾਲੇ ਦੁਬਈ, ਕਤਰ, ਆਬੂਧਾਬੀ ਆਦਿ ਨੂੰ। ਯੂਰਪੀਅਨ ਦੇਸ਼ਾਂ 'ਚ ਨੌਜਵਾਨ ਦਿਲ ਦੇ ਦੌਰੇ ਪੈਣ ਨਾਲ ਮਰ ਰਹੇ ਹਨ। ਕਾਰਨ ਸਪੱਸ਼ਟ ਹੈ। ਵਿਦੇਸ਼ਾਂ 'ਚ ਰਹਿਣ ਵਾਲੇ ਕਮਰੇ ਦਾ ਕਿਰਾਇਆ, ਘਰ ਦੀ ਕਿਸ਼ਤ, ਕਾਲਜਾਂ ਦੀ ਫੀਸ ਦਾ ਪਰਬੰਧ ਕਰਨ ਲਈ ਬੇਹਿਸਾਬਾ ਕੰਮ, ਪਿੱਛੇ ਪੰਜਾਬ 'ਚ ਘਰ ਦੀ, ਮਾਂ-ਬਾਪ ਦੀ ਹਾਲਤ, ਕੁਆਰੀ ਭੈਣ, ਭਰਾ, ਗਹਿਣੇ ਪਈ ਜਮੀਨ, ਗਹਿਣੇ ਆਦਿ। 20-20 ਲੱਖ ਲਗਾ ਕੇ ਬਾਹਰ ਗਿਆਂ ਕੋਲ ਵਾਪਿਸ ਪਿੰਡ ਆਉਣ ਦੀ ਕੋਈ ਆਪਸ਼ਨ ਨਹੀਂ। ਦਿਹਾੜੀ ਕਰ ਨਹੀਂ ਸਕਦੇ ਕਿਉਂ ਜੋ ਅਖੌਤੀ ਸਮਾਜਿਕ ਪੱਧਰ ਡਿੱਗਦਾ ਹੈ।

ਦੁਬਈ, ਕਤਰ ਗਿਆ ਖੁਦਕੁਸ਼ੀ ਘਟ ਕਰਦਾ। ਕਿਉਂਕੀ ਮਜਦੂਰ ਪਰਿਵਾਰ ਵਿੱਚੋਂ ਗਿਆ। ਪੱਕੇ ਹੋਣ ਦਾ ਕੋਈ ਨਿਯਮ ਨਹੀਂ ਨਾ ਵਾਧੂ ਦਾ ਬੋਝ। ਕੰਮ ਕਰਨ 'ਚ ਸੰਗ ਨਹੀਂ। ਸਖਤ ਮਿਹਨਤ ਨਾਲ ਮਜਦੂਰੀ ਕਰਨੀ। ਲੋੜਾਂ ਘੱਟ, ਫੁਕਰੀ ਘੱਟ। ਜਮੀਨ ਦੇ ਮਾਲਕ ਤਾਂ ਹੈ ਹੀ ਨੀ ਤਾਂ ਕਰਕੇ ਜਮੀਨ ਛੁਡਾਉਣ ਦੀ ਸਿਰਦਰਦੀ ਵੀ ਨਹੀਂ। ਲੱਖ, ਡੇਢ ਲੱਖ ਲਗਾ ਕੇ ਗਏ, ਸਾਲ ਕੰਮ ਕੀਤਾ। ਪਰਮਟ ਪੂਰਾ ਹੋਇਆ ਤਾਂ ਵਾਪਿਸ ਪਿੰਡ ਆ ਕੇ ਉਹੀ ਮਜਦੂਰੀ, ਜਿਸ ਨੂੰ ਕਰਨ 'ਚ ਕੋਈ ਸੰਗ ਨਹੀਂ। ਪਰ ਕੰਪਨੀਆਂ ਦੇ ਧੱਕੇ, ਦੁਰਵਿਹਾਰ, ਜੁਲਮ ਦੇ ਸਤਾਏ ਹਨ। ਕੰਪਨੀਆਂ ਪਾਸਪੋਰਟ ਜਬਤ ਕਰ ਲੈਂਦੀਆਂ। ਸਮਾਂ ਪੂਰਾ ਹੋਣ ਤੋਂ ਪਹਿਲਾਂ ਵਾਪਿਸ ਨਹੀਂ ਆਉਣ ਦਿੰਦੀਆਂ। ਕਈਆਂ ਦੇ ਮਾਂ-ਬਾਪ ਚਲ ਵਸੇ, ਪਰ ਵਿਚਾਰੇ ਦੁਬਈ ਬੈਠੇ ਪਿੱਛੇ ਮਾਪਿਆਂ ਦੀ ਚਿਖਾਂ ਨੂੰ ਤੀਲੀ ਵੀ ਨਾ ਲਗਾ ਸਕੇ। ਲੜਕੀਆਂ ਦੀ ਜਿੰਦਗੀ ਹੋਰ ਵੀ ਮਾੜੀ ਹੈ। ਮਾਪੇ ਲੜਕੀਆਂ ਨੂੰ ਬਹੁਤ ਚਾਈਂ ਚਾਈਂ ਅਰਬ ਦੇਸ਼ਾਂ ਵਿੱਚ ਭੇਜਦੇ ਹਨ। ਪਰ ਏਜੰਟਾਂ ਦੁਆਰਾ ਇਹਨਾਂ ਦੀ ਸ਼ੇਖਾਂ ਕੋਲ ਖਰੀਦੋ ਫਰੋਖਤ ਕੀਤੀ ਜਾਂਦੀ ਹੈ। ਕਈ ਨੇ ਜਿਹੜੀਆਂ ਅੱਜ ਵੀ ਫਸੀਆਂ ਬੈਠੀਆਂ।

ਇਕ ਹੋਰ ਕਹਾਣੀ ਹੈ ਡੌਂਕੀ ਵਾਲਿਆਂ ਦੀ। ਡੌਂਕੀ ਗਧਾ ਹੁੰਦਾ। ਜੋ 30-30 ਲੱਖ ਏਜੰਟਾਂ ਨੂੰ ਦੇ ਕੇ ਵਿੰਗੇ ਟੇਢੇ ਢੰਗ ਨਾਲ ਮੈਕਸੀਕੋ ਦਾ ਬਾਰਡਰ ਟੱਪ ਕੇ ਅਮਰੀਕਾ ਜਾਣਾ ਚਾਹੁੰਦੇ, ਉਹਨਾਂ ਨੂੰ ਕਹਿੰਦੇ ਡੌਂਕੀ ਲਗਾ ਕੇ ਜਾਣਾ, ਗਧੇ ਬਣ ਕੇ ਜਾਣਾ। ਇਸ ਤੋਂ ਪਹਿਲਾਂ ਆਉਂਦਾ ਮੈਕਸੀਕੋ ਦਾ ਜੰਗਲ। ਕਾਲੇ ਪਾਣੀ ਦੀ ਸਜਾ ਤੋਂ ਭੈੜਾ ਜੰਗਲ। ਅੱਜ ਜਦੋਂ ਲੱਗਦੇ ਨੇ ਜੰਗਲ ਵਿਚਦੀ ਉਹਨਾਂ ਦੇ ਪੈਰਾਂ ਹੇਠ ਅਕਸਰ ਪਿੰਜਰ ਆ ਜਾਂਦੇ ਹਨ। ਕਿੰਨਾਂ ਦੇ! ਇਹਨਾਂ ਵਰਗੇ, ਇਹਨਾਂ ਤੋਂ ਪਹਿਲਾਂ ਜਿਹੜੇ ਇੰਝ ਹੀ ਡੌਂਕੀ ਲਗਾ ਜਾ ਰਹੇ ਸੀ। ਪਰ ਭੁੱਖਣ ਭਾਣੇ, ਪਿਆਸੇ, ਆਪਣਾ ਮੂਤ ਪੀ ਪੀ ਗੁਜਾਰਾ ਕਰਦੇ ਕਰਦੇ ਅੰਤ ਉਥੇ ਹੀ ਮਰ ਗਏ। ਕੋਈ ਲਾਸ਼ ਦਾ ਸਸਕਾਰ ਕਰਨ ਵੀ ਨਾ ਬਅਉੜਿਆ ਤਾਂ ਚਰਬੀ ਗਲ ਗਈ ਤੇ ਪਿੰਜਰ ਰਹਿ ਗਏ।

ਪੰਜਾਬ ਦੀ ਰਸਾਇਣਕ ਖਾਦਾਂ, ਵਿਦੇਸ਼ੀ ਬੀਜਾਂ ਵਾਲੀ ਖੇਤੀ 'ਚ ਕਿਸਾਨ, ਮਜਦੂਰ ਕੰਗਾਲ ਤੇ ਕੰਪਨੀਆਂ ਮਾਲਾਮਾਲ। ਸੇਵਾਵਾਂ ਖੇਤਰ ਸਿੱਖਿਆ, ਸਿਹਤ, ਟਰਾਂਸਪੋਰਟ ਆਦਿ 'ਚ ਨਿੱਜੀਕਰਨ ਕਾਰਨ ਨੌਕਰੀਆਂ ਠੇਕੇ ਤੇ ਹਨ। ਬਿਨਾਂ ਸ਼ੱਕ ਇਸ ਸੰਕਟ ਕਾਰਨ ਰੋਜੀ ਰੋਟੀ ਲਈ ਵਿਦੇਸ਼ਾਂ ਨੂੰ ਜਾਂਦੇ ਹਨ। ਪੰਜਾਬ 'ਚ ਪਹਿਲਿਆਂ ਨੇ ਵੀ ਝੂਠ ਤੇ ਡਾਂਗਾ ਦਿੱਤੀਆਂ ਤੇ ਹੁਣ ਵਾਲਿਆਂ ਨੇ ਵੀ। ਸਰਕਾਰੀ ਨੌਕਰੀ, ਪੱਕਾ ਰੁਜਗਾਰ ਪਹਿਲਿਆਂ ਤੋਂ ਖੋਹਿਆ ਜਾ ਰਿਹਾ ਤੇ ਨਵੇਂ ਕਿਸ ਝਾਕ 'ਚ ਬੈਠਣ। ਇੱਕੋ ਰਸਤਾ ਬਚਦਾ ਬਾਹਰ ਨੂੰ ਉਡਾਰੀ।

ਦੂਜਾ ਕਾਰਨ ਪੰਜਾਬ ਦੇ ਤਕਨੀਕੀ, ਵਿਗਿਆਨਕ, ਡੇਅਰੀ ਫਾਰਮਿੰਗ, ਖੇਤੀ ਖੋਜ 'ਤੇ ਸਾਮਰਾਜੀ ਬੰਨ ਹੈ। ਪੰਜਾਬ ਦਾ ਨੌਜਵਾਨ ਤਕਨੀਕੀ, ਇੰਜਨਿਅਰਿੰਗ ਕਾਲਜਾਂ 'ਚ ਪੜਦਾ। ਪਰ ਡਿਪਲੋਮਾ ਲੈ ਜਾਂ ਤਾ ਬਾਹਰ ਦੀ ਫਾਇਲ ਲਗਾਉਂਦਾ ਜਾਂ ਫੇਰ ਆਪਣਾ ਖੇਤਰ ਬਦਲ ਦਿੰਦਾ। ਪੜਾਈ ਇੰਜਨੀਅਰਿੰਗ ਦੀ ਤੇ ਕਿੱਤਾ ਫੋਟੋਗਰਾਫਰੀ, ਵੀਡਿਉ ਮਿਕਸਿੰਗ, ਰੇਡੀਮੇਡ ਕੱਪੜਿਆਂ ਦੀ ਦੁਕਾਨ, ਹੇਅਰ ਕਟਿੰਗ ਸੈਲੂਅਨ। ਕਿਉਂਕਿ ਮੋਟਰ, ਕਾਰਾਂ ਆਦਿ ਕੁਲ ਤਕਨੀਕ ਬਾਹਰੋਂ ਆਉਂਦੀ ਹੈ। ਸਾਡੇ ਇੱਥੇ ਸਰਕਾਰ ਕੰਪਨੀਆਂ ਦੀ ਬੰਨੀ ਤਕਨੀਕੀ ਖੋਜ ਨਹੀਂ ਕਰਵਾ ਪਾਉਂਦੀ। ਇੱਕ ਵੀ ਪੰਜਾਬੀ ਵਿਗਿਆਨੀ ਦਾ ਨਾਮ ਨਹੀਂ ਜਿਸ 'ਤੇ ਅਸੀਂ ਮਾਣ ਕਰ ਸਕੀਏ। ਪੰਜਾਬੀ ਨੌਜਵਾਨ ਨੂੰ ਸਾਡੀ ਵਿਦਿਆ ਵਿਗਿਆਨੀ ਬਣਨ ਲਈ ਉਤਸ਼ਾਹਿਤ ਵੀ ਨਹੀਂ ਕਰਦੀ। ਪੰਜਾਬ 'ਚ ਵਿਦੇਸ਼ੀ ਐਚ ਐਫ, ਅਮਰੀਕਨ ਗਾਵਾਂ ਨੇ ਦੇਸੀ ਗਾਵਾਂ 'ਤੇ ਸਰਦਾਰੀ ਕਾਇਮ ਕੀਤੀ ਹੋਈ ਹੈ। ਦੇਸੀ ਗਾਵਾਂ ਸਮੇਤ ਬਾਕੀ ਦੇਸੀ ਪਸ਼ੂਆਂ 'ਤੇ ਕੋਈ ਖੋਜ ਕਾਰਜ ਨਹੀਂ ਹੁੰਦਾ। ਸਾਡੀਆਂ ਦੇਸੀ ਗਾਵਾਂ, ਮੱਝਾਂ ਦਾ ਦੁੱਧ ਉਥੇ ਹੀ ਖੜਾ। ਉਤਸ਼ਾਹੀ ਨੌਜਵਾਨ ਚਾਹ ਕੇ ਵੀ ਵਿਦੇਸ਼ੀ ਕੰਪਨੀਆਂ ਨੈਸਲੇ ਆਦਿ ਦਾ ਮੁਕਾਬਲਾ ਨਹੀਂ ਕਰ ਪਾਉਂਦਾ।

ਪੰਜਾਬੀ ਨੌਜਵਾਨ ਰੱਖਿਆ ਹੈ ਤਾਂ ਸਿਰਫ ਟੋਲ ਪਲਾਜਿਆਂ 'ਤੇ ਸਕਿਉਰਟੀ ਲਈ, ਕਾਲਜਾਂ, ਮਿੱਲਾਂ, ਫੈਕਟਰੀਆਂ ਦੇ ਸਕਿਉਰਟੀ ਗਾਰਡ ਲਈ। ਜਮੈਟੋ ਵਾਲਿਆਂ ਦੇ ਪੀਜੇ ਸਪਲਾਈ ਕਰਨ ਤੇ ਉਹਨਾਂ ਤੋਂ ਛਿੱਲ ਲਵਾਉਣ ਲਈ। ਖੇਤੀ ਦੇ ਬੀਜਾਂ 'ਤੇ ਕੋਈ ਖੋਜ ਨਹੀਂ। ਪੰਜਾਬੀ ਤਾਂ ਬੱਸ ਖੇਤੀ, ਕਿਸਾਨ ਮੇਲੇ ਦੀ ਧੂੜ ਫੱਕਣ ਤੇ ਜੋ ਕੰਪਨੀਆਂ ਨੇ ਬੀਜ, ਮਸ਼ੀਨਰੀ ਭੇਜ ਦਿੱਤੀ ਸਿਰਫ ਉਸਦੇ ਗਾਹਕ ਬਣਾ ਕੇ ਜੇਬਾਂ ਢਿੱਲੀਆਂ ਕਰਾਉਣ ਨੂੰ ਹੀ ਰੱਖਿਆ। ਕੀ ਪੰਜਾਬ ਸਰਕਾਰ ਖੁਦ ਤਕਨੀਕੀ, ਵਿਗਿਆਨਿਕ, ਡੇਅਰੀ ਫਾਰਮਿੰਗ, ਖੇਤੀ ਦੇ ਵਿਕਾਸ, ਖੋਜ ਕਾਰਜ ਨਹੀਂ ਆਰੰਭ ਸਕਦੇ। ਹਾਂ ਆਰੰਭ ਸਕਦੇ ਹਾਂ। ਪਰ ਜੇ ਆਜਾਦ ਹੋਈਏ। ਅਸੀਂ ਸਾਮਰਾਜੀ ਕੰਪਨੀਆਂ ਦੇ ਗੁਲਾਮ, ਉਹਨਾਂ ਲਈ ਮੰਡੀ ਹਾਂ ਤੇ ਸਾਡੇ ਹਾਕਮ (ਅਕਾਲੀ, ਕਾਂਗਰਸੀ, ਭਾਜਪਾ, ਆਪ) ਉਹਨਾਂ ਦੇ ਦਲਾਲ ਹਨ।

ਆਈਲਟਸ ਦਾ ਬੋਲਬਾਲਾ ਹੈ। ਇਸ ਨੇ ਸਾਡੀ ਬੌਧਿਕ ਕੰਗਾਲੀ ਦਾ ਕਾਰਨ ਬਣਨਾ ਹੈ। ਕਿਉਂਕਿ ਲੱਖਾਂ ਨੌਜਵਾਨ ਇਤਿਹਾਸ, ਸਮਾਜਿਕ ਸਿਖਿਆ, ਸੋਸ਼ਲ ਸਾਇੰਸ ਨੂੰ ਛੱਡ ਕੇ ਸਿਰਫ ਆਈਲਟਸ 'ਤੇ ਸਮਾਂ ਤੇ ਪੈਸਾ ਲੁਟਾ ਰਹੇ ਹਨ। ਆਈਲਟਸ ਨੂੰ ਸਿਰਫ ਦੂਜੀ ਭਾਸ਼ਾ ਸਿੱਖਣ ਵਜੋਂ ਕਰੋ ਮਾੜਾ ਨਹੀਂ। ਭਾਸ਼ਾਵਾਂ ਜਿੰਨੀਆਂ ਸਿੱਖੀਆਂ ਜਾਣ ਥੋੜੀਆਂ। ਪਰ ਅੱਜ ਕੱਲ ਆਈਲਟਸ ਤਾਂ ਜਿਵੇਂ ਪੱਕੇ ਰੁਜਗਾਰ, ਤੁਹਾਡੇ ਸਟੇਟਸ ਦਾ ਸਰਟੀਫਿਕੇਟ ਬਣ ਗਿਆ ਹੈ। ਜਫਰਨਾਮੇ, ਚੰਡੀ ਦੀ ਵਾਰ ਭੁਲ ਗਏ ਨੇ।

# ਸੁਪਨਦੇਸ਼ ਵਿੱਚ ਵੱਧਦੀ ਮਹਿੰਗਾਈ

ਚੰਗਾ ਭਵਿੱਖ, ਚੰਗੀ ਤਨਖਾਹ, ਚੰਗੀਆਂ ਸਿਹਤ ਤੇ ਸਿੱਖਿਆ ਸਹੂਲਤਾਂ, ਬਿਹਤਰ ਕਿਰਤ ਕਾਨੂੰਨ ਤੇ ਚੰਗੀਆਂ ਕੰਮ ਹਾਲਤਾਂ ਦੇ ਸੁਪਨੇ ਲੈ ਕੈਨੇਡਾ ਆਉਂਦੇ ਹਨ। ਪਰੰਤੂ ਵੱਧ ਰਹੇ ਗਲੋਬਲ ਆਰਥਿਕ ਸੰਕਟ ਕਾਰਨ ਕੈਨੇਡਾ ਵਰਗੇ 'ਲਿਬਰਲ ਡੈਮੋਕਰੇਟਿਕ' ਦੇਸ਼ ਅੰਦਰ ਪੈਦਾ ਹੋਈਆਂ ਨਵੀਆਂ ਹਾਲਤਾਂ ਇਸ ਗੱਲ ਵੱਲ ਸੰਕੇਤ ਕਰ ਰਹੀਆਂ ਹਨ ਕਿ ਸੁਪਨਿਆਂ ਦੇ ਦੇਸ਼ ਵਿੱਚ ਆਉਣ ਲਈ 'ਸਭ ਕੁਝ' ਦਾਅ ਤੇ ਲਾਉਣਾ ਨਵੀਆਂ ਮੁਸ਼ਕਲਾਂ ਖੜੀਆਂ ਕਰ ਸਕਦਾ ਹੈ।

ਕੈਨੇਡਾ ਵਰਗੇ ਪੂੰਜੀਵਾਦੀ ਮੁਲਕਾਂ ਵਿੱਚ ਮੰਗ ਨੂੰ ਖਿੱਚਣ ਲਈ (Demand pull) ਬੈਂਕਾਂ, ਕਾਰਪੋਰੇਸ਼ਨਾਂ ਤੇ ਹੋਰ ਵਪਾਰਕ ਅਦਾਰਿਆਂ ਵੱਲੋਂ ਖਪਤਵਾਦੀ ਸੱਭਿਆਚਾਰ ਦਾ ਧੂੰਆਂਧਾਰ ਪ੍ਰਚਾਰ ਕੀਤਾ ਜਾਂਦਾ ਹੈ। ਲੋਕਾਂ ਅੰਦਰ ਨਵੀਆਂ ਤਕਨੀਕੀ ਇਲੈਕਟ੍ਰਾਨਿਕਸ ਵਸਤਾਂ, ਘਰਾਂ, ਕਾਰਾਂ ਅਤੇ ਹੋਰ ਲਗਜ਼ਰੀ ਚੀਜਾਂ ਪ੍ਰਤੀ ਮੰਗ ਪੈਦਾ ਕੀਤੀ ਜਾਂਦੀ ਹੈ। ਲੋਕ ਭਵਿੱਖ ਪ੍ਰਤੀ ਨਿਸ਼ਚਿੰਤ ਤੇ ਬੇਪ੍ਰਵਾਹ ਹੋਕੇ ਸਸਤੀਆਂ ਵਿਆਜ ਉੱਤੇ ਘਰ, ਕਾਰਾਂ ਤੇ ਲਗਜ਼ਰੀ ਵਸਤਾਂ ਦੀ ਧੜਾਧੜ ਖਰੀਦੋ-ਫਰੋਖਤ ਕਰਦੇ ਹਨ। ਇਸ ਤਰ੍ਹਾਂ ਦੀ ਵੱਧਦੀ ਮੰਗ ਨੇ ਕੈਨੇਡੀਅਨ ਮਾਰਕਿਟ ਵਿੱਚ ਘਰਾਂ, ਕਾਰਾਂ ਤੇ ਹੋਰ ਲਗਜ਼ਰੀ ਵਸਤਾਂ ਦੀਆਂ ਕੀਮਤਾਂ ਵਿੱਚ ਇੱਕਦਮ ਉਛਾਲ ਲਿਆਂਦਾ। ਦੂਜੇ ਪਾਸੇ ਇਜਾਰੇਦਾਰੀ ਰਾਹੀਂ ਵਸਤਾਂ ਅਤੇ ਸੇਵਾਵਾਂ ਦੀ ਸਪਲਾਈ ਨੂੰ ਕੰਟਰੋਲ ਕਰਕੇ ਲਾਗਤਾਂ ਨੂੰ ਧੱਕਿਆ (cost push) ਜਾਂਦਾ ਹੈ। ਇਸਤੋਂ ਇਲਾਵਾ ਲਾਗਤਾਂ ਨੂੰ ਧੱਕਣ ਵਿੱਚ ਕੁਦਰਤੀ ਵਾਤਾਵਰਨਿਕ ਤਬਦੀਲੀਆਂ ਦਾ ਵੀ ਅਸਰ ਹੈ। ਵੱਧਦੇ ਤਾਪਮਾਨ ਕਰਕੇ ਇਸ ਵਾਰ ਕੈਨੇਡਾ ਦੀਆਂ ਖੇਤੀਬਾੜੀ ਜਿਣਸਾਂ ਦੀ ਪੈਦਾਵਾਰ ਵਿੱਚ ਗਿਰਾਵਟ ਆਈ। ਭਾਵੇਂ ਯੂਕਰੇਨ ਸਮੇਤ ਦੂਸਰੇ ਦੇਸ਼ਾਂ ਤੋਂ ਦਰਾਮਦ ਕੀਤੇ ਜਾਂਦੇ ਭੋਜਨ ਪਦਾਰਥਾਂ ਦੀ ਸਪਲਾਈ ਘੱਟਣ ਤੇ ਕੀਮਤਾਂ ਵੱਧਣ ਕਾਰਨ ਵੀ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਆਲਮੀ ਪੱਧਰ ਤੇ ਵਾਤਾਵਰਣ ਵਿੱਚ ਆਈਆਂ ਤਬਦੀਲੀਆਂ ਨੇ ਭੋਜਨ ਪਦਾਰਥਾਂ ਦੀ ਸਪਲਾਈ ਅਤੇ ਕੀਮਤਾਂ ਨੂੰ ਜਰੂਰ ਪ੍ਰਭਾਵਿਤ ਕੀਤਾ ਹੈ ਪਰੰਤੂ ਵਸਤਾਂ ਅਤੇ ਸੇਵਾਵਾਂ ਅੰਦਰ ਵੱਧਦੀ ਮਹਿੰਗਾਈ ਪੂੰਜੀਪਤੀਆਂ ਦੀ ਇਜਾਰੇਦਾਰੀ ਦਾ ਨਤੀਜਾ ਹੈ।

ਕੈਨੇਡਾ ਵਿੱਚ ਮਹਿੰਗਾਈ ਦਿਨ-ਬ-ਦਿਨ ਕੰਟਰੋਲ ਤੋਂ ਬਾਹਰ ਹੁੰਦੀ ਜਾ ਰਹੀ ਹੈ ਤੇ ਲੋਕਾਂ ਵਿੱਚ ਕੇਂਦਰੀ ਤੇ ਹੋਰ ਵਪਾਰਕ ਬੈਂਕਾਂ ਪ੍ਰਤੀ ਭਰੋਸੇਯੋਗਤਾ ਲਗਾਤਾਰ ਘੱਟਦੀ ਜਾ ਰਹੀ ਹੈ। ਉੱਚੀਆਂ ਵਿਆਜ ਦਰਾਂ ਤੇ ਸੰਪੱਤੀ ਦੀਆਂ ਘੱਟਦੀਆਂ ਕੀਮਤਾਂ ਨੇ ਹਾਲਾਤ ਹੋਰ ਬਦਤਰ ਕਰ ਦਿੱਤੇ ਹਨ। ਬੈਂਕ ਭਰੋਸੇਯੋਗਤਾ ਦੀ ਮੁੜਬਹਾਲੀ ਵਿੱਚ ਬੁਰੀ ਤਰ੍ਹਾਂ ਅਸਮਰੱਥ ਨਜ਼ਰ ਆ ਰਹੇ ਹਨ। ਕੇਂਦਰੀ ਬੈਂਕ ਮਹਿੰਗਾਈ ਦਰ ਨੂੰ 2% ਤੱਕ ਲਿਆਉਣ ਲਈ ਸਾਲ 2024 ਦੇ ਅੰਤ ਤੱਕ ਦਾ ਸੁਪਨਮਈ ਟੀਚਾ ਰੱਖ ਰਹੇ ਹਨ।

(ਸਫ਼ਾ 9 ਦੀ ਬਾਕੀ)

ਕੇਂਦਰੀ ਬੈਂਕ ਆਪਣੀ ਬੈਲੈਂਸ ਸ਼ੀਟ ਸਥਿਰ ਰੱਖਣ ਲਈ ਸਰਕਾਰੀ ਸੁਰੱਖਿਆ ਖਾਤੇ ਵਿੱਚੋਂ ਅੱਧੇ ਟ੍ਰਿਲੀਅਨ ਡਾਲਰ ਤੋਂ ਵੱਧ ਦੀ ਵਿੱਤੀ ਪੂੰਜੀ ਲੈ ਰਹੇ ਹਨ। ਬੈਂਕ ਆਫ ਕੈਨੇਡਾ ਸਪਲਾਈ ਚੇਨ ਵਿੱਚ ਰੁਕਾਵਟਾਂ, ਉੱਚੀਆਂ ਊਰਜਾ ਕੀਮਤਾਂ ਤੇ ਯੂਕਰੇਨ ਜੰਗ ਦੌਰਾਨ ਰੂਸ ਤੇ ਲੱਗੀਆਂ ਆਰਥਿਕ ਰੋਕਾਂ ਨੂੰ ਮਹਿੰਗਾਈ ਦਾ ਮੁੱਖ ਕਾਰਨ ਦੱਸ ਰਿਹਾ ਹੈ। ਅਤੇ ਇਸ ਹਾਲਤ ਵਿੱਚੋਂ ਨਿਕਲਣ ਲਈ ਉਹ ਅਮਰੀਕੀ ਦਿਸ਼ਾ-ਨਿਰਦੇਸ਼ਿਤ ਨਵਉਦਾਰਵਾਦੀ ਮੁਦਰਾ ਨੀਤੀ ਦਾ ਸਹਾਰਾ ਲੈ ਰਹੇ ਹਨ। ਅਮਰੀਕੀ ਸਾਮਰਾਜੀ ਕਦਮ ਚਿੰਨ੍ਹਾਂ ਤੇ ਚੱਲਦਿਆ 7 ਸਤੰਬਰ ਨੂੰ ਕੈਨੇਡਾ ਦੀਆਂ ਕੇਂਦਰੀ ਬੈਂਕਾਂ ਨੇ 'ਮੁਦਰਾ ਨੀਤੀ' ਸੰਬੰਧੀ ਮੀਟਿੰਗ ਤੋਂ ਬਾਅਦ ਵਿਆਜ ਦਰਾਂ ਵਿੱਚ 3.25% ਦਾ ਵਾਧਾ ਕੀਤਾ। ਬਿਲਕੁਲ ਇਸੇ ਤਰ੍ਹਾਂ ਦਾ ਵਾਧਾ ਅਮਰੀਕਾ ਅੰਦਰ ਜੁਲਾਈ ਮਹੀਨੇ ਵਿੱਚ ਕੀਤਾ ਗਿਆ ਸੀ। ਇਸ ਸਮੇਂ ਬੈਂਕ ਵਿਆਜ ਦਰਾਂ 3.75% ਹਨ। ਕੋਵਿਡ ਪ੍ਰੇਰਿਤ ਮੰਦੀ ਨੂੰ ਘਟਾਉਣ ਲਈ ਬੈਂਕ ਆਪਣੀ ਪੁਰਾਣੀ ਧਾਰਨਾ ਮੁਤਾਬਕ ਹੱਥ-ਪੈਰ ਮਾਰ ਰਹੇ ਹਨ। ਬੈਂਕ ਸੋਚਦੇ ਹਨ ਕਿ ਵਿਆਜ ਦਰਾਂ ਵਧਾਕੇ, ਪੈਸੇ ਦੀ ਸਪਲਾਈ ਸੀਮਤ ਕਰਕੇ ਉਹ ਮਹਿੰਗਾਈ ਕੰਟਰੋਲ ਕਰ ਲੈਣਗੇ। ਉਹ ਸੋਚਦੇ ਹਨ ਕਿ ਮਹਿੰਗਾਈ ਆਰਥਿਕਤਾ ਵਿੱਚ ਬਹੁਤ ਜ਼ਿਆਦਾ ਪੈਸਾ ਘੁੰਮਣ ਨਾਲ ਹੁੰਦੀ ਹੈ ਤੇ ਇਸਦਾ ਹੱਲ ਕੇਂਦਰੀ ਬੈਂਕਾਂ ਦੁਆਰਾ ਮੁਦਰਾ ਦੀ ਛਪਾਈ ਘਟਾਉਣ ਵਿੱਚ ਵੇਖਦੇ ਹਨ। ਵਿਆਜ ਦਰਾਂ ਵਿੱਚ ਵਾਧੇ ਨਾਲ ਉਹ ਨਿਵੇਸ਼ ਕੰਟਰੋਲ ਕਰਕੇ ਮਹਿੰਗਾਈ ਨੂੰ ਕਾਬੂ ਕਰਨਾ ਲੋਚਦੇ ਹਨ ਜਦਕਿ ਕੋਵਿਡ ਦੌਰਾਨ ਕੈਨੇਡਾ ਦੀਆਂ ਬੈਂਕਾਂ ਵਿੱਚ ਵਪਾਰਕ ਖਾਤਿਆਂ ਵਿੱਚ ਪੂੰਜੀ ਭੰਡਾਰ ਵਿੱਚ ਬੇਹੱਦ ਵਾਧਾ (1500 ਗੁਣਾਂ) ਹੋਇਆ। ਬੈਂਕ ਰਿਜ਼ਰਵ ਵਿੱਚ ਇਸ ਵਾਧੇ ਨੇ ਮਹਿੰਗਾਈ ਨੂੰ ਹੋਰ ਵਧਾ ਦਿੱਤਾ। ਪੂੰਜੀਵਾਦੀ ਪ੍ਰਬੰਧ ਅੰਦਰ ਕੇਂਦਰੀ ਬੈਂਕ ਅਸਲ ਵਿੱਚ ਬੈਂਕਾਂ ਦੇ ਬੈਂਕ ਹੁੰਦੇ ਹਨ ਜੋ ਨਵਉਦਾਰਵਾਦੀ ਆਰਥਿਕ ਮੁਦਰਾ ਨੀਤੀਆਂ ਦੇ ਏਜੰਡੇ ਨੂੰ ਅੱਗੇ ਵਧਾਉਂਦੇ ਹਨ। ਬੈਂਕਾਂ ਦੀ ਇਹ ਮੁਦਰਾ ਨੀਤੀ ਅਸਲ ਵਿੱਚ ਮਿਲਟਨ ਫਰਾਇਡਮੈਨ ਦੀ ਨੀਤੀ ਹੈ। ਉਸਦਾ ਮੰਨਣਾ ਸੀ ਕਿ 'ਮਹਿੰਗਾਈ ਹਮੇਸ਼ਾਂ ਅਤੇ ਹਰ ਥਾਂ ਇਕ ਮੁਦਰਾ ਵਰਤਾਰਾ ਹੈ। ਪੈਸੇ ਦੀ ਸਪਲਾਈ ਅਤੇ ਵਿਸਥਾਰ ਨੂੰ ਸੀਮਿਤ ਕਰਕੇ ਮਹਿੰਗਾਈ ਨੂੰ ਨੱਥ ਪਾਈ ਜਾ ਸਕਦੀ ਹੈ।' ਜਦਕਿ 'ਪੈਸੇ ਦੀ ਜ਼ਿਆਦਾ ਮਾਤਰਾ' ਮਹਿੰਗਾਈ ਦਾ ਕਾਰਨ ਨਹੀਂ। ਪੂੰਜੀ ਦਾ ਕੁਝ ਹੱਥਾਂ ਵਿੱਚ ਇਕੱਤਰ ਹੋਣਾ, ਅਤੇ ਏਕਾਧਿਕਾਰ ਪੂੰਜੀਵਾਦੀ ਨੀਤੀਆਂ ਇਸਦੀ ਅਸਲ ਜੜ੍ਹ ਹਨ। ਉਦਾਹਰਨ ਵਜੋਂ ਇੱਕ ਪਾਸੇ ਤੇਲ ਮਹਿੰਗਾ ਹੈ ਪਰ ਦੂਜੇ ਪਾਸੇ ਦੁਨੀਆ ਭਰ ਵਿੱਚ ਤੇਲ ਦੇ ਬੇਥਾਹ ਭੰਡਾਰ ਹਨ। ਪੂੰਜੀਪਤੀ ਤੇਲ ਦੇ ਉਤਪਾਦਨ ਨੂੰ ਕੰਟਰੋਲ ਕਰਕੇ ਇਸਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਮੋਟੇ ਮੁਨਾਫ਼ੇ ਕਮਾਉਂਦੇ ਹਨ। ਪੂੰਜੀਪਤੀਆਂ ਦੀ ਇਜਾਰੇਦਾਰੀ ਹੋਣ ਕਰਕੇ ਮੰਗ ਅਤੇ ਪੂਰਤੀ ਉੱਤੇ ਕੰਟਰੋਲ ਕਰਕੇ ਕੀਮਤਾਂ ਨੂੰ ਕੰਟਰੋਲ ਕੀਤਾ ਜਾਂਦਾ ਹੈ।

ਕੈਨੇਡਾ ਸਰਕਾਰ ਤੇ ਬੈਂਕ ਮਹਿੰਗਾਈ ਦੇ ਰੱਥ ਨੂੰ ਠੱਲ੍ਹਣ ਲਈ ਲੋਕਾਂ ਨੂੰ ਦਿਖਾ ਰਹੇ ਹਨ ਕਿ ਉਹ ਇਸ ਹਾਲਤ ਨਾਲ ਨਜਿੱਠਣ ਲਈ ਸਿਰਤੋੜ ਯਤਨ ਕਰ ਰਹੇ ਹਨ ਤੇ ਲੋਕਾਂ ਨੂੰ ਇਸ ਨੂਰਾਂ ਕੁਸ਼ਤੀ ਵਿੱਚ ਉਹਨਾਂ ਦਾ ਸਾਥ ਦੇਣਾ ਚਾਹੀਦਾ ਹੈ। ਪੇਸ਼ਕਾਰੀ ਇਵੇਂ ਕੀਤੀ ਜਾਂਦੀ ਹੈ ਜਿਵੇਂ ਵੱਧਦੀ ਮਹਿੰਗਾਈ ਹੀ ਸਭ ਸਮੱਸਿਆਵਾਂ ਦੀ ਜੜ੍ਹ ਹੈ ਤੇ ਇਸਦੇ ਘੱਟ ਹੋਣ ਨਾਲ ਸਭ ਅੱਛਾ ਹੋ ਜਾਵੇਗਾ। ਉਧਰ ਅਮਰੀਕਾ ਵਿੱਚ ਜੋਅ ਬਾਇਡਨ ਮਹਿੰਗਾਈ ਨਾਲ ਸਿੱਝਣ ਲਈ ਇਕ ਨਵਾਂ 'ਹੋਣਹਾਰ ਵਿਕਲਪ' ਲੈਕੇ ਆਏ ਹਨ ਕਿ 'ਤਨਖਾਹਾਂ ਦੀ ਬਜਾਏ ਲਾਗਤਾਂ ਨੂੰ ਘਟਾਉਣ ਲਈ ਕੰਪਨੀਆਂ ਤੇ ਦਬਾਅ ਪਾਕੇ ਅਤੇ ਦਵਾਈਆਂ, ਊਰਜਾ ਤੇ ਬੱਚਿਆਂ ਦੀ ਦੇਖ-ਭਾਲ ਨੂੰ ਵਧੇਰੇ ਕਿਫ਼ਾਇਤੀ ਬਣਾਕੇ ਮਹਿੰਗਾਈ ਨਾਲ ਨਜਿੱਠਿਆ ਜਾ ਸਕਦਾ ਹੈ।' ਅਸਲ ਵਿੱਚ ਇਹ ਸਭ ਵਕਤੀ ਲੋਕਭਰਮਾਊ ਬਿਆਨਬਾਜ਼ੀ ਹੈ। ਮਹਿੰਗਾਈ ਨਵਉਦਾਰਵਾਦੀ ਨੀਤੀਆਂ ਜਰੀਏ ਇਜਾਰੇਦਾਰ ਪੂੰਜੀਵਾਦ ਦੀ ਪੈਦਾ ਕੀਤੀ ਹੋਈ ਭੈੜੀ ਵਬਾ ਹੈ ਅਤੇ ਇਸਨੂੰ ਕੰਟਰੋਲ ਕਰਨ ਬਹਾਨੇ ਦੁਨੀਆਂ ਭਰ ਦੇ ਕਰੋੜਾਂ-ਕਰੋੜ ਮਿਹਨਤਕਸ਼ ਲੋਕਾਂ ਦੀ ਕਿਰਤ ਲੁੱਟ ਤੇ ਕੁਦਰਤੀ ਸ੍ਰੋਤਾਂ ਦੀ ਲੁੱਟ-ਖਸੁੱਟ ਕੀਤੀ ਜਾਂਦੀ ਹੈ।

ਗ਼ੁਲਾਮ ਮੁਸਤਫ਼ਾ ਡੋਗਰ,
ਇਤਿਹਾਸਕਾਰ

# ਪੰਜਾਬੀਆਂ ਦੀ ਹੋਣੀ ?



ਇਨਸਾਨ ਵਿਚ ਦੋ ਤਾਕਤਾਂ ਹੁੰਦੀਆਂ ਨੇ: ਇਕ ਡੌਲਿਆਂ ਦੀ ਜਿਸ ਨੂੰ ਅਸੀਂ ਸਰੀਰਕ ਤਾਕਤ, ਤੇ ਦੂਜੀ ਦਿਮਾਗੀ ਜਿਸ ਨੂੰ ਅਸੀਂ ਬੁੱਧੀ ਦੀ ਤਾਕਤ ਕਹਿੰਦੇ ਹਾਂ। ਪੰਜਾਬੀਆਂ ਨੇ ਜ਼ਿਆਦਾਤਰ ਡੌਲਿਆਂ ਦੀ ਤਾਕਤ ਦਾ ਹੀ ਇਸਤੇਮਾਲ ਕੀਤਾ ਹੈ। ਹਿੰਦੋਸਤਾਨ ਦੀ ਕਿਸਮਤ ਲਈ ਫੈਸਲਾਕੁਨ ਸਾਬਿਤ ਹੋਈਆਂ ਜੰਗਾਂ ਪੰਜਾਬ ਦੀ ਧਰਤੀ 'ਤੇ ਹੀ ਲੜੀਆਂ ਗਈਆਂ। ਮਿਸਾਲ ਵਜੋਂ: ਪਾਣੀਪਤ ਦੀਆਂ ਤਿੰਨ ਲੜਾਈਆਂ ਨੇ ਪੰਜਾਬ ਅਤੇ ਬਾਕੀ ਹਿੰਦੋਸਤਾਨ ਦੇ ਸਿਆਸੀ ਮੁਕੱਦਰ ਦਾ ਫ਼ੈਸਲਾ ਕਰ ਦਿੱਤਾ। ਸੋਚਣ ਵਾਲੀ ਗੱਲ ਇਹ ਹੈ ਇਹ ਸਾਰੀਆਂ ਜੰਗਾਂ (ਪੁਰਾਣੇ ਤੇ ਵੱਡੇ) ਪੰਜਾਬ ਦੀ ਧਰਤੀ 'ਤੇ ਹੀ ਕਿਉਂ ਹੋਈਆਂ? ਸਾਦਾ ਜਿਹਾ ਜਵਾਬ ਇਹ ਹੈ ਕਿ ਲੜਾਈ ਉੱਥੇ ਹੀ ਹੁੰਦੀ ਹੈ ਜਿੱਥੇ ਲੜਨ ਮਰਨ ਵਾਲੇ ਲੋਕ ਹੋਣ। ਜਿੱਥੇ ਇਸ ਤਰ੍ਹਾਂ ਦੇ ਲੋਕ ਨਾ ਹੋਣ, ਉੱਥੇ ਲੜਾਈ ਕਾਹਦੀ ਹੋਵੇਗੀ।

ਪੰਜਾਬ ਵਿਚ ਦੋ ਵੱਡੇ ਕਬੀਲੇ ਜੱਟ ਅਤੇ ਰਾਜਪੂਤ ਸਦੀਆਂ ਤੋਂ ਆਪਸ ਵਿਚ ਲੜਦੇ ਰਹੇ। ਇਹ ਕਬੀਲੇ ਲੜਨ ਵਾਲੇ ਸਨ, ਪਰ ਹਕੂਮਤ ਹਮੇਸ਼ਾਂ ਦੂਜੇ ਲੋਕ ਹੀ ਆ ਕੇ ਕਰਦੇ ਰਹੇ। ਇੱਥੇ ਮਰਹੱਟੇ, ਮੁਗਲ, ਤੁਰਕ ਤੇ ਅਰਬ ਆਏ। ਇਨ੍ਹਾਂ ਦਾ ਕੰਮ ਮੁੱਕਿਆ ਤਾਂ ਸੱਤ ਸਮੁੰਦਰੋਂ ਪਾਰ ਅੰਗਰੇਜ਼ ਆ ਗਏ। ਇਨ੍ਹਾਂ ਸਾਰਿਆਂ ਨੇ ਇੱਥੇ ਆ ਕੇ ਇਨ੍ਹਾਂ ਉੱਤੇ ਹਕੂਮਤ ਕੀਤੀ। ਸਾਫ ਤੇ ਸਿੱਧੀ ਗੱਲ ਇਹ ਹੈ ਕਿ ਇਹ ਉਦੋਂ ਹੀ ਹੋਇਆ, ਜਦੋਂ ਮੁਕਾਮੀ ਲੜਨ ਵਾਲੀਆਂ ਕੌਮਾਂ ਨੇ ਇਕ ਦੂਜੇ ਨੂੰ ਮਾਰ ਮਾਰ ਕੇ ਵਿਗਾੜ ਪਾ ਲਿਆ ਤੇ ਕਮਜ਼ੋਰ ਹੋ ਗਈਆਂ। ਨਤੀਜੇ ਵਜੋਂ ਬਾਹਰੀ ਲੋਕਾਂ ਨੂੰ ਇਨ੍ਹਾਂ ਉੱਤੇ ਹਕੂਮਤ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਦੀ ਡੰਡੇ ਦੇ ਜ਼ੋਰ ਨਾਲ ਕੀਤੀ ਹਕੂਮਤ ਵਿਚ ਪੰਜਾਬੀ ਸਿੱਧੇ ਵਗਦੇ ਰਹੇ।

ਮਰਾਠੇ ਦੂਰ ਦੇ ਇਲਾਕੇ ਮਹਾਂਰਾਸ਼ਟਰ ਦੇ ਰਹਿਣ ਵਾਲੇ ਹਨ। ਉਨ੍ਹਾਂ ਪੰਜਾਬ ਆ ਕੇ ਬੜੇ ਅਰਸੇ ਤਕ ਛੋਟੀਆਂ ਛੋਟੀਆਂ ਰਿਆਸਤਾਂ ਨੂੰ ਡਰਾ ਧਮਕਾ ਕੇ ਪੈਸੇ ਵੀ ਖੋਹੇ ਤੇ ਲੁੱਟਮਾਰ ਵੀ ਕਰਦੇ ਰਹੇ। ਮਰਾਠਿਆਂ ਨੇ ਤਾਂ ਇਕ ਵਾਰ ਲਾਹੌਰ 'ਤੇ ਵੀ ਕਬਜ਼ਾ ਕਰ ਲਿਆ ਸੀ। ਇਨ੍ਹਾਂ ਤੋਂ ਪਹਿਲਾਂ ਪਠਾਣ ਤੇ ਅਫ਼ਗਾਨ ਵੀ ਇੱਥੇ ਲੁੱਟਮਾਰ ਕਰਦੇ ਤੇ ਆਪਣੇ ਇਲਾਕਿਆਂ ਨੂੰ ਤੁਰ ਜਾਂਦੇ ਸਨ। ਇਸ ਇਲਾਕੇ ਵਿਚ ਸਿਰਫ ਇਕ ਵਾਰ ਪੰਜਾਬੀਆਂ ਦੀ ਆਪਣੀ ਹਕੂਮਤ ਰਹੀ ਜੋ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਸਰਕਾਰ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਹਕੂਮਤ ਦੀ ਕਾਰਗੁਜ਼ਾਰੀ ਬਾਰੇ ਹਰ ਕਿਸੇ ਦਾ ਆਪੋ-ਆਪਣਾ ਖਿਆਲ ਹੈ। ਇਸ ਹਕੂਮਤ ਨੂੰ ਨਾ ਤਾਂ ਪਠਾਣ ਕੁਝ ਕਰ ਸਕੇ ਜਿਨ੍ਹਾਂ ਬੜੇ ਅਰਸੇ ਤਕ ਹਕੂਮਤ ਕੀਤੀ ਸੀ, ਤੇ ਨਾ ਹੀ ਮੁਗਲ ਇਸ ਦਾ ਕੁਝ ਵਿਗਾੜ ਸਕੇ ਜਿਹੜੇ ਉਜ਼ਬੇਕਿਸਤਾਨ ਦੀ ਆਬਾਦੀ ਫਰਆਨਾ ਤੋਂ ਆਏ ਸਨ। ਇਸ ਲਈ ਸਿੱਖ ਰਾਜ ਫੈਲਦਾ ਗਿਆ। ਸਿੱਖ ਹਕੂਮਤ ਨੇ ਮੁਲਤਾਨ ਤੋਂ ਲੈ ਕੇ ਲੱਦਾਖ ਤੱਕ ਅਤੇ ਕਾਬਲ ਤੋਂ ਲੈ ਕੇ ਸਤਲੁਜ ਤੱਕ ਕਬਜ਼ਾ ਕਰ ਲਿਆ। ਕਾਬਲ ਫਤਹਿ ਕਰਨ ਵਾਲਾ ਸਿੱਖ ਫੌਜ ਦਾ ਕਮਾਂਡਰ ਪੰਜਾਬੀ ਮੁਸਲਮਾਨ ਸੇਖ ਸਬਾਵਣ ਸੀ। ਜੇ ਸਤਲੁਜ ਤੋਂ ਪਾਰ ਦੀਆਂ ਸਿੱਖ ਰਿਆਸਤਾਂ ਦੇ ਹੁਕਮਰਾਨ, ਪਟਿਆਲਾ, ਨਾਭਾ, ਜੀਂਦ ਆਦਿ ਅੰਗਰੇਜ਼ਾਂ ਦੀ ਪਨਾਹ ਵਿਚ ਨਾ ਜਾਂਦੇ ਤਾਂ ਸਿੱਖ ਹਕੂਮਤ ਦੀਆਂ ਹੱਦਾਂ ਦਿੱਲੀ ਪਹੁੰਚ ਜਾਣੀਆਂ ਸਨ। ਇਸ ਹਕੂਮਤ ਨੂੰ ਕੋਈ ਹੋਰ ਤਾਕਤ ਢਾਹ ਨਹੀਂ ਲਾ ਸਕੀ, ਪਰ ਇਸ ਨੂੰ ਪੰਜਾਬੀਆਂ ਨੇ ਆਪ ਢਾਹ ਲਾਈ। ਇਸ ਦੇ ਪਤਨ ਤੋਂ ਬਾਅਦ ਐਸੀ ਬੇਬਰਕਤੀ ਪਈ ਕਿ ਪੰਜਾਬੀ ਨਾ ਤਾਂ ਫਿਰ ਕਦੇ ਇਕ ਝੰਡੇ ਥੱਲੇ ਇਕੱਠੇ ਹੋਏ ਅਤੇ ਨਾ ਹੀ ਕਦੇ ਦੁਬਾਰਾ ਆਪਣੀ ਹਕੂਮਤ ਬਣਾ ਸਕੇ।

ਜਿਨ੍ਹਾਂ ਲੋਕਾਂ ਨੇ ਬਾਹਰੋਂ ਆ ਕੇ ਹਕੂਮਤ ਕੀਤੀ, ਉਹ ਆਪਣੀ ਫੌਜ ਇੰਨੀ ਤਾਂ ਨਹੀਂ ਲੈ ਕੇ ਆਏ, ਉਨ੍ਹਾਂ ਨੇ ਇੱਥੋਂ ਦੇ ਲੋਕਾਂ ਕੋਲੋਂ ਹੀ ਕੰਮ ਲਿਆ, ਉਨ੍ਹਾਂ ਦੀ ਫੌਜ ਬਣਾਈ ਤੇ ਹਕੂਮਤ ਵੀ ਕਰਦੇ ਰਹੇ। ਹਜ਼ਾਰ ਸਾਲ ਪਹਿਲਾਂ ਮਹਿਮੂਦ ਗਜ਼ਨਵੀ ਆਇਆ ਤੇ ਉਸ ਨੇ ਲਾਹੌਰ ਤਕ ਕਬਜ਼ਾ ਕਰ ਲਿਆ। ਫੌਜ ਭਾਵੇਂ ਉਸ ਦੀ ਆਪਣੀ ਸੀ, ਪਰ ਅਫਸਰਸ਼ਾਹੀ ਮੁਕਾਮੀ ਲੋਕਾਂ ਦੀ ਸੀ ਤੇ ਇਹ ਸਾਰੇ ਪੜ੍ਹੇ ਲਿਖੇ ਲੋਕ ਸਨ। ਗਜ਼ਨਵੀ ਨੇ ਲਾਹੌਰ ਦਾ ਜਿਹੜਾ ਪਹਿਲਾ ਗਵਰਨਰ ਬਣਾਇਆ, ਉਹ ਲਾਹੌਰ ਸ਼ਹਿਰ ਦਾ ਰਹਿਣ ਵਾਲਾ ਸੀ ਜਿਸ ਨੇ ਹਿੰਦੂ ਤੋਂ ਮੁਸਲਮਾਨ ਹੋ ਕੇ ਆਪਣਾ ਨਾਂ ਅੱਯਾਜ਼ ਰੱਖਿਆ ਸੀ।

ਗਜ਼ਨਵੀ ਦਾ ਦੌਰ 970 ਤੋਂ 1030 ਤੱਕ ਰਿਹਾ ਅਤੇ ਉਸ ਦੀ ਹਕੂਮਤ ਉੱਜੜਨ ਤੋਂ ਕਾਫੀ ਬਾਅਦ (ਤਕਰੀਬਨ 150 ਸਾਲ ਬਾਅਦ) 1192 ਵਿਚ ਸ਼ਾਹਬੁਦੀਨ ਮੁਹੰਮਦ ਗੌਰੀ ਨੇ ਆਪਣੀ ਫੌਜ ਦੀ ਮਦਦ ਨਾਲ ਰਾਜਸਥਾਨ ਤੱਕ ਕਬਜ਼ਾ ਕਰ ਲਿਆ। ਮਹਿਮੂਦ ਗਜ਼ਨਵੀ ਦੀ ਅੱਧੀ ਫੌਜ ਹਿੰਦੂਆਂ ਦੀ ਸੀ। ਮੁਕਾਮੀ ਲੋਕ ਵੀ ਇਸ ਵਿਚ ਸ਼ਾਮਲ ਸਨ। ਮੁਹੰਮਦ ਗੌਰੀ ਆਇਆ ਹੋਵੇਗਾ ਤਾਂ ਉਸ ਦੀ ਫੌਜ ਵਿਚ ਵੀ ਮੁਕਾਮੀ ਲੋਕ ਹੋਣਗੇ, ਪਰ ਜਦੋਂ ਉਸ ਦੀ ਹਕੂਮਤ ਦਿੱਲੀ ਤੱਕ ਫੈਲ ਗਈ ਤਾਂ ਉਸ ਦੀ ਸਹਾਇਤਾ ਕਰਨ ਵਾਲੇ ਵੀ ਮੁਕਾਮੀ ਲੋਕ ਸਨ ਜਿਨ੍ਹਾਂ ਵਿਚ ਦਿੱਲੀ ਦਾ ਰਾਜਾ ਜੈ ਚੰਦ ਵੀ ਸ਼ਾਮਲ ਸੀ।

ਇਤਿਹਾਸ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਖ਼ਾਨਦਾਨ ਭਾਵੇਂ ਗੁਲਾਮ, ਖਿਲਜੀ, ਤੁਗਲਕ, ਲੋਧੀ ਜਾਂ ਫਿਰ ਮੁਗਲ ਹੋਵੇ, ਪਰ ਪੰਜਾਬੀ ਇਨ੍ਹਾਂ ਦੀ ਤਾਕਤ ਬਣੇ ਰਹੇ। ਗੱਲ ਇੱਥੇ ਹੀ ਨਹੀਂ ਰੁਕਦੀ, ਮੁਕਾਮੀ ਰਾਜਿਆਂ ਨੇ ਉਨ੍ਹਾਂ ਨਾਲ ਰਿਸ਼ਤੇਦਾਰੀਆਂ ਵੀ ਪਾ ਲਈਆਂ ਤੇ ਉਨ੍ਹਾਂ ਦੀਆਂ ਫੌਜਾਂ ਦੇ ਜਰਨੈਲ ਵੀ ਬਣੇ ਰਹੇ। ਅਕਬਰ ਦੀਆਂ ਫੌਜਾਂ ਦਾ ਜਰਨੈਲ ਇਕ ਪਾਸੇ ਮਾਨ ਸਿੰਘ ਕਛਵਾਹਾ ਰਾਜਪੂਤ ਸੀ ਜਿਸ ਦਾ ਸਬੰਧ ਰਾਜਸਥਾਨ ਨਾਲ ਸੀ ਤੇ ਦੂਜੇ ਪਾਸੇ ਪੰਜਾਬੀ ਮੁਸਲਮਾਨ ਸ਼ਾਹਬਾਜ਼ ਅਹਿਮਦ ਕੰਬੋਜ।

ਅੰਗਰੇਜ਼ ਜਦੋਂ ਬੰਗਾਲ ਵਿਚ ਆਏ ਤਾਂ ਉਨ੍ਹਾਂ ਦੀ ਗਿਣਤੀ ਬੜੀ ਥੋੜ੍ਹੀ ਸੀ। ਉਨ੍ਹਾਂ ਉੱਥੋਂ ਦੇ ਨਵਾਬ ਸਿਰਾਜ-ਉਦ-ਦੌਲਾ ਨੂੰ ਹਰਾਉਣ ਲਈ ਉੱਥੋਂ ਦੇ ਕਰਤਾ-ਧਰਤਾ ਜਾਗੀਰਦਾਰਾਂ ਤੇ ਮੀਰ ਜਾਫਰ ਨੂੰ ਨਾਲ ਗੰਢਿਆ ਅਤੇ ਆਪਣੇ ਮਕਸਦ ਵਿਚ ਕਾਮਯਾਬ ਰਹੇ। ਸਿਰਾਜ-ਉਦ-ਦੌਲਾ ਦੀ ਫੌਜ ਅੰਗਰੇਜ਼ਾਂ ਦੀ ਫੌਜ ਨਾਲੋਂ ਦੂਣੀ ਤੋਂ ਵੀ ਜ਼ਿਆਦਾ ਸੀ, ਪਰ ਉਹ ਪੈਸੇ ਲੈ ਕੇ ਜੰਗ ਮੌਕੇ ਸਾਰੇ ਨੱਸ ਗਏ। ਦੋਵਾਂ ਪਾਸੇ ਲੜਨ ਵਾਲੇ ਮੁਕਾਮੀ ਲੋਕ ਸਨ। ਇਹ 1757 ਦਾ ਸਾਲ ਸੀ। ਅੰਗਰੇਜ਼ਾਂ ਨੇ ਆਪਣੀ ਫਤਹਿ ਨਾਲ ਉਹ ਇੱਟ ਰੱਖ ਦਿੱਤੀ ਜਿਹਦੇ ਨਾਲ ਉਨ੍ਹਾਂ 100 ਸਾਲ ਬਾਅਦ 1857 ਤਕ ਸਾਰੇ ਹਿੰਦੋਸਤਾਨ 'ਤੇ ਕਬਜਾ ਕਰ ਲਿਆ।

ਟੀਪੂ ਸੁਲਤਾਨ ਖਿਲਾਫ਼ ਵੀ ਉਨ੍ਹਾਂ ਇਹੋ ਨੀਤੀ ਵਰਤੀ। ਉੱਥੇ ਮੀਰ ਜਾਫਰ ਦੀ ਥਾਂ ਮੀਰ ਸਾਦਿਕ ਸੀ ਤੇ ਮੁਕਾਮੀ ਲੋਕਾਂ ਦੀ ਫੌਜ ਨਾਲ ਸੀ। ਬਹੁਤ ਅਰਸੇ ਬਾਅਦ ਜਦੋਂ ਉਨ੍ਹਾਂ ਸਿੱਖ ਹਕੂਮਤ 'ਤੇ ਹਮਲੇ ਕੀਤੇ, ਉਨ੍ਹਾਂ ਵਿਚ ਪੰਜਾਬੀ ਅਤੇ ਸਤਲੁਜ ਤੋਂ ਪਾਰ ਸਿੱਖ ਰਿਆਸਤਾਂ ਵੀ ਸ਼ਾਮਿਲ ਸਨ। ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿਚ ਸਤਲੁਜ ਤੋਂ ਪਾਰ ਸਾਰੀਆਂ ਸਿੱਖ ਰਿਆਸਤਾਂ ਅੰਗਰੇਜ਼ ਪੱਖੀ ਸਨ, ਉਨ੍ਹਾਂ ਨੂੰ ਡਰ ਸੀ ਕਿ ਮਹਾਰਾਜਾ ਉਨ੍ਹਾਂ ਨੂੰ ਆਪਣੇ ਰਾਜ ਵਿਚ ਬਲਪੂਰਵਕ ਨਾ ਮਿਲਾ ਲਵੇ।

ਮਹਾਰਾਜੇ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਜੰਗਾਂ ਹੋਈਆਂ ਤਾਂ ਉਸ ਵਿਚ ਸਤਲੁਜ ਤੋਂ ਚੜ੍ਹਦੇ ਵੱਲ ਦੀਆਂ ਸਿੱਖ ਰਿਆਸਤਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਮੁਦਕੀ ਦੀ ਜੰਗ ਵਿਚ ਪਟਿਆਲਾ ਰਿਆਸਤ ਦੀ ਜਿਸ ਫੌਜ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਉਸ ਫੌਜ ਦਾ ਕਮਾਂਡਰ ਪੰਜਾਬੀ ਜੱਟ ਕਾਲੇ ਖਾਂ ਡੋਗਰ ਸੀ। ਜਦੋਂ ਸਿੱਖਾਂ ਨਾਲ ਅੰਗਰੇਜ਼ਾਂ ਦੀਆਂ ਲੜਾਈਆਂ ਹੋਈਆਂ, ਨਾ ਸਿਰਫ ਮੁਕਾਮੀ ਲੋਕਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸਗੋਂ ਸਿੱਖ ਫੌਜ ਦੇ ਕੁਝ ਕਮਾਂਡਰਾਂ ਨੇ ਵੀ ਸਿੱਖ ਰਾਜ ਨਾਲ ਗੱਦਾਰੀ ਕੀਤੀ ਜਿਵੇਂ ਲਾਲ ਸਿੰਘ, ਡੋਗਰਾ ਗੁਲਾਬ ਸਿੰਘ, ਧਿਆਨ ਸਿੰਘ ਆਦਿ। ਚੇਲਿਆਂਵਾਲੀ ਜੰਗ ਵੇਲੇ ਅੰਗਰੇਜ਼ਾਂ ਨੇ ਕੋਈ ਆਪਣੀ ਫੌਜ ਨਹੀਂ ਸੀ ਲਿਆਂਦੀ ਸਗੋਂ ਮੁਕਾਮੀ ਮਦਰਾਸੀ, ਬੰਗਾਲੀ ਤੇ ਯੂ.ਪੀ.ਸੀ.ਪੀ. ਦੇ ਫੌਜ ਵਿਚ ਭਰਤੀ ਕੀਤੇ ਹੋਏ ਲੋਕ ਇਸਤੇਮਾਲ ਕੀਤੇ। ਨਤੀਜੇ ਵਜੋਂ ਸਿੱਖ ਫੌਜ ਹਾਰ ਗਈ ਤੇ ਸਿੱਖ ਰਾਜ ਖਤਮ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਖਤਮ ਹੋਣ ਤੋਂ ਬਾਅਦ ਉਸ ਦੀ ਫੌਜ ਦੇ ਸਾਰੇ ਜਰਨੈਲ ਭਾਵੇਂ ਹਿੰਦੂ, ਸਿੱਖ ਜਾਂ ਮੁਸਲਮਾਨ ਸਨ, ਉਨ੍ਹਾਂ ਨੂੰ ਅੰਗਰੇਜ਼ਾਂ ਨੇ ਛੱਡਿਆ ਨਹੀਂ, ਆਪਣੀ ਫੌਜ ਵਿਚ ਜਾਗੀਰਾਂ ਦਾ ਲਾਲਚ ਦੇ ਕੇ ਭਰਤੀ ਕਰ ਲਿਆ ਤੇ ਇਹ ਸਾਰੇ ਉਨ੍ਹਾਂ ਦੇ ਮੁਲਾਜ਼ਮ ਰਹੇ। 1857 ਦੀ ਬਗਾਵਤ ਦਿੱਲੀ ਅਤੇ ਨਾਲ ਲੱਗਦੇ ਇਲਾਕੇ ਦੇ ਮੁਕਾਮੀ ਲੋਕਾਂ ਨੇ ਕੀਤੀ। ਇਸ ਨੂੰ ਕੁਚਲਣ ਵਾਸਤੇ ਅੰਗਰੇਜ਼ਾਂ ਨੇ ਪੰਜਾਬੀ ਫੌਜ ਦੀ ਵਰਤੋਂ ਕੀਤੀ। ਬਾਗੀਆਂ ਦੀ ਫੌਜ ਦਾ ਕਮਾਂਡਰ ਜਨਰਲ ਬਖਤ ਖਾਂ ਰੋਹੀਲਾ ਸੀ। ਪੰਜਾਬੀ ਫੌਜ ਨੇ ਆਪਣੀ ਪੂਰੀ ਤਾਕਤ ਲਾ ਕੇ ਦਿੱਲੀ ਫਤਹਿ ਕੀਤੀ ਤੇ ਅੰਗਰੇਜ਼ਾਂ ਦਾ ਰਾਜ ਕਾਇਮ ਕੀਤਾ।

ਇਤਿਹਾਸ ਵਿਚ ਦਰਜ ਹੈ ਕਿ ਜਦੋਂ ਦਿੱਲੀ ਦੇ ਬਾਗੀ ਕਿਲ੍ਹੇ ਦਾ ਦਰਵਾਜ਼ਾ ਬੰਦ ਕਰਨ ਲੱਗੇ ਤਾਂ ਉਸ ਵਿਚ ਇਕ ਮੁਸਲਮਾਨ ਜਾਗੀਰਦਾਰ ਨੇ ਆਪਣੀ ਬਾਂਹ ਦੇ ਦਿੱਤੀ। ਉਸ ਦੀ ਬਾਂਹ ਕੱਟੀ ਗਈ, ਪਰ ਉਸ ਨੇ ਦਰਵਾਜ਼ਾ ਨਹੀਂ ਬੰਦ ਕਰਨ ਦਿੱਤਾ। ਉਸ ਆਜ਼ਾਦੀ ਦੀ ਜੰਗ ਖਿਲਾਫ਼ ਨਾ ਪੰਜਾਬੀ ਮੁਸਲਮਾਨ ਪਿੱਛੇ ਰਹੇ, ਨਾ ਸਿੱਖ ਤੇ ਨਾ ਹੀ ਹਿੰਦੂ। ਇਨ੍ਹਾਂ ਪੰਜਾਬੀਆਂ ਨੇ ਅੰਗਰੇਜ਼ਾਂ ਦਾ ਸਾਥ ਦੇ ਕੇ ਅੰਗਰੇਜ਼ਾਂ ਕੋਲੋਂ ਜਾਗੀਰਦਾਰੀਆਂ, ਜ਼ੈਲਦਾਰੀਆਂ ਤੇ ਨੰਬਰਦਾਰੀਆਂ ਲਈਆਂ। ਅੰਗਰੇਜ਼ਾਂ ਦੇ ਇਨ੍ਹਾਂ ਪਿੱਠੂਆਂ ਨੇ ਬਾਗੀਆਂ ਨੂੰ ਫੜ ਫੜ ਕੇ ਅੰਗਰੇਜ਼ਾਂ ਹਵਾਲੇ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਤੋਪਾਂ ਨਾਲ ਉਡਾਇਆ। ਬਹੁਤੀਆਂ ਮਿਸਾਲਾਂ ਨਹੀਂ ਦਿੰਦੇ। ਜਿਹੜਾ ਵਿਅਕਤੀ ਅੱਜਕੱਲ੍ਹ ਪਾਕਿਸਤਾਨ ਦਾ ਵਿਦੇਸ਼ ਮੰਤਰੀ ਹੈ, ਉਸ ਦਾ ਨਾਂ ਸ਼ਾਹ ਮਹਿਮੂਦ ਕੁਰੈਸ਼ੀ ਹੈ। ਇਸ ਦੇ ਜਿਸ ਵੱਡੇ ਵਡੇਰੇ ਨੇ 1857 ਦੀ ਜੰਗ-ਏ-ਆਜ਼ਾਦੀ ਵੇਲੇ ਬਾਗੀਆਂ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਕੇ ਜਾਗੀਰਾਂ ਲਈਆਂ, ਉਸ ਦਾ ਨਾਂ ਵੀ ਸ਼ਾਹ ਮਹਿਮੂਦ ਕੁਰੈਸ਼ੀ ਸੀ। ਇਸ ਸ਼ਾਹ ਮਹਿਮੂਦ ਕੁਰੈਸ਼ੀ ਦਾ ਨਾਂ ਉਸੇ ਆਪਣੇ ਵਡੇਰੇ ਦੇ ਨਾਂ 'ਤੇ ਰੱਖਿਆ ਗਿਆ। ਜਦੋਂ ਅਹਿਮਦ ਖਾਂ ਖਰਲ ਨੂੰ ਲਹਿੰਦੇ ਪੰਜਾਬ ਦੇ ਇਲਾਕੇ ਉਕਾੜੇ ਵਿਚ ਮਾਰਿਆ ਗਿਆ, ਉਸ ਵਕਤ ਵੀ ਫੌਜ ਯੂ.ਪੀ. ਤੇ ਸੀ.ਪੀ. ਦੀ ਲਿਆਂਦੀ। ਅਫਗਾਨਿਸਤਾਨ 'ਤੇ ਹਮਲੇ ਵਕਤ ਵੀ ਅੰਗਰੇਜ਼ਾਂ ਨੇ ਪੰਜਾਬੀ ਫੌਜ ਦੀ ਵਰਤੋਂ ਕੀਤੀ ਤੇ ਪਟਿਆਲਾ ਰਿਆਸਤ ਦੀ ਫੌਜ ਉੱਥੇ ਖਾਸ ਤੌਰ 'ਤੇ ਗਈ।

ਪਹਿਲੀ ਆਲਮੀ ਜੰਗ (1914-1919) ਵਿਚ ਗੋਰਿਆਂ ਨੇ ਪੰਜਾਬੀ ਫੌਜੀਆਂ ਦਾ ਬਹੁਤ ਇਸਤੇਮਾਲ ਕੀਤਾ। ਕੁਝ ਅੰਦਾਜ਼ਿਆਂ ਮੁਤਾਬਿਕ ਇਸ ਇਲਾਕੇ ਵਿਚੋਂ 10 ਲੱਖ ਫੌਜੀ ਤੇ ਕੁਝ ਮੁਤਾਬਿਕ 12 ਲੱਖ ਫੌਜੀ ਲੜਨ ਲਈ ਗਏ। ਕੋਈ ਵੀ ਗਿਣਤੀ ਮੰਨ ਲਉ, ਉਹ ਗੋਰਿਆਂ ਲਈ ਲੜਨ ਗਏ ਸਨ। ਇਹ ਪੰਜਾਬੀ ਫੌਜੀ ਪੂਰੇ ਯੂਰੋਪ, ਮੱਧ ਪੂਰਬ, ਪੂਰਬੀ ਮੁਲਕਾਂ ਤੇ ਅਫਰੀਕਾ ਵਿਚ ਲੜੇ। ਇਨ੍ਹਾਂ ਵਿਚੋਂ ਤਕਰੀਬਨ 70,000 ਮਾਰੇ ਗਏ ਤੇ ਇੰਨੇ ਹੀ ਗੰਭੀਰ ਜ਼ਖ਼ਮੀ ਹੋਏ। ਜਿਨ੍ਹਾਂ ਮਾਵਾਂ ਨੇ ਇਨ੍ਹਾਂ ਨੂੰ ਬੜੇ ਲਾਡਾਂ ਨਾਲ ਪਾਲਿਆ ਸੀ, ਉਨ੍ਹਾਂ ਨੂੰ ਇਨ੍ਹਾਂ ਦੀਆਂ ਲਾਸ਼ਾਂ ਦੇਖਣੀਆਂ ਵੀ ਨਸੀਬ ਨਹੀਂ ਹੋਈਆਂ। ਜਿੱਥੇ ਮੁਲਸਮਾਨ ਮਰੇ, ਉਨ੍ਹਾਂ ਦੀਆਂ ਕਬਰਾਂ ਉੱਥੇ ਬਣਾ ਦਿੱਤੀਆਂ; ਜਿੱਥੇ ਕੋਈ ਸਿੱਖ ਜਾਂ ਹਿੰਦੂ ਮਰਿਆ, ਉਸ ਦਾ ਉੱਥੇ ਸਸਕਾਰ ਕਰ ਦਿੱਤਾ।

ਦੂਜੀ ਆਲਮੀ ਜੰਗ (1939-45) ਵੇਲੇ ਅੰਗਰੇਜ਼ਾਂ ਨੇ ਆਪਣੇ ਪਿਛਲੇ ਤਜਰਬੇ ਦੀ ਬੁਨਿਆਦ 'ਤੇ ਹਿੰਦੋਸਤਾਨ ਵਿਚੋਂ ਪਹਿਲੀ ਆਲਮੀ ਜੰਗ ਨਾਲੋਂ ਦੂਣੇ ਫੌਜੀ ਭਰਤੀ ਕਰ ਲਏ ਜਿਨ੍ਹਾਂ ਦੀ ਗਿਣਤੀ ਤਕਰੀਬਨ 25 ਲੱਖ ਸੀ। ਇਹ ਫੌਜੀ ਹਿੰਦੋਸਤਾਨ ਅਤੇ ਹੁਣ ਵਾਲੇ ਪਾਕਿਸਤਾਨ ਦੇ ਇਲਾਕਿਆਂ ਨਾਲ ਸਬੰਧ ਰੱਖਦੇ ਸਨ। ਇਨ੍ਹਾਂ ਵਿਚੋਂ 90 ਹਜ਼ਾਰ ਫੌਜੀ ਮਾਰੇ ਗਏ। ਅੰਗਰੇਜ਼ਾਂ ਕੋਲੋਂ ਜਾਗੀਰਾਂ ਲੈਣ ਵਾਲਿਆਂ ਨੇ ਜੰਗ ਮੌਕੇ ਅੰਗਰੇਜ਼ਾਂ ਦਾ ਨਮਕ ਹਲਾਲ ਕੀਤਾ ਤੇ ਅੰਗਰੇਜ਼ਾਂ ਕੋਲੋਂ ਪੈਸੇ ਲੈ ਕੇ ਆਪਣੇ ਲੋਕਾਂ ਨੂੰ ਫੌਜ ਵਿਚ ਭਰਤੀ ਕਰਾਇਆ। ਉਸ ਵਕਤ ਦਾ ਇਹ ਪੰਜਾਬੀ ਗੀਤ ਪਿੰਡਾਂ ਵਿਚ ਫੈਲਾਇਆ ਗਿਆ:

**ਭਰਤੀ ਹੋ ਜਾ ਰੇ ਬੈਠ ਰਹੇ ਰੰਗਰੂਟ।**
**ਇੱਥੇ ਖਾਵੇਂ ਰੁੱਖੀ ਸੁੱਖੀ ਉੱਥੇ ਮਿਲਦਾ ਫਰੂਟ।**
**ਭਰਤੀ ਹੋ ਜਾ ਰੇ ਬੈਠ ਰਹੇ ਰੰਗਰੂਟ।**
**ਇੱਥੇ ਫਿਰਦਾ ਨੰਗੇ ਪੈਰੀਂ ਉੱਥੇ ਮਿਲਦੇ ਬੂਟ।**
**ਭਰਤੀ ਹੋ ਜਾ ਰੇ ਬੈਠ ਰਹੇ ਰੰਗਰੂਟ।**
**ਇੱਥੇ ਤਨ 'ਤੇ ਕਪੜਾ ਕੋਈ ਨਹੀਂ ਉੱਥੇ ਮਿਲਦੇ ਸੂਟ।**
**ਭਰਤੀ ਹੋ ਜਾ ਰੇ ਬੈਠ ਰਹੇ ਰੰਗਰੂਟ।**

ਤੁਸੀਂ ਯੂਰੋਪ ਦੇ ਮੁਲਕਾਂ ਵਿਚ ਜਾਵੋ ਤਾਂ ਉੱਥੇ ਮੁਸਲਮਾਨ ਫੌਜੀਆਂ ਦੀਆਂ ਕਬਰਾਂ ਅਤੇ ਹਿੰਦੂ ਸਿੱਖ ਫੌਜੀਆਂ ਦੀਆਂ ਮੜ੍ਹੀਆਂ, ਯਾਦਗਾਰਾਂ ਮਿਲਣਗੀਆਂ। ਉਪਰ ਬਿਆਨ ਕੀਤੇ ਇਲਾਕਿਆਂ ਤੋਂ ਇਲਾਵਾ ਹਾਂਗਕਾਂਗ ਤੇ ਸਿੰਗਾਪੁਰ ਵਰਗੇ ਮੁਲਕਾਂ ਵਿਚ ਵੀ ਸਾਡੇ ਇਸ ਖੇਤਰ ਦੇ ਲੋਕਾਂ ਦੀਆਂ ਯਾਦਗਾਰਾਂ ਤੇ ਕਬਰਾਂ ਮਿਲਣਗੀਆਂ ਜਿਹੜੇ ਬਿਨਾਂ ਮਕਸਦ ਪਰਾਏ ਦੀ ਜੰਗ ਵਿਚ ਮਾਰੇ ਗਏ।

ਦੇਖਣ ਵਾਲੀ ਗੱਲ ਇਹ ਹੈ ਕਿ ਪੰਜਾਬੀਆਂ ਦੀ ਕਿਸਮਤ ਵਿਚ ਲੜਨਾ ਮਰਨਾ ਹੀ ਕਿਉਂ ਹੈ? ਇਸ ਤੋਂ ਇਨ੍ਹਾਂ ਦੀ ਜਾਨ ਕਿਉਂ ਨਹੀਂ ਛੁੱਟਦੀ? ਪਾਕਿਸਤਾਨ ਅਤੇ ਹਿੰਦੋਸਤਾਨ ਵਿਚ ਵੀ ਜਿਹੜੀ ਸਰਹੱਦ ਬਣੀ, ਉਹ ਪੰਜਾਬ ਦੀ ਹਿੱਕ ਤੋਂ ਲੰਘੀ। ਦੋਵਾਂ ਮੁਲਕਾਂ ਦੀਆਂ ਫੌਜਾਂ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਹੈ। ਦੋਵਾਂ ਵਿਚਕਾਰ ਪਿਛਲੀਆਂ ਜਿੰਨੀਆਂ ਜੰਗਾਂ ਹੋਈਆਂ, ਇਨ੍ਹਾਂ ਵਿਚ ਸਭ ਤੋਂ ਵੱਧ ਪੰਜਾਬੀ ਫੌਜੀ ਮਰੇ। ਸਾਰੇ ਪਾਕਿਸਤਾਨ ਦੀ ਆਬਾਦੀ ਵਿਚ 75 ਫੀਸਦੀ ਗਿਣਤੀ ਪੰਜਾਬੀਆਂ ਦੀ ਹੈ। 65 ਫੀਸਦੀ ਪੰਜਾਬੀ ਤਾਂ ਪੰਜਾਬ ਵਿਚ ਹੀ ਰਹਿੰਦੇ ਹਨ, ਪਰ ਕਈ ਇਲਾਕੇ ਅਜਿਹੇ ਵੀ ਹਨ, ਜਿਵੇਂ ਕੇ.ਪੀ.ਕੇ. ਵਿਚ ਹਰੀਪੁਰ ਹਜਾਰਾ ਤੇ ਸਿੰਧ ਪ੍ਰਾਂਤ, ਉੱਥੇ ਵੀ ਬਹੁਤ ਸਾਰੇ ਪੰਜਾਬੀ ਹਨ। ਫੌਜ ਵਿਚ ਵੀ ਇਹੋ ਸੂਰਤ-ਏ-ਹਾਲ ਹੈ। ਸਿੰਧ ਤੇ ਬਲੋਚਿਸਤਾਨ ਦੇ ਜ਼ਿਆਦਾਤਰ ਲੋਕ ਫੌਜ ਵਿਚ ਭਰਤੀ ਨਹੀਂ ਹੁੰਦੇ। ਬਸ ਪੰਜਾਬੀ ਹੀ ਰਹਿ ਜਾਂਦੇ ਹਨ। ਇਸੇ ਲਈ ਦੂਜੇ ਲੋਕ ਕਹਿੰਦੇ ਹਨ ਕਿ ਇਹ ਪਾਕਿਸਤਾਨ ਦੀ ਨਹੀਂ, ਪੰਜਾਬੀਆਂ ਦੀ ਫੌਜ ਹੈ।

ਭਾਰਤ ਤੇ ਪਾਕਿਸਤਾਨ ਵਿਚ ਜਦੋਂ ਵੀ ਜੰਗ ਹੁੰਦੀ ਹੈ, ਇਸ ਵਿਚ ਨਾ ਸਿਰਫ ਪੰਜਾਬ ਬਰਬਾਦ ਹੁੰਦਾ ਹੈ ਤੇ ਪੰਜਾਬ ਦੀ ਜਨਤਾ ਮਰਦੀ ਹੈ ਸਗੋਂ ਦੋਵਾਂ ਪਾਸਿਆਂ ਤੋਂ ਪੰਜਾਬੀ ਫੌਜ ਕੰਮ ਆਉਂਦੀ ਹੈ। ਅੱਜ ਜਦੋਂ ਅਖਬਾਰਾਂ ਵਿਚ ਪੜ੍ਹਦਾ ਹਾਂ ਕਿ ਅਮਰੀਕਾ, ਕੈਨੇਡਾ, ਆਸਟਰੇਲੀਆ, ਬਰਤਾਨੀਆ ਜਾਂ ਹੋਰ ਮੁਲਕਾਂ ਵਿਚ ਪੰਜਾਬੀ ਮੁੰਡੇ ਫੌਜਾਂ ਵਿਚ ਭਰਤੀ ਹੋਏ ਹਨ ਤਾਂ ਸੱਚ ਪੁੱਛੋ, ਕਲੇਜੇ ਨੂੰ ਹੱਥ ਪੈਂਦਾ ਹੈ: ਸਾਰੀ ਦੁਨੀਆਂ ਵਿਚ ਪੰਜਾਬੀਆਂ ਨੇ ਹੀ ਲੜਨ ਦਾ ਠੇਕਾ ਲਿਆ ਹੋਇਆ ਹੈ! ਸਮਝ ਨਹੀਂ ਆਉਂਦੀ, ਕਿਉਂ ਪੰਜਾਬੀਆਂ ਦਾ ਨਾਂ ਕਿਸੇ ਨੋਬੇਲ ਇਨਾਮ, ਕਿਸੇ ਸਾਇੰਸ ਜਾਂ ਖੇਡਾਂ ਆਦਿ ਦੇ ਖੇਤਰ ਵਿਚ ਨਹੀਂ ਆਉਂਦਾ? ਫੌਜਾਂ ਵਿਚ ਹੀ ਇਨ੍ਹਾਂ ਦਾ ਨਾਂ ਕਿਉਂ ਆਉਂਦਾ ਹੈ? ਜ਼ਾਹਿਰ ਹੈ ਕਿ ਪੰਜਾਬੀ ਅਜੇ ਵੀ ਆਪਣੇ ਡੌਲਿਆਂ ਦੀ ਤਾਕਤ ਦਾ ਇਸਤੇਮਾਲ ਕਰਦੇ ਹਨ।

ਜੰਗ ਕਿਤੇ ਵੀ ਹੋਵੇ, ਗੋਦਾਂ ਪੰਜਾਬੀ ਮਾਵਾਂ ਦੀਆਂ ਉੱਜੜਦੀਆਂ ਹਨ। ਇੰਜ ਲੱਗਦਾ ਜਿਵੇਂ ਪੰਜਾਬੀ ਕਿਰਾਏ ਦੇ ਫੌਜੀ ਹੋਣ, ਹਰ ਥਾਂ ਲੜਨ ਲਈ ਤਿਆਰ ਹੁੰਦੇ ਹਨ, ਪਰ ਇਸ ਸਾਰੇ ਮਸਲੇ ਦਾ ਜ਼ਿੰਮੇਵਾਰ ਕੌਣ ਏ? ਇਹ ਕਿਵੇਂ ਹੋਇਆ? ਗੱਲ ਇਹ ਹੈ ਕਿ ਹਿੰਦੋਸਤਾਨ ਤੇ ਪਾਕਿਸਤਾਨ ਨੂੰ ਵੰਡਣ ਵਾਲੀ ਸਰਹੱਦ ਪੰਜਾਬ ਵਿਚੋਂ ਲੰਘਦੀ ਹੈ ਤੇ ਦੋਵਾਂ ਮੁਲਕਾਂ ਦੇ ਸਬੰਧ ਸੁਖਾਵੇਂ ਨਾ ਹੋਣ ਕਰਕੇ ਜੰਗ ਦਾ ਮਾਹੌਲ ਬਣਿਆ ਰਹਿੰਦਾ ਹੈ ਜਿਸ ਕਰਕੇ ਚੜ੍ਹਦਾ ਤੇ ਲਹਿੰਦਾ ਪੰਜਾਬ ਜੰਗ ਦਾ ਖੇਤਰ ਬਣਦਾ ਹੈ। ਨਤੀਜੇ ਵਜੋਂ ਇੱਥੋਂ ਦੀਆਂ ਸਰਕਾਰਾਂ ਤੇ ਸਰਮਾਏਦਾਰ ਇਨ੍ਹਾਂ ਇਲਾਕਿਆਂ ਵਿਚ ਉਦਯੋਗ ਨਹੀਂ ਲਾਉਂਦੇ ਤੇ ਸਥਾਨਕ ਲੋਕਾਂ ਕੋਲ ਨਿੱਜੀ ਵਸੀਲਿਆਂ ਦੀ ਵੀ ਘਾਟ ਹੈ ਜਿਹਦੀ ਵਜ੍ਹਾ ਨਾਲ ਬੇਰੁਜ਼ਗਾਰੀ ਫੈਲੀ ਹੈ ਤੇ ਲੋਕਾਂ ਕੋਲ ਫੌਜ ਵਿਚ ਭਰਤੀ ਹੋਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਦਾ। ਇਸੇ ਤਰ੍ਹਾਂ ਗੋਰਿਆਂ ਨੇ ਕੀਤਾ ਸੀ। ਬੇਰੁਜ਼ਗਾਰੀ ਬਹੁਤ ਸੀ ਅਤੇ ਲੋਕ ਪੈਸੇ ਤੇ ਨਿੱਜੀ ਲੋੜਾਂ ਪੂਰੀਆਂ ਕਰਨ ਵਾਸਤੇ ਫੌਜ ਵਿਚ ਭਰਤੀ ਹੁੰਦੇ ਸਨ। ਹੁਣ ਵੀ ਕਾਰਨ ਉਹੀ ਹਨ। ਫੌਜ ਵਿਚ ਭਰਤੀ ਹੁੰਦੇ ਹਨ ਤਾਂ ਫਿਰ ਲੜਨਾ ਪਏਗਾ ਹੀ। ਪਠਾਣ ਕਹਿੰਦੇ ਨੇ ਕਿ ਲੜਾਈ ਵਿਚ ਗੁੜ ਨਹੀਂ ਵੰਡਿਆ ਜਾਂਦਾ। ਜ਼ਾਹਿਰ ਹੈ ਕਿ ਗੁੜ ਨਹੀਂ ਵੰਡਿਆ ਜਾਂਦਾ, ਬੰਦੇ ਮਰਦੇ ਨੇ ਲੜਾਈ ਵਿਚ।

ਹੁਣ ਸਵਾਲ ਉੱਠਦਾ ਹੈ ਕਿ ਪੰਜਾਬੀ ਕੌਮ ਦਾ ਮੁਕੱਦਰ ਕੀ ਇਸੇ ਤਰ੍ਹਾਂ ਰਹੇਗਾ ਤੇ ਇਸ ਦਾ ਜ਼ਿੰਮੇਵਾਰ ਕੌਣ ਹੈ? ਮੇਰੇ ਖਿਆਲ ਵਿਚ ਇਸ ਦਾ ਜਵਾਬ ਪੰਜਾਬੀ ਲੀਡਰਸ਼ਿਪ ਦੇਵੇ ਜਿਹੜੀ ਸਾਡੀ ਅਗਵਾਈ ਕਰਦੀ ਹੈ, ਪਰ ਲੀਡਰਸ਼ਿਪ ਕਿਹੜੀ? ਜੇ ਪੰਜਾਬ ਦੀ ਲੀਡਰਸ਼ਿਪ ਹੁੰਦੀ ਤਾਂ ਇਸ ਦੀ ਵੰਡ ਕਿਉਂ ਹੁੰਦੀ? 1947 ਵਿਚ ਪੰਜਾਬ ਦੀ ਵੰਡ ਹੋਈ ਤੇ ਇਹ ਵੰਡ ਕਰਨ ਵਾਸਤੇ ਦੋ ਵੱਡੇ ਲੀਡਰ- ਮੁਹੰਮਦ ਅਲੀ ਜਿਨਾਹ ਤੇ ਗਾਂਧੀ, ਦੋਵੇਂ ਗੁਜਰਾਤੀ ਸਨ ਤੇ ਦੋ ਕਸ਼ਮੀਰੀ ਪੰਡਿਤ ਸਨ- ਇਕ ਡਾ. ਇਕਬਾਲ ਤੇ ਦੂਜਾ ਪੰਡਿਤ ਨਹਿਰੂ। ਦੋ ਕਸ਼ਮੀਰੀ, ਦੋ ਗੁਜਰਾਤੀ ਤੇ ਵੰਡ ਹੋ ਗਈ ਪੰਜਾਬ ਦੀ; ਨਾ ਸਕੂਨ ਆਇਆ ਪੰਜਾਬ ਨੂੰ ਤੇ ਨਾ ਸਕੂਨ ਆਇਆ ਕਸ਼ਮੀਰ ਨੂੰ। ਦੋਵਾਂ ਦੀ ਬਰਬਾਦੀ ਹੋ ਰਹੀ ਹੈ।

ਹੁਣ ਅਗਲਾ ਸਵਾਲ ਇਹ ਉੱਠਦਾ ਹੈ ਕਿ ਜਦੋਂ ਇਹ ਕੰਮ ਹੋ ਰਿਹਾ ਸੀ, ਉਦੋਂ ਪੰਜਾਬੀ ਕਿੱਥੇ ਗਏ ਸਨ? ਇਹ ਗੱਲ ਬਿਲਕੁਲ ਸਮਝ ਆਉਂਦੀ ਹੈ ਕਿ ਜਿਹੜੇ ਪੰਜਾਬੀ ਸਨ, ਭਾਵੇਂ ਹਿੰਦੂ, ਸਿੱਖ ਜਾਂ ਮੁਸਲਮਾਨ, ਉਹ ਇਕ ਬਹੁਤ ਹੀ ਜ਼ਰੂਰੀ ਕੰਮ ਕਰ ਰਹੇ ਸਨ। ਉਹ ਜ਼ਰੂਰੀ ਕੰਮ ਸੀ: ਇਕ ਦੂਜੇ ਨੂੰ ਵੱਢਣ ਟੁੱਕਣ ਲਈ ਤਲਵਾਰਾਂ ਅਤੇ ਕਿਰਪਾਨਾਂ ਤਿੱਖੀਆਂ ਕਰਨ ਦਾ। ਇਕ ਦੂਜੇ ਨੂੰ ਲੁੱਟਣ ਲੱਗੇ ਹੋਏ ਸਨ। ਇਸ ਦਾ ਨਤੀਜਾ ਫਿਰ ਇਹੀ ਨਿਕਲਦਾ ਹੈ।

ਜੇ ਕੋਈ ਇਮਤਿਹਾਨ ਦੇਣਾ ਹੋਵੇ ਤਾਂ ਪੜ੍ਹਨਾ ਪੈਂਦਾ ਹੈ, ਪਰ ਪੜ੍ਹਨ ਵਾਲੇ ਪਾਸੇ ਇਹ ਗਏ ਹੀ ਨਹੀਂ। ਇਸੇ ਵਾਸਤੇ ਇਨ੍ਹਾਂ ਦਾ ਇਤਿਹਾਸ ਵੀ ਦੂਜੇ ਲੋਕਾਂ ਨੇ ਲਿਖਿਆ। ਇਨ੍ਹਾਂ ਆਪਣਾ ਇਤਿਹਾਸ ਆਪ ਨਹੀਂ ਲਿਖਿਆ ਤੇ ਨਾ ਹੀ ਇਨ੍ਹਾਂ ਨੂੰ ਪਤਾ ਹੈ, ਤੇ ਸਿਆਣੇ ਠੀਕ ਹੀ ਕਹਿੰਦੇ ਨੇ ਕਿ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ ਤੇ ਘੜੀ ਦਾ ਖੁੰਝਿਆ ਬੰਦਾ ਸੌ ਕੋਹ 'ਤੇ ਜਾ ਪੈਂਦਾ ਹੈ।

ਹੁਣ ਫਿਰ ਯਾਦ ਕਰੋ ਪੰਜਾਬੀ ਲੀਡਰਸ਼ਿਪ ਦੀਆਂ ਕਮਾਈਆਂ ਨੂੰ ਜਿਸ ਨੇ ਸਾਨੂੰ ਕੰਡਿਆਂ ਵਾਲੀ ਤਾਰ ਦੇ ਦੋਵਾਂ ਪਾਸਿਆਂ ਵਿਚ ਵੰਡ ਕੇ ਰੱਖ ਦਿੱਤਾ। ਹੁਣ ਰੋਵੋ ਆਪਣੇ ਪੁਰਾਣੇ ਪਿੰਡਾਂ ਨੂੰ, ਆਪਣੇ ਘਰਾਂ ਨੂੰ, ਆਪਣੇ ਵਿਛੜੇ ਮਿੱਤਰਾਂ ਨੂੰ। ਹੁਣ ਆਪਣੇ ਪੁਰਾਣੇ ਘਰ ਗੇੜਾ ਲਾਉਣ ਵਾਸਤੇ ਲਉ ਵੀਜ਼ੇ, ਖਾਉ ਧੱਕੇ, ਕਰੋ ਰਿਪੋਰਟਾਂ ਥਾਣਿਆਂ ਵਿਚ, ਤੇ ਫਿਰ ਕੋਸੋ ਪੰਜਾਬੀ ਲੀਡਰਸ਼ਿਪ ਨੂੰ ਜਿਹੜੀ ਸਾਡੇ ਵਿਚ ਹਾਲੇ ਤੱਕ ਵੀ ਪੈਦਾ ਨਹੀਂ ਹੋਈ।

# ਨਿਆਂ ਦੇ ਹੱਕ ਉੱਪਰ ਝਪਟ ਰਿਹਾ ਫਾਸ਼ੀਵਾਦੀ ਨਿਜ਼ਾਮ



ਬੂਟਾ ਸਿੰਘ ਮਹਿਮੂਦਪੁਰ
94634-74342

ਪਿਛਲੇ ਦਿਨੀਂ 21 ਨਵੰਬਰ ਨੂੰ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸੁਪਰੀਮ ਕੋਰਟ ਵਿਚ ਸੀ.ਬੀ.ਆਈ. ਦੀ ਨੁਮਾਇੰਦਗੀ ਕਰਦਿਆਂ ਦਲਿਤ ਕਾਰਕੁਨ ਡੇਗਰੀ ਪ੍ਰਸਾਦ ਚੌਹਾਨ ਤੋਂ ਖ਼ਰਚਾ ਵਸੂਲਣ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਚੌਹਾਨ ਨੇ ਇਡੇਸਮੇਟਾ ਕਤਲੇਆਮ ਸਬੰਧੀ ਪਟੀਸ਼ਨ ਦਾਇਰ ਕਰਕੇ ਇਸ ਦੀ ਜਾਂਚ ਸਿੱਟ (ਵਿਸ਼ੇਸ਼ ਜਾਂਚ ਟੀਮ) ਬਣਾ ਕੇ ਕਰਵਾਏ ਜਾਣ ਲਈ ਕਾਨੂੰਨੀ ਚਾਰਾਜੋਈ ਕੀਤੀ ਸੀ। ਮਾਮਲਾ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹੈ ਅਤੇ ਅਗਲੀ ਸੁਣਵਾਈ 9 ਦਸੰਬਰ ਨੂੰ ਹੋਵੇਗੀ।

ਸਾਲਿਸਟਰ ਜਨਰਲ ਨੇ ਅਦਾਲਤ 'ਚ ਮਨੁੱਖੀ/ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਂਦਿਆਂ ਦਾਅਵਾ ਕੀਤਾ ਕਿ ਕੋਈ ਕਾਂਡ ਵਾਪਰਨ 'ਤੇ ਜਥੇਬੰਦੀਆਂ ਤੱਥ ਖੋਜ ਟੀਮਾਂ ਵਿਚ "ਆਪਣੇ ਬੰਦੇ" ਭੇਜ ਕੇ ਉਨ੍ਹਾਂ ਕੋਲੋਂ "ਪਹਿਲਾਂ ਹੀ ਤੈਅਸ਼ੁਦਾ ਨਤੀਜਿਆਂ" ਵਾਲੀਆਂ ਰਿਪੋਰਟਾਂ ਤਿਆਰ ਕਰਵਾਉਂਦੀਆਂ ਹਨ ਅਤੇ ਫਿਰ ਉਨ੍ਹਾਂ ਰਿਪੋਰਟਾਂ ਨੂੰ ਅਦਾਲਤੀ ਪਟੀਸ਼ਨਾਂ ਵਿਚ ਬਦਲ ਲੈਂਦੀਆਂ ਹਨ। ਸਾਫ਼ ਸੰਦੇਸ਼ ਇਹ ਹੈ ਕਿ ਭਗਵੇਂ ਦਹਿਸ਼ਤਵਾਦੀ ਅਤੇ ਰਾਜਕੀ ਦਹਿਸ਼ਤਵਾਦੀ ਕਾਂਡਾਂ ਵਿਰੁੱਧ ਅਦਾਲਤਾਂ 'ਚ ਜਾ ਕੇ ਨਿਆਂ ਮੰਗਣ ਵਾਲਿਆਂ ਨੂੰ ਜਦੋਂ ਵੀ ਹਕੂਮਤ ਚਾਹੇ ਅਦਾਲਤਾਂ ਕੋਲੋਂ 'ਜਾਅਲਸਾਜ਼ੀ' ਅਤੇ 'ਝੂਠੇ ਸਬੂਤਾਂ' ਦਾ ਇਲਜ਼ਾਮ ਲਗਾ ਕੇ ਸਜ਼ਾਵਾਂ ਅਤੇ ਜੁਰਮਾਨੇ ਕਰਵਾ ਸਕਦੀ ਹੈ। ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਵਿਰੁੱਧ ਕਾਨੂੰਨੀ ਲੜਾਈ ਲੜਨ ਵਾਲੀ ਕਾਰਕੁਨ ਤੀਸਤਾ ਸੀਤਲਵਾੜ ਤੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਰਾਜ ਸਰਕਾਰ ਦੀ ਕਤਲੇਆਮ ਵਿਚ ਮਿਲੀਭੁਗਤ ਦੀ ਗਵਾਹੀ ਦੇਣ ਵਾਲੇ ਸਾਬਕਾ ਡੀ.ਜੀ.ਪੀ. ਆਰ.ਬੀ.ਸ੍ਰੀਕੁਮਾਰ ਵਿਰੁੱਧ ਜਦੋਂ ਸੁਪਰੀਮ ਕੋਰਟ ਨੇ ਜਾਅਲਸਾਜ਼ੀ ਦਾ ਕੇਸ ਦਰਜ ਕਰਾਉਣ ਦਾ ਅਧਿਕਾਰ ਹਕੂਮਤ ਨੂੰ ਦੇ ਦਿੱਤਾ ਤਾਂ ਅਗਲੇ ਦਿਨ ਹੀ ਗੁਜਰਾਤ ਪੁਲਿਸ ਨੇ ਵਿਸ਼ੇਸ਼ ਫੁਰਤੀ ਦਿਖਾਉਂਦਿਆਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਨੂੰ ਆਦਿਵਾਸੀਆਂ ਨੂੰ ਨਿਆਂ ਦਿਵਾਉਣ ਲਈ ਸਿੱਟ ਬਣਾ ਕੇ ਕਤਲੇਆਮ ਦੀ ਜਾਂਚ ਕਰਾਉਣ ਦੀ ਮੰਗ ਕਰਨ ਦੇ ਜੁਰਮ 'ਚ ਸੁਪਰੀਮ ਕੋਰਟ ਨੇ ਪੰਜ ਲੱਖ ਦਾ ਜੁਰਮਾਨਾ ਠੋਕ ਦਿੱਤਾ। ਇਸ ਤੋਂ ਬਾਦ ਹਕੂਮਤ ਨੇ ਹੋਰ ਕਾਰਕੁਨਾਂ ਨੂੰ ਵੀ ਜਾਂ ਤਾਂ ਜ਼ੁਬਾਨਬੰਦੀ ਕਰ ਲੈਣ ਜਾਂ ਫਿਰ ਜੁਰਮਾਨਿਆਂ ਅਤੇ ਸਜ਼ਾਵਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਲਗਾਤਾਰ ਘੁਰਕੀ ਦੇਣੀ ਸ਼ੁਰੂ ਕਰ ਦਿੱਤੀ ਹੈ।

ਏਡਿਸਮੇਟਾ ਕੇਸ ਕੀ ਸੀ? 17 ਅਤੇ 18 ਮਈ 2013 ਦੀ ਰਾਜ ਨੂੰ ਸੀ.ਆਰ.ਪੀ.ਐੱਫ. ਦੀ ਕੋਬਰਾ (ਕਮਾਂਡੋ ਬਟਾਲੀਅਨ ਫਾਰ ਰੈਜ਼ੂਲੂਟ ਐਕਸ਼ਨ) ਯੂਨਿਟ ਨੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਜੰਗਲਾਂ ਵਿਚ ਏਡਿਸਮੇਟਾ ਪਿੰਡ ਨੇੜੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਤਿੰਨ ਬੱਚਿਆਂ ਅਤੇ ਇਕ ਨਾਬਾਲਗ ਸਮੇਤ ਅੱਠ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਸੀ। ਆਦਿਵਾਸੀ "ਬੀਜ ਪਾਂਡੁਮ" ਮਨਾਉਣ ਲਈ ਇਕੱਠੇ ਹੋਏ ਸਨ। ਆਦਿਵਾਸੀਆਂ 'ਚ ਹਰ ਸਾਲ ਬਰਸਾਤ ਤੋਂ ਪਹਿਲਾਂ ਸਮੂਹਿਕ ਰੂਪ 'ਚ ਇਕੱਠੇ ਹੋ ਕੇ ਬਿਜਾਈ ਦਾ ਤਿਓਹਾਰ ਮਨਾਉਣ ਦੀ ਰਵਾਇਤ ਹੈ। ਉਸ ਰਾਤ ਸੀ.ਆਰ.ਪੀ.ਐੱਫ. ਦਾ 'ਨਕਸਲ ਵਿਰੋਧੀ' ਕੋਬਰਾ ਯੂਨਿਟ ਜੰਗਲਾਂ 'ਚ ਤਲਾਸ਼ੀ ਮੁਹਿੰਮ 'ਤੇ ਨਿਕਲਿਆ ਹੋਇਆ ਸੀ ਅਤੇ ਆਦਿਵਾਸੀ ਜੰਗਲ 'ਚ "ਬੀਜ ਪਾਂਡੁਮ" ਮਨਾ ਰਹੇ ਸਨ। ਚਸ਼ਮਦੀਦ ਗਵਾਹਾਂ ਅਤੇ ਮਾਰੇ ਗਿਆਂ ਦੇ ਸਕੇ-ਸੰਬੰਧੀਆਂ ਦੇ ਦੱਸਣ ਅਨੁਸਾਰ ਕੋਬਰਾ ਦਸਤੇ ਨੇ ਆਦਿਵਾਸੀਆਂ ਨੂੰ ਚਾਰ-ਚੁਫੇਰਿਓਂ ਘੇਰ ਕੇ ਬਿਨਾਂ ਚੇਤਾਵਨੀ ਦਿੱਤਿਆਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੋਲੀਬਾਰੀ ਵਿਚ ਅੱਠ ਆਦਿਵਾਸੀ ਅਤੇ ਇਕ ਕੋਬਰਾ ਜਵਾਨ ਮਾਰੇ ਗਏ। ਕੋਬਰਾ ਦਸਤੇ ਨੇ ਇਸ ਕਤਲੇਆਮ ਉੱਪਰ ਪਰਦਾ ਪਾਉਣ ਲਈ ਇਸ ਨੂੰ ਹਥਿਆਰਬੰਦ ਮਾਓਵਾਦੀਆਂ ਨਾਲ ਮੁਕਾਬਲੇ ਦਾ ਨਾਮ ਦਿੱਤਾ ਅਤੇ ਕਹਾਣੀ ਨੂੰ ਪ੍ਰਮਾਣਿਕ ਬਣਾਉਣ ਲਈ ਇਹ ਝੂਠਾ ਦਾਅਵਾ ਕੀਤਾ ਕਿ ਕੋਬਰਾ ਕਮਾਂਡੋ ਦੇਵ ਪ੍ਰਕਾਸ਼ ਮਾਓਵਾਦੀਆਂ ਵੱਲੋਂ ਚਲਾਈਆਂ ਗੋਲੀਆਂ ਨਾਲ ਮਾਰਿਆ ਗਿਆ ਸੀ। ਦਰਅਸਲ ਨਾ ਤਾਂ ਉੱਥੇ ਜੁੜੇ ਆਦਿਵਾਸੀ ਮਾਓਵਾਦੀ ਸਨ, ਨਾ ਉਨ੍ਹਾਂ ਕੋਲ ਕੋਈ ਹਥਿਆਰ ਸਨ ਅਤੇ ਨਾ ਹੀ ਕੋਈ ਜਵਾਨ ਜ਼ਖ਼ਮੀ ਹੋਇਆ ਸੀ। ਮੀਡੀਆ ਰਿਪੋਰਟਾਂ ਤੋਂ ਸਪਸ਼ਟ ਸੀ ਕਿ ਮੁਕਾਬਲੇ ਦੀ ਕਹਾਣੀ ਝੂਠੀ ਸੀ ਅਤੇ ਹੱਕਾਂ ਦੀਆਂ ਜਥੇਬੰਦੀਆਂ, ਪੀਪਲਜ਼ ਯੂਨੀਅਨ ਆਫ ਸਿਵਿਲ ਲਿਬਰਟੀਜ਼ ਅਤੇ ਆਂਧਰਾ ਪ੍ਰਦੇਸ਼ ਤੋਂ ਮਨੁੱਖੀ ਹੱਕਾਂ ਦੀ ਜਥੇਬੰਦੀ ਹਿਊਮੈਨ ਰਾਈਟਸ ਫੋਰਮ, ਦੀਆਂ ਤੱਥ ਖੋਜ ਟੀਮਾਂ ਨੇ ਤੁਰੰਤ ਘਟਨਾ ਸਥਾਨ 'ਤੇ ਜਾ ਕੇ ਅਤੇ ਤੱਥਾਂ 'ਤੇ ਆਧਾਰਿਤ ਰਿਪੋਰਟਾਂ ਬਣਾ ਕੇ ਮੁਕਾਬਲੇ ਦੇ ਦਾਅਵੇ ਨੂੰ ਝੁਠਲਾਇਆ ਸੀ। ਚੌਹਾਨ ਉਦੋਂ ਪੀ.ਯੂ.ਸੀ.ਐੱਲ. ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਸਨ ਅਤੇ ਉਨ੍ਹਾਂ ਦੀ ਅਗਵਾਈ 'ਚ ਇਕ ਤੱਥ ਖੋਜ ਟੀਮ ਨੇ ਰਿਪੋਰਟ ਤਿਆਰ ਕੀਤੀ ਸੀ। ਦਿਲਚਸਪ ਗੱਲ ਇਹ ਵੀ ਹੈ ਕਿ ਉਸ ਟੀਮ ਵਿਚ ਬੀਜਾਪੁਰ ਹਲਕੇ ਤੋਂ ਭਾਜਪਾ ਦਾ ਸਾਬਕਾ ਵਿਧਾਇਕ ਰਾਜਾਰਾਮ ਟੋਡਮ ਵੀ ਸ਼ਾਮਲ ਸੀ। ਸਚਾਈ ਜਾਨਣ ਤੋਂ ਬਾਦ ਪਟੀਸ਼ਨ ਦਾਇਰ ਕਰਕੇ ਅਦਾਲਤ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਬਣਾ ਕੇ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਗਈ। ਕੇਂਦਰ 'ਚ ਤੱਤਕਾਲੀ ਕਾਂਗਰਸ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਕੇਸ ਨੂੰ ਰਫ਼ਾ-ਦਫ਼ਾ ਕਰਾਉਣ ਦੀ ਸਾਜ਼ਿਸ਼ ਤਹਿਤ 2014 'ਚ ਸੁਪਰੀਮ ਕੋਰਟ ਵਿਚ ਕਾਊਂਟਰ ਹਲਫ਼ਨਾਮਾ ਦਿੱਤਾ ਜਿਸ ਵਿਚ ਸੀ.ਪੀ.ਆਈ.(ਮਾਓਵਾਦੀ) ਦੀ 'ਹਿੰਸਕ ਵਿਚਾਰਧਾਰਾ' ਦੀ ਗੱਲ ਕਰਦਿਆਂ ਰਾਜਕੀ ਦਹਿਸ਼ਤਵਾਦੀ ਜੁਰਮ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਉਦੋਂ ਆਦਿਵਾਸੀਆਂ ਵਿਰੁੱਧ ਭਾਰਤੀ ਰਾਜ ਵੱਲੋਂ ਵਿੱਢੀ ਜੰਗ ਨੂੰ ਸਹੀ ਠਹਿਰਾਉਣ ਲਈ ਮਨਮੋਹਨ ਸਿੰਘ-ਚਿਦੰਬਰਮ ਵਜ਼ਾਰਤ ਵੱਲੋਂ ਅਕਸਰ ਹੀ ਦੁਹਰਾਇਆ ਜਾਂਦਾ ਮਨਭਾਉਂਦਾ ਬਿਰਤਾਂਤ ਸੀ ਜਿਸ ਨੂੰ ਭਗਵੀਂ ਹਕੂਮਤ ਨੇ ਹੋਰ ਵੀ ਵਿਕਸਤ ਕਰ ਲਿਆ। ਅਕਸਰ ਦੀ ਤਰ੍ਹਾਂ ਇਹ ਪਟੀਸ਼ਨ ਵੀ ਸੁਪਰੀਮ ਕੋਰਟ ਦੀ ਪੈਂਡਿੰਗ ਸੂਚੀ ਦੇ ਠੰਡੇ ਬਸਤੇ ਦਾ ਹਿੱਸਾ ਬਣ ਗਈ।

ਜਦੋਂ ਛੱਤੀਸਗੜ੍ਹ ਵਿਚ ਭਾਜਪਾ ਦੀ ਥਾਂ ਕਾਂਗਰਸ ਦੀ ਸਰਕਾਰ ਬਣੀ ਤਾਂ ਰਾਜ ਸਰਕਾਰ ਨੂੰ ਕਮਿਸ਼ਨ ਬਣਾ ਕੇ ਇਸ ਕਾਂਡ ਦੀ ਜੁਡੀਸ਼ੀਅਲ ਜਾਂਚ ਕਰਾਉਣੀ ਪਈ ਕਿਉਂਕਿ ਕਤਲੇਆਮ ਦੇ ਜ਼ਾਹਰਾ ਸਬੂਤਾਂ ਕਾਰਨ ਆਦਿਵਾਸੀ ਲੋਕਾਂ 'ਚ ਪੈਦਾ ਹੋਏ ਗੁੱਸੇ ਨੂੰ ਠੰਡਾ ਕਰਨ ਲਈ ਅਜਿਹਾ ਕਰਨਾ ਹੀ ਪੈਣਾ ਸੀ। ਇਕ ਮੈਂਬਰੀ ਜਸਟਿਸ ਅਗਰਵਾਲ ਜਾਂਚ ਕਮਿਸ਼ਨ ਨੇ ਅੱਠ ਸਾਲ ਲਗਾ ਕੇ ਬਾਰੀਕੀ 'ਚ ਜਾਂਚ ਕਰਕੇ ਜ਼ਮੀਨੀ ਤੱਥ ਅਤੇ ਗਵਾਹੀਆਂ ਦੇ ਆਧਾਰ 'ਤੇ 108 ਪੰਨਿਆਂ ਦੀ ਵਿਸਤਾਰਤ ਰਿਪੋਰਟ ਤਿਆਰ ਕੀਤੀ। ਕਮਿਸ਼ਨ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਉਸ ਰਾਤ ਨੂੰ ਕੋਬਰਾ ਯੂਨਿਟ ਨੇ 44 ਗੋਲੀਆਂ ਚਲਾਈਆਂ ਸਨ ਜਿਨ੍ਹਾਂ ਵਿੱਚੋਂ 18 ਗੋਲੀਆਂ ਕਮਾਂਡੋ ਦੇਵ ਪ੍ਰਕਾਸ਼ ਨੇ ਚਲਾਈਆਂ ਸਨ। ਰਿਪੋਰਟ ਨੇ ਸਾਫ਼ ਲਿਖਿਆ ਕਿ ਇਸ ਦਾਅਵੇ ਦੇ ਹੱਕ 'ਚ ਕੋਈ ਸਬੂਤ ਨਹੀਂ ਹੈ ਕਿ ਗੋਲੀ ਪਿੰਡ ਵਾਸੀਆਂ ਵੱਲੋਂ ਚਲਾਈ। ਰਾਤ ਦੇ ਹਨੇਰੇ 'ਚ ਦੇਵ ਪ੍ਰਕਾਸ਼ ਆਪਣੇ ਹੀ ਕਿਸੇ ਸਾਥੀ ਜਵਾਨ ਵੱਲੋਂ ਚਲਾਈ ਗੋਲੀ ਲੱਗਣ ਨਾਲ ਮਾਰਿਆ ਗਿਆ ਹੋਵੇਗਾ। ਸਤੰਬਰ 2021 'ਚ ਜਸਟਿਸ ਅਗਰਵਾਲ ਨੇ ਛੱਤੀਸਗੜ੍ਹ ਸਰਕਾਰ ਨੂੰ ਰਿਪੋਰਟ ਸੌਂਪ ਦਿੱਤੀ ਅਤੇ ਮਾਰਚ 2022 'ਚ ਇਹ ਰਿਪੋਰਟ ਵਿਧਾਨ-ਸਭਾ ਅੱਗੇ ਪੇਸ਼ ਕੀਤੀ ਗਈ।

ਇਸ ਦੌਰਾਨ ਅਚਾਨਕ ਸੁਪਰੀਮ ਕੋਰਟ ਨੇ ਉਪਰੋਕਤ ਪਟੀਸ਼ਨ ਉੱਪਰ ਸੁਣਵਾਈ ਕਰਕੇ 2019 'ਚ ਸਿੱਟ ਬਣਾ ਕੇ ਸੀ.ਬੀ.ਆਈ. ਨੂੰ ਇਸ ਕਤਲੇਆਮ ਦੀ ਜਾਂਚ ਕਰਨ ਦਾ ਆਦੇਸ਼ ਦੇ ਦਿੱਤਾ। ਸੀ.ਬੀ.ਆਈ. ਦੇ ਅਧਿਕਾਰੀਆਂ ਨੇ ਘਟਨਾ ਦੀ ਜਾਂਚ ਕਰਨ ਦੀ ਬਜਾਏ ਇਕ ਗਿਣੀ-ਮਿੱਥੀ ਯੋਜਨਾ ਤਹਿਤ ਪਟੀਸ਼ਨ ਕਰਤਾ ਡੇਗਰੀ ਪ੍ਰਸਾਦ ਚੌਹਾਨ ਨੂੰ ਇਸ ਬਹਾਨੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਜੰਗਲ ਦੇ ਜਿਨ੍ਹਾਂ ਪਿੰਡਾਂ ਵਿਚ ਪੁਲਿਸ ਨਹੀਂ ਜਾ ਸਕਦੀ ਉੱਥੇ ਉਹ ਕਿਵੇਂ ਪਹੁੰਚਿਆ ਅਤੇ ਉਹ ਕਿਉਂ ਗਿਆ। ਜਦਕਿ ਹਕੂਮਤ ਅਤੇ ਰਾਜ ਮਸ਼ੀਨਰੀ ਭਲੀਭਾਂਤ ਜਾਣਦੀ ਹੈ ਕਿ ਪੁਲਿਸ ਅਤੇ ਹੋਰ ਹਕੂਮਤੀ ਹਥਿਆਰਬੰਦ ਤਾਕਤਾਂ ਨੂੰ ਆਦਿਵਾਸੀਆਂ ਦੀ ਨਫ਼ਰਤ ਅਤੇ ਤਿੱਖੇ ਵਿਰੋਧ ਦਾ ਸਾਹਮਣਾ ਕਿਉਂ ਕਰਨਾ ਪੈਂਦਾ ਹੈ ਜੋ ਦਹਾਕਿਆਂ ਤੋਂ ਰਾਜਕੀ ਦਹਿਸ਼ਤਵਾਦ ਅਤੇ ਉਜਾੜੇ ਦਾ ਸੰਤਾਪ ਝੱਲ ਰਹੇ ਹਨ। ਹੁਕਮਰਾਨ ਜਾਣਦੇ ਹਨ ਕਿ ਆਦਿਵਾਸੀਆਂ ਨੂੰ ਭਾਰਤੀ ਹੁਕਮਰਾਨ ਜਮਾਤ ਦਾ 'ਵਿਕਾਸ' ਮਨਜ਼ੂਰ ਕਿਉਂ ਨਹੀਂ ਹੈ। ਜਦੋਂ ਭਾਰਤੀ ਰਾਜ ਦਾ ਆਦਿਵਾਸੀਆਂ ਵੱਲੋਂ ਐਨਾ ਤਿੱਖਾ ਵਿਰੋਧ ਹੋ ਰਿਹਾ ਹੈ ਤਾਂ ਉਹ ਤੱਥ ਖੋਜ ਟੀਮਾਂ ਤੇ ਖੋਜੀ ਪੱਤਰਕਾਰਾਂ ਨੂੰ ਉਨ੍ਹਾਂ ਇਲਾਕਿਆਂ 'ਚ ਸੌਖ ਨਾਲ ਹੀ ਚਲੇ ਜਾਣ ਜਾਣ ਦੀ ਇਜਾਜ਼ਤ ਕਿਉਂ ਦਿੰਦੇ ਹਨ।

ਸੀ.ਬੀ.ਆਈ. ਨੇ ਦਿਨ-ਰਾਤ ਰਾਜਕੀ ਦਹਿਸ਼ਤ ਦੇ ਸਾਏ ਹੇਠ ਜੀਅ ਰਹੇ ਆਦਿਵਾਸੀਆਂ ਦਾ ਭਰੋਸਾ ਜਿੱਤ ਕੇ ਉਨ੍ਹਾਂ ਦੀਆਂ ਗਵਾਹੀਆਂ ਰਿਕਾਰਡ ਕਰਨ ਅਤੇ ਨਿਰਪੱਖ ਛਾਣਬੀਣ ਰਾਹੀਂ ਕਥਿਤ ਮੁਕਾਬਲੇ ਦੇ ਤੱਥ ਜਾਨਣ ਦੀ ਬਜਾਏ ਪਟੀਸ਼ਨ ਕਰਤਾ ਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ, ਭੀਮਾ-ਕੋਰੇਗਾਓਂ-ਮਾਓਵਾਦੀ ਸਾਜ਼ਿਸ ਕੇਸ ਵਿਚ ਐਡਵੋਕੇਟ ਸੁਧਾ ਭਾਰਦਵਾਜ ਦੀ ਗ੍ਰਿਫ਼ਤਾਰੀ ਤੋਂ ਬਾਦ ਕੌਮੀ ਜਾਂਚ ਏਜੰਸੀ ਨੇ ਇਹ ਦਾਅਵਾ ਕਰਦਿਆਂ ਚੌਹਾਨ ਤੋਂ ਵੀ ਪੁੱਛਗਿੱਛ ਕੀਤੀ ਸੀ ਕਿ ਉਸ ਸਾਜ਼ਿਸ਼ ਕੇਸ ਦਾ ਸਬੂਤ ਕਥਿਤ ਚਿੱਠੀਆਂ ਵਿੱਚੋਂ ਇਕ ਵਿਚ ਚੌਹਾਨ ਦੇ ਨਾਂ ਦਾ ਜ਼ਿਕਰ ਸੀ। ਕੌਮੀ ਜਾਂਚ ਏਜੰਸੀ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਹੁਣ ਸੀ.ਬੀ.ਆਈ. ਉਸ ਦੇ ਪਿੱਛੇ ਪੈ ਗਈ ਜਿਸ ਦਾ ਸੰਦੇਸ਼ ਇਹ ਸੀ ਕਿ ਉਸ ਨੂੰ ਵੀ 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਜੇਲ੍ਹ 'ਚ ਡੱਕਿਆ ਜਾ ਕੀਤਾ ਜਾ ਸਕਦਾ ਹੈ। ਕਤਲੇਆਮ ਦੇ ਜੁਰਮ ਦੀ ਜਾਂਚ ਕਰਨ ਦੀ ਬਜਾਏ ਸੀ.ਬੀ.ਆਈ. ਦੇ ਅਧਿਕਾਰੀਆਂ ਦੀ ਦਿਲਚਸਪੀ ਇਸ ਵਿਚ ਸੀ ਕਿ ਚੌਹਾਨ ਦੀ ਜਾਂਚ ਟੀਮ ਉਨ੍ਹਾਂ ਆਦਿਵਾਸੀਆਂ ਤੱਕ ਪਹੁੰਚੀ ਕਿਵੇਂ! ਵਿਸ਼ੇਸ਼ ਜਾਂਚ ਟੀਮ ਨੇ ਚਸ਼ਮਦੀਦ ਗਵਾਹਾਂ ਨੂੰ ਵਿਸ਼ਵਾਸ 'ਚ ਲੈ ਕੇ ਉਨ੍ਹਾਂ ਦੇ ਬਿਆਨ ਰਿਕਾਰਡ ਨਹੀਂ ਕੀਤੇ, ਜ਼ਮੀਨੀ ਤੱਥਾਂ ਦੀ ਸੁਤੰਤਰ ਜਾਂਚ ਨਹੀਂ ਕੀਤੀ, ਇਸ ਮਾਮਲੇ 'ਚ ਅਗਰਵਾਲ ਕਮਿਸ਼ਨ ਦੀ ਰਿਪੋਰਟ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ ਜਾ ਰਿਹਾ, ਫਿਰ ਸਿੱਟ ਨੇ ਜਾਂਚ ਕਿਵੇਂ ਮੁਕੰਮਲ ਕਰ ਲਈ ਜਿਵੇਂ ਕਿ ਸਾਲਿਸਟਰ ਜਨਰਲ ਨੇ ਸੁਪਰੀਮ ਕੋਰਟ 'ਚ ਦਾਅਵਾ ਕੀਤਾ ਕਿ ਸੀ.ਬੀ.ਆਈ. ਦੀ ਰਿਪੋਰਟ 'ਮੁਕੰਮਲ ਹੋਣ ਵਾਲੀ ਹੈ'? ਅਗਰਵਾਲ ਕਮਿਸ਼ਨ ਦੀ ਜਾਂਚ ਰਿਪੋਰਟ ਅਤੇ ਉਸ ਵਿਚ ਕੋਬਰਾ ਯੂਨਿਟ ਦੇ ਜੁਰਮ ਦਾ ਦੋਸ਼ੀ ਠਹਿਰਾਏ ਜਾਣ ਬਾਰੇ ਸਾਲਿਸਟਰ ਜਨਰਲ ਨੇ ਚੁੱਪ ਵੱਟ ਲਈ। ਸੀ.ਬੀ.ਆਈ. ਦੀ ਰਿਪੋਰਟ ਜਨਤਕ ਹੋਣ ਤੋਂ ਪਹਿਲਾਂ ਹੀ ਸਾਲਿਸਟਰ ਜਨਰਲ ਦੇ ਰਵੱਈਏ ਅਤੇ ਉਸ ਵੱਲੋਂ ਪਟੀਸ਼ਨ ਕਰਤਾ ਤੋਂ ਅਦਾਲਤੀ ਸੁਣਵਾਈ ਦਾ ਖ਼ਰਚਾ ਵਸੂਲਣ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਦੇ ਮੱਦੇਨਜ਼ਰ ਸ਼ਾਇਦ ਹੀ ਕਿਸੇ ਨੂੰ ਕੋਈ ਭੁਲੇਖਾ ਹੋਵੇ ਕਿ ਸੀ.ਬੀ.ਆਈ. ਕਿਸ ਤਰ੍ਹਾਂ ਦੀ ਜਾਂਚ ਰਿਪੋਰਟ ਪੇਸ਼ ਕਰੇਗੀ। ਸਰਕਾਰੀ ਜਾਂਚ ਏਜੰਸੀਆਂ ਦੀ ਇਸੇ ਗ਼ੁਲਾਮ ਭੂਮਿਕਾ ਕਾਰਨ ਹੱਕਾਂ ਦੀਆਂ ਜਥੇਬੰਦੀਆਂ ਅਤੇ ਖੋਜੀ ਪੱਤਰਕਾਰਾਂ ਦੀਆਂ ਤੱਥ ਖੋਜ ਰਿਪੋਰਟਾਂ ਦਾ ਨਿਆਂ ਦੇ ਨਜ਼ਰੀਏ ਤੋਂ ਵਿਸ਼ੇਸ਼ ਮਹੱਤਵ ਬਣਦਾ ਹੈ। ਅਜਿਹੀ ਭੂਮਿਕਾ ਦੇ ਮੱਦੇਨਜ਼ਰ ਹੀ ਜਸਟਿਸ ਚੰਦਰੂ ਨੇ ਕਿਹਾ ਸੀ ਕਿ ਪਹਿਲਾਂ ਸੀ.ਬੀ.ਆਈ. ਅਤੇ ਹੁਣ ਐੱਨ.ਆਈ.ਏ. ਤੇ ਈ.ਡੀ. ਸੱਤਾਧਾਰੀ ਪਾਰਟੀ ਦੀਆਂ ਅਧਿਕਾਰਕ ਰਾਜਨੀਤਕ ਏਜੰਟ ਬਣ ਚੁੱਕੀਆਂ ਹਨ ਜੋ ਜੁਰਮ ਦੀ ਜਾਂਚ ਕਰਨ ਦੀ ਬਜਾਏ ਹੁਕਮਰਾਨਾਂ ਦੇ ਜੁਰਮਾਂ ਉੱਪਰ ਪਰਦਾ ਪਾਉਂਦੀਆਂ ਹਨ।

ਤੱਥ ਖੋਜ ਰਿਪੋਰਟਾਂ ਮਨੁੱਖੀ, ਸੰਵਿਧਾਨਕ ਅਤੇ ਜਮਹੂਰੀ ਹੱਕਾਂ ਦੇ ਘਾਣ ਦੀ ਹਕੀਕਤ ਨੂੰ ਦੁਨੀਆ ਅੱਗੇ ਪੇਸ਼ ਕਰਦੀਆਂ ਹਨ ਅਤੇ ਨਾਗਰਿਕਾਂ ਨੂੰ ਹੱਕਾਂ ਦੀ ਰਾਖੀ ਲਈ ਜਾਗਰੂਕ ਹੋਣ ਲਈ ਪ੍ਰੇਰਦੀਆਂ ਹਨ। ਇਨ੍ਹਾਂ ਰਿਪੋਰਟਾਂ ਨਾਲ ਹਕੂਮਤ ਅਤੇ ਪੁਲਿਸ-ਨੀਮ ਫ਼ੌਜੀ ਅਤੇ ਫ਼ੌਜੀ ਤਾਕਤਾਂ ਲਈ ਪੈਦਾ ਹੋਣ ਵਾਲੀ ਸਿਰਦਰਦੀ ਅਤੇ ਜਵਾਬਦੇਹੀ ਤੋਂ ਨਿਜ਼ਾਤ ਪਾਉਣ ਲਈ ਹੀ ਹੁਕਮਰਾਨ ਹੱਕਾਂ ਦੇ ਪਹਿਰੇਦਾਰਾਂ ਦੀ ਜ਼ੁਬਾਨ ਬੰਦ ਕਰਨ ਲਈ ਮਾਓਵਾਦੀ ਸਾਜ਼ਿਸ਼, ਹਿੰਸਾ ਦੀ ਸਾਜ਼ਿਸ਼ ਵਰਗੇ ਝੂਠੇ ਕੇਸ ਬਣਾ ਕੇ ਉਨ੍ਹਾਂ ਨੂੰ ਜੇਲ੍ਹਾਂ 'ਚ ਡੱਕਦੇ ਹਨ ਅਤੇ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਅਮਨਪਸੰਦ ਰੋਸ਼ਨ-ਖ਼ਿਆਲ ਨਾਗਰਿਕਾਂ ਉੱਪਰ ਲਗਾ ਕੇ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸਾੜਨ ਦਾ ਬੰਦੋਬਸਤ ਕਰਦੇ ਹਨ। ਗੜ੍ਹਚਿਰੌਲੀ ਸਾਜ਼ਿਸ਼ ਕੇਸ, ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ, ਦਿੱਲੀ ਹਿੰਸਾ ਸਾਜ਼ਿਸ਼ ਕੇਸ ਇਸ ਦੀਆਂ ਉੱਘੜਵੀਂਆਂ ਮਿਸਾਲਾਂ ਹਨ। ਇਸੇ ਨੀਤੀ ਤਹਿਤ ਆਰ.ਐੱਸ.ਐੱਸ.-ਭਾਜਪਾ ਹਕੂਮਤ ਨੇ ਸਿਵਲ ਸੁਸਾਇਟੀ (ਹੱਕਾਂ ਦੀਆਂ ਜਥੇਬੰਦੀਆਂ) ਨੂੰ ਭਾਰਤੀ ਰਾਜ ਦੀ ਜੰਗ ਦਾ ਨਵਾਂ ਮੋਰਚਾ ਕਰਾਰ ਦਿੱਤਾ ਹੈ।

ਇਨ੍ਹਾਂ ਹਾਲਾਤ 'ਚ ਹਿੰਦੂਤਵੀ ਹਕੂਮਤ ਵੱਲੋਂ ਨਿਆਂ ਦੀ ਮੰਗ ਕਰਨ ਦੇ ਹੱਕ ਉੱਪਰ ਹਮਲਿਆਂ ਨੂੰ ਠੱਲ ਪਾਉਣ ਲਈ ਵਿਸ਼ਾਲ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ ਅਤੇ ਇਹ ਸਿਰਫ਼ ਜਮਹੂਰੀ ਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦਾ ਕੰਮ ਨਹੀਂ ਹੈ।

# ਕਿਸਾਨ ਅੰਦੋਲਨ ਦੀ ਮੁੜ ਉਠਾਣ

(ਸ.ਫ਼ਾ 1 ਦੀ ਬਾਕੀ)

ਗਿਣਨਯੋਗ ਲਾਮਬੰਦੀ ਨਹੀਂ ਕਰ ਸਕੀਆਂ ਹਾਲਾਂਕਿ ਉਨ੍ਹਾਂ ਦੇ ਅਜਿਹਾ ਕਰਨ ਉੱਪਰ ਕੋਈ ਬੰਦਿਸ਼ ਨਹੀਂ ਹੈ। ਉਨ੍ਹਾਂ ਦੀ ਟੇਕ ਸਿਰਫ਼ ਤੇ ਸਿਰਫ਼ ਕਿਸਾਨ ਜਥੇਬੰਦੀਆਂ ਵੱਲੋਂ ਸਿਰੜੀ ਕੋਸ਼ਿਸ਼ਾਂ ਨਾਲ ਉਸਾਰੇ ਅੰਦੋਲਨ ਦੇ ਪਿੜ ਵਿਚ ਘੁਸ ਕੇ ਇਸ ਉੱਪਰ ਕਾਬਜ਼ ਹੋਣ ਅਤੇ ਇਸ ਉੱਪਰ ਆਪਣੀ ਚੌਧਰ ਥੋਪਣ ਉੱਪਰ ਹੈ।

ਪੰਜਾਬ ਦੇ ਲੋਕਾਂ ਦੇ ਵੱਡੇ ਹਿੱਸੇ ਨੂੰ ਭਰਮ ਸੀ ਕਿ 'ਆਮ ਆਦਮੀ ਪਾਰਟੀ' ਲੋਕਾਂ ਦੀ ਸੱਚੀ ਰਾਜਨੀਤਕ ਨੁਮਾਇੰਦਗੀ ਕਰਦਾ ਸਹੀ ਬਦਲ ਹੈ ਅਤੇ ਇਸ ਦੀ ਸਰਕਾਰ ਬਣਨ ਨਾਲ ਪੰਜਾਬ ਦੇ ਲੋਕਾਂ ਦੇ ਵੱਡੇ ਮਸਲੇ ਹੱਲ ਹੋਏ ਸਮਝੋ। ਹੁਣ ਤੱਕ ਦੀ ਹਕੂਮਤੀ ਕਾਰਗੁਜ਼ਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਵਿਰਾਟ ਖੇਤੀ ਸੰਕਟ, ਐੱਮ.ਐੱਸ.ਪੀ., ਰੋਜ਼ਗਾਰ, ਸਿੱਖਿਆ, ਇਲਾਜ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਵਰਗੇ ਕਿਸੇ ਵੀ ਮਸਲੇ ਦਾ ਹੱਲ ਅਤੇ ਆਪਾਸ਼ਾਹ ਕੇਂਦਰ ਸਰਕਾਰ ਨਾਲ ਮੱਥਾ ਲਾ ਕੇ ਫੈਡਰਲ ਢਾਂਚੇ, ਚੰਡੀਗੜ੍ਹ, ਪੰਜਾਬ ਦੇ ਪਾਣੀਆਂ ਤੇ ਹੋਰ ਖੇਤਰੀ ਹਿਤਾਂ ਦੀ ਰਾਖੀ ਲਈ ਸਟੈਂਡ ਲੈਣ ਦਾ ਦਮ ਇਸ ਪਾਰਟੀ 'ਚ ਨਹੀਂ ਹੈ। ਸਿਰਫ਼ ਕਿਸਾਨ ਅਤੇ ਲੋਕ ਜਥੇਬੰਦੀਆਂ ਹੀ ਆਪੋ ਆਪਣੇ ਤਬਕਾਤੀ ਹਿਤਾਂ ਅਤੇ ਵਿਸ਼ਾਲ ਲੋਕ ਹਿਤਾਂ ਲਈ ਲੜਾਈ ਲੜ ਸਕਦੀਆਂ ਹਨ ਅਤੇ ਲੋਕ ਤਾਕਤ ਦੇ ਜ਼ੋਰ ਮਸਲੇ ਹੱਲ ਕਰਵਾ ਸਕਦੀਆਂ ਹਨ। ਮੁੜ ਉੱਠ ਰਹੇ ਕਿਸਾਨ ਉਭਾਰ ਤੋਂ ਭਵਿੱਖ 'ਚ ਅੰਦੋਲਨ ਦੇ ਬੁਲੰਦੀਆਂ ਛੂਹਣ ਦੀ ਆਸ ਬੱਝਦੀ ਹੈ। ਐਸਾ ਅੰਦੋਲਨ ਸਮਾਜ ਦੇ ਹੋਰ ਹਿੱਸਿਆਂ ਅਤੇ ਤਬਕਿਆਂ ਲਈ ਲੰਮੇ ਸੰਘਰਸ਼ ਲੜਨ ਦੀ ਪ੍ਰੇਰਨਾ ਬਣਦਾ ਹੈ।

ਭਾਰਤ ਦੇ ਅਵਾਮ ਦਾ ਮੱਥਾ ਰਾਜ ਸੱਤਾ ਉੱਪਰ ਕਾਬਜ਼ ਘੋਰ ਪਿਛਾਖੜੀ ਫਾਸ਼ੀਵਾਦੀ ਆਰ.ਐੱਸ.ਐੱਸ.-ਭਾਜਪਾ ਨਾਲ ਲੱਗਿਆ ਹੋਇਆ ਹੈ ਜੋ ਕਮਜ਼ੋਰ, ਨਿਤਾਣੀ, ਦੱਬੇਕੁਚਲੀ ਅਤੇ ਪਹਿਲਾਂ ਹੀ ਹਾਸ਼ੀਏ 'ਤੇ ਧੱਕੀ ਵਿਸ਼ਾਲ ਲੋਕਾਈ ਨੂੰ ਹੋਰ ਜ਼ਿਆਦਾ ਦਬਾ ਕੇ ਹਿੰਦੂ ਗੌਰਵ ਦੇ ਨਾਂ ਹੇਠ ਮਧਯੁਗੀ ਉੱਚ ਜਾਤੀ ਮਨੂਵਾਦੀ ਗ਼ਲਬੇ ਵਾਲਾ ਸਮਾਜੀ ਢਾਂਚਾ ਮੁੜ ਥੋਪਣਾ ਚਾਹੁੰਦੇ ਹਨ। ਐਸੀ ਤਾਕਤ ਨੂੰ ਸਿਰਫ਼ ਧਰਮਨਿਰਪੱਖ ਅੰਦੋਲਨ ਹੀ ਪਿੱਛੇ ਧੱਕ ਸਕਦਾ ਹੈ ਜੋ ਵਿਸ਼ਾਲ ਲੋਕਾਈ ਨੂੰ ਆਪਣੇ ਕਲਾਵੇ ਵਿਚ ਸਮੋ ਕੇ ਉਨ੍ਹਾਂ ਨੂੰ ਮਜ਼ਬੂਤ ਜਮਹੂਰੀ ਅਗਾਂਹਵਧੂ ਆਧਾਰ ਵਾਲੀ ਇਕਜੁੱਟ ਲੋਕ ਤਾਕਤ 'ਚ ਬਦਲ ਸਕਦਾ ਹੋਵੇ। ਕਿਸਾਨ ਆਗੂਆਂ ਨੇ ਧਰਮਨਿਰਪੱਖ ਲੀਹਾਂ 'ਤੇ ਅੰਦੋਲਨ ਨੂੰ ਮਜ਼ਬੂਤੀ ਨਾਲ ਬਰਕਰਾਰ ਰੱਖਕੇ ਅਤੇ ਸੌੜੇ ਏਜੰਡਿਆਂ ਵਾਲੀਆਂ ਤਾਕਤਾਂ ਦੇ ਅੰਦੋਲਨ ਨੂੰ ਫਿਰਕੂ ਏਜੰਡਿਆਂ ਰਾਹੀਂ ਹਾਈਜੈਕ ਕਰਨ ਅਤੇ ਖਿੰਡਾਉਣ ਦੇ ਮਨਸੂਬਿਆਂ ਨੂੰ ਅਸਫ਼ਲ ਬਣਾ ਕੇ ਇਕ ਮੁੱਢਲਾ ਨਮੂਨਾ ਪੇਸ਼ ਕੀਤਾ ਹੈ। ਧਰਮਨਿਰਪੱਖ ਜਮਹੂਰੀ ਲੀਹਾਂ ਉੱਪਰ ਕੀਤੀ ਗਈ ਉਸ ਵਿਸ਼ਾਲ ਲਾਮਬੰਦੀ ਤੋਂ ਸਬਕ ਲੈ ਕੇ ਹਿੰਦੂਤਵ ਫਾਸ਼ੀਵਾਦ ਵਿਰੁੱਧ ਵਿਸ਼ਾਲ ਜਮਹੂਰੀ ਰਾਜਨੀਤਕ ਲਹਿਰ ਉਸਾਰਨ ਲਈ ਇਨ੍ਹਾਂ ਹਾਂਪੱਖੀ ਪਿਰਤਾਂ ਅਤੇ ਮੁੱਢਲੀ ਜਾਗਰੂਕਤਾ ਦਾ ਲਾਹਾ ਲਿਆ ਜਾ ਸਕਦਾ ਹੈ। ਕਾਰਪੋਰੇਟ ਵਿਕਾਸ ਮਾਡਲ ਅਤੇ ਹਿੰਦੂ ਰਾਸ਼ਟਰ ਦੇ ਜੌੜੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਪੱਕੇ ਰੂਪ 'ਚ ਹਰਾਉਣ ਲਈ ਐਸੇ ਸੰਘਰਸ਼ ਅੱਜ ਭਾਰਤ ਦੇ ਅਵਾਮ ਦੀ ਅਣਸਰਦੀ ਜ਼ਰੂਰਤ ਹਨ। ਉਮੀਦ ਹੈ ਕਿ ਇਕ ਵਾਰ ਫਿਰ ਕਿਸਾਨ ਅੰਦੋਲਨ ਵੱਡੇ ਉਭਾਰ ਦੇ ਰੂਪ 'ਚ ਉੱਠੇਗਾ ਅਤੇ ਫਾਸ਼ੀਵਾਦੀ ਰਾਜ ਨੂੰ ਚੁਣੌਤੀ ਦੇਣ ਲਈ ਲੋਕਾਈ ਦੇ ਲਾਮਬੰਦੀ ਹੋਣ ਵਾਸਤੇ ਉਤਸ਼ਾਹੀ ਮਾਹੌਲ ਸਿਰਜੇਗਾ।

# ਅੰਮ੍ਰਿਤ, ਆਤਮਾ ਨਾਲੋਂ ਖੰਡੇ ਬਾਟੇ ਪਾਹੁਲ ਦਾ ਬੁਨਿਆਦੀ ਫਰਕ !

(ਸ.ਫਾ 22 ਦੀ ਬਾਕੀ)

ਪੀਣ ਵਾਂਗ ਅਮਰ ਹੋਣਾ ਨਹੀਂ ਸੀ। ਗੁਰਬਾਣੀ ਵਿੱਚ ਅੰਮ੍ਰਿਤ ਸਬਦ ਦੀ ਵਰਤੋਂ ਅਮਰ ਹੋਣ ਲਈ ਨਹੀਂ ਕੀਤੀ। ਸਗੋਂ ਬਾਣੀ ਨੂੰ ਅੰਮ੍ਰਿਤ ਰਸ, ਅੰਮ੍ਰਿਤ ਵੇਲਾ ਸੱਚੁ ਨਾਓ ਆਦਿ ਨੂੰ ਅਨੇਕਾਂ ਵਾਰ ਦਰਸਾਇਆ ਹੈ ਲੇਕਿਨ ਗੁਰਮੱਤ ਫਲਸਫਾ ਆਤਮਾ ਦੇ ਆਵਾਗਮਨ ਤੇ ਅਵਤਾਰਵਾਦ ਨੂੰ ਮੁੱਢੋਂ ਸੁੱਢੋਂ ਰੱਦ ਕਰਦਾ ਹੈ। ਮੌਤ ਤੋਂ ਬਾਅਦ ਕਿਸੇ ਸ੍ਵਰਗ ਦੀ ਲਾਲਸਾ ਤੇ ਨਰਕ ਵਿੱਚ ਜਾਣ ਦਾ ਡਰਾਵਾ ਨਹੀਂ ਦਿੰਦਾ। ਜੋਤੀ ਜੋਤ ਸਮਾਉਣ ਦਾ ਅਧਿਆਤਮਿਕ ਤੇ ਯਥਾਰਥਕ ਪੱਖ ਸਪੱਸਟ ਹੈ। 'ਬਹੁੜ ਜਨਮ ਨਾਂ ਆਵਣਾ' ਦਾ ਸੰਕਲਪ ਸਪਸਟ ਹੈ। ਸੋ ਗੁਰੂ ਗੋਬਿੰਦ ਸਿੰਘ ਵਲੋਂ ਦੂਜੇ ਦਿਨ ਖੰਡੇ ਬਾਟੇ ਦਾ ਪਾਹੁਲ ਪਿਆਕੇ ਖਾਲਸਾ ਸਾਜਣ ਦਾ ਮੁੱਖ ਮਕਸਦ ਜਾਤਪਾਤ ਤੇ ਊਚਨੀਚ ਦਾ ਮੁਕੰਮਲ ਤੌਰ ਉਤੇ ਫਾਸਤਾ ਵਢਣਾ ਸੀ। ਇਸ ਲਈ ਪਹਿਲਾਂ ਵੱਖੋ ਵੱਖ ਜਾਤੀਆਂ ਦੇ ਪੰਜ ਪਿਆਰਿਆਂ ਨੂੰ ਖੰਡੇ ਦਾ ਪਹੁਲ ਇਕੋ ਬਾਟੇ ਵਿੱਚ ਛਕਾਇਆ ਗਿਆ ਫੇਰ ਉਨ੍ਹਾਂ ਦੇ ਹੱਥੋਂ ਗੁਰੂ ਸਾਹਿਬ ਨੇ ਖੁਦ ਪਹੁਲ ਛਕਿਆ ਸੀ। ਪੰਜ ਕਕਾਰ ਪਹਿਨਾਉਣ ਦਾ ਮੰਤਵ ਡਿਸਪਲਾਇਨ ਵਿੱਚ ਰਹਿਕੇ ਅਨਿਆਂ ਜਬਰ ਜੁਲਮ ਵਿਰੁੱਧ ਲੜਨਾ ਸੀ ਤੇ ਮੌਤ ਤੋਂ ਸਦਾ ਲਈ ਭੈਮੁਕਤ ਹੋਣਾ ਸੀ। ਇਕ ਸੇਰ ਦੀ ਤਰਾਂ ਦਲੇਰੀ ਨਾਲ ਮਜਲੂਮਾਂ ਦੀ ਰੱਖਿਆ ਕਰਨ ਲਈ ਪਿਛਾਖੜੀ ਹਕੂਮਤ ਵਿਰੁੱਧ ਲੜਨਾ ਸੀ। ਜੇਕਰ ਮਹਾਂਭਾਰਤ ਨੂੰ ਵੇਖਿਆ ਜਾਵੇ ਤਾਂ ਕ੍ਰਿਸਨ ਨੇ ਜੋ ਪਾਂਡਵਾਂ ਤੇ ਅਰਜਨ ਨੂੰ ਆਤਮਾ ਦੇ ਅਮਰ ਹੋਣ ਦਾ ਉਪਦੇਸ ਦਿੱਤਾ ਜੋ ਸਕੇ ਸੰਬੰਧੀ ਕੌਰਵਾਂ ਦੇ ਮੋਹ ਵਿੱਚ ਹਥਿਆਰ ਸੁੱਟਣ ਲਈ ਤਿਆਰ ਸਨ। ਉਨ੍ਹਾਂ ਨੂੰ ਦਸਿਆ ਕਿ ਆਤਮਾ ਪਵਿੱਤਰ ਹੁੰਦੀ ਹੈ ਉਹ ਕਦੇ ਮਰਦੀ ਨਹੀਂ। ਜੇਕਰ ਤੁਸੀਂ ਜੰਗ ਵਿੱਚ ਚੰਗੇ ਕਾਰਜ ਲਈ ਮਾਰੇ ਜਾਵੋਂਗੇ ਫੇਰ ਵੀ ਅਮਰ ਹੋਵੋਂਗੇ ਕਿਉਂਕਿ ਤੁਹਾਡੀ ਆਤਮਾ ਸਰੀਰ ਤਿਆਗਕੇ ਮੁੜ ਜਨਮ ਧਾਰਨ ਕਰੇਗੀ। ਇਹ ਆਤਮਾ ਦਾ ਸੰਕਲਪ ਪਾਂਡਵਾ ਨੂੰ ਸੰਘਰਸ ਕਰਨ ਲਈ ਵੇਲੇ ਸਿਰ ਕੰਮ ਆਇਆ। ਪਰ ਆਤਮਾ ਦੀ ਅੰਮ੍ਰਿਤਾ ਦੇ ਸੰਕਲਪ ਨੂੰ ਗੁਰਮੱਤ ਫਲਸਫੇ ਵਿੱਚ ਪ੍ਰਵਾਨ ਨਹੀਂ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਨੇ ਉਲਟਾ ਮਨੁੱਖੀ ਜੀਵਨ ਦੀ ਬੇਹਤਰੀ ਲਈ ਹਕੀਕੀ ਦੁਨਿਆਵੀ ਸੰਕਲਪ ਨੂੰ ਉਭਾਰਿਆ ਸੀ। ਅਧਿਆਤਮਕਤਾ ਦੇ ਨਾਲ ਮੌਜੂਦਾ ਸੰਸਾਰ ਨੂੰ ਹਕੀਕਤ ਵਜੋਂ ਪੇਸ ਕੀਤਾ ਸੀ।

## ਤੇਰੇ ਬੀਜੇ ਸੁਪਨਿਆਂ ਤੇ ਕਸ-ਮ-ਕਸ

(ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ)



(1)
ਜ਼ਿੰਦਗੀ ਦੀ ਤੋਰ, ਸਾਵੀਂ ਹੋਣ ਲਈ
ਮੰਗਦੀ ਮੁੜਕੇ ਸਰਾਭੇ ਦਾ ਮਿਜਾਜ
ਦਿਲਾਂ ਅੰਦਰ ਕਦੋਂ ਦੇ ਮੁਰਝਾ ਗਏ
ਰਹਿਬਰਾਂ ਦੇ ਸਬਜ-ਬਾਗਾਂ ਦੇ ਗੁਲਾਬ
ਗਦਰ ਦੀ ਰੂਹ, ਹੁਣ ਦਿਲਾਂ ਦੀਆਂ ਧੜਕਣਾਂ ਚੋਂ
ਫੇਰ ਜਾਗ
ਜਾਗ, ਤੇਰੇ ਨਾਲ ਹੀ ਜਾਗਣਗੇ ਭਾਗ
ਜਾਗ ਤੇਰੇ ਜਾਗਿਆਂ ਹੀ
ਭਰਨਗੇ ਚੰਗੀਆਂ ਉਮੀਦਾਂ ਦੇ ਚਿਰਾਗ
ਬਦੀ ਤੇ ਨੇਕੀ ਵਿਚਾਲੇ
ਤੇਰੇ ਬੀਜੇ ਸੁਪਨਿਆਂ 'ਤੇ
ਕਸ-ਮ -ਕਸ
ਤੇਰੇ ਭਕਨੇ ਤੇ ਸਰਾਭੇ
ਕਿਸੇ ਲਈ ਪੁਤਲੀ ਦੇ ਕੰਡੇ
ਕਿਸੇ ਲਈ ਪਲਕਾਂ ਦੇ ਵਾਲ

(2)
ਗਦਰ ਦੀ ਰੂਹ
ਸੁਰਤ ਵਿੱਚ ਉੱਤਰ ਕੇ ਬੋਲ
ਭੁੱਲ ਨਾ ਜਾਈਏ ਕਿਤੇ
ਤਾਰੀਖ ਦੇ ਵਰਕੇ ਫਰੋਲ
ਰਾਜਧਾਨੀ ਵਿਚ ਨਵੀਂ ਸਰਘੀ ਦੇ
ਜਸ਼ਨਾਂ ਦੀ ਘੜੀ
ਜਲ੍ਹਿਆਂ ਵਾਲੇ ਬਾਗ ਦੀਆਂ
ਪਲਕਾਂ ਤੋਂ ਕਿਉਂ ਅੱਥਰੂ ਗਿਰੇ
ਬਾਬੇ ਟੁੰਡੀਲਾਟ ਦਾ ਹੱਥ, ਦੂਸਰਾ ਵੀ
ਕਿਸ ਤਰਾਂ ਕੱਟਿਆ ਗਿਆ
ਜਾਂਦਾ ਹੋਇਆ ਵੀ ਫਰੰਗੀ
ਕਿੱਡੀ ਖੂਨੀ ਮਸਕਰੀ ਕਰਕੇ ਗਿਆ
ਚੀਰਿਆ ਹੋਇਆ ਪੰਜਾਬ
ਵੱਡਿਆ ਟੁੱਕਿਆ ਬੰਗਾਲ
ਹਿੰਦ ਮਾਂ ਦੀ ਗੋਦ ਵਿੱਚ
ਧਰਕੇ ਗਿਆ
"ਪਾੜੀਏ ਤੇ ਰਾਜ ਕਰੀਏ"
ਰਹਿਬਰਾਂ ਦੇ ਸਿਰਾਂ ਉੱਤੇਂ
ਰਾਜ ਮੰਤਰ ਦੇ ਗੁਰਾਂ ਦੇ
ਵਾਰਨੇ ਕਰਕੇ ਗਿਆ

(3)
ਆਪਣੇ ਹੀ ਵਤਨ ਬੇਵਤਨੀ ਹੰਢਾਉਂਦੇ
ਨਾ ਅਸੀਂ ਮੋਏ ਨਾ ਸੀਂ ਜਿਉਂਦੇ
ਕਰਜਿਆਂ ਨੂੰ ਸਿੰਜਦੇ
ਖਾਲ, ਪਾਣੀ ਦੇ ਸਵਾਲੀ ਹੋ ਗਏ
ਜ਼ਿੰਦਗੀ ਦੇ ਖੂਹ ਤਾਂ ਖਾਲੀ ਹੋ ਰਹੇ ਸਨ
ਦਿਲ ਵੀ ਖਾਲੀ ਹੋ ਗਏ
ਸੋਨੇ ਵਰਗਾ ਗੱਭਰੂ
"ਚਿੱਟੇ" ਦੀ ਤੱਕੜੀ ਤੁਲ ਗਿਆ
ਬੱਸ "ਗਦਰ ਦੀ ਗੂੰਜ" ਬਾਝੋਂ
"ਹਿੰਦ-ਹੀਰਾ" ਰੁਲ ਗਿਆ

(4)
ਗਦਰ ਦੀ ਰੂਹ
ਤੇਰੇ ਬਾਝੋਂ ਜ਼ਿੰਦਗੀ ਨਾ ਜ਼ਿੰਦਗੀ
ਖੁਦਕਸੀ-ਦਰ-ਖੁਦਕਸੀ ਦੀ ਦਾਸਤਾਨ
ਤੇਰੇ ਬਾਝੋਂ ਆਤਮਾ ਨਾ ਆਤਮਾ
ਨਿਰੀ ਦਾਗਾਂ ਦੀ ਨੁਮਾਇਸ
ਤੇਰੇ ਬਾਝੋਂ ਨਜਰ ਵੀ
ਸਰਮਿੰਦਗੀ ਦਾ ਇਸਤਿਹਾਰ
ਜਾਗ ਹੁਣ ਕਿੰਨੀ ਕੁ ਦੇਰ
ਵੇਖ ਤੇਰੀ ਝਲਕ ਲਈ ਕਿੰਨੇ ਉਦਾਸ
ਧਰਤ ਦੇ ਸੀਨੇ 'ਚ
ਕਰਵਟ ਲੈਣ ਲਈ ਬਿਹਬਲ ਗੁਬਾਰ
ਹੁਣ ਦਿਲਾਂ ਦੀਆਂ ਧੜਕਣਾਂ 'ਚੋਂ
ਫੇਰ ਜਾਗ।

-ਜਸਪਾਲ ਜੱਸੀ

## ਕਿਹੜੇ ਵੇਲੇ ਨਾਸੁਕਰੇ ਸੀ

ਕਿਹੜੇ ਵੇਲੇ ਨਾਸੁਕਰੇ ਸੀ।
ਦੱਸੋ ਖਾਂ ਅਸੀਂ ਕਦ ਮੁਕਰੇ ਸੀ।

ਨ੍ਹੇਰੇ ਸੰਗ ਲੜਾਂਗੇ ਮਿਲਕੇ
ਦਿਲ ਵਿਚ ਰੌਸ਼ਨ ਦੀਪ ਧਰੇ ਸੀ।

ਫੁੱਲਾਂ ਵਾਂਗੂੰ ਰਿਸ਼ਤੇ ਰੱਖੇ
ਬਾਗ ਦਿਲਾਂ ਦੇ ਪਿਆਰ ਭਰੇ ਸੀ।

ਹਸਦੇ ਵਸਦੇ ਆਂਗਣ ਦੇ ਵਿਚ
ਬਦਸਗਨੀ ਨੇ ਪੈਰ ਧਰੇ ਸੀ।

ਮਰਿਆਦਾ ਵੀ ਨਾ ਰੱਖੀ ਤੂੰ
ਕਿਸ ਨੇ ਤੇਰੇ ਕੰਨ ਭਰੇ ਸੀ।

ਤਹਿਜ਼ੀਬ ਤਹੱਮੁਲ ਭੁੱਲਿਆ ਮੈਂ
ਬੋਲ ਹਕਾਰਤ ਨਾਲ ਭਰੇ ਸੀ।

ਕਾਗਜ ਹੁੰਦਾ ਮਿਟ ਜਾਣਾ ਸੀ
ਸੀਸੇ ਉੱਤੇ ਨਾਂ ਉੱਕਰੇ ਸੀ।

ਮਾਫ ਤੈਨੂੰ ਮੈਂ ਕਿੱਦਾਂ ਕਰਦਾ
ਹਾਲੇ ਦਿਲ ਦੇ ਜਖਮ ਹਰੇ ਸੀ।

ਕਲਮ ਸਿਖਾਵੇ ਨਿਵ ਕੇ ਚੱਲਣਾ
ਅੜ ਕੇ ਡੂੰਘੇ ਦੁੱਖ ਜਰੇ ਸੀ।

ਹੁਣ ਕਿਸਤੀ ਵਿਚ ਵੀ ਡਰਦਾ ਹਾਂ
ਖਾਬ ਸਮੁੰਦਰ ਨਾਲ ਤਰੇ ਸੀ।

ਮੁੜ ਕੇ ਤਾਂ ਮੈਂ ਆਉਣਾ ਹੀ ਸੀ
ਹਠ ਮੇਰੇ ਤੋਂ ਸੋਚ ਪਰੇ ਸੀ।

ਫੜ ਫਿਰ ਚੱਪੂ ਠਿਲ ਦੇਈਏ
ਜਿਸ ਕਿਸਤੀ ਚੋਂ ਕੱਲ੍ਹ ਉਤਰੇ ਸੀ।

-ਹਰਵਿੰਦਰ ਸਿੰਘ ਸਿੱਧੂ

## ਕਰਤਾਰ ਸਿੰਘ ਸਰਾਭਾ ਜੀ

ਜਦੋਂ ਮੈਂ ਤੁਹਾਡੀ ਫੋਟੋ ਵੱਲ ਦੇਖਦਾ ਹਾਂ
ਮੈਨੂੰ ਸੱਚ ਨਹੀਂ ਆਉਂਦਾ
ਮੈਂ ਸੋਚਣ ਲਗਦਾ ਹਾਂ
ਘੋਖਣ ਲਗਦਾ ਹਾਂ
ਸਿਰ ਖੁਰਕਣ ਲਗਦਾਂ
ਸਮਝਣ ਦੀ ਕੋਸ਼ਿਸ਼ ਕਰਦਾਂ

ਕੀ ਪੰਦਰਾਂ ਸੋਲਾਂ ਸਾਲ ਦੇ ਮੁੰਡੇ ਦੀ
ਸੋਚ ਇਸ ਤਰ੍ਹਾਂ ਦੀ ਹੋ ਸਕਦੀ ਹੈ ?
ਕੀ ਉੱਨੀ ਸਾਲ ਦਾ ਮੁੰਡਾ
ਫਾਂਸੀ ਦਾ ਫੰਦਾ
ਹੱਸ ਕੇ ਗਲ ਵਿੱਚ ਪੁਆ ਸਕਦਾ ਹੈ ?

ਮੇਰੇ ਸਰੀਰ ਵਿੱਚ
ਕੋਈ ਕੈਮੀਕਲ ਰੀਐਕਸਨ ਹੋਣ ਲਗਦਾ ਹੈ
ਬਹੁਤ ਸਾਰੇ ਸੁਆਲ ਮੇਰੇ ਦਿਮਾਗ ਵਿੱਚ
ਇਲੈਕਟ੍ਰੋਨਜ਼ ਤੇ ਪ੍ਰੋਟੋਨਜ ਦੀ ਤਰ੍ਹਾਂ
ਇੱਧਰ -ਉੱਧਰ ਭੱਜਣ ਲਗਦੇ ਹਨ
ਮੈਂ ਉਹਨਾਂ ਨੂੰ
ਠੰਢੇ ਕਰਨ ਦੀ ਕੋਸ਼ਿਸ਼ ਕਰਦਾ ਹਾਂ
ਕਾਬੂ ਕਰਨ ਲਈ ਹੱਥ ਪੈਰ ਮਾਰਦਾ ਹਾਂ
ਉਹਨਾਂ ਨੂੰ ਖੜ੍ਹੇ ਕਰਨ ਦੀ ਕੋਸ਼ਿਸ਼ ਕਰਦਾਂ

ਤੇਰੇ ਗਲ ਵਿੱਚ ਪਿਆ ਫੰਦਾ
ਮੈਨੂੰ ਡਰਾਉਣ ਲਗਦਾ ਹੈ
ਮੈਂ ਕੰਬਣ ਲਗਦਾ ਹਾਂ
ਹੱਥ ਹਿੱਲਣ ਲਗਦੇ ਨੇ
ਲੱਤਾਂ ਕੰਬਣ ਲਗਦੀਆਂ ਨੇ
ਮੇਰੇ ਦਿਲ ਦੀ ਧੜਕਣ
ਤੇਜ਼ ਹੋ ਜਾਂਦੀ ਹੈ
ਬਲੱਡ ਪਰੈਸ਼ਰ ਉਤਾਂਹਾਂ ਨੂੰ
ਜਾਣ ਲਗਦਾ ਹੈ
ਮੈਨੂੰ ਪਸੀਨਾ ਆਉਂਦਾ ਹੈ
ਪਜਾਮਾ ਥੋੜ੍ਹਾ ਗਿੱਲਾ ਹੋ ਜਾਂਦਾ ਹੈ

ਫੇਰ ਮੈਂ
ਫੇਰ ਮੈਂ
ਹੌਲੀ ਹੌਲੀ ਆਪਣੇ ਨਾਲ
ਗੱਲਾਂ ਕਰਦਾਂ
ਆਪਣੇ ਆਪ ਨੂੰ ਸਮਝਾਉਂਦਾ ਹਾਂ
ਆਪਣੇ ਆਪ ਨੂੰ ਕਹਿੰਦਾ ਹਾਂ,
'ਮੈਂ ਤਾਂ ਕਵੀ ਹਾਂ
ਮੈਨੂੰ ਕੁੱਝ ਨਹੀਂ ਹੋਣ ਲੱਗਾ
ਇਹ ਫੰਦਾ ਮੇਰੇ ਗਲ ਵਿਚ
ਨਹੀਂ ਪੈਣ ਲੱਗਿਆ
ਮੈਂ ਤਾਂ ਸਿਰਫ ਲਿਖਣਾ ਹੈ '
ਮੈਨੂੰ
ਸੁੱਖ ਦਾ ਸਾਹ ਆਉਂਦਾ ਹੈ
ਮੱਥੇ ਤੋਂ ਪਸੀਨਾ ਪੂੰਝਦਾ ਹਾਂ
ਤੇਰੇ ਗਲ ਵਿੱਚ ਪਏ ਫੰਦੇ ਤੋਂ
ਮੇਰਾ ਡਰ ਘਟਣ ਲਗਦਾ ਹੈ

ਥੋੜ੍ਹਾ ਜਿਹਾ ਸੰਭਲ ਕੇ ਸੋਚਦਾਂ
ਤੂੰ ਅਜਾਦੀ ਲਈ
ਕੁਰਬਾਨ ਹੋ ਗਿਆ
ਸਾਨੂੰ ਅਜਾਦੀ ਲੈ ਦਿੱਤੀ
ਪਰ
ਅਜਾਦੀ ਤਾਂ
'ਰਾਜੇ, ਸੀਂਹ, ਮੁਕੱਦਮ, ਕੁੱਤੇ'
ਚੋਰੀ ਕਰ ਕੇ ਲੈ ਗਏ

ਅੱਜ ਪਚੱਤਰ ਸਾਲ ਬਾਅਦ ਵੀ
ਕੰਮੀਆਂ ਦੀ ਕੁੜੀ ਨੂੰ
ਮੁੱਠੀ ਭਰ ਦਾਣਿਆਂ
ਤੇ ਹਰੇ - ਚਾਰੇ ਦੀ ਭਰੀ ਖਾਤਰ
ਆਪਣੀ ਸਲਵਾਰ ਦਾ
ਨਾਲਾ ਖੋਲ੍ਹਣਾ ਪੈਂਦਾ ਹੈ ।

ਆਪਣੀ ਸਲਵਾਰ ਦਾ
ਨਾਲਾ ਖੋਲ੍ਹਣਾ ਪੈਂਦਾ ਹੈ।

ਸਨੀ ਧਾਲੀਵਾਲ

## ਨਾ ਮੇਰਾ ਪਿੰਡ ਸਰਾਭਾ

ਨਾ ਮੇਰਾ ਪਿੰਡ ਸਰਾਭਾ
ਨਾ ਮੇਰਾ ਨਾਂ ਕਰਤਾਰ
ਮੈਂ ਪੰਜ ਪਾਣੀਆਂ ਦੀ ਮਿੱਟੀ ਦਾ ਜਾਇਆ
ਮੈਂ ਪੰਜ ਪਾਣੀਆਂ ਦੀ ਲਲਕਾਰ
ਮੇਰਾ ਨਾਂ ਗੁਲਾਮੀ ਤੋਂ ਬਗ਼ਾਵਤ
ਜੰਗੇ-ਅਜ਼ਾਦੀ ਲਈ ਉੱਠੀ ਤਲਵਾਰ
ਸਰਬੱਤ ਦੇ ਭਲੇ ਦਾ ਹੋਕਾ
ਧਰਮਾਂ-ਕਰਮਾਂ ਦੀਆਂ ਲਕੀਰਾਂ ਤੋਂ ਨਾਬਰੀ
ਮੈਂ ਤੂਫ਼ਾਨ ਤੋਂ ਪਹਿਲੇ ਵਰੋਲਿਆਂ ਦਾ ਹਮਸਫਰ
ਜ਼ਿੰਦਗੀ ਦੀ ਬੰਦਖਲਾਸੀ ਲਈ
ਫਿਜ਼ਾ 'ਚ ਗੂੰਜਦੀ ਯੁੱਧ-ਨਾਦ ਦੀ ਗਰਜ਼
ਚੁਫੇਰੇ ਪਸਰੇ ਹਨ੍ਹੇਰੇ ਨੂੰ ਵੰਗਾਰਦੀ
ਦੁਮੇਲ 'ਤੇ ਗੂੜ੍ਹੀ ਹੋ ਰਹੀ ਸੂਹੀ ਭਾਹ ਦੀ ਲਿਸ਼ਕੋਰ
ਮੈਂ ਫੌਤ ਨਹੀਂ ਹੋਇਆ
ਮੈਂ ਸ਼ਹਾਦਤ ਦਾ ਜਾਮ ਹੈ ਪੀਤਾ
ਕਾਲ ਦੇ ਘੋੜੇ 'ਤੇ ਹੋ ਸਵਾਰ
ਪੰਜਾਬ ਦੀ ਧਰਤੀ 'ਤੇ ਹਾਂ ਤੁਰਿਆ ਫਿਰਦਾ
ਕਦੇ ਭਗਤ ਸਿੰਘ ਹੋਰਾਂ ਨੂੰ ਥਾਪੀ ਦਿੰਦਾ
ਜੂਝਣ ਦਾ ਚਾਅ ਬਣ ਜਾਂਦਾ
ਜੇਲਾਂ ਦੀਆਂ ਕਾਲ-ਕੋਠੜੀਆਂ ਨੂੰ ਟਿੱਚ ਜਾਣਦਾ
ਫਾਂਸੀ ਦੇ ਰੱਸਿਆਂ 'ਤੇ ਹੱਸ ਛੱਡਦਾ
ਖੇਤਾਂ 'ਚ ਅੰਗਿਆਰ ਬੀਜਦਾ
ਨਕਸਲਬਾੜੀ ਦੀ ਹੇਕ ਲਾਉਂਦਾ
ਦੁਸ਼ਮਣ ਸਿਰ ਕੂਕਦਾ ਕਾਲ ਬਣ ਮੰਡਰਾਉਂਦਾ
ਹਾਕਮਾਂ ਨੇ ਵਾਰ ਵਾਰ ਸਿਰ ਜੋੜੇ
ਵਾਰ ਵਾਰ ਤਰਕੀਬਾਂ ਬੁਣੀਆਂ
ਮੇਰੀ ਹਸਤੀ ਨੂੰ ਮਿਟਾਉਣ ਲਈ
ਅਨੇਕਾਂ ਵਾਰ ਬਾਰੂਦ ਦਾ ਮੀਂਹ ਵਰ੍ਹਾਇਆ
ਮੇਰੀ ਸੂਰਤ ਨੂੰ ਬਦਰੰਗਾ ਬਣਾਉਣ ਖਾਤਰ
ਜ਼ਰਖਰੀਦ ਕਲਮਾਂ ਨੇ ਥੁੱਕ ਦੀ ਵਾਛੜ ਕੀਤੀ
ਕੂੜ-ਕੁਫਰ ਦੀ ਕੁਚੀ ਵੀ ਚੱਲੀ
ਨਾ ਮਿਟਿਆ ਨਾ ਮਿਟੂਗਾ
ਪੌਣਾਂ 'ਚ ਤੈਰਦਾ ਮੇਰਾ ਮੁਹਾਂਦਰਾ
ਫਿਜ਼ਾ ਨਾਲ ਆਤਮਸਾਤ ਹੋਈ
ਮੇਰੀ ਹਸਤੀ ਦਾ ਸਾਇਆ
ਮੈਂ ਤਾਂ ਜੁਗਨੂੰ ਹਾਂ
ਘੁੱਪ ਰਾਤਾਂ 'ਚ ਟਿਮਟਿਮਾਉਂਦਾ
ਹਨ੍ਹੇਰਿਆਂ ਨਾਲ ਭਿੜਦਾ
ਰਾਤਾਂ ਦੀ ਦੁਸ਼ਮਣੀ ਹੰਢਾਉਂਦਾ
ਚਾਨਣ ਨਾਲ ਇਸ਼ਕ ਦਾ ਸਿਦਕ ਨਿਭਾਉਂਦਾ
ਮਾਂ-ਭੂਮੀ ਦਾ ਪੁੱਤ ਕਹਾਉਂਦਾ
ਮਾਂ-ਭੂਮੀ ਦੀ ਮੁਕਤੀ ਦਾ ਹੋਕਾ ਬਣ
ਵਾਰ ਵਾਰ ਫਿਜ਼ਾ 'ਚ ਗੂੰਜਦਾ
ਦੁਸ਼ਮਣਾਂ ਨੂੰ ਹਾਂ ਹੌਲ ਪਾਉਂਦਾ
ਮੈਂ ਲੜਦਾ ਹਾਂ ਆਇਆ
ਅੱਜ ਵੀ ਲੜ ਰਿਹਾ ਹਾਂ
ਪੰਜ ਪਾਣੀਆਂ ਦੀ ਧਰਤੀ ਦਾ ਜਾਇਆ
ਇਸ ਧਰਤੀ ਦੀ ਮੜਕ ਨੂੰ ਪ੍ਰਣਾਇਆ
ਇਸਦੇ ਜ਼ੱਰੇ ਜ਼ੱਰੇ 'ਚੋਂ ਸਿੰਮਦਾ ਨੂਰ ਹਾਂ
ਮੈਂ ਇਸ ਧਰਤੀ ਦਾ ਜਾਇਆ
ਨਾ ਮੇਰਾ ਪਿੰਡ ਸਰਾਭਾ
ਨਾ ਮੈਂ ਕਰਤਾਰ ਕਹਾਇਆ

-ਗੁਰਤੇਜ ਸਿੰਘ ਖੋਖਰ

## ਮੈਨੂੰ ਮਲਕ ਭਾਗੋ ਦੀ ਵੀ ਲੋੜ ਹੈ ?

ਮੈਂ ਬਾਬੇ ਨਾਨਕ ਦਾ ਸਰਧਾਲੂ ਸਿੱਖ
ਨੇਮ ਨਾਲ ਨਿਤਨੇਮ ਵੀ ਕਰਦਾਂ
ਬਾਬੇ ਦਾ ਗੁਰਪੁਰਬ ਵੀ ਮਨਾਉਂਦਾ
ਅਖੰਡ ਪਾਠ ਵੀ ਕਰਾਉਂਦਾਂ
ਲੰਗਰ ਵੀ ਲਗਾਉਂਦਾਂ
ਭਾਈ ਦੀ ਦੱਸੀ ਮਰਿਯਾਦਾ ਵੀ ਨਿਭਾਉਂਦਾਂ

ਕਦੇ ਕਦੇ ਭਾਈ ਲਾਲੋ ਦੇ ਵੀ ਜਾ ਆਉਂਦਾਂ
ਕੀ ਪਤਾ ਕਦੋਂ ਭਾਈ ਲਾਲੋ ਦੀ ਵੀ ਲੋੜ ਪੈਜੇ
ਹੁਣ ਮੇਰਾ ਮਲਕ ਭਾਗੋ ਬਿਨਾਂ ਵੀ ਨੀ ਸਰਦਾ
ਕੀ ਪਤਾ ਕਦੋਂ ਸਰਕਾਰੀ ਦਰਬਾਰੇ ਕੰਮ ਪੈਜੇ

ਬਾਬਾ ਨਾਨਕ ਨਾਰਾਜ ਨਾ ਹੋਈਂ
ਉਦੋਂ ਏਦਾਂ ਚੱਲਦਾ ਹੋਣਾ
ਮਲਕ ਭਾਗੋ ਦੇ ਲੰਗਰ ਨੂੰ ਠੁਕਰਾ ਕੇ

ਹੁਣ ਨੀ ਏਦਾਂ ਗੁਜਾਰਾ ਹੁੰਦਾ
ਜੇ ਮਲਕ ਭਾਗੋ ਸਾਥ ਨਾ ਦੇਣ
ਭਾਈ ਲਾਲੋਆਂ ਆਸਰੇ
ਵੰਨ ਸੁਵੰਨੇ ਲੰਗਰ ਕਿੰਨਾ ਚਿਰ ਚੱਲਣਗੇ ?

ਹੁਣ ਮਲਕ ਭਾਗੋਆਂ ਨਾਲ ਬਣਾ ਕੇ ਰੱਖਣੀ ਪੈਂਦੀ
500 ਸਾਲ ਪਹਿਲਾਂ ਗੱਲ ਹੋਰ ਸੀ

ਹੁਣ ਸਮਾਂ ਬਦਲ ਗਿਆ
ਲੋਕ-ਤੰਤਰ ਦਾ ਜਮਾਨਾ
ਕੀ ਪਤਾ ਕਦੋਂ ਵੋਟਾਂ 'ਚ ਖੜਨ ਦਾ ਮਨ ਬਣ ਜੇ
ਥੋਨੂੰ ਪਤਾ ਈ ਐ
ਵੋਟਾਂ ਲਈ ਸਭ ਨਾ ਬਣਾ ਕੇ ਰੱਖਣੀ ਪੈਂਦੀ
ਨਾਲੇ ਭਾਈ ਲਾਲੋਆਂ ਦੇ ਅੱਜ ਪੱਲੇ ਹੀ ਕੀ ਹੈ ?

ਵੋਟਾਂ, ਨੋਟਾਂ ਤੋਂ ਬਿਨਾਂ ਨੀ ਲੜ ਹੁੰਦੀਆਂ ?
ਮਲਕ ਭਾਗੋਆਂ ਤੋਂ ਬਿਨਾਂ ਫੰਡ ਕੌਣ ਦਿੰਦੇ ?

ਨਾਲੇ ਥੋਨੂੰ ਸਭ ਪਤਾ ਈ ਐ
ਥੋਡੇ ਤੋਂ ਕਾਹਦਾ ਲੁਕੋਅ
ਸਭ ਪਾਰਟੀਆਂ ਵੀ ਤਾਂ ਮਲਕ ਭਾਗੋਆਂ ਦੀਆਂ ਹੀ ਨੇ

ਚਲੋ ਸਾਨੂੰ ਪਾਰਟੀਆਂ ਨਾਲ ਕੀ ?
ਉਨ੍ਹਾਂ ਦੀਆਂ ਨੀਤੀਆਂ ਨਾਲ ਕੀ ?
ਅਸੀ ਤਾਂ ਆਪਣੀ ਸੀਟ ਜਿੱਤਣੀ ਹੈ ?

ਨਾਲੇ ਸਭ ਪਾਰਟੀਆਂ ਇਕੋ ਜਿਹੀਆਂ ਹੀ ਤੇ ਹਨ
ਇਹ ਤਾਂ ਐਵੇਂ ਲੋਕਾਂ ਵਿੱਚ ਲੋਕ-ਤੰਤਰ ਦਾ ਭਰਮ
ਬਣਾਈ ਰੱਖਣ ਲਈ ਨਾਮ ਹੀ ਵੱਖ ਨੇ

ਦੋ ਤਿੰਨ ਪਾਰਟੀਆਂ ਬਣਾਉਣੀਆਂ ਹੀ ਪੈਂਦੀਆਂ
ਤਾਂ ਹੀ ਲੋਕ-ਤੰਤਰ ਚੱਲੂ
ਇੱਕ ਪਾਰਟੀ ਦਾ ਕਾਹਦਾ ਲੋਕ-ਤੰਤਰ

ਬਾਬਾ ਨਾਨਕ ਜੀ ਮੈਨੂੰ ਮਾਫ ਕਰੀਂ
ਮੈਂ ਤੇਰੇ ਵਾਂਗ ਇੱਕ ਪਾਸਾ ਨੀ ਕਰ ਸਕਦਾ
ਮੇਰੀ ਮਜਬੂਰੀ ਨੂੰ ਸਮਝ

ਹੁਣ ਕੱਟੜਤਾ ਨਾਲ ਕੰਮ ਨੀ ਚੱਲਦਾ
ਸਭ ਨਾ ਬਣਾ ਕੇ ਰੱਖਣੀ ਪੈਂਦੀ ਹੈ

ਤੂੰ ਫਿਕਰ ਨਾ ਕਰੀਂ
ਤੇਰਾ ਵੀ ਸਾਥ ਨੀ ਛੱਡਾਂਗੇ
ਤੇਰੇ ਗੁਰਪੁਰਬ ਮਨਾਉਂਦੇ ਰਹਾਂਗੇ
ਤੇਰੇ ਕੇਕ ਵੀ ਕੱਟਾਂਗੇ
ਸਤਾਬਦੀਆਂ ਵੀ ਮਨਾਵਾਂਗੇ
ਨਗਰ ਕੀਰਤਨ ਵੀ ਕੱਢਾਂਗੇ
ਤੇਰੀ ਪੂਰੀ ਟੌਹਰ ਬਣਾਵਾਂਗੇ
ਤੇਰਾ ਸਰੂਪ ਸੋਨੇ ਦੀ ਪਾਲਕੀ 'ਚ ਸਜਾਵਾਂਗੇ
ਤੇਰੀ ਬਾਣੀ ਪੜ੍ਹਦੇ ਰਹਾਂਗੇ

ਤੇਰੇ ਨਾਮ ਦੇ ਅਤੁੱਟ ਲੰਗਰ ਵੀ ਚੱਲਦੇ ਰਹਿਣਗੇ
ਪਰ ਸਾਨੂੰ ਸਮੇਂ ਦੇ ਹਾਣੀ ਬਣ ਕੇ ਵੀ ਚੱਲਣਾ ਪੈਣਾ
ਮਲਕ ਭਾਗੋਆਂ ਤੇ ਭਾਈ ਲਾਲੋਆਂ ਸਭ ਦਾ ਸਾਥ ਚਾਹੀਦਾ
ਤਾਂ ਹੀ ਸਭ ਵਿਕਾਸ ਹੋਵੇਗਾ
ਤਾਂ ਹੀ ਅੱਛੇ ਦਿਨ ਆਉਣਗੇ !


-ਹਰਚਰਨ ਪ੍ਰਹਾਰ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ
ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਸਰਾਭੇ ਦੇ ਸਿਰ ਤੇ ਪੱਗ ਕਿਵੇਂ ਆਈ..

**ਸਰਬਜੀਤ ਸੋਹੀ**

ਦੇਸ ਦੀ ਆਜਾਦੀ ਦੀ ਲੜਾਈ ਵਿਚ ਸਹੀਦ ਹੋਣ ਵਾਲੇ ਸੂਰਮਿਆਂ ਲਈ ਆਪਣੀ ਜਾਤ, ਖਿੱਤਾ ਅਤੇ ਧਰਮ ਆਦਿ ਦੀ ਕੋਈ ਬਹੁਤੀ ਅਹਿਮੀਅਤ ਨਹੀਂ ਸੀ। ਉਨ੍ਹਾਂ ਦੀ ਆਪਸੀ ਸਾਂਝ ਦਾ ਸੂਤਰ ਸਿਰਫ ਵਤਨ ਪ੍ਰੇਮ ਸੀ। ਇਸ ਕਰਕੇ ਹੀ 'ਬੱਬਰ ਅਕਾਲੀ' ਵਰਗੀ ਨਿਰੋਲ ਸਿੱਖ ਲਹਿਰ ਵਿਚ ਮੁਸਲਮਾਨ ਵੀ ਸਾਮਿਲ ਸਨ। ਗਦਰ ਲਹਿਰ ਵਿਚ ਭਾਵੇਂ ਸਿੱਖ/ਪੰਜਾਬੀ ਵੱਡੀ ਗਿਣਤੀ ਵਿਚ ਸਨ, ਪਰ ਇਹ ਹਿੰਦੂ-ਸਿੱਖ-ਮੁਸਲਮਾਨ ਸਾਂਝ ਤੇ ਹੀ ਉਸਾਰੀ ਗਈ ਧਾਰਮਿਕ ਪਹਿਚਾਣ ਰਹਿਤ ਪਾਰਟੀ ਸੀ। ਆਜਾਦੀ ਤੋਂ ਬਾਅਦ ਸੰਘੀਆਂ ਨੇ ਸਾਵਰਕਾਰ ਨੂੰ ਹਿੰਦੂ ਵੀਰ ਵਜੋਂ ਉਚਿਆਉਣ ਦੀ ਪੂਰੀ ਕੋਸ਼ਿ?ਸ ਕਰੀ, ਕਾਂਗਰਸ ਨੇ ਅਜਾਦੀ ਲਈ ਹੋਈ ਜਦੋ-ਜਹਿਦ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਇਤਿਹਾਸ ਨੂੰ ਆਪੇ ਤਰੀਕੇ ਨਾਲ ਲਿਖਵਾਇਆ ਅਤੇ ਪੜ੍ਹਾਇਆ। ਪੰਜਾਬ ਕੇਸਰੀ/ਲੋਹ ਪੁਰਸ ਆਦਿ ਲਕਬ ਸਕੂਲੀ ਪਾਠਕ੍ਰਮ ਰਾਹੀਂ ਪੱਕੇ ਕੀਤੇ ਗਏ। ਇਸੇ ਹੀ ਰੁਝਾਣ ਤਹਿਤ ਊਧਮ ਸਿੰਘ ਦੁਆਰਾ ਵਰਤੇ ਗਏ ਨਾਮ ਮੁਹੰਮਦ ਸਿੰਘ ਆਜਾਦ ਦੇ ਅੱਗੇ ਰਾਮ ਲਾਇਆ ਗਿਆ। ਭਗਤ ਸਿੰਘ ਦੀ ਪੱਗ ਵਾਲੀ ਪਹਿਚਾਣ ਖਤਮ ਕਰਨ ਲਈ ਉਸ ਨੂੰ ਆਰੀਆ ਸਮਾਜੀ ਅਤੇ ਟੋਪਧਾਰੀ ਬਣਾਉਣ ਲਈ ਇਕ ਮੁਹਿੰਮ ਚਲਾਈ ਗਈ। ਹਿੰਦੂਤਵੀ ਅਤੇ ਸਰਕਾਰੀ ਕੋਸ਼ਿਸ਼ਾਂ ਦੇ ਪੈਰਲਲ ਸਿੱਖਾਂ ਵਿਚ ਵੀ ਅਜਿਹੀ ਇਕ ਲਾਬੀ ਪੈਦਾ ਹੋ ਗਈ ਜੋ ਸਹੀਦਾਂ ਨੂੰ ਸਿੱਖ ਪਹਿਚਾਣ ਦੇਣ ਲਈ ਵਿਚਾਰਾਂ ਦੀ ਬਜਾਏ ਬਾਹਰੀ ਦਿੱਖ ਅਤੇ ਚਿੰਨ੍ਹਾਂ ਨੂੰ ਆਧਾਰ ਬਣਾ ਕੇ ਇਤਿਹਾਸ ਨੂੰ ਧਾਰਮਿਕ ਰੰਗਤ ਦੇਣ ਲੱਗ ਪਈ।


Department of Commerce and Labor
IMMIGRATION SERVICE
SAN FRANCISCO, CAL.

No. 22.

In the matter of the application of Kartar Singh, (Hindoo). L.P.C.

Ex. S.S. Siberia, July 28, 1912.

For admission to the UNITED STATES

A meeting of a BOARD OF SPECIAL INQUIRY ANGEL ISLAND STATION composed of July 31, 1912.
Inspector W.H. Swasey, Chrm.
Inspector A.B. Morgan.
Inspector J.A. Robinson.
Stenographer E.A. Carroll.
Interpreter Hari Singh.

Medical certificate none.

Held for SPECIAL INQUIRY by Inspector Swasey as L.P.C.
Alien sworn. By Chrm:
Data from manifest: by alien: My name is Kartar Singh, age 17; single; occupation, farmer; can read and write English; subject of England, East Indian race; last permanent residence, Sarabha, Punjab District, India; nearest relative in India, is my grandfather, Badan Singh, living at Pokhall, Ludiana Dist; destination, San Francisco.
Q. Who paid your passage? A. My grandfather.
Q. How much money have you? A. Nearly $100.
Q. Were you ever in U.S. before? A. No.
Q. Have you any relatives or friends here? A. No.
Q. What do you expect to do here? A. I will study here.
Q. Where will you study here? A. At the Berkeley University.
Q. How will you be supported while in U.S.
A. By my grandfather; he will send me the money.
Q. What is his business? A. He is a farmer; he has 300 acres of land.
Q. Have you any brothers? A. No; I am the only child.
Q. How long have you lived with your grandfather? A. My father has been dead 11 years; my mother died nearly four years ago.
Q. Where did you learn to talk English? A. In the mission high school in Ludiana district.
Q. How long did you go to school there? A. Nearly four years and I was five years in my village school.
Inspr. Robinson: Q. Do you intend to do anything but study? A. No; my grandfather will send me money every month.
Q. In what amount? A. Nearly $40. a month.
Q. What will be your address in Berkeley? A. I cant tell yet.

(2) Kartar Singh, Siberia, July 28, 1912.
Inspr. Morgan: Q. Will you work in this country? A. No.
Q. How long will you remain in U.S. A. Nearly five years.
Q. What course will you pursue in the university?
A. Electrical engineering.
Q. $40. is but a small amount of money a month to live on, is it not?
A. I can get more than $40.
Q. Will he send you more money if you need it? A. Yes.
Chairman: It is the unanimous opinion of the board that the alien be admitted.

I certify that the foregoing is a true transcript of the case.

E.A. Carroll.
Stenographer.

ਵਰਤਮਾਨ ਵਿਚ ਮੋਨੇ/ਸਿੱਖ ਵਾਲੀ ਖੇਡ ਸਰਾਭੇ ਬਾਰੇ ਵੀ ਚੱਲ ਰਹੀ ਹੈ। ਦੁੱਖ ਦੀ ਗੱਲ ਹੈ ਕਿ ਇਹ ਕੋਸ਼ਿ?ਸ ਕੁੱਝ ਪੜ੍ਹੇ ਲਿਖੇ ਕੱਟੜ ਸਿੱਖਾਂ ਵੱਲੋਂ ਕੀਤੀ ਜਾ ਰਹੀ ਹੈ ਅਤੇ ਸਾਧਾਰਨ ਸਿੱਖ ਇਸ ਧਾਰਨਾ ਨੂੰ ਅੱਗੇ ਫੈਲਾਉਣ ਵਿਚ ਲੱਗੇ ਹੋਏ ਹਨ। ਮੂਲਵਾਦੀ ਆਪਣੇ ਅੰਦਰਲੇ ਉਲਾਰ ਮੁਤਾਬਕ ਸਰਾਭੇ ਦੀ ਦਿੱਖ ਦੀ ਕਲਪਨਾ ਤੇ ਵਕਾਲਤ ਕਰ ਰਹੇ ਹਨ, ਜਦ ਕਿ ਇਸਦਾ ਉਸਦੇ ਵਿਚਾਰਾਂ ਅਤੇ ਅਮਲ ਨਾਲ ਕੋਈ ਵਾਸਤਾ ਹੀ ਨਹੀਂ ਹੈ। ਇਸ ਨਾਲ ਸਹੀਦਾਂ ਦੀ ਵੰਡ ਹੀ ਨਹੀਂ ਪੈ ਰਹੀ, ਸਗੋਂ ਉਨ੍ਹਾਂ ਦੀ ਕਿਰਦਾਰਕੁਸੀ ਵੀ ਹੋ ਰਹੀ ਹੈ। ਗਦਰੀਆਂ ਵੱਲੋਂ ਜੋ ਇਤਿਹਾਸ ਆਪ ਲਿਖਿਆ ਹੈ, ਉਹਦੇ ਵਿਚੋਂ ਇਹੋ ਵਿਚਾਰ ਉਜਾਗਰ ਹੁੰਦੇ ਨੇ ਕਿ ਉਨ੍ਹਾਂ ਦੀ ਪਹਿਚਾਣ ਹਿੰਦੁਸਤਾਨੀ ਹੈ। ਉਹਨਾਂ ਦੇ ਅਜਿਹੇ ਸਰੋਤਾਂ ਦੀ ਹੋਂਦ ਵਿਚ ਅਸੀਂ ਕੌਣ ਹਾਂ, ਉਹਨਾਂ ਨੂੰ ਸਿੱਖ, ਹਿੰਦੂ, ਮੁਸਲਮਾਨ ਜਾਂ ਆਸਤਿਕ-ਨਾਸਤਿਕ ਬਨਾਉਣ ਵਾਲੇ? ਜਿਹੜੇ ਸੱਜਣ ਗਦਰੀਆਂ ਨੂੰ ਸਿੱਖ ਸਾਬਤ ਕਰ ਕੇ ਜਾਂ ਸਰਾਭੇ ਦੇ ਸਿਰ 'ਤੇ ਪੱਗ ਸਜਾ ਕੇ, ਇਹੋ ਜਹੇ ਸਬੂਤਾਂ ਦੇ ਆਧਾਰ 'ਤੇ ਗਦਰੀਆਂ ਦੀ ਲੜਾਈ ਨੂੰ 'ਸਿੱਖ ਲੜਾਈ' ਬਣਾ ਕੇ ਪੇਸ ਕਰਨਾ ਚਾਹੁੰਦੇ ਨੇ ਉਹ ਕਦੀ ਇਹ ਬਿੰਬ ਸਥਾਪਿਤ ਨਹੀਂ ਕਰ ਸਕਣਗੇ। ਨੋਟ ਕੀਤਾ ਜਾਵੇ ਕਿ 'ਸਰਾਭੇ' ਦੀ ਇੱਕੋ ਹੀ ਫੋਟੋ ਮਿਲਦੀ ਏ ਤੇ ਉਹ ਮੋਨੇ ਸਿਰ ਵਾਲੀ ਹੈ। ਜੇ ਸੋਭਾ ਸਿੰਘ ਸਰਾਭੇ ਦੀ ਫੋਟੋ ਬਣਾਉਂਦਿਆਂ ਉਸ ਦੇ ਸਿਰ ਤੇ ਆਪਣੇ ਕੋਲੋਂ ਪੱਗ ਰੱਖ ਵੀ ਦਿੱਤੀ ਤਾਂ ਵੀ ਇਹ ਇਤਿਹਾਸ ਨਹੀਂ ਬਣ ਸਕਦਾ। ਅਸੀਂ ਇਹ ਵੀ ਨਹੀਂ ਕਹਿੰਦੇ ਕਿ ਸਰਾਭੇ ਨੇ ਕਦੀ ਪੱਗ ਨਹੀਂ ਬੰਨ੍ਹੀ ਹੋਵੇਗੀ। ਪਰ ਪੱਗ ਵਾਲੀ ਅਸਲੀ ਫੋਟੋ ਕੋਈ ਹੈ ਨਹੀਂ, ਸਭ ਫੋਟੋ ਬਣਾਈਆਂ ਹੋਈਆਂ ਹਨ। ਪੱਗ ਸਾਡੇ ਸਭਿਆਚਾਰ ਸਾਡੀ ਵਿਰਾਸਤ ਦਾ ਪ੍ਰਤੀਕ ਹੈ। ਗਦਰੀਆਂ ਨੇ ਜੇਲ੍ਹਾਂ ਵਿਚ ਪੱਗ ਬੰਨ੍ਹਣ ਦੇ ਹੱਕ ਲਈ ਸੰਘਰਸ ਵੀ ਕੀਤੇ, ਭੁੱਖ ਹੜਤਾਲਾਂ ਕੀਤੀਆਂ ਤੇ ਇਸ ਸਭਿਆਚਾਰਕ ਚਿੰਨ੍ਹ ਦੀ ਬਹਾਲੀ ਲਈ ਇਹਨਾਂ ਭੁੱਖ-ਹੜਤਾਲਾਂ ਵਿਚ ਹਿੰਦੂ ਆਖੇ ਜਾਂਦੇ ਗਦਰੀਆਂ ਨੇ ਵੀ ਹਿੱਸਾ ਲਿਆ ਸੀ। ਜੇ ਬਾਕੀ ਸਾਰੇ ਗਦਰੀ ਪੱਗ ਬੰਨ੍ਹਦੇ ਸਨ ਤਾਂ ਸਰਾਭੇ ਦੀ ਪੱਗ ਤੋਂ ਸਾਨੂੰ-ਤੁਹਾਨੂੰ ਕੀ ਤਕਲੀਫ ਹੋਣੀ ਸੀ। ਤਕਲੀਫ ਤਾਂ ਇਸ ਗੱਲ ਦੀ ਹੈ ਕਿ ਅੱਜ ਸਰਾਭੇ ਨੂੰ ਪੱਗ ਵਾਲਾ ਸਾਬਤ ਕਰ ਕੇ ਉਹਨੂੰ ਖਾਸ ਕਿਸਮ ਦਾ ਸਿੱਖ ਬਨਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਉਂਜ ਕੇਸ ਤਾਂ ਬਾਬੇ ਸੋਹਣ ਸਿੰਘ ਭਕਨੇ ਨੇ ਵੀ ਅਮਰੀਕਾ ਜਾ ਕੇ ਮੁਨਾ ਲਏ ਸਨ। ਇਹ ਸਭ ਉਨ੍ਹਾਂ ਦੀ ਕੁਰਬਾਨੀ ਅਤੇ ਵਿਚਾਰਧਾਰਾ ਤੋਂ ਬਾਹਰੀਆਂ ਗੱਲਾਂ ਹਨ। ਸਰਕਾਰੀ ਦਸਤਾਵੇਜਾਂ ਵਿਚ ਵੀ ਕਰਤਾਰ ਸਿੰਘ ਸਰਾਭੇ ਦਾ ਐੱਸ ਐੱਸ ਸਾਈਬੇਰੀਆ ਸ਼ਿ?ਪ ਵਿਚ ਸਵਾਰ ਹੋ ਕੇ ਅਮਰੀਕਾ ਜਾਣ ਲਈ ਖੁਦ ਭਰਿਆ ਗਿਆ ਹਲਫੀਆ ਬਿਆਨ ਵੀ ਇਨ੍ਹਾਂ ਅਖੌਤੀ ਦਾਵਿਆਂ ਨੂੰ ਖਾਰਜ ਕਰਦਾ ਹੈ। ਉਸ ਵਿਚ ਸਰਾਭੇ ਨੇ ਖੁਦ ਆਪਣੇ ਆਪ ਨੂੰ ਸਿੱਖ ਦੀ ਬਜਾਏ ਹਿੰਦੂ ਲਿਖਵਾਇਆ ਹੈ। ਅੱਜ ਸਾਨੂੰ ਸਰਾਭੇ ਦੀ ਦਿੱਖ, ਧਰਮ ਅਤੇ ਪਹਿਚਾਣ ਆਦਿ ਦੀ ਨਿਸਾਨਦੇਹੀ ਕਰਨ ਦੀ ਬਜਾਏ ਉਸ ਦੀ ਸੋਚ ਅਤੇ ਅਮਲ ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਸਰਾਭੇ ਦੇ ਸਿਰ ਤੇ ਪੱਗ ਰੱਖਣ ਦੀ ਬਜਾਏ ਉਸ ਪੱਗ ਥੱਲੇ ਮੌਜੂਦ ਨਾਬਰ ਸਿਰ ਤੇ ਉਸ ਸਿਰ ਵਿੱਚ ਮੌਜੂਦ ਰੌਸਨ ਦਿਮਾਗ ਵਿੱਚੋਂ ਨਿਕਲੇ ਸਬਦਾਂ ਨੂੰ ਸਨਮੁੱਖ ਰੱਖਣਾ ਪਵੇਗਾ। ਕੱਟੇ ਹੋਏ ਵਾਲਾਂ ਵਾਲਾ ਕਰਤਾਰ ਸਿੰਘ ਸਰਾਭਾ ਤੁਫਾਨਾਂ ਦਾ ਸਾਹ ਅਸਵਾਰ ਸੀ,

ਆਓ ਉਸ ਨੂੰ ਉਸ ਦੇ ਉਸੇ ਹੀ ਰੂਪ ਵਿਚ ਚਿਤਵਦੇ ਹੋਏ ਨਮਨ ਕਰੀਏ !

**ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।**
**ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,**
**ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।**



ਚਿੱਤਰਕਾਰ ਸ਼ੋਭਾ ਸਿੰਘ ਵੱਲੋਂ ਬਣਾਈ ਗਈ
ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਕਾਲਪਨਿਕ ਤਸਵੀਰ

# ਰੰਗਮੰਚ ਕਾਰਵਾਂ ਦੀ ਚੜ੍ਹਦੀ ਕਲਾ !!!

**ਬਲਜਿੰਦਰ ਸਿੰਘ ਪਟਿਆਲਾ**

ਮੁਕਤਸਰ ਇਤਿਹਾਸਕ ਜ਼ਿਲ੍ਹਾ ਹੈ..ਗੁਰੂਆਂ ਦੀ ਚਰਨ ਛੋਹ..ਮੁਕਤਿਆਂ ਦੀ ਕਰਮ ਭੂਮੀ..ਪਰ ਇਸੇ ਜ਼ਿਲੇ 'ਚ ਇਕ ਸਾਬਕਾ ਮੁੱਖ ਮੰਤਰੀ ਦੇ ਸੈਂਕੜੇ ਘੋੜਿਆਂ ਦੇ ਤਬੇਲੇ ਵੀ ਨੇ..ਸਰਾਏ ਨਾਗਾ 'ਚ..ਉਸੇ ਸਰਾਏ ਨਾਗਾ ਦੇ ਨੇੜੇ ਤੇੜੇ ਪਹਿਲਾਂ ਭੁੱਟੀਵਾਲਾ ..ਤੇ ਫੇਰ ਬਾਅਦ ਦੁਪਹਿਰ ਮੁਕਤਸਰ ਦੇ ਲਾਗੇ ਪਿੰਡ ਭਾਗਸਰ ਕਾਰਵਾਂ ਪਹੁੰਚਿਆ ..ਕਿਰਤੀ ਲੋਕਾਂ ਕੋਲ..ਉਹ ਲੋਕ ਸਾਬਕਾ ਮੁੱਖ ਮੰਤਰੀ ਦੇ ਘੋੜਿਆਂ ਵਲ ਹਸਰਤ ਭਰੀ ਨਿਗਾ ਨਾਲ ਦੇਖਦੇ ਹੋਣਗੇ..ਉਹਨਾਂ ਨੂੰ ਤਾਂ ਖੁਦ ਜ਼ਿੰਦਗੀ ਨੇ ਭਾਰ ਢੋਣ ਤੇ ਲਗਾਤਾਰ ਦੌੜਨ ਵਾਲੇ ਘੋੜੇ ਬਣਾ ਧਰਿਆ ਹੈ..ਇਹਨਾਂ ਕਿਰਤੀ ਘੋੜਿਆਂ ਦੇ ਪੈਰ ਏਨੇ ਸਖਤ ਕਿ ਜੋਰ ਨਾਲ ਪੱਬ ਮਾਰਨ ਤਾਂ ਮਿੱਟੀ 'ਚ ਖੂਹ ਪੁੱਟ ਦੇਣ..ਪਰ ਇਹ ਪੈਰ ਪਰਾਈਆਂ ਜਮੀਨਾਂ 'ਚ ਭੌਂਚਲਦੇ ਫਿਰਦੇ ਨੇ..ਵਿਤਕਰੇ ਮਾਰੇ ਇਹਨਾਂ ਕਿਰਤੀਆਂ ਦੇ ਵੱਡੇ ਇਕੱਠ ਸਾਹਮਣੇ ਪਿੰਡ 'ਭਾਗਸਰ' ਵਿਖੇ ਨਾਟਕ ਖੇਡਿਆ "ਲੱਛੂ ਕਬਾੜੀਆ"!



ਕਿਰਤੀਆਂ ਦਾ ਚਾਅ ਵੇਖਣ ਵਾਲਾ..ਪ੍ਰਬੰਧ 'ਚ ਭੱਜੇ ਫਿਰਦੇ..ਜੀਦਾ ਗੀਤ ਗਾ ਰਿਹੈ..ਕੰਡਿਆਰਾ ਵਿਹੜੇ ਵਾਲੇ ਮੁੰਡੇ ਦਾ ਗੌਣ ਗਾ ਰਿਹੈ..ਨਾਟਕ ਸੁਰੂ ਹੁੰਦਾ ...ਕਿਸੇ ਆਡੀਟੋਰੀਅਮ ਵਰਗੀ ਚੁੱਪ..ਲੱਛੂ ਤੇ ਮਿੰਦੀ ਦੀ ਸੁਹਾਗਰਾਤ ਦਾ ਦ੍ਰਿਸ..ਸਾਹਮਣੇ ਬੈਠੇ ਲੱਛੂ ਵੀ ਦੇਖ ਰਹੇ ਨੇ..ਮਿੰਦੀਆਂ ਵੀ ਨਜ਼ਰ ਟਿਕਾਈ ਬੈਠੀਆਂ..ਸਾਹ ਰੋਕ ਕੇ..ਸਿਰੇ ਚੜ੍ਹ ਜਾਊ ਸੁਹਾਗਰਾਤ ਕਿ ਨਹੀਂ!..ਸਾਹਮਣੇ ਉਹ ਵੀ ਬੈਠੇ ਨੇ ਜਿਹਨਾਂ ਦੇ ਵਿਆਹ ਤੋਂ ਪਹਿਲਾਂ ਘਰ 'ਚ ਇਕ ਕਮਰਾ ਨਵਾਂ ਬਣਾ 'ਤਾ ਜਾਂਦਾ ..ਜਾਂ ਕੋਈ ਕਮਰਾ ਰਾਖਵਾਂ ਕਰ 'ਤਾ ਜਾਂਦਾ ..ਭਾਗਸਰ ਦੇਖ ਰਿਹੈ..ਲੱਛੂ ਤੇ ਮਿੰਦੀ ਰਿੱਝ ਰਹੇ ਨੇ..ਘਰ ਘਰ ਨਹੀਂ ਇਕ ਕਮਰਾ ਹੈ..ਬੀਬੀ ਬਾਪੂ ਵੀ ਪਏ ਨੇ.ਮੱਝ ਵੀ ਖੜ੍ਹੀ ਐ..ਵਿਚਾਲੇ ਪੱਲੀ ਤਣੀ ਐ..ਪੱਲੀ ਕਿਨਾ ਕੁ ਪਰਦਾ ਕਰ ਲਊ..ਸਾਹਮਣੇ ਬੈਠੇ ਕਿਰਤੀ ਲੋਕ ਜਾਣਦੇ ਨੇ..ਹੰਝੂਆਂ ਦਾ ਮੀਂਹ ਦੇਖ ਰਿਹਾ ਮੈਂ ਆਪਣੇ ਸਾਹਮਣੇ...ਇਹ ਹੰਝੂ ਅੰਤ ਤਕ ਗਰਮਾਇਸ ਹਾਸਿਲ ਕਰਦੇ ..ਤੇ ਵੰਗਾਰਦੇ!

ਸਿਖਰ ਉਦੋਂ ਹੋਇਆ ਜਦ ਇਕ ਕਿਸਾਨ ਆਗੂ ਇਹ ਨਾਟਕ ਦੇਖ ਕੇ ਕਹਿੰਦਾ, "ਬਾਈ ਸਿਆਂ ਕਪਾਟ ਖੋਲ੍ਹਤੇ!"...ਲੱਗਾ ਕਿ ਨਾਟਕ ਦਾ ਸੰਦੇਸ ਸਹੀ ਪਕੜ 'ਚ ਆ ਗਿਆ ਹੈ..ਬਖਤਾਵਰ ਦੀ ਡਾਂਗ ਤੇ ਲੱਛੂ ਦੀ ਹਾਕੀ..ਇਕੋ ਈ ਲੱਕੜ ਦੇ ਬਣੇ ਹੋਏ ਨੇ..ਤੂਤ ਦੇ ਮੋਛੇ 'ਚੋਂ ਈ ਨਿਕਲੇ ਨੇ..!

ਕਾਰਵਾਂ ਮੁਕਤਸਰ 'ਚ ਹੀ ਹੈ ਅਜੇ..ਆ ਜਾਓ..ਹਿੱਸਾ ਬਣੋ!


ਅਰਥ ਭਰਪੂਰ ਸਫਰ 'ਤੇ
ਸਾਹਿਬ ਸਿੰਘ

Gill
Truck & Trailer Repair
& Mobile Service
Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com



Paul Dosanjh
Sales Representative

FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਚੁਰਾਸੀ ਤੋਂ ਬਾਅਦ ਜੰਮਿਆਂ ਲਈ

**ਸਰਬਜੀਤ ਸੋਹੀ**

ਪੰਜਾਬ ਵਿਚ ਮੁੜ ਸਿਰ ਚੁੱਕ ਰਹੀਆਂ ਤੱਤੀਆਂ ਹਵਾਵਾਂ ਦੇ ਦਰਮਿਆਨ ਤੱਤੀ ਤਾਸੀਰ ਵਾਲਾ ਲਹੂ ਫਿਰ ਉਬਾਲੇ ਮਾਰ ਰਿਹਾ ਹੈ, ਖਾਸ ਕਰ ਜੋ ਨੱਬੇ ਦੇ ਲਾਗੇ ਸਾਗੇ ਅਜੇ ਦੁੱਧ ਚੁੰਘਿਆ ਕਰਦੇ ਸਨ ਜਾ ਅਜੇ ਦੁਨੀਆਂ ਵਿਚ ਆਏ ਹੀ ਨਹੀਂ ਸਨ। ਜਿਨ੍ਹਾਂ ਵੀ ਪਰਿਵਾਰਾਂ ਨੂੰ ਉਸ ਕਾਲੇ ਦੌਰ ਵਿਚ ਕਿਸੇ ਵੀ ਪਾਸੇ ਤੋਂ ਸੇਕ ਲੱਗਾ ਹੈ, ਉਹ ਉਸ ਦੌਰ ਨੂੰ ਦੁਹਰਾਏ ਜਾਣ ਬਾਰੇ ਸੋਚ ਵੀ ਨਹੀਂ ਸਕਦੇ। ਅਪ੍ਰੈਲ 1978 ਵਿਚ ਸੂਰੂ ਹੋਇਆ ਨਿਰੰਕਾਰੀ/ਸਿੱਖ ਵਿਵਾਦ ਸਾਡੇ ਵੇਂਹਦਿਆਂ ਵੇਂਹਦਿਆਂ ਹੀ ਹਿੰਦੂ/ਸਿੱਖ ਵਿਰੋਧ ਵਿਚ ਬਦਲ ਗਿਆ। ਮਾਝੇ ਦੇ ਪਿੰਡਾਂ ਵਿੱਚੋਂ ਹਿੰਦੂਆਂ ਦੀ ਹਿਜਰਤ ਸੂਰੂ ਹੋ ਗਈ। 1981 ਤੋਂ ਲੈ ਕੇ ਜੂਨ 84 ਤੱਕ ਲੜੀਵਾਰ ਕਤਲ, ਬੰਬ ਧਮਾਕੇ, ਬੈਂਕ ਡਕੈਤੀਆਂ, ਜਹਿਰੀਲੇ ਬਿਆਨ, ਧਮਕੀਆਂ, ਰੇਲ ਪੱਟੜੀਆਂ ਦੀ ਤੋੜ ਫੋੜ, ਪੰਜਾਬ ਬੰਦ ਅਤੇ ਅਗਜਨੀ ਦੀਆਂ ਘਟਨਾਵਾਂ ਆਦਿ ਜਾਰੀ ਰਹੀਆਂ। ਅੰਮ੍ਰਿਤਸਰ ਵਿਚ ਡਰਨ ਵਾਲਿਆਂ ਅਤੇ ਮਾਰਨ-ਮਰਨ ਵਾਲਿਆਂ ਦੇ ਸਿਰਾਂ ਤੇ ਕੇਸਰੀ ਦਸਤਾਰਾਂ ਦਾ ਹੜ੍ਹ ਆਇਆ ਪਿਆ ਸੀ। ਕਤਲੋਗਾਰਤ ਕਰਨ ਵਾਲੇ ਝੁੰਡ ਦਰਬਾਰ ਸਾਹਿਬ ਤੋਂ ਨਿਕਲਦੇ ਤੇ ਬੇਦੋਸ਼ਿ?ਆਂ ਦੇ ਲਹੂ ਵਿਚ ਹੱਥ ਰੰਗ ਕੇ ਮੁੜ ਗੁਰੂ ਨਾਨਕ ਨਿਵਾਸ ਅਤੇ ਗੁਰੂ ਰਾਮ ਦਾਸ ਸਰਾਂ ਵਿਚ ਸੁਰੱਖਿਅਤ ਪਰਤ ਆਉਂਦੇ। ਦਰਬਾਰ ਸਾਹਿਬ ਵਿਚ ਰੋਜ ਆਉਣ ਵਾਲੇ ਆਮ ਸਰਧਾਲੂਆਂ ਦੀ ਗਿਣਤੀ ਘੱਟਣ ਲੱਗੀ, ਪਰ ਅੰਨ੍ਹੇ ਨਿਸਾਨਚੀਆਂ ਦੀ ਤਦਾਦ ਵੱਧਦੀ ਗਈ। ਪੰਜਾਬ ਵਿਚ ਦਹਿਸਤ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਸੀ, ਦਰਬਾਰ ਸਾਹਿਬ ਦੇ ਆਲੇ-ਦੁਆਲੇ ਅਤੇ ਹਦੂਦ ਵਿੱਚ ਗੋਲਾਬਾਰੀ ਅਤੇ ਕਤਲ ਦੀਆਂ ਵਾਰਦਾਤਾਂ ਆਮ ਹੋ ਗਈਆਂ। ਪੰਜਾਬ ਵਿੱਚ ਸਾਮ ਢਲਦਿਆਂ ਹੀ ਸਹਿਮ ਪਸਰ ਜਾਂਦਾ। ਘਰੋਂ ਨਿਕਲੇ ਹਰ ਬੰਦੇ ਦਾ ਸਾਮ ਨੂੰ ਆਪਣੇ ਘਰ ਪਰਤ ਆਉਣਾ ਕੋਈ ਜਰੂਰੀ ਨਹੀਂ ਸੀ। ਪੱਗ ਅਤੇ ਦਾਹੜੀ ਬਿਨਾ ਫ਼ਿ?ਰਕੂ ਝਟਕਈਆਂ ਕੋਲੋਂ ਰੱਬ ਵੀ ਬੰਦਿਆਂ ਦਾ ਬਚਾਅ ਨਹੀਂ ਕਰ ਸਕਦਾ ਸੀ। ਪ੍ਰਸਾਸਨ ਮੂਲਵਾਦੀਆਂ ਅੱਗੇ ਨਿਰਮੂਲ ਹੋ ਕੇ ਗੋਡੇ ਟੇਕ ਚੁੱਕਾ ਸੀ। ਪੰਜਾਬ ਵਿੱਚ ਦਹਿਸਤ ਦਾ ਮਾਹੌਲ ਸਿਰਜਿਆ ਦਾ ਰਿਹਾ ਸੀ, ਸਦੀਆਂ ਪੁਰਾਣੀ ਹਿੰਦੂ/ਸਿੱਖ ਸਾਂਝ ਖੱਖੜੀਆਂ ਕਰ ਦਿੱਤੀ ਗਈ। ਰੋਜ ਵਾਂਗ 22 ਫਰਵਰੀ ਦਾ ਦਿਨ ਚੜ੍ਹਿਆ ਅਤੇ ਲੋਕ ਕੰਮਾਂ-ਕਾਰਾਂ ਅਤੇ ਦੁਕਾਨਦਾਰੀ ਲਈ ਘਰੋਂ ਨਿਕਲੇ ਸਨ। ਅੰਮ੍ਰਿਤਸਰ ਸਹਿਰ ਤੋਂ ਵਾਹਘੇ ਵਾਲੇ ਪਾਸੇ ਹਿੰਦ-ਪਾਕ ਬਾਡਰ ਤੇ ਗੁਰਬਖਸ ਸਿੰਘ ਪ੍ਰੀਤਲੜੀ ਨੇ ਪ੍ਰੀਤਨਗਰ ਸਹਿਰ ਵਸਾਇਆ ਸੀ। ਇਸ ਕਲਾ ਅਤੇ ਸਾਹਿਤ ਦੇ ਮੱਕੇ ਵਿਚ ਉਹਨਾਂ ਦਾ ਪਰਿਵਾਰ ਅਤੇ ਹੋਰ ਸਾਹਿਤਕ ਹਸਤੀਆਂ ਅੱਜ ਵੀ ਰਹਿੰਦੀਆਂ ਹਨ। ਪੰਜਾਬੀ ਸਾਹਿਤ ਦੀ ਅਜੀਮ ਹਸਤੀ ਅਤੇ ਪਿਆਰ ਦੇ ਦਰਵੇਸ ਦੂਤ ਗੁਰਬਖਸ ਸਿੰਘ ਪ੍ਰੀਤਲੜੀ ਦੇ ਪੋਤਰੇ ਰੱਤੀ ਕੰਤ ਸਿੰਘ ਅਤੇ ਸੁਮੀਤ ਸਿੰਘ ਏਥੇ ਹੀ ਰਹਿੰਦੇ ਸਨ। ਸੁਮੀਤ ਸਿੰਘ ਉਸ ਵੇਲੇ ਪ੍ਰੀਤਲੜੀ ਮੈਗਜੀਨ ਦਾ ਸੰਪਾਦਕ ਵੀ ਸੀ। ਉਸ ਦਿਨ ਸੁਮੀਤ ਨੇ ਆਪਣੇ ਭਰਾ ਰੱਤੀ ਕੰਤ ਨੂੰ ਕਿਹਾ ਕਿ ਮੈਂ ਨਵਾਂ ਕੁਰਤਾ/ਪਜਾਮਾ ਲੈਣਾ ਹੈ, ਚੱਲ ਦੋਵੇਂ ਭਰਾ ਲੋਪੋਕੇ ਨੂੰ ਚੱਲੀਏ। ਦੋਵੇਂ ਭਰਾ ਨਾਲ ਹੀ ਪੈਂਦੇ ਲੋਪੋਕੇ ਕਸਬੇ ਵਿੱਚ ਚਲੇ ਗਏ। ਉਸ ਵੇਲੇ ਪੰਜਾਬ ਦੇ ਹਾਲਾਤ ਪੂਰੇ ਤਨਾਅ ਪੂਰਨ ਬਣੇ ਹੋਏ ਸਨ। ਉਨ੍ਹਾਂ ਦੇ ਉੱਥੇ ਪਹੁੰਚਦਿਆਂ ਹੀ ਬਾਜਾਰ ਦੇ ਇਕ ਪਾਸੇ ਤੋਂ ਗੋਲੀਆਂ ਚੱਲਣੀਆਂ ਸੂਰੂ ਹੋ ਗਈਆਂ। ਫ਼ਿ?ਰਕੂ ਜਨੂੰਨੀਆਂ ਦਾ ਇਕ ਟੋਲਾ ਹੱਥਾਂ ਵਿੱਚ ਸਟੇਨ ਗੰਨਾਂ ਲੈ ਕੇ ਅੰਨ੍ਹੇਵਾਹ ਗੋਲੀਆਂ ਚਲਾ ਰਿਹਾ ਸੀ। ਜੋ ਵੀ ਵਾਲ ਕੱਟਿਆਂ ਵਾਲਾ ਬੰਦਾ ਉਹਨਾਂ ਨੂੰ ਨਜ਼ਰ ਆਉਂਦਾ, ਉਹ ਉਸ ਤੇ ਫਾਇਰਿੰਗ ਸੂਰੂ ਕਰ ਦਿੰਦੇ। ਗੋਲੀਆਂ ਦੀ ਬੁਛਾਰ ਕਰਦਿਆਂ ਕਰਦਿਆਂ ਉਹਨਾਂ ਦੇ ਅੱਗੇ ਸੁਮੀਤ ਤੇ ਰੱਤੀ ਕੰਤ ਦੋਵੇਂ ਭਰਾ ਆ ਗਏ। ਜਦੋਂ ਉਹ ਸੁਮੀਤ ਨੂੰ ਮਾਰਨ ਲੱਗੇ ਤਾਂ ਰੱਤੀ ਕੰਤ ਅੱਗੇ ਹੋ ਗਿਆ। ਦੋਹਾਂ ਭਰਾਵਾਂ ਨੇ ਉਹਨਾਂ ਨੂੰ ਬਹੁਤ ਸਮਝਾਇਆ ਕਿ ਅਸੀਂ ਦੋਵੇਂ ਪ੍ਰਸਿੱਧ ਸਾਹਿਤਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪੋਤਰੇ ਹਾਂ (ਸਾਇਦ ਉਹ ਪ੍ਰੀਤਲੜੀ ਹੁਰਾਂ ਬਾਰੇ ਜਾਣਦੇ ਵੀ ਨਹੀਂ ਹੋਣਗੇ) ਉਹਨਾਂ ਨੇ ਕਿਹਾ ਸਾਡੇ 'ਚੋਂ ਇੱਕ ਪੱਗ ਬੰਨ੍ਹਦਾ ਹੈ ਅਤੇ ਦੂਸਰਾ ਮੋਨਾ ਹੈ। ਪਰ ਦਹਿਸਤਗਰਦਾਂ ਲਈ ਤਾਂ ਸਿੱਖ ਦੀ ਪਹਿਚਾਣ ਹੀ ਦਾਹੜੀ-ਪੱਗ ਸੀ। ਉਹ ਕਹਿੰਦੇ ਕਿ ਇਹ ਤੇਰਾ ਭਰਾ ਲੱਗਦਾ ਹੀ ਨਹੀਂ,



ਰਤੀ ਕੰਤ ਸਿੰਘ — ਮਰਹੂਮ ਸੁਮੀਤ ਸਿੰਘ

ਇਹ ਸਿੱਖ ਨਹੀਂ ਹੈ। ਉਹਨਾਂ ਦੋਵਾਂ ਨੇ ਬਹੁਤ ਸਮਝਾਇਆ, ਪਰ ਉਹਨਾਂ ਨੇ ਬੇਰਹਿਮ ਹੁੰਦਿਆਂ ਇਕ ਭਰਾ ਦੇ ਸਾਹਮਣੇ ਇਕ ਭਰਾ ਨੂੰ ਗੋਲੀਆਂ ਮਾਰ ਦਿੱਤੀਆਂ। ਰੱਤੀ ਕੰਤ ਦੇ ਮਨ ਤੇ ਇਸ ਹੌਲਨਾਕ ਮੰਜਰ ਦਾ ਅਸਰ ਸਾਰੀ ਉਮਰ ਨਾ ਜਾ ਸਕਿਆ। ਇਕ ਜਹੀਨ ਇਨਸਾਨ ਜੱਲਾਦਾਂ ਦੀ ਫਿਰਕੂ ਪਹੁੰਚ ਦੀ ਭੇਟ ਚੜ ਗਿਆ। ਇਸ ਕਾਂਡ ਬਾਰੇ ਕਵੀ ਭੂਸ਼ਨ ਨੇ ਇਹ ਕਵਿਤਾ ਲਿਖੀ ਸੀ:-

**ਪੰਜਾਬ ਦੀ ਚਿੱਠੀ (ਅੰਮ੍ਰਿਤਾ ਪ੍ਰੀਤਮ ਨੂੰ)**

ਫਰਵਰੀ ਦੀ ਬਾਈ, ਸ਼ਾਮੀ ਸੱਤ ਵਜੇ ਟੈਮ ਏ
ਗੌਰਮਿੰਟ ਰਾਜੀ ਬਾਜੀ, ਮੋਰਚਾ ਵੀ ਕੈਮ ਏ
ਕਰਫਿਊ ਦੀ ਢਿੱਲ ਵੇਲੇ, ਖ਼ੂਬ ਗਹਿਮਾ ਗਹਿਮ ਏ
ਖੈਰੀਂ ਮਿਹਰੀਂ ਵੱਸਦੇ ਆਂ, ਬੱਸ ਉਹਦਾ ਰਹਿਮ ਏ
ਦੀਦੀ ! ਸਾਡੇ ਘਰਾਂ ਦੀਆਂ ਕੰਧਾਂ ਵਿਚ ਸਹਿਮ ਏ

ਵਿਹੜੇ ਵਿੱਚ ਬੈਠੀਆਂ ਦੋ ਭੈਣਾਂ ਗੱਲਾਂ ਕਰਦੀਆਂ
ਅੱਗ ਦੀ ਬਹਾਰ 'ਚ, ਮਸੂਮ ਜਿੰਦਾਂ ਠਰਦੀਆਂ
ਪਤਾ ਨਹੀਂ, ਕਦੋਂ ਤੀਕ ਰਹਿਣੀਆਂ ਨੇ ਸਰਦੀਆਂ

ਮੌਸਮਾਂ 'ਚ ਠੰਡ ਏ ਤੇ ਦਿਲਾਂ ਵਿੱਚ ਅੱਗ ਏ
ਬੰਦੇ ਦੀ ਪਛਾਣ ਏਥੇ ਬੱਸ ਦਾੜ੍ਹੀ-ਪੱਗ ਏ
ਚੰਦਰਾ ਗੁਆਂਢ, ਘਰ ਵਾਲਾ ਲਾਈ-ਲੱਗ ਏ
ਅੱਖਰਾਂ 'ਚ ਅੱਥਰੂ ਨੇ, ਖਬਰਾਂ 'ਚ ਖ਼ੂਨ ਏ
ਕੁੱਕੜਾਂ ਦੇ ਖੁੱਡਿਆਂ 'ਚ ਦੁਬਕਿਆ ਕਨੂੰਨ ਏ
ਦਿਲਾਂ 'ਚ ਕੀਨੇ-ਸਾੜੇ, ਸਿਰਾਂ 'ਚ ਜਨੂੰਨ ਏ

ਵੇਖੀਂ ਜਰਾ ਸੁਰਖੀ ਕੀ ਛਪੀ ਅਖਬਾਰ 'ਤੇ
ਡਿੱਗ ਪਈ ਚਬੂਤਰੇ ਤੋਂ, ਗੁੱਸਾ ਚੌਕੀਦਾਰ 'ਤੇ
ਕਿੰਨੇ ਸਾਰੇ ਬੰਦੇ ਇੱਕ ਬੱਸ 'ਚੋਂ ਉਤਾਰ 'ਤੇ
ਬੱਸ ਤੋਂ ਉਤਾਰ ਕੇ ਤੇ ਲੈਣ 'ਚ ਖਲ੍ਹਾਰ 'ਤੇ
ਬਿਨਾਂ ਕਿਸੇ ਗੱਲ ਤੋਂ ਮਸੂਮ ਬੰਦੇ ਮਾਰ 'ਤੇ
ਗੜਿਆਂ ਦੀ ਮਾਰ ਪੈਂਦੀ ਪੰਖੀਆਂ ਦੀ ਡਾਰ 'ਤੇ
'ਸੀਤ ਪਰਸਾਦ' ਮਿਲੇ ਗੁਰੂ ਦੇ ਦੁਆਰ 'ਤੇ

ਦੀਦੀ ! ਇੰਜ ਰੋਜ ਈ ਬੇਦੋਸ਼ ਜਿੰਦਾਂ ਮਰਦੀਆਂ
ਉੱਬਲੇ 'ਵੇ ਪਾਣੀ ਵਿੱਚ ਮੱਛੀਆਂ ਨੇ ਤਰਦੀਆਂ
ਸੜਕਾਂ 'ਤੇ ਪਲਟਣਾਂ ਪਰੇਟ ਪਈਆਂ ਕਰਦੀਆਂ

ਪਤਾ ਨਹੀਂ, ਸਾਨੂੰ ਲੜੀ ਕਿਹੋ ਜਿਹੀ ਪ੍ਰੀਤ ਐ
ਗੀਤ ਜਹਿਰੀ ਲੱਗਦੇ ਨੇ, ਡਸਦਾ ਸੰਗੀਤ ਐ
ਅਸੀਂ ਜਿਊਂਦੇ ਜਾਗਦੇ ਆਂ, ਮਰ ਗਿਆ ਸੁਮੀਤ ਐ
ਬਾਕੀ ਸਭ ਠੀਕ ਐ, ਬਾਕੀ ਸਭ ਠੀਕ ਐ !

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਰਹੀ

**ਅਦਾਰਾ ਸਰੋਕਾਰਾਂ ਦੀ ਆਵਾਜ਼**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਹੀਨਾਵਾਰ ਮੀਟਿੰਗ ਕੋਸੋ ਦੇ ਹਾਲ ਵਿੱਚ 19 ਨਵੰਬਰ ਨੂੰ ਹੋਈ ਜਿਸ ਦਾ ਆਗਾਜ ਕਰਦਿਆਂ ਜਨਰਲ ਸਕੱਤਰ ਮੰਗਲ ਚੱਠਾ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਪ੍ਰਧਾਨ ਬਲਵੀਰ ਗੋਰਾ, ਅਗਾਂਹਵਧੂ ਲੇਖਕ ਜਗਦੀਸ ਚੋਹਕਾ ਜੀ ਅਤੇ ਅਧਿਆਤਮਕ ਲੇਖਿਕਾ ਗੁਰਦੀਸ ਗਰੇਵਾਲ ਨੂੰ ਬੈਠਣ ਦਾ ਸੱਦਾ ਦਿੱਤਾ। ਇਸ ਮੌਕੇ ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀਆਂ ਵਧਾਈਆਂ ਦਿੱਤੀਆਂ ਅਤੇ ਨਾਲ ਹੀ ਕਰਤਾਰ ਸਿੰਘ ਸਰਾਭਾ ਦੇ ਸਹੀਦੀ ਦਿਵਸ ਤੇ ਉਹਨਾਂ ਨੂੰ ਯਾਦ ਕੀਤਾ ਗਿਆ ਅਤੇ 84 ਦੇ ਮੰਦਭਾਗੇ ਵਰਤਾਰੇ ਦੀ ਗੱਲ ਵੀ ਛੋਹੀ ਗਈ ਸੋਕ ਮਤੇ ਸਾਂਝੇ ਕਰਦਿਆਂ ਸੂਫੀ ਅਮਰਜੀਤ, ਪੰਜਾਬੀ ਨਾਵਲਕਾਰ ਤੇ ਕਹਾਣੀਕਾਰ ਨਿੰਦਰ ਗਿੱਲ ਅਤੇ ਪੰਜਾਬੀ ਫਿਲਮ ਅਦਾਕਾਰਾ ਦਲਜੀਤ ਕੌਰ ਦੇ ਸਦੀਵੀ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ

ਰਚਨਾਵਾਂ ਦੇ ਦੌਰ ਵਿਚ ਜਗਦੀਸ ਚੋਹਕਾ ਜੀ ਅਤੇ ਦਿਲਾਵਰ ਸਿੰਘ ਸਮਰਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਤੇ ਬਹੁਤ ਹੀ ਵਿਸਥਾਰ ਸਾਹਿਤ ਚਾਨਣਾ ਪਾਇਆ ਗੁਰਦੀਸ ਗਰੇਵਾਲ ਨੇ 'ਮੈਂ ਨਾਨਕ ਦਾ ਪੈਰੋਕਾਰ', ਤਰਲੋਚਨ ਸੈਂਬੀ ਨੇ ਚਰਨ ਸਿੰਘ ਸਫਰੀ ਦਾ 'ਤੇਰਾ ਤੇਰਾ ਬੋਲਦਾ', ਹਰਕੰਵਲਜੀਤ ਸਾਹਿਲ ਜੀ ਨੇ ਬਾਣੀ ਦੀਆਂ ਕੁਝ ਪੰਕਤੀਆਂ ਅਤੇ ਜੱਗ ਪੰਜਾਬੀ ਟੀਵੀ ਦੇ ਸਤਵਿੰਦਰ ਸਿੰਘ ਜੀ ਨੇ ਸਿੱਖ ਧਰਮ ਬਾਰੇ ਕੁਝ ਵਿਚਾਰ ਸਾਂਝੇ ਕੀਤੇ ਰਾਜਿੰਦਰ ਕੌਰ ਚੋਹਕਾ ਨੇ ਕਰਤਾਰ ਸਿੰਘ ਸਰਾਭਾ ਦੇ ਜੀਵਨੀ ਦਾ ਵਿਖਿਆਣ ਕੀਤਾ। ਜਸਵੀਰ ਸਿੰਘ ਸਹੋਤਾ ਨੇ ਡਾਕਟਰ ਗੰਡਾ ਸਿੰਘ ਬਾਰੇ ਜਾਣਕਾਰੀ ਦਿੱਤੀ। ਬਲਜਿੰਦਰ ਸੰਘਾ ਨੇ ਸਮਾਜ ਚ ਆਏ ਨਿਘਾਰ ਤੇ ਵਿਅੰਗਮਈ ਕਵਿਤਾ, ਸਰਬਜੀਤ ਉੱਪਲ ਨੇ 'ਆਪੇ ਹੰਝੂ ਪੂੰਝ ਵੇ ਬੀਬਾ' ਅਤੇ ਮਨਮੋਹਨ ਸਿੰਘ ਬਾਠ ਨੇ ਪੁਰਾਣਾ ਫਿਲਮੀ ਗੀਤ ਸੁਣਾ ਸਭ ਦਾ ਮਨੋਰੰਜਨ ਕੀਤਾ। ਇਸਤੋਂ ਇਲਾਵਾ ਜਰਨੈਲ ਸਿੰਘ ਤੱਗੜ, ਸੁਖਵਿੰਦਰ ਤੂਰ, ਸ਼ਿਵ ਕੁਮਾਰ ਸਰਮਾ, ਪਰਮਜੀਤ ਕੌਰ , ਤਲਵਿੰਦਰ ਸਿੰਘ ਟੋਨੀ, ਜਗਜੀਤ ਸਿੰਘ ਰੈਹਸੀ ਅਤੇ ਨਿਰਮਲ ਸਿੰਘ ਧਾਲੀਵਾਲ ਨੇ ਆਪਣੀਆਂ ਰਚਨਾਵਾਂ ਨਾਲ ਸਭਾ ਦੀ ਮੀਟਿੰਗ ਵਿੱਚ ਸਾਨਦਾਰ ਹਾਜਰੀ ਲਗਵਾਈ। ਇਸ ਮੌਕੇ ਰਵਿੰਦਰ ਪਾਲ ਸਿੰਘ, ਸਾਧੂ ਸਿੰਘ ਜੱਸਲ, ਸੁਖਦਰਸਨ ਸਿੰਘ ਜੱਸਲ, ਦਵਿੰਦਰ ਮਲਹਾਂਸ ਅਤੇ ਅਵਤਾਰ ਕੌਰ ਤੱਗੜ ਸਾਮਿਲ ਸਨ ।











# ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ




ਤੇਗ ਦੇ ਧਨੀ ਹੋਣ ਦੇ ਬਾਵਜੂਦ ਗੁਰੂ ਤੇਗ ਬਹਾਦਰ ਜੀ ਨੇ ਸਮੇਂ ਦੇ ਮੁਸਲਿਮ ਫਿਰਕੂ ਤਾਨਾਸਾਹ ਜਾਲਮ ਔਰੰਗਜੇਬ ਖਿਲਾਫ ਮਨੁੱਖੀ ਹੱਕਾਂ ਦੀ ਰਾਖੀ ਲਈ ਮਨੁੱਖਤਾਵਾਦੀ ਵਿਚਾਰਧਾਰਕ ਪੈਂਤੜੇ ਤੋਂ ਆਪਾਵਾਰੂ ਸੰਘਰਸ ਕੀਤਾ। ਜਬਰੀ ਧਰਮ ਬਦਲੀ ਕਰਨ ਵਿਰੁੱਧ 'ਤਿਲਕ ਜੰਜੂ ਦਾ ਰਾਖਾ' 'ਹਿੰਦ ਦੀ ਚਾਦਰ' ਬਣ ਕੇ ਖੁਦ ਚਾਂਦਨੀ ਚੌਕ ਦਿੱਲੀ ਜਾ ਕੇ ਸੀਸ ਕਟਾਇਆ।

ਅੱਜ ਉਨ੍ਹਾਂ ਦੇ ਸਹੀਦੀ ਦਿਹਾੜੇ ਮੌਕੇ ਮੁਗਲ ਸਾਮਰਾਜ ਦੀਆਂ ਜੜ੍ਹਾਂ ਪੁੱਟਣ ਵਾਲੀ ਮਨੁੱਖਤਾਵਾਦੀ ਸੋਚ ਨੂੰ ਪ੍ਰਨਾਈ ਇਸ ਲਾਸਾਨੀ ਸਹਾਦਤ ਨੂੰ ਕੋਟਨ ਕੋਟਿ ਸਿਜਦਾ ਕਰਦੇ ਹਾਂ।

ਆਓ ਸਾਮਰਾਜੀ ਕਾਰਪੋਰੇਟਾਂ ਦੇ ਝੋਲੀਚੁੱਕ ਅਜੋਕੇ ਮੋਦੀ ਮਾਰਕਾ ਹਿੰਦੂ ਫਿਰਕੂ ਤਾਨਾਸਾਹਾਂ ਸਮੇਤ ਫਿਰਕਾਪ੍ਰਸਤ ਪੈਂਤੜੇ ਰਾਹੀਂ ਹੀ ਉਨ੍ਹਾਂ ਦਾ ਵਿਰੋਧ ਕਰ ਕੇ 'ਪਾੜੋ ਤੇ ਰਾਜ ਕਰੋ' ਦੀ ਸਾਮਰਾਜੀ ਨੀਤੀ ਨੂੰ ਪੱਠੇ ਪਾ ਰਹੇ ਸਾਰੇ ਫਿਰਕਾਪ੍ਰਸਤਾਂ ਦੀ ਅਸਲੀਅਤ ਨੂੰ ਗੁਰੂ ਸਾਹਿਬ ਦੀ "ਸਭੇ ਸਾਂਝੀਵਾਲ ਸਦਾਇਨ, ਕੋਇ ਨਾ ਦੀਸੈ ਬਾਹਰਾ ਜੀਉ" ਵਾਲੀ ਮਨੁੱਖਤਾਵਾਦੀ ਸੋਚ ਦੀ ਕਸਵੱਟੀ ਉੱਤੇ ਪਰਖੀਏ।

ਆਪਣੇ ਸਾਮਰਾਜ ਜਾਗੀਰਦਾਰ ਵਿਰੋਧੀ ਸੰਘਰਸਾਂ ਦੌਰਾਨ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਦੀ ਇਸ ਬੇਖੌਫ ਜੁਝਾਰੂ ਸੋਚ ਉੱਤੇ ਪਹਿਰਾ ਦੇਣ ਦਾ ਪ੍ਰਣ ਕਰੀਏ।

ਇਹੀ ਉਨ੍ਹਾਂ ਦੀ ਲਾਸਾਨੀ ਸਹਾਦਤ ਨੂੰ ਸੱਚੀ ਸਰਧਾਂਜਲੀ ਹੋਵੇਗੀ।

**ਭਾਰਤੀ ਕਿਸਾਨ ਯੂਨੀਅਨ**
(ਏਕਤਾ-ਉਗਰਾਹਾਂ)

# 'ਲੋਕ ਕੀ ਕਹਿਣਗੇ' ਈਵੈਂਟ ਰਾਹੀਂ 'ਮੈਂਟਲ ਹੈਲਥ ਅਵੇਅਰਨੈੱਸ' ਦਾ ਸੁਨੇਹਾ

**ਅਦਾਰਾ ਸਰੋਕਾਰਾਂ ਦੀ ਆਵਾਜ਼**





ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਵਲੋਂ 2018 ਅਤੇ 2019 ਵਿੱਚ 'ਲੋਕ ਕੀ ਕਹਿਣਗੇ!' ਬੈਨਰ ਹੇਠ ਘਰੇਲੂ ਹਿੰਸਾ, ਬੱਚਿਆਂ ਤੇ ਬਜ਼ੁਰਗਾਂ ਨਾਲ ਦੁਰਵਿਹਾਰ, ਅਤੇ ਨਸ਼ਿਆਂ ਦੀ ਦੁਰਵਰਤੋਂ ਆਦਿ ਸਮਾਜਿਕ ਮੁੱਦਿਆਂ ਸਬੰਧੀ ਸਮਾਜ ਵਿੱਚ ਮੌਜੂਦ ਸਟਿਗਮਾ, ਗਲਤਫ਼ਹਿਮੀਆਂ ਅਤੇ ਭ੍ਰਾਂਤੀਆਂ ਨੂੰ ਦੂਰ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਹਿੱਤ ਸਮਾਗਮ ਕਰਵਾਏ ਗਏ ਸਨ। 2020 ਤੇ 2021 ਦੌਰਾਨ ਕਰੋਨਾ ਮਹਾਂਮਾਰੀ ਕਾਰਨ ਇਹ ਸਿਲਸਲਾ ਠੱਪ ਹੋ ਗਿਆ ਸੀ। ਸਾਜ਼ਗਰ ਹਾਲਾਤ ਹੋਣ ਤੇ ਸਭਾ ਵਲੋਂ ਇਸ ਪ੍ਰਿਤ ਨੂੰ ਅੱਗੇ ਵਧਾਉਂਦੇ ਹੋਏ 20 ਨਵੰਬਰ, 2022 ਨੂੰ 'ਲੋਕ ਕੀ ਕਹਿਣਗੇ!' ਬੈਨਰ ਹੇਠ 'ਮਾਨਸਿਕ ਸਿਹਤ ਜਾਗਰੂਕਤਾ' ਦਾ ਸਲਾਨਾ ਈਵੈਂਟ ਟੈਂਪਲ ਕਮਿਊਨਿਟੀ ਹਾਲ ਵਿੱਚ ਆਯੋਜਤ ਕੀਤਾ ਗਿਆ। ਪ੍ਰੋਗਰਾਮ ਦੋ ਸੈਸ਼ਨ ਵਿੱਚ ਸੰਪਨ ਹੋਇਆ। ਪਹਿਲੇ ਸੈਸ਼ਨ ਵਿੱਚ ਤਿੰਨ ਮਾਹਰ ਬੁਲਾਰਿਆਂ, ਚਿਲਡਰਨ ਹਸਪਤਾਲ ਦੇ ਸਾਈਕੈਟਰੀ ਵਿਭਾਗ ਵਿੱਚ ਸੇਵਾ ਨਿਭਾ ਰਹੇ ਡਾ: ਅਬਦੂਲ ਰਹਿਮਾਨ, ਨਾਰਥ ਈਸਟ ਅਡਿਕਸ਼ਨ ਐਂਡ ਮੈਂਟਲ ਹੈਲਥ ਕਲਿਨਕ' ਦੇ ਬਾਨੀ, ਫਿਜ਼ੀਸ਼ੀਅਨ ਅਤੇ ਮੈਡੀਕਲ ਡਾਕਟਰ ਹਰਬੀਰ ਸਿੰਘ ਗਿੱਲ ਅਤੇ 'ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼' ਦੇ ਕੇਸ ਮੈਨੇਜਰ ਤਾਨੀਆ ਭੁੱਲਰ ਨੇ ਕ੍ਰਮਵਾਰ 'ਮਾਨਸਿਕ ਸਿਹਤ ਸਬੰਧੀ ਜਾਗਰੂਕਤਾ ਦੀ ਲੋੜ, ਨਸ਼ਿਆਂ ਦੀ ਦੁਰਵਰਤੋਂ ਦਾ ਮਾਨਸਿਕ ਸਿਹਤ ਤੇ ਅਸਰ ਅਤੇ ਜਿਨਸੀ ਸੋਸ਼ਣ ਦਾ ਮਾਨਸਿਕ ਸਿਹਤ ਤੇ ਅਸਰ' ਵਿਸ਼ਿਆਂ ਤੇ ਤੱਥਾਂ ਭਰਪੂਰ ਜਾਣਕਾਰੀ ਦਿੱਤੀ।

ਉਪਰੰਤ ਦੂਜਾ 'ਹਾਜ਼ਰੀਨ ਦੀ ਸ਼ਮੂਲੀਅਤ' ਸੈਸ਼ਨ ਸੀ। ਇਸ ਵਿੱਚ ਹਾਜ਼ਰੀਨ ਨੂੰ ਆਪਣੇ ਵਿਚਾਰ, ਚਿੰਤਾਵਾਂ, ਗਲਤਫਹਿਮੀਆਂ ਦਾ ਨਿਵਾਰਨ, ਸੁਝਾਅ ਜਾਂ ਟਿੱਪਣੀਆਂ ਦੇਣ ਲਈ ਆਖਿਆ ਗਿਆ। ਵਲੰਟੀਅਰਜ਼ ਵਲੋਂ ਹਾਜ਼ਰੀਨ ਨੂੰ ਪੇਪਰ-ਪੈੱਨ ਦੇ ਆਪਣੀ ਗੱਲ ਲਿਖ ਕੇ ਦੇਣ ਲਈ ਜਾਂ ਮਾਈਕ ਤੇ ਬੋਲ ਕੇ ਵਿਚਾਰ ਸਾਂਝੇ ਕਰਨ ਲਈ ਉਤਸ਼ਾਹਤ ਕੀਤਾ ਗਿਆ। ਸਾਰੇ ਹਾਜ਼ਰੀਨ ਨੇ ਇਸ ਵਿੱਚ ਵਧ-ਚੜ੍ਹ ਕੇ ਭਾਗ ਲਿਆ। ਟਿੱਪਣੀਆਂ, ਸੁਝਾਅ, ਵਿਚਾਰ ਅਤੇ ਮਸ਼ਵਰੇ ਧੜਾਧੜ ਸਟੇਜ ਤੇ ਪਹੁੰਚੇ, ਜਿਨ੍ਹਾਂ ਦੇ ਜੁਆਬ ਮਾਹਿਰਾਂ ਨੇ ਬੜੇ ਵਿਸਥਾਰ ਨਾਲ ਦਿੱਤੇ। ਸਮਾਂ ਖਤਮ ਹੋ ਰਿਹਾ ਸੀ ਪਰ ਹਾਜ਼ਰੀਨ ਦੀਆਂ ਪੁੱਛਾਂ ਅਜੇ ਵੀ ਜਾਰੀ ਸਨ। ਜਿਸ ਤੋਂ ਪਤਾ ਲਗਦਾ ਸੀ ਕਿ ਸਾਡੀ ਕਮਿਊਨਿਟੀ ਦੇ ਲੋਕ ਇਨ੍ਹਾਂ ਸਮਾਜਿਕ ਮੁੱਦਿਆਂ ਪ੍ਰਤੀ ਕਿਤਨੇ ਸੁਚੇਤ ਹਨ ਅਤੇ ਭਰਪੂਰ ਵਿਚਾਰ-ਵਟਾਂਦਰਾ ਕਰ ਹੋਰ ਜਾਗਰੂਕ ਹੋਣਾ ਚਾਹੁੰਦੇ ਹਨ।

ਇਸ ਸਲਾਨਾ ਈਵੈਂਟ ਦੀ ਸ਼ੁਰੂਆਤ ਸਮਾਗਮ ਵਿੱਚ ਸ਼ਿਰਕਤ ਕਰਨ ਆ ਰਹੇ ਕਮਿਊਨਿਟੀ ਮੈਂਬਰਾਂ ਦੀ ਚਾਹ ਅਤੇ ਹਲਕੇ ਸਨੈਕਸ ਨਾਲ ਹੋਈ। ਉਪਰੰਤ ਸਭਾ ਦੇ ਕੋਆਰਡੀਨੇਟਰ ਗੁਰਚਰਨ ਥਿੰਦ ਵਲੋਂ ਸਟੇਜ ਦਾ ਸੰਚਾਲਨ ਸੰਭਾਲ ਅੱਜ ਦੇ ਪ੍ਰੋਗਰਾਮ ਦਾ ਅਗਾਜ਼ ਸੁਰਿੰਦਰ ਸੰਧੂ ਦੇ ਧਾਰਮਿਕ ਗੀਤ ਨਾਲ ਕੀਤਾ ਗਿਆ। ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਜੀ ਨੇ ਸਭਾ ਦੇ 2020-2021, ਦੋ ਸਾਲਾਂ ਦੀ ਰਿਪੋਰਟ ਪੇਸ਼ ਕੀਤੀ। ਉਪਰੰਤ ਦੋ ਸੈਸ਼ਨਾਂ ਦੀ ਕਾਰਵਾਈ ਸੰਪੂਰਨ ਕੀਤੀ ਗਈ। ਐਮ.ਐਲ.ਏ.ਇਰਫਾਨ ਸਬੀਰ ਜੀ, ਦਵਿੰਦਰ ਤੂਰ ਜੀ ਅਤੇ ਕਾਊਂਸਲਰ ਰਾਜ ਧਾਲੀਵਾਲ ਜੀ ਵਲੋਂ ਤਿੰਨ ਬੁਲਾਰਿਆਂ ਨੂੰ ਪ੍ਰਸ਼ੰਸਾ ਸਨਮਾਨ ਦਿੱਤੇ ਗਏ। ਸਭਾ ਵਲੋਂ ਬਲਜਿੰਦਰ ਗਿੱਲ ਨੂੰ ਸਭਾ ਦੇ 'ਸਭ ਤੋਂ ਸੀਨੀਅਰ ਮੈਂਬਰ ਦਾ ਸਨਮਾਨ' ਅਤੇ ਬੇਟੀ ਅਮਰੀਤ ਗਿੱਲ ਨੂੰ 'ਬਡਿੰਗ ਰਾਈਟਰ ਅਤੇ ਆਰਟਿਸਟ' ਦਾ ਸਨਮਾਨ ਦਿੱਤਾ ਗਿਆ। ਕੋਵਿਡ ਮਹਾਂਮਾਰੀ ਸਮੇਂ ਮਾਸਕ ਅਤੇ ਕੱਪੜੇ ਦੇ ਥੈਲੇ ਸਿਊਣ ਦਾ ਕੰਮ ਕਰਨ ਲਈ ਸਭਾ ਦੇ ਮੈਂਬਰ ਸਰਬਜੀਤ ਉੱਪਲ, ਮੁਖਤਿਆਰ ਧਾਲੀਵਾਲ, ਸ਼ਰਨਜੀਤ ਸਿੱਧੂ, ਸੁਰਜੀਤ ਧੁੰਨਾ ਅਤੇ ਬਲਜਿੰਦਰ ਗਿੱਲ ਹੁਰਾਂ ਨੂੰ ਔਖੀ ਘੜੀ ਵੇਲੇ ਕਮਿਊਨਿਟੀ ਵਾਸਤੇ ਵਲੰਟੀਅਰ ਸੇਵਾਵਾਂ ਪ੍ਰਦਾਨ ਕਰਨ ਲਈ ਸਭਾ ਵਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਆ ਗਿਆ। ਸਭਾ ਲਈ ਮਾਣ ਵਾਲੀ ਗੱਲ ਹੈ ਕਿ ਸਭਾ ਦੀ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੂੰ ਉਨ੍ਹਾਂ ਦੀਆਂ ਪਿਛਲੇ ਬਾਰਾਂ ਸਾਲਾਂ ਦੌਰਾਨ ਕਮਿਊਨਿਟੀ ਪ੍ਰਤੀ ਨਿਭਾਈਆਂ ਵਲੰਟੀਅਰ ਸੇਵਾਵਾਂ ਨੂੰ ਅਲਬਰਟਾ ਦੇ ਸਤਿਕਾਰਯੋਗ ਲੈਫਟੀਨੈਂਟ ਗਵਰਨਰ 'ਸਲਮਾ ਲਖਾਨੀ' ਜੀ ਵਲੋਂ ਮਾਨਤਾ ਦੇਂਦੇ ਹੋਏ 'ਕੁਈਨ ਐਲਿਜ਼ਬੈੱਥ ਸੈਕੰਡਜ਼ ਪਲੈਟੀਨਮ ਜੁਬਲੀ ਮੈਡਲ' ਨਾਲ ਨਿਵਾਜਿਆ ਗਿਆ ਹੈ। ਅੱਜ ਦੇ ਸਮਾਗਮ ਵਿੱਚ ਐਮ.ਐਲ.ਏ. ਇਰਫਾਨ ਸਬੀਰ ਜੀ ਵਲੋਂ ਇਹ ਮੈਡਲ ਅਤੇ ਮਾਨਤਾ ਪੱਤਰ ਗੁਰਚਰਨ ਕੌਰ ਥਿੰਦ ਨੂੰ ਭੇਟ ਕੀਤਾ ਗਿਆ।













# ਅਸੀਂ ਟੈਕਸ ਦੇ ਰਹੇ ਹਾਂ ਮੁ਼ਫਤ ਨਹੀਂ ਮੰਗ ਕਰਦੇ




(ਕੁਲਦੀਪ ਬੋਪਾਰਾਏ)

ਬਰੈਂਪਟਨ ਤੋਂ ਦੋ ਹਾਈਵੇ ਨਿਕਲਦੇ ਆ ਸ਼ਹਿਰ ਤੋਂ ਬਾਹਰ ਮਿਲੀਆਂ ਜੌਬਾਂ, ਯੂਨੀਵਰਸਟੀ- ਕਾਲਜਾਂ ’ਚ ਪੜ੍ਹਾਈ ਕਰਨ ਲਈ, ਇਲਾਜ ਕਰਾਉਣ ਬਾਹਰਲੇ ਹਸਪਤਾਲਾਂ ਤੱਕ ਜਾਣ ਲਈ। ਟੋਰਾਂਟੋ ਵੱਡਾ ਸ਼ਹਿਰ ਹੈ ਜਿਸ ਕੋਲ subway TTC ਦੀ ਸਰਵਿਸ ਨਾਲ Vaughan ਅਤੇ Mississauga ਨੇ ਆਪਣੀਆਂ ਬੱਸਾ , ਗੱਡੀਆਂ ਦੀ ਸਿੱਧੀ ਸਰਵਿਸ ਜੋੜ ਦਿੱਤੀ ਹੈ ਅਤੇ Markham ਦੀ ਲਾਈਨ ਵੀ ਕੁੱਝ ਸਮੇਂ ’ਚ ਜੁੜ ਜਾਣੀ ਹੈ ਪਰ ਬਰੈਂਪਟਨ ਦਾ ਅਜੇ ਤੱਕ ਅਜਿਹਾ ਕੋਈ ਵੀ ਪ੍ਰੋਗਰਾਮ ਸਾਹਮਣੇ ਨਹੀਂ ਆਇਆ ਜਦਕਿ ਬਰੈਂਪਟਨ ਦੀ ਅਬਾਦੀ ਅੱਠ ਲੱਖ ਤੋ ਟੱਪ ਚੁੱਕੀ ਹੈ ਅਤੇ ਹੁਣ Georgetown ਤੇ Bolton ਵਾਲਿਆਂ ਨੂੰ ਵੀ ਬਰੈਂਪਟਨ ਵਾਲੇ ਦੋਵੇਂ ਹਾਈਵੇ ਨਾਲ ਜੋੜ ਦਿੱਤਾ ਗਿਆ ਹੈ ਜਿਸ ਨਾਲ ਬਰੈਂਪਟਨ ’ਚੋਂ ਲੰਘਦਿਆਂ ਸਵੇਰੇ ਸ਼ਾਮ ਜਾਮ ਲੱਗਣੇ ਸ਼ੁਰੂ ਹੋ ਗਏ। ਚਾਹੀਦਾ ਤਾਂ ਸੀ ਵਧਦੀ ਅਬਾਦੀ ਨੂੰ ਦੇਖ ਕੇ ਹਾਈਵੇ ਨੂੰ ਹੋਰ ਚੌੜੇ ਕੀਤਾ ਜਾਂਦਾ ਪਰ ਉਹਨਾਂ one lane ਹੋਰ ਬਣਾ ਕੇ ਉਹਦੇ ਤੇ ਟੋਲ ਲਾ ਦਿੱਤਾ ਸਿਰਫ ਕੱਲੇ ਡਰੈਵਰ ਵਾਲੀ ਕਾਰ ਤੇ। ਆਮ ਕਰਕੇ 95% ਤੋਂ ਜ਼ਿਆਦਾ ਕਾਰਾਂ ’ਚ ਸਿਰਫ ਇੱਕੋ ਇੱਕ ਕੱਲਾ ਡਰਾਇਵਰ ਹੀ ਹੁੰਦਾ ਹੈ ਤਾਂ ਕੀ ਸ਼ਹਿਰ ਦੀ ਵੱਧ ਰਹੀ ਅਬਾਦੀ ਅਤੇ ਹੋਰਨਾਂ ਸ਼ਹਿਰਾਂ ਦੇ ਟ੍ਰੈਫਿਕ ਨੂੰ ਦਿਖਾਵੇ ਦੀ ਇਕ lane ਨਾਲ ਟ੍ਰੈਫਿਕ ਕੰਟਰੋਲ ਹੋ ਜਾਵੇਗਾ? ਇਹ ਸਵਾਲ ਬਰੈਂਪਟਨ ਦੇ ਸਾਰੀਆਂ ਉਤਲੀਆਂ-ਹੇਠਲੀਆਂ ਸਰਕਾਰਾਂ ਨਾਲ ਸਬੰਧਿਤ ਚੁਣੇ ਨੁਮਾਇੰਦਿਆਂ ਲਈ ਹੈ ਜਿਹਨਾਂ ਕਦੇ ਵੀ ਇਸ ਸਵਾਲ ਨੂੰ ਉਠਾਇਆ ਤੱਕ ਨਹੀਂ। ਇਹਨਾਂ ਨੇ ਹੁਣ ਤੱਕ ਕਿਉਂ ਨਹੀਂ ਅਵਾਜ਼ ਉਠਾਈ? ਕੀ ਇਹਨਾਂ ਦੀ ਥਾਂ ’ਤੇ ਕੋਈ ਹੋਰ ਆ ਕੇ ਮਸਲਾ ਉਠਾਏਗਾ? ਮੰਗ ਸਾਫ ਹੈ ਕਿ -1- ਬਿਨਾ ਟੋਲ ਦੇ ਟ੍ਰੈਫਿਕ ਨੂੰ ਨਾਰਮਲ ਬਣਾਈ ਰੱਖਣ ਲਈ ਹਾਈਵੇ ਨੂੰ ਲੋੜ ਮੁਤਾਬਕ ਹੋਰ ਚੌੜਾ ਕੀਤਾ ਜਾਵੇ। -2- ਕਾਰਾਂ ਤੋਂ ਬਿਨਾ ਜਾਣ ਵਾਲਿਆਂ ਲਈ ਵੀ ਟਰਾਂਸਪੋਰਟੇਸ਼ਨ ਨੂੰ ਸਥਾਪਤ ਕੀਤਾ ਜਾਵੇ। ਦੂਸਰੇ ਸ਼ਹਿਰਾਂ ਖਾਸ਼ ਕਰਕੇ ਟੋਰਾਂਟੋ ਨਾਲ ਜੋੜਨ ਲਈ ਟੋਰਾਂਟੋ ਦੀ subway ਜਾਂ IRT ਨਾਲ ਜੋੜਿਆ ਜਾਵੇ। ਅਸੀਂ ਟੈਕਸ ਦੇ ਰਹੇ ਹਾਂ ਮੁ਼ਫਤ ਨਹੀਂ ਮੰਗ ਕਰਦੇ।

# ਪੁਸਤਕ “ਡਬੋਲ਼ੀਆ” ਨੇ ਢਾਹਾਂ ਅਵਾਰਡ ਦਾ ਪੱਚੀ ਹਜ਼ਾਰ ਡਾਲਰ ਹਾਸਲ ਕੀਤਾ





**ਪਰਮਿੰਦਰ ਕੌਰ ਸਵੈਚ**


ਇਸ ਸਾਲ ਦਾ ਸਾਹਿਤ ਜਗਤ ਦਾ ਰਾਸ਼ੀ ਵਜੋਂ 25 ਹਜ਼ਾਰ ਦਾ ਸਭ ਤੋਂ ਵੱਡਾ ਢਾਹਾਂ ਇਨਾਮ ਬਲਵਿੰਦਰ ਸਿੰਘ ਗਰੇਵਾਲ ਦੇ ਕਹਾਣੀ ਸੰਗ੍ਰਹਿ “ਡਬੋਲ਼ੀਆ” ਦੀ ਝੋਲ਼ੀ ਵਿੱਚ ਪਿਆ ਹੈ। 17 ਨਵੰਬਰ ਨੂੰ ਹੋਣ ਵਾਲੇ ਇਸ ਸਮਾਗਮ ਵਿੱਚ ਜਦੋਂ ਇਸ ਇਨਾਮ ਦਾ ਐਲਾਨ ਕੀਤਾ ਗਿਆ ਤਾਂ ਇਸਦੇ ਨਾਲ ਹੀ ਅਰਵਿੰਦਰ ਕੌਰ ਧਾਲੀਵਾਲ ਦੀ ਪੁਸਤਕ “ਝਾਂਜਰਾਂ ਵਾਲੇ ਪੈਰ” ਅਤੇ ਜਨਾਬ ਜਾਵੇਦ ਬੂਟਾ ਦੀ ਪੁਸਤਕ “ਚੌਲ਼ਾਂ ਦੀ ਬੁਰਕੀ” ਨੂੰ ਕ੍ਰਮਵਾਰ 10-10 ਹਜ਼ਾਰ ਡਾਲਰ ਦੇ ਇਨਾਮ ਦਿੱਤੇ ਗਏ ਹਨ। ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਦੇ ਸੰਸਥਾਪਕ ਬਰਜ ਢਾਹਾਂ ਵਲੋਂ ਆਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਹਰ ਸਾਲ ਪੰਜਾਬੀ ਸਾਹਿਤ ਨੂੰ ਉਚਾਈਆਂ ਤੇ ਪਹੁੰਚਾਉਣ ਲਈ ਤੇ ਕੈਨੇਡਾ ਵਰਗੇ ਦੇਸ਼ ਵਿੱਚ ਇਹਦੀ ਹੋਂਦ ਨੂੰ ਜ਼ਿੰਦਾ ਰੱਖਣ ਲਈ ਹਰ ਵਾਰ 45 ਹਜ਼ਾਰ ਦੇ ਇਨਾਮਾਂ ਤੋਂ ਇਲਾਵਾ ਵੀ ਬੱਚਿਆ ਨੂੰ ਉਤਸ਼ਾਹਤ ਕਰਨ ਲਈ ਹਰ ਵਾਰ ਕੈਨੇਡਾ ਦੇ ਜੰਮਪਲ ਬੱਚਿਆਂ ਦੇ ਕਹਾਣੀ ਲਿਖਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਜਿਸ ਵਿੱਚ ਲੋਅਰ ਮੇਨਲੈਂਡ ਦੇ ਸਕੂਲਾਂ ਦੇ ਬੱਚੇ ਹਿੱਸਾ ਲੈਂਦੇ ਹਨ ਜਿਹਨਾਂ ਨੂੰ ਕੋਸਟ ਕੈਪੀਟਲ ਦੇ ਸਹਿਯੋਗ ਨਾਲ ਜੇਤੂ ਬੱਚਿਆਂ ਨੂੰ ਅਵਾਰਡ ਦੇ ਨਾਲ ਨਾਲ ਪੰਜ ਸੌ ਡਾਲਰ ਕੈਸ਼ ਦੇ ਕੇ ਉਤਸ਼ਾਹਤ ਕੀਤਾ ਜਾਂਦਾ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਾਬਕਾ ਟੀ.ਵੀ. ਤੇ ਰੇਡਿਓ ਹੋਸਟ ਤਰੰਨਮ ਥਿੰਦ ਨੇ ਢਾਹਾਂ ਇਨਾਮ ਬਾਰੇ ਜਾਣਕਾਰੀ ਦਿੱਤੀ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਐਲੇ ਮੈਥੇਸਨ ਸਰ੍ਹੀ ਸਕੂਲ ਦੀ ਅਧਿਆਪਕਾ ਐਨੀ ਓ ਹਾਨਾ ਨੇ ਸਕੂਲਾਂ ਵਿੱਚ ਦੂਜੀਆਂ ਭਾਸ਼ਾਵਾਂ ਪੜ੍ਹਾਈਆਂ ਜਾਣ ਦੇ ਮਹੱਤਵ ਬਾਰੇ ਦੱਸਿਆ। ਮੂਲ ਨਿਵਾਸੀ ਨਾਦ ਗਰੁੱਪ ਨੇ ਵੱਖਰੇ ਵੱਖਰੇ ਸਾਜ਼ਾਂ ਨਾਲ ਮਿਊਜ਼ਿਕ ਪੇਸ਼ ਕਰਕੇ ਰੰਗ ਬੰਨ੍ਹ ਦਿੱਤਾ। ਪੁਸਤਕ “ਫਸਟ ਨੇਸ਼ਨਜ਼ 101” ਦੀ ਮੂਲ ਨਿਵਾਸੀ ਲੇਖਿਕਾ ਲਿੰਡਾ ਗਰੇ ਨੇ ਆਪਣੇ ਲੋਕਾਂ ਤੇ ਹੋਏ ਤਸ਼ੱਦਦ ਬਾਰੇ ਦੱਸਦਿਆਂ ਕਿਹਾ ਕਿ ਅਸੀਂ ਸਾਰੇ ਬਸਤੀਵਾਦੀ ਹਕੂਮਤ ਦੇ ਤਸ਼ੱਦਦ ਦੇ ਸ਼ਿਕਾਰ ਹਾਂ, ਇਸ ਕਰਕੇ ਸਾਡੇ ਦੁੱਖ ਸੁੱਖ ਸਾਂਝੇ ਹਨ। ਉਸਦੀ ਕਿਤਾਬ ਵਿੱਚ ਮੂਲ ਨਿਵਾਸੀਆਂ ਦੇ ਦੁੱਖਾਂ ਦੀਆਂ ਅਨੇਕਾਂ ਕਹਾਣੀਆਂ ਹਨ। ਇਸ ਵਾਰ ਯੂਥ ਅਵਾਰਡ ਲਈ ਤਿੰਨ ਮੂਲ ਨਿਵਾਸੀ ਬੱਚਿਆਂ ਨੂੰ ਕਵਿਤਾ ਵਿੱਚ ਅੱਵਲ ਆਉਣ ਤੇ ਸਨਮਾਨਿਆ ਗਿਆ ਜਿਸ ਵਿੱਚ ਮੈਤੋਓ ਬੇਕਰ, ਸਮਰ ਓ’ਡੋਨਲ ਤੇ ਜਾਸਮਿਨ ਫੋਰੈਸਟਰ ਸਨ। ਇਸੇ ਤਰ੍ਹਾਂ ਕਹਾਣੀਆਂ ਵਿੱਚ ਪੰਜਾਬੀ ਮੂਲ਼ ਦੇ ਬੱਚਿਆਂ ਏਕਮ ਕੌਰ ਸਮਰਾ, ਕਿਰਨਦੀਪ ਕੌਰ ਢਿੱਲੋਂ, ਗੁਰਕੀਰਤ ਕੌਰ ਮਨਹਾਸ, ਬਲਗੀਤ ਕੌਰ ਰੰਧਾਵਾ, ਪ੍ਰਭਸੀਰਤ ਕੌਰ ਔਲਖ, ਸੁਖਲੀਨ ਕੌਰ, ਹਮੀਤ ਕੌਰ ਰਾਏ ਤੇ ਗੁਰਪ੍ਰਤੀਕ ਕੌਰ ਨੂੰ ਸਨਮਾਨਿਆ ਗਿਆ ਤੇ ਇਹਨਾਂ ਦੀ ਕਹਾਣੀਆਂ ਦੀ ਪੁਸਤਕ “ਵੱਡੀਆਂ ਪੁਲਾਘਾਂ” ਅੰਗਰੇਜ਼ੀ ਤੇ ਪੰਜਾਬੀ ਵਿੱਚ ਛਪਵਾ ਕੇ ਮਾਣ ਹਾਸਲ ਕੀਤਾ ਗਿਆ ਹੈ ਬ਼ਹੁ ਵਿਧਾਵੀ ਸਾਹਿਤ ਦੇ ਰਚੈਤਾ, ਢਾਹਾਂ ਅਵਾਰਡ 2021 ਦੇ ਜੇਤੂ ਬਲਵੀਰ ਮਾਧੋਪੁਰੀ ਨੇ ਆਪਣੀ ਇੱਕ ਕਵਿਤਾ ਅੰਗਰੇਜ਼ੀ ਤੇ ਪੰਜਾਬੀ ਵਿੱਚ ਸਾਂਝੀ ਕੀਤੀ। ਬਰਜ ਢਾਹਾਂ ਨੇ ਇਸ ਅਵਾਰਡ ਦਾ ਮਕਸਦ ਦੱਸਦੇ ਹੋਏ ਕਿ ਹਰ ਬੋਲੀ ਜਾਣ ਵਾਲੀ ਭਾਸ਼ਾ ਨੂੰ ਜ਼ਿੰਦਾ ਰਹਿਣਾ ਚਾਹੀਦਾ ਹੈ ਸੋ ਉਹਨਾਂ ਕਿਹਾ ਕਿ ਅਸੀਂ ਪੰਜਾਬੀ ਹਾਂ, ਪੰਜਾਬੀਅਤ ਨੂੰ ਜ਼ਿੰਦਾ ਰੱਖਣ ਲਈ ਪੰਜਾਬੀ ਗਲਪ ਨੂੰ ਉਤਸ਼ਾਹਤ ਕਰਨ ਲਈ ਇਹ ਕਦਮ ਚੁੱਕੇ ਸਨ ਜੋ ਸਫਲਤਾ ਨਾਲ ਪਰਿਵਾਰ ਦੇ ਸਹਿਯੋਗ ਨਾਲ ਲਗਾਤਾਰ ਚੱਲ ਰਹੇ ਹਨ। ਉਹਨਾਂ ਆਪਣੇ ਹੱਥੀਂ ਜਿਊਰੀ ਦੇ ਚੇਅਰ ਡਾ. ਸਾਧੂ ਬਿਨਿੰਗ ਦੇ ਸਹਿਯੋਗ ਨਾਲ ਸਨਮਾਨ ਭੇਂਟ ਕੀਤੇ। ਸ਼ਾਹਮੁਖੀ ਪੰਜਾਬੀ ਲੇਖਕ ਜਨਾਬ ਜਾਵੇਦ ਬੂਟਾ ਅਮਰੀਕਾ ਵਾਸੀ ਹਨ ਉਹ ਸਿਹਤ ਦੇ ਨਾਸਾਜ਼ ਹੋਣ ਤੇ ਵੀ ਆਪਣੀ ਪਤਨੀ ਤੇ ਬੇਟੇ ਨਾਲ ਹਾਜ਼ਰ ਹੋਏ ਤੇ “ਪੰਜਾਬੀ ਜ਼ਿੰਦਾਬਾਦ” ਕਹਿ ਕੇ ਬਹੁਤ ਕੁੱਝ ਕਹਿ ਗਏ। ਅਰਵਿੰਦਰ ਕੌਰ ਧਾਲੀਵਾਲ ਨੂੰ ਉਹਨਾਂ ਦੀ ਪਲੇਠੇ ਕਹਾਣੀ ਸੰਗ੍ਰਹਿ “ਝਾਂਜਰਾਂ ਵਾਲੇ ਪੈਰ” ਜਿਸ ਵਿੱਚ 10 ਅੱਵਲ ਦਰਜੇ ਦੀਆਂ ਕਹਾਣੀਆਂ ਹਨ, ਨੇ ਕਿਹਾ ਕਿ ਇਸ ਇਨਾਮ ਨੇ ਉਸਨੂੰ ਸਾਹਿਤ ਪ੍ਰਤੀ ਹੋਰ ਜ਼ਿੰਮੇਵਾਰ ਬਣਾਇਆ ਹੈ। ਸਭ ਤੋਂ ਅਖੀਰ ਵਿੱਚ ਸਮਰੱਥ ਕਹਾਣੀਕਾਰ ਬਲਵਿੰਦਰ ਗਰੇਵਾਲ ਨੂੰ ਉਸਦੀ ਪੁਸਤਕ “ਡਬੋਲ਼ੀਆ” ਜਿਸ ਵਿੱਚ ਪੰਜ ਬਹੁਤ ਹੀ ਵੱਖਰੇ ਵਿਸ਼ਿਆਂ ਦੀਆਂ ਪਾਏਦਾਰ ਕਹਾਣੀਆਂ ਹਨ ਨੂੰ ਯੋਗ ਤੇ ਵੱਡਾ ਇਨਾਮ ਮਿਲਿਆ ਹੈ। ਬਲਵਿੰਦਰ ਨੇ ਕਿਹਾ ਕਿ ਜਦੋਂ ਦਾ ਇਹ ਅਵਾਰਡ ਮਿਲਣ ਲੱਗਿਆ ਹੈ ਬਹੁਤ ਸਾਰੇ ਸਾਹਿਤਕਾਰਾਂ ਨੇ ਮੁੱਲਵਾਨ ਕਿਰਤਾਂ ਨੂੰ ਜਨਮ ਦਿੱਤਾ ਹੈ। ਜਦੋਂ ਪੰਜਾਬੀ ਭਾਸ਼ਾ ਨੂੰ ਖਤਰਾ ਐਲਾਨਿਆ ਜਾ ਰਿਹਾ ਸੀ ਉਦੋਂ ਮੁਕਾਬਲੇ ਤੇ ਢਾਹਾਂ ਅਵਾਰਡ ਦਾ ਹੋਂਦ ਵਿੱਚ ਆਉਣਾ ਸ਼ੁਭ ਸ਼ਗਨ ਹੋਇਆ ਹੈ ਤਾਂ ਹੀ ਨਵੇਂ ਨਵੇਂ ਲੇਖਕ ਪੰਜਾਬੀ ਨੂੰ ਪਿਆਰ ਕਰਨ ਲੱਗੇ ਹਨ ਤੇ ਸਾਰਿਆਂ ਨੇ ਢਾਹਾਂ ਪਰਿਵਾਰ ਦਾ ਬਹੁਤ ਬਹੁਤ ਧੰਨਵਾਦ ਕੀਤਾ। ਬਰਜ ਢਾਹਾਂ ਨੇ ਸਾਰੇ ਲੋਕਾਂ ਦਾ ਹਾਜ਼ਰ ਹੋਣ ਲਈ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਤਰੰਨਮ ਨੇ ਬਾਖੂਬੀ ਨਿਭਾਈ।













# ਬ੍ਰਿਸਬੇਨ (ਆਸਟ੍ਰੇਲੀਆ) 'ਚ ਦੀਵਾਲੀ ਸਮਾਗਮ ਦੌਰਾਨ ਤਰਕਸ਼ੀਲ ਆਗੂ ਵੱਲੋਂ ਅੰਧਵਿਸਵਾਸਾਂ ਵਿਰੁੱਧ ਵਿਗਿਆਨਿਕ ਗਿਆਨ ਦਾ ਦੀਵਾ ਜਗਾਇਆ










**ਅਦਾਰਾ ਸਰੋਕਾਰਾਂ ਦੀ ਆਵਾਜ਼**

ਬ੍ਰਿਸਬੇਨ (ਆਸਟ੍ਰੇਲੀਆ) ਵਿਖੇ ਡ੍ਰਿਊਵੇਲ ਇਲਾਕੇ ਵਿੱਚ ਵੱਸਦੇ ਪੰਜਾਬੀ ਪ੍ਰਵਾਰਾਂ ਵੱਲੋਂ ਸਥਾਨਕ "ਆਪਣਾ ਪਿੰਡ ਰੈਸਟੋਰੈਂਟ" ਦੇ ਵਿਹੜੇ ਇਕੱਠੇ ਹੋ ਕੇ ਦੀਵਾਲੀ ਦਾ ਤਿਓਹਾਰ ਆਪਣੇ ਹੀ ਰੰਗ ਵਿੱਚ ਮਨਾਇਆ ਗਿਆ। ਇਸ ਸਮੇਂ ਜਿੱਥੇ ਬੱਚਿਆਂ ਨੇ ਨਾਚ ਅਤੇ ਭੰਗੜੇ ਰਾਹੀਂ ਰੰਗ ਬੰਨ੍ਹਿਆ ਉੱਥੇ ਔਰਤਾਂ ਨੇ ਵੀ ਆਪਣੀਆਂ ਸੱਭਿਆਚਾਰਿਕ ਕਲਾ ਕਿਰਤਾਂ ਦੀ ਧਾਂਕ ਜਮਾਈ। ਇਸ ਦੌਰਾਨ ਤਰਕਸੀਲ ਸੁਸਾਇਟੀ ਪੰਜਾਬ ਦੇ ਲੁਧਿਆਣਾ ਜੋਨ ਜੱਥੇਬੰਦਕ ਮੁੱਖੀ ਜਸਵੰਤ ਜੀਰਖ ਜੋ ਬ੍ਰਿਸਬੇਨ ਪਹੁੰਚੇ ਹੋਏ ਹਨ, ਨੇ ਸਮਾਜ ਵਿੱਚ ਵੱਖ ਵੱਖ ਤਰ੍ਹਾਂ ਦੇ ਅਖੌਤੀ ਕਰਾਮਾਤੀ ਬਾਬਿਆਂ, ਜੋਤਸੀਆਂ ਅਤੇ ਤਾਂਤ੍ਰਿਕਾਂ ਵੱਲੋਂ ਜਾਦੂ ਮੰਤਰਾਂ ਅਤੇ ਗੈਬੀ ਸਕਤੀਆਂ ਦੇ ਨਾਂ ਹੇਠ ਵਹਿਮ ਭਰਮ ਅਤੇ ਅੰਧਵਿਸਵਾਸਾਂ ਫੈਲਾਕੇ ਲੋਕਾਂ ਦੀ ਕੀਤੀ ਜਾਂਦੀ ਲੁੱਟ ਬਾਰੇ ਜਾਣਕਾਰੀ ਦਿੰਦਿਆਂ, ਵਿਗਿਆਨਿਕ ਗਿਆਨ ਦਾ ਦੀਪ ਜਗਾਇਆ। ਉਹਨਾਂ ਕਰਾਮਾਤੀ ਚਮਤਕਾਰਾਂ ਪਿੱਛੇ ਛੁਪੇ ਵਿਗਿਆਨਿਕ ਕਾਰਣਾ ਬਾਰੇ ਸਪਸ਼ਟ ਕਰਨ ਲਈ ਕੁੱਝ 'ਕਰਾਮਾਤਾਂ' ਮੌਕੇ ਤੇ ਆਪਣੇ ਹੱਥੀਂ ਕਰਕੇ ਦ੍ਰਸਕਾਂ ਨੂੰ ਹੈਰਾਨ ਵੀ ਕੀਤਾ। ਉਹਨਾਂ ਮੰਤਰਾਂ ਦੇ ਜਾਪ ਰਾਹੀ ਅੱਗ ਪੈਦਾ ਕਰਨ ਅਤੇ ਇਕ ਰੱਸੀ ਨੂੰ ਵਿਚਕਾਰੋਂ ਕੱਟਕੇ ਫਿਰ ਉਸੇ ਤਰ੍ਹਾਂ ਜੋੜਕੇ, ਇਹਨਾਂ ਪਿੱਛੇ ਕੰਮ ਕਰਦੀਆਂ ਅਸਲ ਹੇਰਾ-ਫੇਰੀਆਂ ਤੇ ਵਿਗਿਆਨਿਕ ਵਿਧੀਆਂ ਬਾਰੇ ਜਾਣਕਾਰੀ ਦੇਕੇ ਅਖੌਤੀ ਕਰਾਮਾਤਾਂ ਦੇ ਪਰਦੇਫਾਸ ਕੀਤੇ। ਉਹਨਾਂ ਕਿਹਾ ਕਿ ਕੋਈ ਵੀ ਅਜਿਹੀ ਗੈਬੀ ਸਕਤੀ ਨਹੀਂ, ਜਿਸ ਨੂੰ ਵੱਸ ਵਿੱਚ ਕਰਕੇ ਕਿਸੇ ਦਾ ਕੋਈ ਕੰਮ, ਬਿਮਾਰੀ ਆਦਿ ਨੂੰ ਠੀਕ ਕੀਤਾ ਜਾ ਸਕੇ। ਉਹਨਾਂ ਅਜਿਹੇ ਦਾਅਵੇ ਕਰਨ ਵਾਲਿਆਂ ਨੂੰ ਤਰਕਸੀਲ ਸੁਸਾਇਟੀ ਵੱਲੋਂ ਰੱਖੀਆਂ ਸਰਤਾਂ ਅਧੀਨ ਕੋਈ ਚਮਤਕਾਰ ਵਿਖਾਉਣ ਬਦਲੇ ਪੰਜ ਲੱਖ ਰੁਪਏ ਦੇ ਰੱਖੇ ਇਨਾਮ ਦੀ ਵੀ ਘੋਸ਼ਣਾ ਕੀਤੀ ।ਗੈਬੀ ਸਕਤੀਆਂ ਅਤੇ ਜਾਦੂ ਮੰਤਰਾਂ ਦੇ ਦਾਅਵੇਦਾਰਾਂ ਬਾਰੇ ਸੁਚੇਤ ਕਰਨ ਦੇ ਇਸ ਢੰਗ ਦੀ ਦਰਸਕਾਂ ਵੱਲੋਂ ਖੂਬ ਪ੍ਰਸੰਸਾ ਕੀਤੀ ਗਈ।

ਇਸ ਮੌਕੇ ਇਸ ਇਲਾਕੇ ਦੇ ਮੈਂਬਰ ਪਾਰਲੀਮੈਂਟ ਜੇਮਸ ਮਾਰਟਨ ਵੀ ਉਚੇਚਾ ਪਹੁੰਚੇ ਹੋਏ ਸਨ ਜਿਨ੍ਹਾਂ ਸਮੁੱਚੇ ਪ੍ਰੋਗਰਾਮ ਨੂੰ ਮਾਣਦਿਆਂ ਆਪਣੇ ਸੰਬੋਧਨ ਰਾਹੀਂ ਕਿਹਾ ਕਿ ਮੈਂ ਅਜਿਹਾ ਪ੍ਰੋਗਰਾਮ ਪਹਿਲੀ ਵਾਰ ਵੇਖਿਆ ਹੈ ।ਪੰਜਾਬੀਆਂ ਵੱਲੋਂ ਕੀਤੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਉਹਨਾਂ ਪ੍ਰਬੰਧਕੀ ਕਮੇਟੀ ਨੂੰ ਭਵਿੱਖ ਵਿੱਚ ਅਜਿਹੇ ਸਮਾਗਮਾਂ ਵਿੱਚ ਸਹਿਯੋਗ ਕਰਨ ਦਾ ਵਿਸਵਾਸ ਦਿਵਾਇਆ। ਉਹਨਾਂ ਪੰਜਾਬੀਆਂ ਦੀ ਮਠਿਆਈ ਜਲੇਬੀਆਂ ਦੀ ਪ੍ਰਸੰਸਾ ਕਰਦਿਆਂ ਹਾਜਰ ਪਰਵਾਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬੱਚਿਆਂ ਨੂੰ ਉਹਨਾਂ ਦੀ ਵਧੀਆ ਕਾਰਗੁਜਾਰੀ ਲਈ ਦਿੱਲ ਟੁੰਭਵੇਂ ਇਨਾਮ ਵੀ ਦਿੱਤੇ ਗਏ। "ਆਪਣਾ ਪਿੰਡ ਰੈਸਟੋਰੈਂਟ" ਦੇ ਮਾਲਕ ਤਰਲੋਚਨ ਸਿੰਘ ਉਰਫ ਰਾਜੂ ਜੀਰਖ, ਹਰਵਿੰਦਰ ਬੋਪਾਰਾਏ, ਗੁਰਪ੍ਰੀਤ ਸਿੰਘ ਸਮੇਤ ਜਗਤਾਰ ਸਿੰਘ ਬਰਾੜ, ਗਗਨ ਗਰੇਵਾਲ, ਵਿਨੋਦ ਕੁਮਾਰ ਬਾਟਲਾ, ਅਮਨਦੀਪ ਕੌਰ, ਦਮਨਦੀਪ ਕੌਰ, ਈਸਾ ਬਾਟਲਾ, ਮਨਦੀਪ ਕੌਰ ਨੇ ਇਸ ਸਮਾਗਮ ਦੇ ਪ੍ਰਬੰਧਾਂ ਲਈ ਅਹਿਮ ਭੂਮਿਕਾ ਨਿਭਾਈ। ਉਹਨਾਂ ਪੰਜਾਬੀ ਭਾਈਚਾਰਕ ਸਾਂਝ ਹੋਰ ਪੱਕਿਆਂ ਕਰਨ ਲਈ ਆਪਣੇ ਸੱਭਿਆਚਾਰਿਕ ਸਮਾਗਮ ਇਸੇ ਤਰ੍ਹਾਂ ਕਰਦੇ ਰਹਿਣ ਦੀ ਇੱਛਾ ਪ੍ਰਗਟਾਈ। ਪੰਜਾਬ ਤੋਂ ਆਏ ਪੱਤਰਕਾਰ ਸੁਭਾਸ ਗੁਲਾਹਟੀ ਨੇ ਵੀ ਪ੍ਰਵਾਰ ਸਮੇਤ ਸ਼ਿਰਕਤ ਕੀਤੀ।










ਪੇਸ਼ਕਸ਼ : ਡਾ ਅਜੀਤਪਾਲ ਸਿੰਘ ਅਤੇ ਪ੍ਰਿੰ ਬੱਗਾ ਸਿੰਘ

# ਨਵੀਂ ਵਿੱਦਿਅਕ ਨੀਤੀ-2020 ਦਾ ਮੁਲਅੰਕਣ ਸੰਖੇਪ ਵਿੱਚ



(1) ਮੋਟੇ ਰੂਪ ਵਿੱਚ ਵਿੱਦਿਅਕ ਨੀਤੀ-2020 ਨੂੰ ਲਾਗੂ ਕਰਨਾ ਹੀ ਗੈਰ ਜਮਹੂਰੀ ਹੈ ਕਿਉਂਕਿ ਇਸ ਨੂੰ ਪਾਰਲੀਮੈਂਟ ਵੱਲੋਂ ਪ੍ਰਵਾਨਗੀ ਹੀ ਨਹੀਂ ਦਿੱਤੀ ਗਈ।

(2) ਨਵੀਂ ਵਿੱਦਿਅਕ ਨੀਤੀ 2020 ਸੰਵਿਧਾਨ ਵਿਰੋਧੀ ਹੈ ਕਿਉਂਕਿ ਇਹ ਸੂਬਾ ਸਰਕਾਰਾਂ ਦੇ ਵਿੱਦਿਆ ਸਬੰਧੀ ਮਹੱਤਵਪੂਰਨ ਫੈਸਲੇ ਲਏ ਜਾਣ ਦੇ ਹੱਕਾਂ ਨੂੰ ਇਹ ਪਾਲਸੀ ਰੱਦ ਕਰਦੀ ਹੈ ਕਿਉਂਕਿ ਵਿੱਦਿਆ ਸੰਬੰਧੀ ਲਏ ਜਾਣ ਵਾਲੇ ਫੈਸਲੇ ਭਾਰਤੀ ਸੰਵਿਧਾਨ ਮੁਤਾਬਕ ਸਮਵਰਤੀ ਲਿਸਟ ਵਿੱਚ ਹਨ ਜਿੱਥੇ ਆਮ ਤੌਰ ਤੇ ਰਾਜ ਸਰਕਾਰਾਂ ਨੂੰ ਫੈਸਲੇ ਲੈਣੇ ਚਾਹੀਦੇ ਹਨ ਪਰ ਇਹ ਨੀਤੀ ਰਾਜ ਸਰਕਾਰਾਂ ਨੂੰ ਸੰਵਿਧਾਨਕ ਤੌਰ 'ਤੇ ਮਿਲੇ ਸੰਘੀ ਤਾਕਤਾਂ ਬਾਰੇ ਅਕਾਦਮਿਕ ਤੇ ਸਿੱਖਿਆ ਸ਼ਾਸਤਰ ਅਧਿਆਪਨ ਦੀ ਕਲਾ ਤੇ ਵੱਖ ਵੱਖ ਪੜ੍ਹਾਉਣ ਵਿਧੀਆਂ ਨੂੰ ਵਿਕਸਤ ਕਰਨ ਨੂੰ ਕਈ ਤਰ੍ਹਾਂ ਨਾਲ ਰੋਕਦੀ ਹੈ। ਜਿਵੇਂ ਕਿ ਕੇਂਦਰੀ ਰੈਗੂਲੇਟਰੀ ਬਾਡੀਜ਼ ਬਣਾਉਣਾ,ਕੇਂਦਰ ਪੱਧਰ 'ਤੇ ਯੋਗਤਾ ਇਮਤਿਹਾਨ ਅਤੇ ਕੇਂਦਰ ਪੱਧਰ 'ਤੇ ਹੀ ਮੁਲਾਂਕਣ ਵਿਧੀਆਂ ਬਣਾਉਣਾ ਇੱਥੋਂ ਤੱਕ ਕਿ ਤੀਜੀ ਪੰਜਵੀਂ ਅੱਠਵੀਂ ਕਲਾਸਾ ਦੇ ਇਮਤਿਹਾਨ ਵੀ ਕੇਂਦਰੀ ਤਾਲਮੇਲ ਨਾਲ ਸਕੂਲਾਂ ਵਿੱਚ ਕਰਾਉਣੇ ਆਦਿ।

(3) ਐਨ ਈ ਪੀ-2020 'ਪ੍ਰਾਚੀਨ ਸੁਨਹਿਰੀ' ਯੁੱਗ ਵਾਲੇ ਬਹੁਤ ਪਹਿਲਾਂ ਹੀ ਨਾਕਾਰ ਦਿੱਤੇ ਗਏ ਉਸ ਵਿਚਾਰ ਦੀ ਬਿਨਾਂ ਕੋਈ ਛਾਣਬੀਣ ਕੀਤਿਆਂ ਇੰਨ ਬਿੰਨ ਨਕਲ ਕਰਦੀ ਹੈ, ਜਿਨ੍ਹਾਂ ਨੂੰ 'ਪ੍ਰਾਚੀਨ ਯੁੱਗ' ਵਿਚ ਬਸਤੀਵਾਦੀ ਸਿਧਾਂਤਕਾਰਾਂ ਵੱਲੋਂ ਜਾਤ ਅਤੇ ਲਿੰਗ ਦੇ ਵਿਤਕਰੇ ਨਾਲ ਪ੍ਰਾਰਿਆ ਗਿਆ ਸੀ। ਇਹ ਨੀਤੀ ਗੌਤਮ ਬੁੱਧ ਅਤੇ ਮਹਾਵੀਰ ਜੈਨ ਵੱਲੋਂ ਅਤੇ ਪ੍ਰਾਚੀਨ ਯੁੱਗ ਅੰਦਰ ਚਾਰ ਵਾਕ ਦੇ ਫਲਸਫੇ ਵੱਲੋਂ ਅਤੇ ਮੱਧਯੁਗ ਵਿੱਚ ਸੂਫ਼ੀ ਭਗਤੀ ਇਸਲਾਮੀ ਅਤੇ ਸਿੱਖ ਰਵਾਇਤਾਂ ਵੱਲੋਂ ਗਿਆਨ ਅਤੇ ਬਹਿਸ ਭੇੜ ਦੇ ਖੇਤਰ ਵਿੱਚ ਪਾਈਆਂ ਗੈਰ ਬ੍ਰਹਮਣੀ ਰਵਾਇਤਾਂ ਦੀਆਂ ਵੱਡਮੁੱਲੀਆਂ ਦੇਣਾਂ ਨੂੰ ਮੁਕੰਮਲ ਰੂਪ ਵਿਚ ਰੱਦ ਕਰਦੀ ਹੈ

(4) ਇਹ ਵਿੱਦਿਅਕ ਨੀਤੀ ਸੰਵਿਧਾਨ ਵਿਰੋਧੀ ਹੈ ਕਿਉਂਕਿ ਇਹ ਬਰਾਬਰੀ ਦੇ ਸੰਵਿਧਾਨਕ ਹੱਕ ਤੇ ਛਾਪਾ ਮਾਰਦੀ ਹੈ ਜਦੋਂ ਇਹ ਸਾਡੀ ਆਬਾਦੀ ਦੇ ਥੁੜ੍ਹਾਂ ਮਾਰੇ ਪਚਾਸੀ ਤੋਂ ਨੱਬੇ ਫੀਸਦੀ ਹਿੱਸੇ ਦੀ ਵਿੱਦਿਆ ਖ਼ਾਤਰ ਘਟੀਆ ਸਕੂਲੀ ਇਮਾਰਤਾਂ ਤਾਮੀਰ ਕਰਦੀ ਹੈ ਸਿੰਗਲ ਟੀਚਰ ਸਕੂਲ ਖੁੱਲ੍ਹਦੀ ਹੈ ਘਰ ਬੈਠੇ ਬਿਠਾਏ ਪੜ੍ਹਾਈ ਕਰਨ ਨੂੰ ਕਹਿੰਦੀ ਹੈ - ਵਿੱਦਿਆ ਪ੍ਰੋਗਰਾਮ ਰਾਹੀਂ ਮਹਿੰਗੀ ਤੇ ਅਕਾਊ ਡਿਜੀਟਲ (ਆਨਲਾਈਨ) ਪੜ੍ਹਾਈ ਅਤੇ ਓਪਨ ਸਕੂਲ ਦੀ ਵਕਾਲਤ ਕਰਦੀ ਹੈ।

(5) ਐੱਨਈਪੀ-2020 ਅਖੌਤੀ ''ਮੈਰਿਟ'' ਦੀ ਆੜ ਹੇਠ ਦਾਖਲਿਆਂ ਭਰਤੀਆਂ ਤਰੱਕੀਆਂ ਵਜ਼ੀਫ਼ਾ ਸਕੀਮਾਂ ਫੈਲੋਸ਼ਿਪਾ ਹੋਸਟਲ ਸਬਸਿਡੀਆਂ ਆਦਿ ਵਰਗੇ ਸਮਾਜਕ ਅਤੇ ਸਮਾਜਿਕ ਨਿਆਂ ਦੇ ਹੋਰ ਵਿਧੀਵਤ ਵਿਧਾਨਕ ਪ੍ਰੋਗਰਾਮਾਂ ਵਿੱਚ ਦਰਸਾਈ ਰਾਖਵੇਂਕਰਨ ਦੀ ਸੰਵਿਧਾਨਕ ਵਿਵਸਥਾ ਨੂੰ ਨਜ਼ਰਅੰਦਾਜ਼ ਕਰਦੀ ਹੈ।

(6) ਐੱਨਈਪੀ-2020 ਮੈਰਿਟ ਨੂੰ ਅਧਿਆਪਕਾਂ ਦੀਆਂ ਯੋਗਤਾਵਾਂ ਪੜ੍ਹਾਉਣ ਦੀ ਕਲਾ ਤੇ ਯੋਗਤਾ ਸ਼ਰਤਾਂ ਵਜੋਂ ਨਹੀਂ ਸਗੋਂ ਸੰਸਥਾ ਚ ਲੀਡਰਸ਼ਿਪ ਦੇ ਗੁਣਾਂ ਨੂੰ ਦਰਸਾਉਣ ਵਜੋਂ ਸਮਝਦੀ ਹੈ। ਇਸ ਨਾਲ ਸਿਆਸੀ ਮੰਦੀ ਵਿਅਕਤੀ ਉਤਸ਼ਾਹਤ ਹੋਣਗੇ ਅਤੇ ਸੰਸਥਾਵਾਂ ਦੇ ਵਿੱਚ ਉੱਚ ਅਹੁਦਿਆਂ ਤੇ ਬਿਰਾਜਮਾਨ ਹੋਣਗੇ। ਅਰਥਾਤ ਇਹ ਪਾਲਸੀ ਪੜ੍ਹਨ ਵਿੱਦਿਆ ਨੂੰ ਹੱਲਾਸ਼ੇਰੀ ਦੇਣ ਦੀ ਬਜਾਏ ਚਾਪਲੂਸੀ ਕਰਨ ਨੂੰ ਉਤਸ਼ਾਹਤ ਕਰੇਗੀ।

(7) ਵਿਤਕਰੇਬਾਜ਼ੀ ਦੇ ਸ਼ਿਕਾਰ ਲੋਕਾਂ ਲਈ ਸਮਾਜਿਕ ਨਿਆਂ ਜਿਵੇਂ ਐੱਸਸੀ/ ਐੱਸਟੀ/ਓਬੀਸੀ/ਪੀ ਡਬਲਯੂ ਡੀ ਐੱਸ ਅਤੇ ਬਹੁਤ ਗਰੀਬ ਲੋਕਾਂ ਬਾਰੇ ਸੰਵਿਧਾਨ ਵਿੱਚ ਦਰਜ ਮੱਦਾਂ ਜਿਵੇਂ ਸੰਵਿਧਾਨ ਵਿੱਚ ਰਿਜ਼ਰਵੇਸ਼ਨ ਬਾਰੇ ਇਹ ਪਾਲਿਸੀ ਕੁਝ ਨਹੀਂ ਬੋਲਦੀ।

(8)ਐੱਨਈਪੀ-2020 ਵਿੱਚ ਜਾਣਬੁੱਝ ਕੇ ਸ਼ਬਦ ਸਮਾਜਵਾਦ (ਸੈਕੂਲਰਿਜ਼ਮ) ਤੇ ਧਰਮ ਨਿਰਪੱਖਤਾ ਨਹੀਂ ਪਾਏ ਗਏ, ਜਿਹੜੇ ਸਾਡੇ ਆਜ਼ਾਦੀ ਦੀ ਲੜਾਈ ਦੀ ਵਿਰਾਸਤ ਹਨ।

(9) ਇਸ ਪਾਲਿਸੀ ਵਿਚ ਕਿਤੇ ਵੀ ਇਹ ਨਹੀਂ ਦੱਸਿਆ ਗਿਆ ਕਿ ਸੰਵਿਧਾਨ ਵਿਚ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਸਾਰੇ ਬੱਚਿਆਂ ਵਾਸਤੇ ਹੋਵੇਗੀ। ਇਥੋਂ ਤੱਕ ਕਿ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਸਤੇ ਵੀ ਕੁਝ ਨਹੀਂ ਕਿਹਾ ਗਿਆ ਹੈ।

(10) ਐੱਨਈਪੀ-2020 ਸਾਡੇ 85 ਤੋਂ 90 ਫੀਸਦੀ ਬੱਚਿਆਂ ਤੇ ਨੌਜੁਆਨਾਂ ਨੂੰ ਬਰਾਬਰ ਗੁਣਵੱਤਾ ਦੀ ਪੂਰੇ ਸਮੇਂ ਦੀ ਰਸਮੀ ਸਿੱਖਿਆ ਤੋਂ ਬਾਹਰ ਧੱਕੇਗੀ। ਉਨ੍ਹਾਂ ਨੂੰ ਘਟੀਆ ਤੇ ਪੱਛਮੀ ਸਿੱਖਿਆ ਵੱਲ ਲੈ ਜਾਵੇਗੀ ਅਤੇ ਉਨ੍ਹਾਂ ਨੂੰ ਘੱਟ ਤਨਖਾਹ ਵਾਲੇ ਬਾਲ ਮਜ਼ਦੂਰੀ ਜਾਂ ਪਰਿਵਾਰਕ ਕਿੱਤਿਆਂ ਵੱਲ ਧੱਕੇਗੀ ਜੋ ਜਾਤਪਾਤੀ ਸਿਸਟਮ/ ਭੇਦਭਾਵ ਵਾਲੇ ਢਾਂਚੇ ਨੂੰ ਹੋਰ ਮਜ਼ਬੂਤ ਕਰੇਗੀ।

(11) ਐੱਨਈਪੀ-2020 ਅਸਲ ਵਿਚ ਮਾਂ ਬੋਲੀ ਵਿੱਚ ਵਿੱਦਿਆ ਦੇਣ ਦੇ ਪ੍ਰਬੰਧ ਤੋਂ ਮੁਕਰ ਦੀ ਹੈ, ਜਦੋਂ ਕਿ ਸਿੱਖਿਆ ਅਧਿਕਾਰ ਕਾਨੂੰਨ-8 ਨੌਵੀਂ ਜਮਾਤ ਤਕ ਮਾਂ ਬੋਲੀ ਵਿੱਚ ਵਿੱਦਿਆ ਦੇਣ ਲਈ ਤਿਆਰ ਕੀਤਾ ਗਿਆ ਸੀ। ਜਿਸ ਨੂੰ ਇਹ ਵਿੱਦਿਆ ਨੀਤੀ ਸਿਰਫ ਪੰਜਵੀਂ ਜਮਾਤ ਤਕ ਸੀਮਤ ਕਰਦੀ ਹੈ ਅਤੇ ਪਹਿਲੇ ਕਾਨੂੰਨ ਦੀ ਤਰ੍ਹਾਂ ਇਸ ਦਸਤਾਵੇਜ਼ ਅੰਦਰ ਉਹੋ ਜਿਹੀਆਂ ਮੱਦਾਂ ਹੀ ਪਾਉਂਦੀ ਹੈ ਜਿਵੇਂ ਕਿ ''ਜਿੱਥੇ ਕਿਤੇ ਵੀ ਸੰਭਵ ਨਾ ਹੋਵੇ'' ਕਹਿ ਕੇ ਸਾਰਾ ਕੁਝ ਨੂੰ ਬੇਅਸਰ ਬਣਾ ਦਿੰਦੀ ਹੈ।

(12) ਇਹ ਨੀਤੀ ਕੇਂਦਰੀਕਰਨ ਤੇ ਸਮਰੂਪੀ ਕਰਨ (ਭਗਵਾਂਕਰਨ) ਦੇ ਅਮਲ ਨੂੰ ਉਗਾਸਾ ਦੇਵੇਗੀ,ਜਿਹੜਾ ਕਿ ਮਾਤ ਭਾਸ਼ਾਵਾਂ ਦੇ ਵਿਕਾਸ, ਖੇਤਰੀ ਤੇ ਲੋਕਲ ਭਾਸ਼ਾਵਾਂ ਦੇ ਵਿਕਾਸ ਅਤੇ ਬਹੁਪੱਖੀ ਗਿਆਨ ਦੇ ਵਿਕਾਸ (ਜੋ ਕਿ ਬੇਹੱਦ ਜ਼ਰੂਰੀ ਹੈ) ਦੇ ਵਿਰੋਧ ਵਿੱਚ ਭੁਗਤਦੇ ਹਨ।

(13) ਇਹ ਨੀਤੀ ਉਰਦੂ ਭਾਸ਼ਾ ਦੇ ਵਿਕਾਸ ਬਾਰੇ ਕੁਝ ਨਹੀਂ ਦੱਸਦੀ ਜਦ ਕਿ ਸੰਵਿਧਾਨ ਦੇ ਅਨੁਛੇਦ ਅੱਠ ਚ ਇਹ ਭਾਸ਼ਾ ਦਰਜ ਹੈ ਦੂਜਾ ਇਹ ਸੰਸਕ੍ਰਿਤ ਭਾਸ਼ਾ ਨੂੰ ਸਕੂਲ ਤੋਂ ਲੈ ਕੇ ਉੱਚ ਸਿੱਖਿਆ ਤਕ ਹਰ ਪੱਧਰ ਤੇ ਮੱਲੋ ਜ਼ੋਰੀ ਮੜਦੀ ਹੈ।

(14) ਇਹ ਨੀਤੀ ਪ੍ਰੀ-ਪ੍ਰਾਇਮਰੀ ,ਪ੍ਰਾਇਮਰੀ ਅਤੇ ਸੈਕੰਡਰੀ ਵਿੱਦਿਆ ਦੇ ਬੱਚਿਆਂ ਲਈ ਮੌਲਿਕ ਅਧਿਕਾਰਾਂ ਦੇ ਹੋਣ ਬਾਰੇ ਕੁਝ ਨਹੀਂ ਕਹਿੰਦੀ ਬੁਨਿਆਦੀ ਮੌਲਿਕ ਅਧਿਕਾਰ ਇਕ ਵਿਕਾਸਸ਼ੀਲ ਦੇਸ਼ ਲਈ ਬੇਹੱਦ ਜ਼ਰੂਰੀ ਹਨ।

(15) ਇਹ ਨੀਤੀ ਹੌਲੀ ਹੌਲੀ ਪੱਛੜੀਆਂ ਸ਼੍ਰੇਣੀਆਂ (ਬਹੁਜਨ ਸਮਾਜ) ਦੇ ਲੋਕਾਂ ਨੂੰ ਵਿੱਦਿਆ ਤੋਂ ਵੱਡੀ ਪੱਧਰ ਤੇ ਵਾਂਝੇ ਕਰ ਦੇਵੇਗੀ ਕਿਉਂਕਿ ਇਹ ਤੀਜੀ ਜਮਾਤ ਤੋਂ ਲੈ ਕੇ (ਪਰਖ) ਵਜੋਂ ਲਏ ਜਾਣ ਵਾਲੇ ਭਾਰੀ ਰਵਾਇਤੀ ਇਮਤਿਹਾਨਾਂ ਦੀ ਨੀਤੀ ਲਾਗੂ ਕਰਦੀ ਹੈ। ਜਿਹੜੀ ਵਿੱਦਿਆ ਅਧਿਕਾਰ ਕਾਨੂੰਨ ਦੀ ਕਿਸੇ ਨੂੰ ਵੀ ਫੇਲ੍ਹ ਨਾ ਕਰਨ ਦੀ ਨੀਤੀ ਨੂੰ ਹੋਰ ਪੇਤਲੀਆਂ ਪਾਵੇਗੀ।

(16) ਇਹ ਪਾਲਸੀ ਪਰਉਪਕਾਰੀ ਸੰਸਥਾ ਦੇ ਨਾਂ ਹੇਠ ਵਿੱਦਿਆ ਦੇ ਵਪਾਰੀਕਰਨ ਨੂੰ ਉਤਸ਼ਾਹਤ ਕਰਦੀ ਹੈ ਅਤੇ ਨਾਲ ਹੀ ਇਹ ਪਰਉਪਕਾਰੀ ਸੰਸਥਾਵਾਂ ਅਤੇ ਵਪਾਰਕ ਰੂਪ ਵਿੱਚ ਵਿੱਦਿਆ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਦਰਮਿਆਨ ਫ਼ਰਕ ਨੂੰ ਉਜਾਗਰ ਕਰਦੀ ਕੋਈ ਵਿਧੀ ਜਾਂ ਕੋਈ ਤਾਣਾ-ਬਾਣਾ ਸਾਹਮਣੇ ਨਹੀਂ ਲਿਆਉਂਦੀ।

ਗਰਾਂਟਾਂ ਖਤਮ ਕਰਕੇ ਅਤੇ ਨਾਲ ਹੀ ਸਕਾਲਰਸ਼ਿਪ ਸਕੀਮਾਂ ਨੂੰ ਵਿਦਿਅਕ ਕਰਜ਼ਿਆਂ ਚ ਦੇ ਬਦਲ ਵਜੋਂ ਪੇਸ਼ ਕਰਕੇ ਇਹ ਨਿਤੀ ਸਵੈ-ਵਿਤੀ ਕੋਰਸਾਂ ਨੂੰ ਉਗਾਸਾ ਦਿੰਦੀ ਹੈ ਜੋ ਕਿ ਵਿੱਦਿਆ ਨੂੰ ਕਰਜ਼ਿਆਂ ਤੇ ਨਿਰਭਰ ਕਰੇਗੀ।

(17) ਇਹ ਪਾਲਿਸੀ ਵਿੱਦਿਅਕ ਅਦਾਰਿਆਂ ਦੀਆਂ ਫੀਸਾਂ ਅਤੇ ਤਨਖਾਹਾਂ ਦੀ ਵਿਉਂਤਬੰਦੀ ਦੇ ਢਾਂਚੇ ਨੂੰ ਖਤਮ ਕਰਦੀ ਹੈ ਕਿਉਂਕਿ ਇਸ ਅੰਦਰ ਅਦਾਰੇ ਵੱਲੋਂ ਦਿੱਤਾ ਆਨਲਾਈਨ ਪਾਰਦਰਸ਼ੀ ਹਲਫੀਆ ਬਿਆਨ ਹੀ ਕਾਫੀ ਹੈ ਯਾਨੀ ਕਿ ''ਆਨਲਾਈਨ ਪਾਰਦਰਸ਼ੀ ਹਲਫ਼ੀਆ ਬਿਆਨ ਦਿਉ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਖੁੱਲ੍ਹੀ ਲੁੱਟ ਤੇ ਸ਼ੋਸ਼ਣ ਕਰੋ।''

(18) ਇਹ ਪਾਲਸੀ ਕੌਮੀ ਮਾਨਤਾ ਪ੍ਰਣਾਲੀ ਨਾਲ ਜੋੜ ਕੇ ਖੁਦ-ਮੁਖਤਿਆਰੀ ਦੇਣ ਦੀ ਦਰਜਾਬੰਦੀ ਕਰਨ ਦੇ ਸੰਕਲਪ ਲਿਆਉਣ ਰਾਹੀਂ ਜਨਤਕ ਯੂਨੀਵਰਸਿਟੀਆਂ ਖ਼ਤਮ ਕਰਦੀ ਹੈ।

(19) ਇਹ ਪਾਲਿਸੀ ਕੇਂਦਰ ਵੱਲੋਂ ਨਿਯੁਕਤ ਕੀਤੇ ਜਾਣ ਵਾਲੇ ਆਜਾਦਾਨਾ ਦਿੱਖ ਵਾਲੇ ਬੋਰਡ ਆਫ ਗਵਰਨਰਜ਼ ਦੇ ਬੰਦੋਬਸਤ ਦੇ ਹਵਾਲੇ ਕਰ ਦੇਵੇਗੀ।

ਇਹ ਬੋਰਡ ਉਨ੍ਹਾਂ ਅਕਾਦਮਿਕ ਤੇ ਕਾਰਜਕਾਰੀ ਕੌਂਸਲਾਂ ਦੀ ਥਾਂ ਲੈਣਗੇ ਜਿਹੜੇ ਕਿ ਅੱਜ ਦੀ ਹਾਲਤ ਵਿੱਚ ਯੂਨੀਵਰਸਿਟੀਆਂ ਅੰਦਰਲੇ ਜਮਹੂਰੀ ਕਾਰ ਵਿਹਾਰ ਦੀ ਨੀਂਹ ਹਨ।

(20) ਇਹ ਪਾਲਸੀ ਸਿੱਖਿਆ ਸੰਸਥਾਵਾਂ ਨੂੰ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਨੂੰ ਐਨਏਸੀ ਦੀ ਪਹੁੰਚ ਨਾਲ ਜੋੜ ਕੇ ਇਹ ਯਕੀਨੀ ਬਣਾਉਂਦੀ ਹੈ ਕਿ ਬਿਹਤਰ ਪ੍ਰਦਰਸ਼ਨ ਕਰਨ ਵਾਲੀਆਂ ਸਿਰਫ਼ ਕੁਝ ਕੁ/ ਕੁਲੀਨ ਸੰਸਥਾਵਾਂ ਹੀ ਬਿਹਤਰ ਫੰਡਿੰਗ ਦੀਆਂ ਹੱਕਦਾਰ ਹੋਣਗੀਆਂ ਅਤੇ ਪਹਿਲਾਂ ਤੋਂ ਹੀ ਮਾੜੀ ਹਾਲਤ ਵਾਲੀਆਂ ਬਹੁਤੀਆਂ ਸੰਸਥਾਵਾਂ ਨੂੰ ਹੌਲੀ ਹੌਲੀ ਪਿੜ ਚੋਂ ਬਾਹਰ ਕੱਢ ਦਿੱਤਾ ਜਾਵੇਗਾ।

(21) ਇਹ ਵਿੱਦਿਅਕ ਪਾਲਸੀ ਚਾਰ ਸਾਲਾ ਅੰਡਰ ਗਰੈਜੂਏਟ ਡਿਗਰੀ ਕੋਰਸ ਨੂੰ ਮੁੜ ਤੋਂ ਲਾਗੂ ਕਰਦੀ ਹੈ ਜਿਸ ਨੂੰ ਦਿੱਲੀ ਯੂਨੀਵਰਸਿਟੀ ਅੰਦਰੋਂ ਬੀਜੇਪੀ ਨੇ ਖੁਦ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਵਿਰੋਧ ਪਿੱਛੋਂ ਬੰਦ ਕਰ ਦਿੱਤਾ ਸੀ।

(22) ਪੋਸਟ ਗ੍ਰੈਜੂਏਸ਼ਨ ਪ੍ਰੋਗਰਾਮਾਂ ਨੂੰ ਇਸ ਪਾਲਿਸੀ ਵਿਚ ਘਟਾ ਕੇ ਇੱਕ ਸਾਲ ਦਾ ਕਰ ਦਿੱਤਾ ਜਾਵੇਗਾ ਅਤੇ ਐਮਫਿਲ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ ਅਜਿਹੀ ਨੀਤੀ ਵਿਵਸਥਾ ਵਿਦਿਆਰਥੀਆਂ ਦੇ ਖੋਜ ਆਧਾਰ ਨੂੰ ਕਾਫ਼ੀ ਹੱਦ ਤਕ ਘਟਾ ਦੇਵੇਗੀ ਇਹ ਯੂਨੀਵਰਸਿਟੀ ਵਿੱਚ ਅਧਿਆਪਕਾਂ ਲਈ ਕੰਮ ਦੇ ਭਾਰ ਵਿੱਚ ਉਤਰਾਅ ਚੜ੍ਹਾਅ ਲਿਆਵੇਗੀ।

(23) ਇਹ ਪਾਲਿਸੀ ਬਹੁਤ ਸਾਰੇ ਐਗਜ਼ਿਟ ਪੁਆਇੰਟਾਂ ਰਾਹੀਂ ਡਰਾਪਆਊਟਸ/ਸਕੂਲੋਂ ਹਟਣ ਵਾਲਿਆਂ ਨੂੰ ਹੋਰ ਸਹੀ ਢੰਗ ਨਾਲ ਜਾਇਜ਼ ਬਣਾਉਣ ਦੀ ਕੋਸ਼ਿਸ਼ ਕਰਦੀ ਹੈ।

ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਔਰਤਾਂ ਲਈ ਮੁੜ ਤੋਂ ਪੜ੍ਹਾਈ ਵੱਲ ਮੂੰਹ ਕਰਨਾ ਅਤੇ ਆਪਣੀ ਡਿਗਰੀ ਪ੍ਰੋਗਰਾਮਾਂ ਨੂੰ ਮੁੜ ਤੋਂ ਸ਼ੁਰੂ ਕਰਨਾ ਖ਼ਾਸ ਤੌਰ ਤੇ ਬਹੁਤ ਮੁਸ਼ਕਲ ਹੋਵੇਗਾ।

(24) ਇਹ ਪਾਲਸੀ ਮੌਜੂਦਾ ਰੈਗੂਲੇਟਰੀ ਪ੍ਰਣਾਲੀ ਦੇ ਬਹੁਤ ਜ਼ਿਆਦਾ ਭਾਰੀ ਭਰਕਮ ਹੋਣ ਦੀ ਤਿੱਖੀ ਆਲੋਚਨਾ ਕਰਦੀ ਹੈ ਪਰ ਬਦਕਿਸਮਤੀ ਹੈ ਕਿ ਭਾਰਤ ਦਾ ਉੱਚ ਸਿੱਖਿਆ ਕਮਿਸ਼ਨ ਆਪਣੇ ਚਾਰ ਥੰਮ੍ਹਾਂ ਜਿਵੇਂ ਕਿ ਰਾਸਟਰੀ ਉੱਚ ਸਿੱਖਿਆ ਰੈਗੂਲੇਟਰੀ ਕੋਂਸਲ, ਮਾਨਤਾ ਪ੍ਰਦਾਨ ਕਰਨ ਵਾਲੀ ਕੌਮੀ ਕੌਂਸਲ, ਉੱਚ ਸਿੱਖਿਆ ਗਰਾਂਟ ਕੌਂਸਲ ਅਤੇ ਅਖੀਰ ਵਿੱਚ ਜਨਰਲ ਐਜੂਕੇਸ਼ਨ ਕੌਂਸਲ ਰਾਹੀਂ ਉੱਚ ਵਿੱਦਿਆ ਉੱਪਰ ਕੰਟਰੋਲ ਦੇ ਕੇਂਦਰੀਕਰਨ ਦੀਆਂ ਮੌਜੂਦਾ ਹੱਦਾਂ ਨੂੰ ਪਾਰ ਕਰ ਜਾਂਦਾ ਹੈ। ਵਿੱਤੀ ਤੌਰ 'ਤੇ ਸੰਕਲਪ ਪੱਧਰ ਅਤੇ ਪ੍ਰਸ਼ਾਸਨ ਦੇ ਪੱਧਰ ਦੇ ਮਸਲਿਆਂ ਤੱਕ ਵੀ।

(25) ਇਹ ਵਿੱਦਿਅਕ ਨੀਤੀ ਪ੍ਰਸਤਾਵਿਤ ਕੀਤੀ ਰਾਸਟਰੀ ਖੋਜ ਫਾਊਂਡੇਸ਼ਨ ਰਾਹੀਂ ਖੋਜ ਨੂੰ ਕੇਂਦਰੀ ਤੌਰ ਤੇ ਨਿਯੰਤਰਣ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਿਸ ਖੋਜ ਪ੍ਰਤੀ ਆਪਮੁਹਾਰਤਾ, ਸਿਰਜਣਾਤਮਕਤਾ ਅਤੇ ਉਤਸ਼ਾਹ ਦੀ ਭਾਵਨਾ ਨੂੰ ਖੋਰਾ ਲੱਗਦਾ ਹੈ।

(26) ਇਹ ਪਲ ਸੀ ਸਕੂਲਾਂ ਵਿੱਚ ਵਿਆਪਕ ਅਸਮਾਨਤਾਵਾਂ ਅਤੇ ਫ਼ਰਕਾਂ ਦੇ ਨਾਲ ਨਾਲ ਵਿਭਿੰਨਤਾਵਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਕੇਂਦਰੀਕ੍ਰਿਤ ਨੈਸ਼ਨਲ ਟੈਸਟਿੰਗ ਏਜੰਸੀ ਐਨਟੀਏ ਰਾਹੀਂ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਦਾਖ਼ਲਿਆਂ ਦੇ ਦਾਖਲਿਆਂ ਦੇ ਨਾਲ ਨਾਲ ਪੇਸ਼ਾਵਰ ਸੰਸਥਾਵਾਂ ਲਈ ਕੇਂਦਰੀ ਤੌਰ ਤੇ ਇਕ ਸਿੰਗਲ ਪ੍ਰਵੇਸ਼ ਪ੍ਰੀਖਿਆ ਕਰਵਾਉਣ ਦਾ ਪ੍ਰਸਤਾਵ ਕਰਦੀ ਹੈ ਜਿਸ ਨਾਲ ਵੱਖ ਵੱਖ ਰਾਜਾਂ/ਯੂਟੀ ਦੀਆਂ ਸਕੂਲ ਪ੍ਰਣਾਲੀਆਂ ਜੋ ਸੰਵਿਧਾਨ ਦੇ ਅਨੁਛੇਦ 246 (ਸੱਤਵੀਂ ਅਨੁਸੂਚੀ) ਦੇ ਸੰਘੀ ਢਾਂਚੇ ਅਨੁਸਾਰ ਉਸਾਰੀਆਂ ਹਨ-ਨੂੰ ਕਮਜ਼ੋਰ ਕਰਦੀ ਹੈ ਇਸ ਤੋਂ ਇਲਾਵਾ ਪਰਖ ਅਤੇ ਐਨਟੀਏ ਦੋਵੇਂ ਮਿਲਾ ਕੇ ਨਾ ਸਿਰਫ ਕੋਚਿੰਗ ਕਾਰੋਬਾਰ ਅਤੇ ਮੁਲੰਕਣ ਕਰਨ ਦੀ ਆਊਟਸੋਰਸਿੰਗ ਨੂੰ ਉਤਸ਼ਾਹਤ ਕਰਨਗੇ ਸਗੋਂ ਭਾਰਤ ਦੀ ਸਿੱਖਿਆ ਪ੍ਰਣਾਲੀ ਵਿੱਚ ਟੈਸਟਿੰਗ ਨੂੰ (ਪੀਆਈਸੀ) ਵਰਗੀਆਂ ਗਲੋਬਲ ਏਜੰਸੀਆਂ ਨਾਲ ਜੋੜਨ ਲਈ ਖਾਸ ਤੌਰ ਤੇ ਦੱਬੀਆਂ ਕੁਚਲੀਆਂ ਜਾਤਾਂ ਦੇ ਵਰਗਾਂ ਦੇ ਬੱਚਿਆਂ ਨੂੰ ਨੁਕਸਾਨਦੇਹ ਹਨ। ਖਾਸ ਕਰ ਕੇ ਸਮਾਜ ਦੇ ਇਨ੍ਹਾਂ ਵਰਗਾਂ ਦੀਆਂ ਕੁੜੀਆਂ ਲਈ।

(27) ਆਨਲਾਈਨ ਕੋਰਸ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਮਾਨੰਤਰ ਅਤੇ ਕਈ ਹਾਲਤਾਂ ਚ ਰਵਾਇਤੀ ਸਿੱਖਿਆ ਦੇ ਹਾਣ ਦੇ ਹੋਣ ਵਜੋਂ ਪੇਸ਼ ਕੀਤੇ ਜਾ ਰਹੇ ਹਨ ਹਾਲਾਂਕਿ ਬਹੁਜਨ ਸਮਾਜ ਦੇ ਬੱਚਿਆਂ ਦੀ ਵੱਡੀ ਬਹੁਗਿਣਤੀ ਲਈ ਇਹ ਉਪਲੱਬਧ ਹੀ ਨਹੀਂ ਹਨ।

(28) ਇਸ ਪਾਲਿਸੀ ਤਹਿਤ ਹਰ ਤਰ੍ਹਾਂ ਦੇ ਵਜੀਫਿਆਂ ਨੂੰ ਦੇਸ਼ ਭਰ ਵਿੱਚ ਸਿੰਗਲ ਵਿੰਡੋ ਤੋਂ ਉਪਲੱਬਧ ਕਰਵਾਉਣ ਲਈ ਇਨ੍ਹਾਂ ਦਾ ਕੇਂਦਰੀ ਕਰਨ ਕੀਤਾ ਜਾਵੇਗਾ। ਸਖਤੀ ਨਾਲ ਯੋਗਤਾ ਦੇ ਆਧਾਰ ਅਤੇ ਘੱਟੋ ਘੱਟ ਵਿਦਿਆਰਥੀਆਂ ਨੂੰ ਵਜ਼ੀਫੇ ਦੇਣੇ। ਜਿਸ ਦਾ ਮਤਲਬ ਕਿ ਸਮਾਜਕ ਪਛੜੇਵੇਂ ਤੇ ਆਧਾਰਤ ਵਜੀਫੇ ਬੰਦ ਕਰ ਦਿੱਤੇ ਜਾਣਗੇ ਅਤੇ ਸਕਾਲਰਸ਼ਿਪਾਂ ਦੀ ਕੁੱਲ ਗਿਣਤੀ ਵੀ ਘਟ ਜਾਵੇਗੀ।

(29) ਇਸ ਪਾਲਿਸੀ ਰਾਹੀਂ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਆਪਣਾ ਕਾਰੋਬਾਰ ਖੋਲ੍ਹਣ ਲਈ ਅਤੇ ਚਲਾਉਣ ਲਈ ਅਤੇ ਇੱਥੋਂ ਤਕ ਕਿ ਪ੍ਰਾਪਤ ਹੋਏ ਮੁਨਾਫੇ ਰਾਹੀਂ ਦੁਨੀਆਂ ਵਿੱਚ ਕਿਤੇ ਵੀ ਵੱਧ ਤੋਂ ਵੱਧ ਸੰਸਥਾਵਾਂ ਖੋਲ੍ਹਣ ਵਿਚ ਆਪਣਾ ਸਰਪਲੱਸ ਨਿਵੇਸ਼ ਕਰਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਇਹ ਉੱਚ ਸਿੱਖਿਆ ਦੀ ਪਹਿਲਾਂ ਤੋਂ ਹੀ ਚੱਲਦੀ ਆ ਰਹੀ ਭੇਦ ਭਾਵ ਵਾਲ ਪ੍ਰਣਾਲੀ ਵਿੱਚ ਇੱਕ ਹੋਰ ਪਰਤ ਜੋੜੇਗਾ। ਜਨਤਕ ਯੂਨੀਵਰਸਿਟੀਆਂ ਦੀਆਂ ਪ੍ਰਤਿਭਾਵਾਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਵੱਲ ਤਬਦੀਲ ਕਰਨ ਲਈ ਉਤਸ਼ਾਹਤ ਕਰੇਗਾ ਅਤੇ ਵਿਦਿਅਕ ਕਰਜ਼ਿਆਂ ਰਾਹੀਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਬਹੁਤ ਜ਼ਿਆਦਾ ਵਿੱਤੀ ਕਰਜ਼ੇ ਹੇਠ ਦੱਬ ਦੇਵੇਗਾ।

(30) ਇਹ ਪਾਲਸੀ 200 ਨੁਕਾਤੀ/ ਪੁਆਇੰਟ ਰੋਸਟਰ ਦੇ ਅਨੁਸਾਰ ਅਧਿਆਪਕਾਂ ਦੀਆਂ ਸਾਰੀਆਂ ਖਾਲੀ ਅਸਾਮੀਆਂ ਲਈ ਸਮਾਂਬੱਧ ਸਥਾਈ ਨਿਯੁਕਤੀਆਂ ਕਰਨ ਤੋਂ ਇਨਕਾਰ ਕਰਦੀ ਹੈ।

(31) ਇਹ ਪਾਲਸੀ ਠੇਕਾ ਆਧਾਰਤ ਅਤੇ ਪੈਰਾਂ ਅਧਿਆਪਕਾਂ ਦੀ ਭਰਤੀ ਦੇ ਮੁੱਦੇ ਨੂੰ ਜਾਇਜ਼ ਅਤੇ ਸਮਾਂਬੱਧ ਤਰੀਕੇ ਨਾਲ ਹੱਲ ਨਹੀਂ ਕਰਦੀ ਹੈ।

(32) ਇਹ ਪਾਲਸੀ ਆਂਗਨਵਾੜੀਆਂ (ਨਿੱਕੇ ਨਿਆਣਿਆਂ ਦੀ ਸਾਂਭ ਸੰਭਾਲ ਅਤੇ ਵਿੱਦਿਆ) ਲਈ ਵਰਕਰਾਂ ਨੂੰ ਸੇਵਾ ਦੌਰਾਨ ਢੁੱਕਵੀਂ ਸਿਖਲਾਈ ਅਤੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਦਾ ਪੂਰਾ ਰੁਤਬਾ ਪ੍ਰਦਾਨ ਨਹੀਂ ਕਰਦੀ।

(33) ਇਹ ਵਿੱਦਿਅਕ ਪਾਲਸੀ ਨਾ ਤਾਂ ਉਚਿਤ ਸੇਵਾ ਸਿਖਲਾਈ ਪ੍ਰਦਾਨ ਕਰਦੀ ਹੈ ਅਤੇ ਨਾ ਹੀ ਪ੍ਰੀ-ਪ੍ਰਾਇਮਰੀ ਅਧਿਆਪਕਾਂ/ ਆਂਗਨਵਾੜੀ/ਈਸੀਸੀਈ ਕਾਮਿਆਂ ਨੂੰ ਸਨਮਾਨਪੂਰਵਕ ਦਰਜਾ ਦਿੰਦੀ ਹੈ।

(34) ਇਸ ਪਾਲਿਸੀ ਮੁਤਾਬਕ

ਸਰਕਾਰੀ ਸਕੂਲਾਂ ਦੇ ਸਾਰੇ ਅਧਿਆਪਕਾਂ ਨੂੰ ਇੱਕ ਪੂਰੇ ਸਕੂਲ ਕੰਪਲੈਕਸ ਵਿੱਚ ਸੇਵਾ ਕਰਨ ਦੀ ਲੋੜ ਹੋਵੇਗੀ ਜਿਸ ਵਿਚ ਪੰਜ ਕਿਲੋਮੀਟਰ ਤੋਂ ਦੱਸ ਕਿਲੋਮੀਟਰ ਦੇ ਘੇਰੇ ਵਿੱਚ ਦੂਰ ਦੁਰਾਡੇ ਸਥਿਤ ਖੇਤਰ ਸ਼ਾਮਲ ਹੋ ਸਕਦੇ ਹਨ ਭਾਵੇਂ ਬਹੁਤ ਮੁਸ਼ਕਲਾਂ ਸਮਾਂ ਕਿਉਂ ਨਾ ਹੋਵੇ।

(35) ਸਕੂਲ ਕੰਪਲੈਕਸਾਂ ਦੇ ਆਪਣੇ ਪ੍ਰਸਤਾਵ ਅਤੇ ਹਰੇਕ ਸਰਕਾਰੀ ਸਕੂਲ ਨੂੰ ਇੱਕ ਪ੍ਰਾਈਵੇਟ ਸਕੂਲ ਨਾਲ ਜੋੜਨ ਦੇ ਵਿਚਾਰ ਦੁਆਰਾ ਐੱਨਈਪੀ -2020 ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਅਨੁਪਾਤ ਨੂੰ ਘਟਾਉਂਦੀ ਅਤੇ ਘਰ ਨੇੜਲੇ ਸਰਕਾਰੀ ਸਕੂਲਾਂ ਦੀ ਧਾਰਨਾ ਨੂੰ ਖੋਰਾ ਲਾਉਂਦੀ ਹੈ। ਜਿਸ ਨਾਲ ਉਨ੍ਹਾਂ ਦੇ ਬੰਦ ਹੋਣ ਜਾਂ ਕਿਸੇ ਹੋਰ ਸਕੂਲ ਵਿੱਚ ਜਜ਼ਬ ਕੀਤੇ ਜਾਣ ਦਾ ਰਾਹ ਪੱਧਰਾ ਹੁੰਦਾ ਹੈ।

(36) ਇਹ ਪਾਲਿਸੀ ਰੁਜਗਾਰਦਾਤਾ ਨੂੰ ਕਰਮਚਾਰੀਆਂ ਦੇ ਪਰਵੇਸ਼ਨ (ਅਜਮਾਇਸ਼ੀ ਸਮਾਂ) ਵਧਾਉਣ ਦੀ ਇਜਾਜ਼ਤ ਦਿੰਦੀ ਹੈ ਜਿਸ ਨਾਲ ਅਧਿਆਪਕਾਂ ਦੇ ਸ਼ੋਸ਼ਣ ਦਾ ਰਾਹ ਖੁੱਲ੍ਹਦਾ ਹੈ।

(37) ਇਹ ਪਾਲਿਸੀ ਠੇਕਾ ਪ੍ਰਣਾਲੀ ਨੂੰ ਉਤਸ਼ਾਹਤ ਕਰਨ ਲਈ ਇਕ ਮਿਥਣ ਦੀ ਪ੍ਰਣਾਲੀ/ਕਾਰਜਕਾਲ ਪੇਸ਼ ਕਰਦੀ ਹੈ।

(38) ਇਸ ਪਾਲਿਸੀ ਮੁਤਾਬਕ ਪਦਉੱਨਤੀ ਲਈ ਸੀਨੀਆਰਟੀ ਜਾਂ ਤਜਰਬਾ ਕੋਈ ਪੈਮਾਨਾ ਨਹੀਂ ਹੋਵੇਗਾ।

(39) ਅਧਿਆਪਕਾਂ ਨੂੰ ਪਦ ਉੱਨਤ ਕਰਨ ਵੇਲੇ ਇਹ ਵਿੱਦਿਅਕ ਪਾਲਿਸੀ ਰਾਖਵਾਂਕਰਨ/ਸਮਾਜਿਕ ਨਿਆਂ ਨੂੰ ਖ਼ਤਮ ਕਰਦੀ ਹੈ ਅਤੇ ਇਸ ਦਾ ਮਤਲਬ ਹੈ ਕਿ ਪਦਉੱਨਤ ਕਰਨ ਵੇਲੇ ਕਿਸੇ ਕਿਸਮ ਦੇ ਰਾਖਵੇਂਕਰਨ ਜਾਂ ਸਮਾਜਿਕ ਨਿਆਂ ਲਈ ਕੋਈ ਗੁੰਜਾਇਸ਼ ਨਹੀਂ ਹੋਵੇਗੀ ਇਹ ਤਰੱਕੀਆਂ ਵਿੱਚ ਰਾਖਵੇਂਕਰਨ/ਸਮਾਜਿਕ ਦੇ ਮਾਪਦੰਡ ਨੂੰ ਖਤਮ ਕਰਦੀ ਹੈ।

(40) ਇਹ ਪਾਲਸੀ ਪ੍ਰਾਈਵੇਟ ਅਧਿਆਪਕਾਂ ਦੇ ਤਨਖਾਹ ਢਾਂਚੇ ਚ ਨਿਯੰਤਰਨ ਕਰਨ ਦੇ ਢਾਂਚੇ ਨੂੰ ਖਤਮ ਕਰਦੀ ਹੈ, ਜੋ ਕਿ ਸਾਰੇ ਪੱਧਰਾਂ ਤੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੀਆਂ ਜੋੜੀਆਂ ਬਣਾਉਣ ਦੇ ਮੱਦੇਨਜ਼ਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਤਨਖਾਹ ਢਾਂਚੇ ਨੂੰ ਵੀ ਪ੍ਰਭਾਵਤ ਕਰੇਗਾ।

(41) ਈਸੀਸੀਈ ਤੋਂ ਲੈ ਕੇ ਸਕੂਲੀ ਸਿੱਖਿਆ ਦੇ ਹਰ ਪੱਧਰ ਤੇ ਗੈਰ ਰਸਮੀ ਪਰਿਭਾਸ਼ਿਤ ਭੂਮਿਕਾਵਾਂ ਲਈ ਇਹ ਪਾਲਸੀ ਵੱਖ ਵੱਖ ਪੱਧਰਾਂ ਤੇ ਵਲੰਟੀਅਰਾਂ ਸਮਾਜਕ ਵਰਕਰਾਂ ਸਲਾਹਕਾਰਾਂ ਸਥਾਨਕ ਉੱਘੇ ਵਿਅਕਤੀਆਂ ਸਕੂਲਾਂ ਦੇ ਸਾਬਕਾ ਵਿਦਿਆਰਥੀਆਂ ਸਰਗਰਮ ਅਤੇ ਸਿਹਤਮੰਦ ਸੀਨੀਅਰ ਸ਼ਹਿਰੀਆਂ ਅਤੇ ਜਨਤਕ ਭਾਵਨਾਤਮਕ ਭਾਈਚਾਰੇ ਦੇ ਮੈਂਬਰਾਂ ਦੀ ਵੱਡੀ ਪੱਧਰ ਤੇ ਭਰਤੀ ਦੀ ਵਿਵਸਥਾ ਕਰਦੀ ਹੈ। ਜਿਸ ਨਾਲ ਸਿੱਖਿਆ ਵਿਚ ਸੱਤਾਧਾਰੀ ਪਾਰਟੀ ਦੇ ਵਿਚਾਰਧਾਰਕ ਏਜੰਡੇ ਨੂੰ ਅੱਗੇ ਵਧਾਉਣ ਲਈ ਪਿਛਲੇ ਦਰਵਾਜ਼ੇ ਰਾਹੀਂ ਕਾਡਰਾਂ ਦੀ ਭਰਤੀ ਕਰਨ ਲਈ ਰਾਹ ਪੱਧਰਾ ਹੁੰਦਾ ਹੈ।

(42) ਇਸ ਤੋਂ ਇਲਾਵਾ ਸਮੂਹਿਕ ਸੌਦੇਬਾਜ਼ੀ ਲਈ ਅਧਿਆਪਕਾਂ ਦੀਆਂ ਐਸੋਸੀਏਸ਼ਨਾਂ ਲਈ ਕੋਈ ਗੁੰਜਾਇਸ਼ ਨਹੀਂ ਹੈ ਅਤੇ ਨਾ ਹੀ ਵਿਦਿਆਰਥੀ ਯੂਨੀਅਨਾਂ ਬਣਾਉਣ ਦੀ ਕੋਈ ਇਜਾਜ਼ਤ ਹੈ।

(43) ਵਿਸ਼ਵ ਵਪਾਰ ਸੰਸਥਾ/ਗੈਟਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਪੋਰੇਟੀਕਰਨ ਤੇ ਵਿਸ਼ਵੀਕਰਨ ਨੂੰ ਤੇਜ਼ ਕਰਨ ਲਈ ਸਿੰਗਲ ਵਿੰਡੋ ਕਲੀਅਰੈਂਸ ਪ੍ਰਦਾਨ ਕਰਨ ਦੇ ਨਾਲ ਨਾਲ ਧਾਰਮਿਕ ਕੱਟੜਵਾਦ ਨੂੰ ਅੱਗੇ ਵਧਾਉਣ ਅਤੇ ਬ੍ਰਾਹਮਣਵਾਦ, ਜਾਤੀਪਾਤੀਵਾਦ ਅਤੇ ਪਿਤਾ ਪੁਰਖੀ ਸਰਦਾਰੀ ਨਾਲ ਗੁੜੱਚ ਹਿੰਦੂ ਰਾਸ਼ਟਰ ਦੇ ਸੰਵਿਧਾਨ ਵਿਰੋਧੀ ਅਤੇ ਦੇਸ਼ ਵਿਰੋਧੀ ਏਜੰਡੇ ਨੂੰ ਅੱਗੇ ਵਧਾਉਣ ਲਈ ਤਾਕਤਾਂ ਦਾ ਕੇਂਦਰੀਕਰਨ ਇਹ ਪਾਲਿਸੀ ਕਰਦੀ ਹੈ।

(44) ਘਰੇ ਵਰਤੀ ਜਾਂਦੀ ਭਾਸ਼ਾ/ ਮਾਤ ਭਾਸ਼ਾ/ਸਥਾਨਕ ਭਾਸ਼ਾ ਤੇ ਖੇਤਰੀ ਭਾਸ਼ਾ ਨੂੰ ਇੱਕੋ ਅਰਥਾਂ ਵਾਲਾ ਸਮਝਣਾ ਬਹੁਤ ਖ਼ਤਰਨਾਕ ਹੈ। ਕਿਸੇ ਸਥਾਨਕ ਭਾਸ਼ਾ ਜਾਂ ਰਾਜਕੀ ਭਾਸ਼ਾ ਰਾਹੀਂ ਕਿਸੇ ਬੱਚੇ ਦੀ ਆਪਣੀ ਮਾਤ ਭਾਸ਼ਾ ਚ ਗੱਲ ਕਰਨੋਂ ਕਿਵੇਂ ਹਟਾਇਆ ਜਾ ਸਕਦਾ ਹੈ ਭਾਵੇਂ ਕਿ ਉਹ ਮਾਂ ਬੋਲੀ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ ਥੋੜ੍ਹੀ ਜੀ ਹੀ ਕਿਉਂ ਨਾ ਹੋਵੇ।

(45) ਇਹ ਨੀਤੀ ਦਸਤਾਵੇਜ਼ ਤਿੰਨ ਭਾਸ਼ਾਈ ਫਾਰਮੂਲੇ ਦੀ ਵਿਆਖਿਆ ਤੇ ਮਾਮਲੇ ਬਾਰੇ ਚੁੱਪ ਹੈ, ਬਾਵਜੂਦ ਇਸ ਦੇ ਕਿ ਇਹ ਫਾਰਮੂਲਾ ਗਹਿਰ ਗੰਭੀਰ ਬਹਿਸ ਮੁਬਾਸੇ ਅਤੇ ਵਿਰੋਧਾਂ 'ਚੋਂ ਲਿਕਲਿਆ ਸੰਕਲਪ ਹੈ। 1960 ਵਿੱਚ ਆਪਣੀ ਹੋਂਦ ਤੋਂ ਲੈ ਕੇ ਅਨੇਕਾਂ ਰੂਪ ਚ ਇਸ ਦੀਆਂ ਵਿਆਖਿਆਵਾਂ ਕੀਤੀਆਂ ਗਈਆਂ ਹਨ।

(46) ਤਿੰਨ ਤੋਂ ਛੇ ਸਾਲਾਂ ਦੀ ਉਮਰ ਦੇ ਬੱਚਿਆਂ ਦੇ ਬਹੁਤ ਹੀ ਵਧਾ ਚੜ੍ਹਾ ਕੇ ਇਹ ਪਾਲਿਸੀ ਵਿਚ ਪੇਸ਼ ਕੀਤੇ ਗਏ ਬੱਚਿਆਂ ਦੇ ਮੁਢਲੇ ਬਚਪਨ ਦੌਰਾਨ ਦੇਖਭਾਲ ਅਤੇ ਸਿੱਖਿਆ ਦੇਣ ਦੇ ਪ੍ਰੋਗਰਾਮ (ਈ ਸੀ ਈ ਦਾ) ਇਕ ਲੁਕਵਾਂ ਏਜੰਡਾ ਹੈ ਯਾਨੀ ਕਿ ਪਲੇਅ ਸਕੂਲਾਂ ਨਰਸਰੀ ਤੋਂ ਲੈ ਕੇ ਪ੍ਰੀ-ਪ੍ਰਾਇਮਰੀ ਸਿੱਖਿਆ ਦੀ ਅਣਗਾਹੀ ਮੰਡੀ ਨੂੰ ਘੋਲਣਾਂ ਤੇ ਖੰਗਾਲਣਾਂ ਹੈ।

(47) ਹੋਰ ਵੀ ਅਹਿਮ ਗੱਲ ਇਹ ਹੈ ਕਿ ਈ ਸੀ ਸੀ ਈ ਨੂੰ ਵੀ ਦੋ ਸਾਲਾਂ ਵਿੱਚ ਪ੍ਰਾਇਮਰੀ ਮੁੱਢਲੇ ਸਕੂਲਾਂ ਯਾਨੀ ਕਿ ਪਹਿਲੀ ਤੇ ਦੂਜੀ ਜਮਾਤ 'ਚ ਨਰੜ ਦਿੱਤਾ ਗਿਆ ਹੈ ਅਤੇ ਨਾਲ ਹੀ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਦਿੱਤੀ ਗਈ ਕਿ ਸਰਕਾਰੀ ਸਕੂਲਾਂ ਨੂੰ ਉਸ ਹਾਣ ਦੇ ਬਣਾਉਣ ਲਈ ਕੋਈ ਸਰਕਾਰੀ ਵਿੱਤੀ ਇਮਦਾਦ ਮੁਹੱਈਆ ਕੀਤੀ ਜਾਵੇ।

(48) ਨਵੀਂ ਸਿੱਖਿਆ ਨੀਤੀ ਅਜਿਹਾ ਪਹਿਲਾ ਨੀਤੀਗਤ ਦਸਤਾਵੇਜ਼ ਹੈ ਜਿਹੜਾ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਨਿੱਜੀ ਸੰਸਥਾਨ ਵਾਫ਼ਰ ਕਮਾਈ ਕਰ ਸਕਦੇ ਹਨ ਜਾਂ ਮੁਨਾਫਾ ਕਮਾ ਸਕਦੇ ਹਨ ਅਤੇ ਜਦੋਂ ਜੀਅ ਚਾਹੇ ਅਜਿਹੀਆਂ ਵਿੱਦਿਅਕ ਸੰਸਥਾਵਾਂ ਤੋਂ ਪੈਰ ਪਿੱਛੇ ਖਿੱਚ ਕੇ ਉਸੇ ਪੈਸੇ ਨੂੰ "ਵਿੱਦਿਆ ਦੇ ਕੁਝ ਹੋਰ ਖੇਤਰ" 'ਚ ਨਿਵੇਸ਼ ਕਰ ਸਕਦੇ ਹਨ ਅਤੇ ਇਥੋਂ ਤੱਕ ਕਿ ਵਿਦੇਸੀ ਮੁਲਕਾਂ ਅੰਦਰ ਇਸ ਪੈਸੇ ਨੂੰ ਨਿਵੇਸ਼ ਕਰ ਸਕਦੇ ਹਨ

(49) ਨਿਵੇਸ਼ ਕਰਨ ਦੀ ਪਹੁੰਚ ਦੀ ਥਾਂ ਪੈਦਾਵਾਰ ਮੁਖੀ ਪਹੁੰਚ ਅਪਣਾਉਣ ਰਾਹੀਂ ਇਹ ਵਿੱਦਿਅਕ ਨੀਤੀ ਆਦਿਵਾਸੀਆਂ ਖੇਤਰਾਂ ਅੰਦਰ ਸਿੰਗਲ ਟੀਚਰ ਸਕੂਲ ਖੋਲ੍ਹਣ ਅਤੇ ਬਿਨਾਂ ਕਿਸੇ ਸਿੱਖਿਆ ਪ੍ਰਾਪਤੀ ਤੋਂ ਅਤੇ ਲੋੜੀਂਦੇ ਅਧਿਆਪਕਾਂ ਅਤੇ ਢਾਂਚੇ ਤੋਂ ਸ਼ਹਿਰੀ ਖੇਤਰਾਂ ਅੰਦਰ ਖੁੰਬਾਂ ਵਾਂਗ ਉੱਗ ਰਹੇ ਬਜਟ ਪ੍ਰਾਈਵੇਟ ਸਕੂਲਾਂ ਦੇ ਆਰਐਸਐਸ ਦੇ ਏਜੰਡੇ ਨੂੰ ਵਿਵਾਦਿਤ ਬਖਸ਼ਦੀ ਹੈ।

(50) ਨਿੱਜੀ ਖੇਤਰ, ਭਾਈਚਾਰੇ, ਵਿਦਿਆਰਥੀਆਂ ਜਾਂ ਮਾਪਿਆਂ ਤੋਂ ਕੋਈ ਵਿੱਤੀ ਇਮਦਾਦ ਲੈਣ ਦੀ ਥਾਂ ਸਿਰਫ ਸਰਕਾਰੀ ਸਾਧਨਾਂ ਤੋਂ ਵਿੱਦਿਆ ਤੇ ਹੋਣ ਵਾਲੇ ਖਰਚੇ ਲੈਣ ਲਈ ਸਲਾਹ ਦੇਣ ਲਈ 2005 ਦੀ ਤਪਸ ਮਜੂਮਦਾਰ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਕੰਨ ਧਰਨ ਦੀ ਥਾਂ ਇਹ ਨੀਤੀ ਅਖੌਤੀ ਨਿੱਜੀ ਪਰ-ਉਪਕਾਰੀ ਕਾਰਜਸ਼ੀਲਤਾ ਨੂੰ ਹੀ ਉਤਸ਼ਾਹਤ ਨਹੀਂ ਕਰਦੀ ਬਲਕਿ ਵਿੱਦਿਅਕ ਖੇਤਰ ਅੰਦਰ ਸਿੱਧੇ ਵਿਦੇਸ਼ੀ ਨਿਵੇਸ਼ /ਐਫਡੀਆਈ ਨੂੰ ਵੀ ਹੋਕਾ ਦਿੰਦੀ ਹੈ।

(51) ਵੱਡੀ ਪੱਧਰ ਤੇ ਨਿੱਜੀਕਰਨ ਨੂੰ ਉਤਸ਼ਾਹਤ ਕਰਕੇ ਨਵੀਂ ਵਿੱਦਿਅਕ ਨੀਤੀ ਸਪੱਸ਼ਟ ਤੌਰ 'ਤੇ ਐਲਾਨ ਕਰਨ ਦੀ ਕੋਸ਼ਿਸ਼ ਕਰਦੀ ਰਹੀ ਹੈ ਕਿ ਇੱਥੇ ਸਰੋਤਾਂ ਦੀ ਕਮੀ ਹੈ। ਇਸ ਮਿੱਥ (ਮਨਘੜਤ ਬਿਰਤਾਂਤ) ਨੂੰ ਮੈਕਾਲੇ ਦੀ ਕਿਤਾਬ ਮਿੰਨਟਸ ਆਫ 1835- ਦੇ ਵੇਲੇ ਤੋਂ ਹੀ ਗਿਆਨ ਰੁਜਗਾਰ ਅਤੇ ਸਮਾਜਿਕ ਪੱਧਰ ਤੇ ਉਪਰਾਲੇ ਪੱਧਰ ਵੱਲ ਗਤੀਸ਼ੀਲਤਾ ਤੇ ਆਪਣੀ ਅਜਾਰੇਦਾਰੀ ਬਣਾਈ ਰੱਖਣ ਲਈ ਖਾਸ ਤੌਰ ਤੇ ਉੱਚ ਵਰਗ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ। ਸਿੱਖਿਆ ਸਿਹਤ ਅਤੇ ਹੋਰ ਲੋੜੀਂਦੇ ਵਿਕਾਸ ਲਈ ਸਰੋਤਾਂ ਦੀ ਸੁਚੱਜੀ ਵੰਡ ਕਰਨਾ ਸਰੋਤਾਂ ਦੀ ਘਾਟ ਨਾਲ ਜੁੜਿਆ ਸਵਾਲ ਨਹੀਂ ਹੈ ਬਲਕਿ ਇਹ ਸਵਾਲ ਸਿਆਸੀ ਤਰਜੀਹਾਂ ਦਾ ਹੈ।


*ਨਵੰਬਰ ਨੂੰ ਬਰਸੀ ਮੌਕੇ ਵਿਸ਼ੇਸ਼*

# ਮਹਾਨ ਗ਼ਦਰੀ ਬਾਬਾ ਸੱਜਣ ਸਿੰਘ ਨਾਰੰਗਵਾਲ (ਉਰਫ਼ ਦੂਜਾ ਸਰਾਭਾ)



ਜਸਦੇਵ ਸਿੰਘ ਲਲਤੋਂ
96464-02470

ਸੱਜਣ ਸਿੰਘ ਦਾ ਜਨਮ 1898 ਚ ਪਿਤਾ ਮੀਹਾਂ ਸਿੰਘ ਦੇ ਘਰੇ ਪਿੰਡ ਨਾਰੰਗਵਾਲ ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਨੂੰ ਮੁੱਢਲੀ ਵਿਦਿਆ ਲਈ ਪਿੰਡ ਦੇ ਪ੍ਰਾਇਮਰੀ ਸਕੂਲ ਚ ਪੜ੍ਹਨ ਲਾਇਆ ਗਿਆ। ਵੱਡੇ ਭਰਾ ਹਰਦਿੱਤ ਸਿੰਘ ਨੇ ਆਪ ਨੂੰ ਬਹੁਤ ਪੜ੍ਹਾਇਆ, ਜੋ ਕਿ ਹਿਸਾਬ ਵਿਸ਼ੇ ਦੇ ਬੜੇ ਮਾਹਰ ਸਨ। ਜਮਾਤ ਚੋਂ ਹੁਸ਼ਿਆਰ ਹੋਣ ਕਰਕੇ ਆਪ ਮਨੀਟਰ ਬਣਦੇ ਰਹੇ। ਪੰਜਵੀਂ ਤੋਂ ਲਗਾਤਾਰ ਵਜੀਫਾ ਮਿਲਣ ਲਗਿਆ ਅਤੇ ਆਪ ਵਰਨੈਕੂਲਰ ਮਿਡਲ ਸਕੂਲ ਗੁੱਜਰਵਾਲ ਵਿਖੇ ਪੜ੍ਹਨ ਲਗੇ। 1912 ਤੋਂ ਆਪ ਲੁਧਿਆਣੇ ਮਾਲਵਾ ਖਾਲਸਾ ਹਾਈ ਸਕੂਲ ਚ ਪੜ੍ਹਨ ਲਗੇ। ਜੂਨੀਅਰ ਸੀਨੀਅਰ ਪਾਸ ਕਰਕੇ 1914 ਚ ਨੌਂਵੀ ਜਮਾਤ ਚ ਦਾਖਲ ਹੋ ਗਏ। ਏਸੇ ਸਮੇਂ ਦੌਰਾਨ ਪਹਿਲੀ ਸਾਮਰਾਜੀ ਸੰਸਾਰ ਜੰਗ ਛਿੜ ਪਈ। ਅਮਰੀਕਾ ਚ ਬਣੀ ਗ਼ਦਰ ਪਾਰਟੀ ਨੇ ਸਮਝ ਬਣਾਈ ਕਿ ਬਰਤਾਨਵੀ ਫੌਜਾਂ ਭਾਰੀ ਗਿਣਤੀ ਚ ਬਾਹਰ ਜੰਗੀ ਮੋਰਚੇ ਤੇ ਗਈਆ ਹੋਣ ਕਰਕੇ ਹਿੰਦ ਚੋਂ ਇਨ੍ਹਾਂ ਦਾ ਜੋਰ ਕਾਫੀ ਘਟ ਜਾਵੇਗਾ। ਸੋ ਫੈਸਲਾ ਕੀਤਾ ਕਿ ਹਿੰਦ ਜਾ ਕੇ ਦੇਸੀ ਫੌਜੀਆਂ ਤੇ ਆਮ ਲੋਕਾਂ ਨੂੰ ਨਾਲ ਜੋੜ ਕੇ ਹਥਿਆਰ ਬੰਦ ਗ਼ਦਰ ਰਾਹੀਂ ਫਰੰਗੀ ਰਾਜ ਦਾ ਤਖਤਾ ਪਲਟ ਜਾਵੇ। ਸਮੁੰਦਰੀ ਜਹਾਜ਼ਾ ਰਾਹੀਂ 8 ਹਜ਼ਾਰ ਦੇ ਕਰੀਬ ਗ਼ਦਰੀ ਜੋਧੇ ਭਾਰਤ ਪੁੱਜੇ। ਸਕੂਲ ਪੜ੍ਹਦੇ ਸੱਜਣ ਸਿੰਘ, ਬਾਹਰੋਂ ਆਏ ਗ਼ਦਰੀਆਂ-ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਟੁੰਡੀਲਾਟ ਵਰਗਿਆ ਦੇ ਸੰਪਰਕ 'ਚ ਆ ਗਏ। 'ਗ਼ਦਰ' ਅਖਬਾਰ ਦੇ ਲੇਖਾਂ 'ਤੇ 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਨੇ ਆਪ ਦੇ ਸੁੱਚੇ ਹਿਰਦੇ ਅੰਦਰ ਗੋਰੀ ਹਕੂਮਤ ਵਿਰੁਧ ਨਫਰਤ ਦੇ ਭਾਂਬੜ ਬਾਲ਼ ਦਿੱਤੇ ਤੇ ਦੇਸ਼ ਦੀ ਅਜ਼ਾਦੀ ਦੀ ਲਾਟ ਨੂੰ ਉਚਾ ਕਰ ਦਿੱਤਾ। ਸੋ ਆਪ ਪੜ੍ਹਾਈ ਵਿਚੇ ਛੱਡ ਕੇ ਗ਼ਦਰ ਪਾਰਟੀ ਦੀ ਲਹਿਰ 'ਚ ਦਿਨ ਰਾਤ ਕੁੱਲਵਕਤੀ ਕੰਮ ਕਰਨ ਲੱਗੇ। ਗ਼ਦਰ ਦੀ ਤਾਰੀਖ ਪਹਿਲਾ 21 ਫਰਵਰੀ ਫਿਰ 19 ਫਰਵਰੀ 1914 ਮਿਥੀ ਗਈ। ਆਪ ਦੀ ਡਿਊਟੀ ਗ਼ਦਰ ਦੀ ਤਿਆਰੀ ਲਈ ਮੀਆਂਮੀਰ ਛਾਉਣੀ (ਨੇੜੇ ਲਾਹੌਰ) ਲੱਗੀ। ਗ਼ਦਰ ਦੇ ਵੱਡੇ ਮੁਖਬਰ ਕ੍ਰਿਪਾਲ ਸਿੰਘ ਨੂੰ ਸਭ ਤੋਂ ਪਹਿਲਾਂ ਸੱਜਣ ਸਿੰਘ ਨੇ ਬੁਝਿਆ ਸੀ ਤੇ ਪਾਰਟੀ ਦੇ ਉਤਲੇ ਆਗੂਆਂ ਨੂੰ ਤੁਰੰਤ ਦੱਸ ਦਿੱਤਾ ਸੀ। ਆਗੂਆਂ ਨੇ ਸੱਜਣ ਸਿੰਘ ਦੀ ਡਿਊਟੀ ਲਗਾਈ ਕਿ ਉਹ ਕ੍ਰਿਪਾਲ ਸਿੰਘ ਨੂੰ ਸੁਰਸਿੰਘ ਪਿੰਡ ਲੈ ਜਾਵੇ, ਉਥੇ ਗ਼ਦਰ ਦੇ ਸਾਥੀਆਂ ਨਾਲ ਮਿਲ ਕੇ ਉਸ ਨੂੰ ਖਤਮ ਕਰ ਦੇਵੇ ਤੇ ਉਥੋਂ ਵੱਧ ਤੋਂ ਵੱਧ ਬੰਦੇ ਲੈ ਕੇ ਮੀਆਂਮੀਰ ਛਾਉਣੀ ਪੁੱਜੇ। ਦੂਜੇ ਪਾਸੇ ਕ੍ਰਿਪਾਲ ਸਿੰਘ ਨੂੰ ਵੀ ਗ਼ਦਰੀ ਵਿਉਂਤ ਦਾ ਸ਼ੰਕਾ ਹੋ ਗਿਆ ਸੀ ਉਸ ਨੇ 7 ਆਗੂ ਪੁਲਿਸ ਨੂੰ ਫੜਾ ਦਿੱਤੇ, ਪਰੰਤੂ ਸੱਜਣ ਸਿੰਘ ਹੁਸ਼ਿਆਰੀ ਨਾਲ ਬਚ ਨਿਕਲਿਆ। 19 ਫਰਵਰੀ ਦੀ ਤਰੀਕ ਦੀ ਸੂਚਨਾ ਵੀ ਦੁਸ਼ਮਣ ਨੂੰ ਮਿਲ ਗਈ ਤੇ ਸਿੱਟੇ ਵਜੋਂ ਗ਼ਦਰ ਵਕਤੀ ਤੌਰ ਤੇ ਅਸਫਲ ਹੋ ਗਿਆ। ਫੜੋ ਫੜੀ ਦੇ ਦੌਰ 'ਚ ਸੈਂਕੜੇ ਗਦਰੀ ਫੜੇ ਗਏ। ਸੱਜਣ ਸਿੰਘ ਸਿਰਮੌਰ ਇਨਕਲਾਬੀ ਆਗੂ ਰਾਸ ਬਿਹਾਰੀ ਬੋਸ ਦਾ ਵਿਸ਼ਵਾਸ਼ ਪਾਤਰ ਸੀ। ਉਸ ਨੇ ਉਨ੍ਹਾਂ ਨੂੰ ਗ੍ਰਿਫਤਾਰੀ ਤੋਂ ਬਚਾਉਣ ਲਈ ਤੇ ਲਾਹੌਰ 'ਚੋਂ ਬਾਹਰ ਨਿਕਲਣ ਲਈ ਬਣਦੀ ਸਹਾਇਤਾ ਕੀਤੀ । ਸੱਜਣ ਸਿੰਘ ਸ਼ਾਹਦਰੇ ਤੋਂ ਗੱਡੀ ਚੜਕੇ ਲਾਇਲਪੁਰ ਵੱਲ ਚਲਾ ਗਿਆ। ਪਹਿਲਾਂ ਸੱਜਣ ਸਿੰਘ ਨੂੰ ਅੰਗਰੇਜ ਭਗਤ 'ਸਰਦਾਰ ਬਹਾਦਰ' (ਗੱਜਣ ਸਿੰਘ ਨਾਰੰਗਵਾਲ) ਨੇ ਲੁਧਿਆਣੇ ਫੜੌਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਸੀ, ਲੇਕਿਨ ਸਫਲ ਨਾ ਹੋਇਆ। ਬਾਅਦ 'ਚ ਗੱਜਣ ਸਿੰਘ ਦੇ ਭਰਾ ਨੰਬਰਦਾਰ ਕਰਮ ਸਿੰਘ ਨੇ ਬਾਰ ਵਿਚ (ਚੱਕ ਨੰ: 530 ਨਾਰੰਗਵਾਲ ਤਹਿਸੀਲ ਸਮੁੰਦਰੀ ਜਿਲ੍ਹਾ ਲਾਇਲਪੁਰ) ਸੱਜਣ ਸਿੰਘ ਨੂੰ ਫੜੌਣ ਲਈ ਕਈ ਹੱਲੇ ਕੀਤੇ, ਪਰੰਤੂ ਫੇਲ ਰਹੇ। ਅੰਤ 'ਚ ਉਸ ਨੇ ਸੱਜਣ ਸਿੰਘ ਦੇ ਘਰਦਿਆਂ ਨੂੰ ਗੁੰਮਰਾਹ ਕਰਕੇ, 19 ਜੂਨ ਨੂੰ ਲਾਇਲਪੁਰ ਪੁਲਿਸ ਪਾਸ ਪੇਸ਼ ਕਰਵਾ ਦਿੱਤਾ। ਨੰਬਰਦਾਰ ਤੇ ਪੁਲਿਸ ਨੇ ਆਪ ਨੂੰ ਵਾਅਦਾ ਮੁਆਫ ਗਵਾਹ ਬਣਾਉਣ ਲਈ ਪੂਰਾ ਜ਼ੋਰ ਲਾਇਆ ਪਰੰਤੂ ਆਪ ਆਪਣੇ ਇਮਾਨ 'ਤੇ ਡਟੇ ਰਹੇ। ਲਾਹੌਰ ਸਪਲੀਮੈਂਟਰੀ ਸਾਜਿਸ਼ ਕੇਸ (ਦੂਜਾ ਕੇਸ) ਦੇ 100 ਦੇ ਕਰੀਬ ਬੰਦਿਆਂ 'ਚੋਂ ਕੇਵਲ ਸੱਜਣ ਸਿੰਘ ਦੇ ਕੱਲੇ ਦੇ ਬੇੜੀ



1898—16.11.1981

ਲਗੀ ਹੋਣ ਕਰਕੇ ਵਾਅਦਾ ਮੁਆਫ ਵਸਾਵਾ ਸਿੰਘ ਲਹੁਕੇ ਨੇ ਆਸਾਨੀ ਨਾਲ ਪਛਾਣ ਕਰ ਲਈ। 3 ਜੱਜਾਂ ਨੇ ਕਿਹਾ, "ਇਹ ਮੁਜਰਿਮ ਬੇਹੱਦ ਖਤਰਨਾਕ, ਪਛਤਾਵਾ ਰਹਿਤ, ਦੂਜਾ ਕਰਤਾਰ ਸਿੰਘ ਸਰਾਭਾ ਹੀ ਹੈ। ਰਾਸ ਬਿਹਾਰੀ ਬੋਸ ਦੇ ਕਰੀਬੀ ਹੋਣਾ ਇਸ ਦੀ ਪੁਸ਼ਟੀ ਹੈ। ਫਾਂਸੀ ਦਾ ਹੱਕਦਾਰ ਹੈ, ਲੇਕਿਨ ਨਾਬਲਿਗ ਹੋਣ ਕਰਕੇ ਉਮਰ ਕੈਦ, ਜਾਇਦਾਦ ਜਬਤੀ ਤੇ ਕਾਲੇ ਪਾਣੀ ਭੇਜਣ ਦੀ ਸਜਾ ਦਫਾ 121/131 ਅਧੀਨ ਕੀਤੀ ਜਾਂਦੀ ਹੈ"। ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਗ਼ਦਰੀ ਸੂਰਮਿਆਂ ਨੇ ਜਿਵੇਂ ਕਾਲੇ ਪਾਣੀ ਦੇ ਕੁੰਭੀ ਨਰਕ 'ਚ ਜਿੰਨੇ ਅਸਿਹ ਤੇ ਅਕਿਹ ਜ਼ੁਲਮਾ ਦਾ ਜਾਨਾਂ ਵਾਰ ਕੇ ਅਤੇ ਪਿੰਡਿਆਂ 'ਤੇ ਝੱਲ ਕੇ ਜਿਵੇਂ ਮਿਸਾਲੀ ਟਾਕਰਾ ਕੀਤਾ, ਉਸਦੇ ਸਿੱਟੇ ਵਜੋਂ ਕਾਲੇ ਪਾਣੀ ਦੇ ਕਮਿਸ਼ਨਰ ਨੇ ਹੋਰ ਰਾਜਸੀ ਕੈਦੀ ਲੈਣ ਤੋਂ ਹੱਥ ਖੜੇ ਕਰ ਦਿੱਤੇ। ਸੋ ਸੱਜਣ ਸਿੰਘ ਨੂੰ 30-03-1916 ਨੂੰ ਰਾਵਲਪਿੰਡੀ ਜੇਲ੍ਹ 'ਚ ਭੇਜਿਆ ਗਿਆ। ਚੱਕੀ ਪੀਸਣ, ਕਾਗਜ ਘੋਟਣ ਵਰਗੀਆ ਬਾਮੁਸ਼ੱਕਤ ਸਜਾਵਾਂ ਦਿੱਤੀਆਂ ਜਾਂਦੀਆਂ ਤੇ ਫਾਂਸੀ ਕੋਠੀ 'ਚ ਬੰਦ ਰਖਿਆ ਜਾਂਦਾ ਰਿਹਾ। ਕਰੀਬ 16 ਮਹੀਨੇ ਦੇ ਪਿਛੋਂ ਅਗਸਤ 1917 ਨੂੰ ਹਜ਼ਾਰੀ ਬਾਗ ਜੇਲ੍ਹ 'ਚ ਭੇਜਿਆ ਗਿਆ। ਭਾਈ ਰਣਧੀਰ ਸਿੰਘ ਦੀ ਸੰਗਤ ਹੋਣ ਕਰਕੇ, ਸੱਜਣ ਸਿੰਘ ਸਮੇਤ ਬਹੁਤੇ ਰਾਜਸੀ ਕੈਦੀ ਜਿਆਦਾ ਸਮਾਂ ਗੁਰਬਾਣੀ ਪੜ੍ਹਦੇ, ਕੀਰਤਨ ਕਰਦੇ ਤੇ ਧਾਰਮਿਕ ਵਿਚਾਰਾਂ ਕਰਦੇ। ਜੇਲ੍ਹ ਸਖਤੀਆਂ ਵਿਰੁਧ ਕਈ ਵਾਰ ਭੁੱਖ ਹੜਤਾਲਾਂ ਵੀ ਕੀਤੀਆਂ ਗਈਆਂ ਤੇ ਪ੍ਰਾਪਤੀਆਂ ਵੀ ਹੁੰਦੀਆਂ ਰਹੀਆਂ। 8-9 ਮਾਰਚ 1918 ਦੀ ਰਾਤ ਨੂੰ ਉਚੀ ਉਚੀ ਪਾਠ ਕਰਦੇ, ਜੇਲ੍ਹ ਕੰਧਾਂ 'ਚ ਪਾੜ ਲਾਉਣ ਲਈ ਚਲਦੀਆਂ ਸੱਬਲਾਂ ਦਾ ਸ਼ੋਰ ਦੱਬਦੇ ਹੋਏ, ਦੋ ਪਹਿਰੇਦਾਰਾ ਨੂੰ ਕਾਬੂ ਕਰਕੇ, ਚਾਬੀਆਂ ਨਾਲ ਬਾਰਕਾਂ ਖੋਲ੍ਹ ਕੇ ਕੈਦੀ ਬਾਹਰ ਕੱਢਦੇ ਹੋਏ, ਅੰਦਰਲੀਆਂ ਗਾਰਦਾਂ ਨੂੰ ਬੰਬ ਸੁੱਟ ਕੇ ਉਡਾਉਣ ਦੀਆਂ ਧਮਕੀਆਂ ਦੇ ਕੇ, ਜੇਲ੍ਹ ਅਲਾਰਮ ਵੱਜਣ ਦੇ ਬਾਵਜੂਦ 18-18 ਫੁੱਟ ਉਚੀਆਂ ਕੰਧਾਂ ਟੱਪ ਕੇ, ਬਾਹਰਲੀਆਂ ਗਾਰਦਾ ਦਾ ਡਾਂਗਾਂ ਖੋਹ ਕੇ ਮੁਕਾਬਲਾ ਕਰਦੇ ਹੋਏ, 18 ਸੂਰਮੇ ਜੇਲ੍ਹ 'ਚੋਂ ਫਰਾਰ ਹੋ ਗਏ। 7 ਜਣੇ ਜਿਆਦਾ ਜ਼ਖਮੀ ਹੋਣ ਕਰਕੇ ਰਾਹ 'ਚ ਛੱਡਣੇ ਪਏ, ਪਰੰਤੂ ਸੱਜਣ ਸਿੰਘ ਸਮੇਤ 11 ਗ਼ਦਰੀ ਕਈ ਦਿਨ ਜੰਗਲਾਂ 'ਚ ਭਾਰੀ ਮੁਸਬੀਤਾਂ ਕੱਟਦੇ ਹੋਏ, ਭੁੱਖ ਪਿਆਸ ਨੂੰ ਝਲਦੇ ਹੋਏ, ਸੱਪਾਂ ਸ਼ੇਰਾਂ ਤੋਂ ਬਚਦੇ ਹੋਏ, ਸੋਨ ਦਰਿਆ ਨੂੰ ਪਾਰ ਕਰਦੇ ਹੋਏ, ਬਾਹਰਲੇ ਗਲਤ ਬੰਦੇ ਸਮਝ ਕੇ ਸਥਾਨਕ ਲੋਕਾ ਦੀ ਵੱਡੀ ਵਾਹਰ ਦੇ ਹਮਲੇ 'ਚ ਬੁਰੀ ਤਰ੍ਹਾਂ ਜਖਮੀ ਹੋ ਕੇ ਸਾਸਾਰਾਮ ਹਸਪਤਾਲ ਪਹੁੰਚੇ। 4 ਅਪ੍ਰੈਲ 1918 ਨੂੰ ਗ੍ਰਿਫਤਾਰੀ ਪਾ ਕੇ ਮੁੜ ਹਜ਼ਾਰੀ ਬਾਗ 'ਚ ਡੱਕਿਆ ਗਿਆ ਤੇ ਕੋਠੀ ਬੰਦ ਕੀਤਾ ਗਿਆ। ਜੇਲ੍ਹ ਤੋੜਨ ਦਾ ਨਵਾਂ ਮੁਕਦਮਾ ਚਲਿਆ ਤੇ ਦੋ ਸਾਲ ਦੀ ਹੋਰ ਸਜਾ ਸੁਣਾਈ ਗਈ ਤੇ ਪੈਰੀਂ ਬੇੜੀ ਲਗਾਈ ਗਈ। ਏਥੇ ਸੱਜਣ ਸਿੰਘ ਦੀ ਉਂਗਲੀ ਕੱਟੇ ਜਾਣ ਕਰਕੇ, ਪਲਮ ਦੌੜ ਜਾਣ ਕਰਕੇ, ਪੂਰੀ ਬਾਂਹ ਕੱਟਣ ਲਈ ਡਾਕਟਰੀ ਟੀਮ ਪੁੱਜ ਚੁੱਕੀ ਸੀ। ਆਪ ਨੇ ਡਾਕਟਰਾਂ ਨੂੰ ਕਿਹਾ "ਕਲੋਰੋਫਾਰਮ ਸੁੰਘਾਉਣ ਦੀ ਕੋਈ ਲੋੜ ਨਹੀਂ। ਬਾਂਹ ਚੀਰ ਦਿਉ, ਜੇ ਭੋਰਾਭਰ ਵੀ ਜਿਮਕਿਆ ਤਾਂ ਦੱਸਣਾ"। ਇਹ ਉਨ੍ਹਾਂ ਦੇ ਸਿਦਕ ਦਾ ਸਿਖਰ ਸੀ। ਲੇਕਿਨ ਡਾਕਟਰਾਂ ਨੇ ਨਵਾਂ ਤਜਰਬਾ ਕਰਦਿਆਂ ਨਸ਼ਤਰ ਮਾਰ ਕੇ ਗੰਦੇ ਖੂਨ ਦਾ ਪਰਨਾਲਾ ਚਲਾ ਦਿੱਤਾ। ਜੋ ਸਫਲ ਹੋ ਨਿਬੜਿਆ ਤੇ ਬਾਂਹ ਹੌਲੀ ਹੌਲੀ ਠੀਕ ਹੋ ਗਈ।

ਕੁੱਝ ਦੇਰ ਬਾਅਦ ਆਪ ਨੂੰ ਏਥੋਂ ਤਰਿਚੀ (ਤਰਿਚਨਾਪਲੀ) ਜੇਲ੍ਹ ਮਦਰਾਸ ਵਿਖੇ ਭੇਜਿਆ ਗਿਆ। ਇਥੇ ਇੱਕ ਸਾਲ ਦੌਰਾਨ ਵੀ ਆਪ ਜੀ ਨੇ ਗੁਰਬਾਣੀ ਦੇ ਪਾਠ ਅਤੇ ਜੇਲ੍ਹੀ ਹਾਲਾਤ ਨੂੰ ਬਦਲਣ ਲਈ ਭੁੱਖ ਹੜਤਾਲੀ ਘੋਲ ਵੀ ਜਾਰੀ ਰਖੇ। ਇਸਤੋਂ ਪਿਛੋਂ ਆਪ ਦੀ ਬਦਲੀ ਅਕੋਲਾ (ਮੱਧਪ੍ਰਦੇਸ਼) ਜੇਲ੍ਹ ਦੀ ਕੀਤੀ ਗਈ। ਜਦੋਂ ਰੇਲ ਗੱਡੀ ਮਨਮਾਡ ਤੋਂ ਚਾਲੀਸ ਗਾਉਂ ਹੁੰਦੀ ਅਕੋਲਾ ਜਾ ਰਹੀ ਸੀ ਤਾਂ ਨਾਲ ਦੇ ਸਾਥੀ ਭਾਈ ਗੁਰਮੁੱਖ ਸਿੰਘ ਲਲਤੋਂ ਨੇ ਚਲਦੀ ਗੱਡੀ 'ਚੋਂ ਛਾਲਾ ਮਾਰ ਦਿੱਤੀਆਂ। ਭਾਈ ਸੱਜਣ ਸਿੰਘ ਅਕੋਲਾ ਪੁੱਜ ਗਏ, ਜਿਥੇ ਥੋਰੀ ਦੇਰ ਪਿਛੋਂ ਪਾਲਾ ਸਿੰਘ ਢੁਡੀਕੇ ਆਣ ਪਹੁੰਚੇ। ਜੂਨ 1923 'ਚ ਰਿਹਾਈ ਉਪਰੰਤ ਆਪ ਨਾਰੰਗਵਾਲ ਚਲੇ ਗਏ। ਆਪ ਦੇ ਮਾਤਾ ਪਿਤਾ ਪਿਛੋਂ ਵਿਛੋੜਾ ਦੇ ਚੁੱਕੇ ਸਨ। ਵਰਨਣਯੋਗ ਹੈ ਕਿ ਗੋਰੀ ਹਕੂਮਤ ਨੇ ਗ਼ਦਰ ਮੌਕੇ ਵੱਡੀ ਗ਼ਦਾਰੀ ਕਰਨ ਵਾਲੇ ਮੁਖਬਰ ਕ੍ਰਿਪਾਲ ਨੂੰ ਪੁਲਿਸ ਇੰਸਪੈਕਟਰ ਬਣਾ ਕੇ ਮੁਰੱਬਾ ਅਲਾਟ ਕਰ ਦਿੱਤਾ ਸੀ। ਦੂਜੇ ਪਾਸੇ ਸੱਜਣ ਸਿੰਘ ਦੀ ਰਿਹਾਈ ਉਪਰੰਤ, ਇੱਕ ਦਿਨ ਗ਼ਦਰ ਪਾਰਟੀ ਦੇ ਸੂਰਮਿਆਂ ਨੇ ਗ਼ਦਾਰ ਕ੍ਰਿਪਾਲੇ ਨੂੰ ਸਦਾ ਲਈ ਗੱਡੀ ਚਾੜ੍ਹ ਕੇ ਸਾਬਤ ਕਰ ਦਿੱਤਾ ਕਿ ਕਰਾਂਤੀਕਾਰੀ ਲੋਕ ਲਹਿਰਾ ਦੇ ਹੱਥ ਬੇਅੰਤ ਲੰਮੇ ਹੁੰਦੇ ਹਨ ਤੇ ਦੇਸ਼ ਦੇ ਗ਼ਦਾਰਾਂ ਨੂੰ ਆਖਰ ਕੀਤੀ ਦਾ ਫਲ ਲਾਜ਼ਮੀ ਭੁਗਤਣਾ ਪੈਂਦਾ ਹੈ। ਭਾਈ ਸੱਜਣ ਸਿੰਘ ਨੂੰ ਜਨਵਰੀ 1929 ਤੱਕ ਅੰਗਰੇਜ ਹਕੂਮਤ ਨੇ ਪਿੰਡ 'ਚ ਨਜ਼ਰਬੰਦ ਰੱਖਿਆ। 1934 ਦੀ ਆਈ.ਬੀ ਦੀ ਰਿਪੋਰਟ 'ਚ ਦਰਜ਼ ਸੀ ਕਿ ਆਪ ਖਤਰਨਾਕ ਵਿਅੱਕਤੀਆਂ ਨਾਲ ਸਬੰਧਤ ਹਨ। ਸਿੱਟੇ ਵਜੋਂ ਗੋਰੀ ਸਰਕਾਰ ਆਪ 'ਤੇ ਗੁਪਤ ਨਜ਼ਰਸਾਨੀ ਰੱਖਦੀ ਰਹੀ। 1942 ਤੱਕ ਆਪ ਨੇ ਮੈਟ੍ਰਿਕ, ਗਿਆਨੀ ਤੇ ਟੀਚਰ ਟਰੇਨਿੰਗ ਦੀ ਪੜ੍ਹਾਈ ਪੂਰੀ ਕੀਤੀ।

ਮਹਾਨ ਗ਼ਦਰੀ ਯੋਧੇ ਬਾਬਾ ਸੱਜਣ ਸਿੰਘ ਧਾਰਮਿਕ ਲੀਹ ਵਾਲਾ, ਚੜ੍ਹਦੀ ਕਲਾ ਵਾਲਾ, ਲੋਕ ਪੱਖੀ ਤੇ ਦੇਸ਼ ਭਗਤ ਜੀਵਨ ਜਿਉਂਦੇ ਹੋਏ, 16-11-1981 ਨੂੰ ਦੇਸ਼ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਜੀ ਵਲੋਂ ਦੇਸ਼ ਦੀ ਕੀਤੇ ਭਾਰੀ ਤਿਆਗ, ਲਾਮਿਸਾਲ ਕੁਰਬਾਨੀਆਂ, ਗ਼ਦਰ ਪਾਰਟੀ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਵਾਸਤੇ, ਉਨ੍ਹਾਂ ਦੇ ਅਸਲੀ ਵਾਰਸਾਂ ਲਈ, ਵੱਡੇ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਸਰੋਤ ਬਣੀਆਂ ਰਹਿਣਗੀਆਂ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton



# ਸੇਟ ਕਾਲਜ ਦੇ ਵਿਦਿਆਰਥੀਆਂ ਨੇ ਸਪੈਸ਼ਲ ਈਵੈਂਟ ਕਰਵਾਇਆ



ਕੈਲਗਰੀ (ਦਿਲਜੋਤ ਸਿੰਘ ਭੁੱਲਰ)- ਕੈਲਗਰੀ ਦੇ ਸੇਟ ਕਾਲਜ ਵਿੱਚ ਪੜ੍ਹਦੇ ਤੀਸਰੇ ਸਮੈਸਟਰ ਦੇ ਵਿਦਿਆਰਥੀਆਂ ਵੱਲੋਂ ਪੜ੍ਹਾਈ ਨਾਲ ਸਬੰਧਤ ਹਾਈਲੈਂਡ ਪਾਰਕ ਕਮਿਊਨਿਟੀ ਸੈਂਟਰ ਵਿਖ਼ੇ ਸਪੈਸਲ ਇਵੈਂਟ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਇਸ ਇਵੈਂਟ ਵਿੱਚ ਸਿਹਤਮੰਦ ਜੀਵਨ ਜੀਉਣ ਸਬੰਧੀ ਆਈਟਮਾਂ ਪੇਸ ਕੀਤੀਆਂ ਗਈਆਂ। ਜਿਨ੍ਹਾਂ ਦਰਸਕਾਂ ਨੇ ਭਰਪੂਰ ਮਨੋਰੰਜਨ ਕੀਤਾ ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸਲਾਘਾਯੋਗ ਕਦਮ ਹੈ । ਇਸ ਮੌਕੇ ਸਾਮਲ ਸਖਸੀਅਤਾਂ ਨੇ ਕਿਹਾ ਕਿ ਇਹ ਸੇਟ ਕਾਲਜ ਵੱਲੋਂ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਜਿਨ੍ਹਾਂ ਨਾਲ ਉਨ੍ਹਾਂ ਅੰਦਰੋਂ ਬਾਹਰ ਨਿਕਲਦੀ ਹੈ ਅਤੇ ਉਹ ਕਾਮਯਾਬੀ ਦੀਆਂ ਮੰਜਲਾ ਨੂੰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕਿਹਾ ਅਜਿਹੇ ਇਵੇਂਟ ਸਮੇਂ-ਸਮੇਂ ਸਿਰ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਅੰਦਰ ਛੁਪੀਆਂ ਕਲਾਵਾਂ ਨੂੰ ਬਾਹਰ ਆ ਸਕਣ। ਇਸ ਮੌਕੇ ਆਈਆਂ ਸਖਸੀਅਤਾਂ ਦਾ ਵਿਸੇਸ ਤੌਰ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਦਲਜੋਤ ਸਿੰਘ ਭੁੱਲਰ, ਅਨਮੋਲ ਸਿੰਘ ਢਿੱਲੋਂ, ਕਰਨਵੀਰ ਸਿੰਘ, ਰਮਨਦੀਪ ਕੌਰ, ਨਵਪ੍ਰੀਤ ਕੌਰ ਆਦਿ ਵੱਲੋਂ ਇਸ ਇਵੈਂਟ ਨੂੰ ਕਾਮਯਾਬ ਕਰਨ ਲਈ ਵਿਸੇਸ ਤੌਰ ਤੇ ਦਿਲਚਸਪੀ ਦਿਖਾਈ ਗਈਂ ਇਸ ਮੌਕੇ ਵਿਦਿਆਰਥੀਆਂ ਵੱਲੋਂ ਇਕੱਠੀ ਕੀਤੀ ਗਈ ਚੈਰ੍ਹਟੀ ਕੈਲਗਰੀ ਫੂਡ ਬੈਂਕ ਨੂੰ ਭੇਂਟ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਲੋਕ ਹਾਜਰ ਸਨ।











